








Twenty-Fifth Year of Publication | ਕੈਲੀਫੋਰਨੀਆ ਐਡੀਸ਼ਨ | Price 50¢

Email:punjabtimes1@gmail.com
www.punjabtimesusa.com

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 26, Issue 28; July 12, 2025 | 20451 N. Plum Grove Rd., Palatine, IL 60074 | Ph:847-359-0746, Fax:847-705-9388


## ਸੁਖਬੀਰ ਬਾਦਲ ਨੂੰ ਤਨਖ਼ਾਹੀਆ ਕਰਾਰ ਦੇਣ ਵਾਲਾ ਪੰਜ ਪਿਆਰਿਆਂ ਦਾ ਆਦੇਸ਼ ਸਿੰਘ ਸਾਹਿਬਾਨ ਵਲੋਂ ਰੱਦ



**ਅੰਮ੍ਰਿਤਸਰ:** ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਪੰਜ ਪਿਆਰੇ ਸਾਹਿਬਾਨ ਵਲੋਂ ਸ਼੍ਰੋਮਣੀ ਅਕਾਲੀ ਦਲ (ਬ) ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਤਨਖ਼ਾਹੀਆ ਕਰਾਰ ਦੇਣ ਵਾਲਾ ਹੁਕਮਨਾਮਾ ਜਾਰੀ ਕਰਨ ਤੋਂ ਬਾਅਦ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੰਜ ਸਿੰਘ ਸਾਹਿਬਾਨ ਦੀ ਹੰਗਾਮੀ ਇਕੱਤਰਤਾ ਉਪਰੰਤ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਤਖ਼ਤ ਸਾਹਿਬ ਦੀ ਫ਼ਸੀਲ ਤੋਂ ਜਾਰੀ ਹੁਕਮਨਾਮੇ ਵਿਚ ਤਖ਼ਤ ਸ੍ਰੀ ਪਟਨਾ ਸਾਹਿਬ ਵਾਲੇ ਆਦੇਸ਼ਾਂ ਨੂੰ ਰੱਦ ਕਰਦਿਆਂ ਅਤੇ ਇਸ ਨੂੰ ਅਕਾਲ ਤਖ਼ਤ ਸਾਹਿਬ ਦੀ ਸਰਬਉੱਚਤਾ ਨੂੰ ਢਾਹ ਲਗਾਉਣ ਵਾਲਾ ਕਰਾਰ ਦਿੰਦਿਆਂ ਤਖ਼ਤ ਸ੍ਰੀ ਪਟਨਾ ਸਾਹਿਬ ਦੇ ਵਧੀਕ ਮੁੱਖ ਗ੍ਰੰਥੀ ਭਾਈ ਗੁਰਦਿਆਲ ਸਿੰਘ ਤੇ ਪ੍ਰਬੰਧਕ ਕਮੇਟੀ ਦੇ ਦੋ ਮੈਂਬਰਾਂ ਹਰਪਾਲ ਸਿੰਘ ਜੌਹਲ ਤੇ ਡਾ: ਗੁਰਮੀਤ ਸਿੰਘ ਨੂੰ ਤਨਖ਼ਾਹੀਏ ਕਰਾਰ ਦੇ ਦਿੱਤਾ ਗਿਆ। ਪੰਜ ਸਿੰਘ ਸਾਹਿਬਾਨ ਦੀ ਹੰਗਾਮੀ ਇਕੱਤਰਤਾ 'ਚ ਗਿਆਨੀ ਗੜਗੱਜ ਤੋਂ ਇਲਾਵਾ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਬਾਬਾ ਟੇਕ ਸਿੰਘ ਧਨੌਲਾ, ਸ੍ਰੀ ਦਰਬਾਰ ਸਾਹਿਬ ਦੇ ਗ੍ਰੰਥੀ ਗਿਆਨੀ ਰਾਜਦੀਪ ਸਿੰਘ, ਗਿਆਨੀ ਕੇਵਲ ਸਿੰਘ ਅਤੇ ਗਿਆਨੀ ਸੁਲਤਾਨ ਸਿੰਘ (ਸਾਬਕਾ ਜਥੇਦਾਰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ) ਸ਼ਾਮਿਲ ਹੋਏ। ਇਕੱਤਰਤਾ ਉਪਰੰਤ ਜਾਰੀ ਆਦੇਸ਼ ਵਿਚ ਗਿਆਨੀ ਗੜਗੱਜ ਨੇ ਕਿਹਾ ਕਿ ਅੱਜ ਦੀ ਇਕੱਤਰਤਾ ਵਿਚ 19 ਨਵੰਬਰ, 2003 ਨੂੰ ਸ੍ਰੀ ਅਕਾਲ ਤਖ਼ਤ ਵਿਖੇ ਪੰਜ ਸਿੰਘ ਸਾਹਿਬਾਨ ਵਲੋਂ ਪਾਸ ਕੀਤੇ ਗਏ ਮਤਾ ਨੰ: 01 ਦੀ ਪ੍ਰੋੜ੍ਹਤਾ ਕਰਦਿਆਂ ਅਤੇ ਸਿੱਖ ਰਵਾਇਤਾਂ ਦੀ ਰੌਸ਼ਨੀ ਵਿਚ ਇਹ ਫ਼ੈਸਲਾ ਕੀਤਾ ਗਿਆ ਕਿ ਤਖ਼ਤ ਸ੍ਰੀ ਪਟਨਾ ਸਾਹਿਬ ਦੇ ਪੰਜ ਪਿਆਰਿਆਂ ਵਲੋਂ ਜੋ ਆਦੇਸ਼ ਜਾਰੀ ਕੀਤੇ ਗਏ, ਉਹ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਉਕਤ ਆਦੇਸ਼ ਦੀ ਘੋਰ ਉਲੰਘਣਾ ਅਤੇ ਤਖ਼ਤ ਸਾਹਿਬ ਦੀ ਸਰਬਉੱਚਤਾ ਨੂੰ ਢਾਹ ਲਗਾਉਣ ਵਾਲੇ ਹਨ। ਉਨ੍ਹਾਂ ਕਿਹਾ ਕਿ ਪੰਜੇ ਤਖ਼ਤ ਸਾਹਿਬਾਨ ਸਿੱਖ ਸ਼ਕਤੀ ਦੇ ਸੋਮੇ ਹਨ, ਪਰ ਸ੍ਰੀ ਅਕਾਲ ਤਖ਼ਤ ਨੂੰ ਗੁਰੂ ਪਾਤਸ਼ਾਹ ਨੇ ਆਪ ਸਰਬਉੱਚਤਾ ਬਖ਼ਸ਼ੀ ਹੈ। ਪਰੰਤੂ ਕੁੱਝ ਲੋਕ ਸਿੱਖ-ਵਿਰੋਧੀ ਤਾਕਤਾਂ ਦੇ ਅਨੁਸਾਰ ਚੱਲਦਿਆਂ ਆਪਣੇ ਨਿੱਜੀ ਸੁਆਰਥਾਂ ਲਈ ਸਾਜ਼ਿਸ਼ਾਂ ਕਰਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਬਉੱਚਤਾ ਨੂੰ ਚੁਣੌਤੀ ਦੇਣ ਦੀ ਕੋਸ਼ਿਸ਼ ਕਰ ਰਹੇ ਹਨ, ਜਿਸ ਨੂੰ ਗੁਰੂ ਪੰਥ ਕਦੇ ਵੀ ਬਰਦਾਸ਼ਤ ਨਹੀਂ ਕਰੇਗਾ। ਉਨ੍ਹਾਂ ਕਿਹਾ ਕਿ ਸ੍ਰੀ ਅਕਾਲ ਤਖ਼ਤ 'ਤੇ ਸ਼ੁਰੂ ਤੋਂ ਹੀ ਖ਼ਾਲਸਾ ਪੰਥ ਨਾਲ ਸੰਬੰਧਿਤ ਮਾਮਲੇ ਵਿਚਾਰ ਕੇ ਫ਼ੈਸਲੇ ਕੀਤੇ ਜਾਂਦੇ ਰਹੇ ਹਨ ਅਤੇ ਬਾਕੀ ਤਖ਼ਤ ਸਾਹਿਬਾਨ ਨੂੰ ਵੀ ਸਥਾਨਕ ਫ਼ੈਸਲੇ ਕਰਨ ਦਾ ਪੂਰਾ ਅਧਿਕਾਰ ਹੈ, ਪਰੰਤੂ ਪੰਥਕ ਤੇ ਧਾਰਮਿਕ ਮਾਮਲਿਆਂ ਸੰਬੰਧੀ ਅੰਤਿਮ ਰਾਏ ਸਿਰਫ਼ ਅਕਾਲ ਤਖ਼ਤ ਸਾਹਿਬ ਦੀ ਹੀ ਮੰਨੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਤਖ਼ਤ ਸ੍ਰੀ ਪਟਨਾ ਸਾਹਿਬ ਦੇ ਪੰਜ ਪਿਆਰਿਆਂ ਵਲੋਂ ਜੋ 21 ਮਈ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਅਤੇ ਅੱਜ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਬਾਬਤ ਜੋ ਗ਼ੈਰ-ਸਿਧਾਂਤਕ ਅਤੇ ਆਪਣੇ ਅਧਿਕਾਰ ਖੇਤਰ ਤੋਂ ਬਾਹਰ ਜਾ ਕੇ ਜੋ ਫ਼ੈਸਲੇ ਕੀਤੇ ਹਨ, ਇਨ੍ਹਾਂ ਨੂੰ ਪੂਰਨ ਰੂਪ 'ਚ ਅਪ੍ਰਵਾਨ ਕੀਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ 21 ਮਈ ਨੂੰ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਵਿਚ ਪਾਸ ਕੀਤੇ ਗਏ ਮਤਾ ਨੰ: 3 ਅਤੇ ਮਤਾ ਨੰ: 4, ਬੀਤੇ ਸਮੇਂ ਸ੍ਰੀ ਅਕਾਲ ਤਖ਼ਤ

**(ਬਾਕੀ ਸਫ਼ਾ 6 'ਤੇ)**

### ਦੋ ਤਖ਼ਤਾਂ ਵਿਚਕਾਰ ਲੜਾਈ ਤੋਂ ਕੌਮ ਦੁਖੀ-ਤਰਲੋਚਨ ਸਿੰਘ



ਖੰਨਾ: ਦੁਨੀਆ ਭਰ ਦੇ ਸਿੱਖ ਕੌਮ ਦੇ ਦੋ ਸਭ ਤੋਂ ਉੱਚ ਧਾਰਮਿਕ ਸਥਾਨਾਂ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਤਖ਼ਤ ਸ੍ਰੀ ਪਟਨਾ ਸਾਹਿਬ ਵਿਚਕਾਰ ਹੋ ਰਹੀ ਮੰਦਭਾਗੀ ਲੜਾਈ ਸਬੰਧੀ ਚਿੰਤਤ ਹਨ। ਕੌਮ ਦੇ ਦਾਨਿਸ਼ਵਰਾਂ ਨੂੰ ਇਸ ਭਰਾ-ਮਾਰੂ ਜੰਗ ਨੂੰ ਰੋਕਣ ਲਈ ਅੱਗੇ ਆਉਣਾ ਚਾਹੀਦਾ ਹੈ। ਇਹ ਗੱਲ ਸਾਬਕ ਐਮ. ਪੀ. ਅਤੇ ਘੱਟ ਗਿਣਤੀ 7 ਕਮਿਸ਼ਨ ਦੇ ਸਾਬਕ ਚੇਅਰਮੈਨ ਤਰਲੋਚਨ ਸਿੰਘ ਨੇ ਕਹੀ। ਉਨ੍ਹਾਂ ਕਿਹਾ ਕਿ ਪਿਛਲੇ ਕਈ ਦਿਨਾਂ ਤੋਂ ਪੂਰਾ ਭਾਰਤੀ ਮੀਡੀਆ ਸਿੱਖਾਂ ਦੀ ਆਪਸੀ ਫ਼ੁਟ ਦੀਆਂ ਕਹਾਣੀਆਂ ਨੂੰ ਉਜਾਗਰ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਇਤਿਹਾਸ ਵਿਚ ਵੱਖ-ਵੱਖ ਸਿੱਖ ਮਿਸਲਾਂ ਦੇ ਆਗੂਆਂ ਵਿਚਕਾਰ ਲੜਾਈ ਦੀਆਂ ਬਹੁਤ ਸਾਰੀਆਂ ਉਦਾਹਰਨਾਂ ਹਨ। ਪਰ ਉਸ ਵੇਲੇ

**(ਬਾਕੀ ਸਫ਼ਾ 6 'ਤੇ)**



### ਐਲਨ ਮਸਕ ਵਲੋਂ ਨਵੀਂ 'ਅਮਰੀਕਾ ਪਾਰਟੀ' ਬਣਾਉਣ ਦਾ ਐਲਾਨ

**ਸਾਨ ਫਰਾਂਸਿਸਕੋ:** ਦੁਨੀਆ ਦੇ ਸਭ ਤੋਂ ਅਮੀਰ ਵਿਅਕਤੀ ਅਤੇ ਅਮਰੀਕਾ ਦੇ ਸਭ ਤੋਂ ਵੱਡੇ ਰਾਜਨੀਤਿਕ ਦਾਨੀ ਐਲਨ ਮਸਕ ਨੇ ਐਲਾਨ ਕੀਤਾ ਕਿ ਉਹ ਇਕ ਨਵੀਂ ਰਾਜਨੀਤਿਕ ਪਾਰਟੀ ਬਣਾਉਣਗੇ। ਹਾਲਾਂਕਿ, ਇਹ ਇਕ ਬਹੁਤ ਵੱਡਾ ਅਤੇ ਚੁਣੌਤੀਪੂਰਨ ਉੱਦਮ ਹੈ, ਜੋ ਅਮਰੀਕੀ ਰਾਜਨੀਤੀ ਤੇ ਅਰਬਪਤੀਆਂ ਦੇ ਨਵੇਂ ਪ੍ਰਭਾਵ ਦੀ ਪਰਖ ਕਰੇਗਾ। ਮਸਕ ਨੇ ਆਪਣੇ ਸੋਸ਼ਲ ਮੀਡੀਆ ਪਲੇਟਫਾਰਮ 'ਐਕਸ' ਉਤੇ ਆਪਣੀਆਂ ਯੋਜਨਾਵਾਂ ਦਾ ਐਲਾਨ ਕੀਤਾ ਕਿ ਉਸ ਨੇ ਦੇਸ਼ ਵਿਚ ਦੋ ਪਾਰਟੀ ਪ੍ਰਣਾਲੀ ਨੂੰ ਚੁਣੌਤੀ ਦੇਣ ਲਈ 'ਅਮਰੀਕਾ ਪਾਰਟੀ' ਸਥਾਪਤ ਕੀਤੀ ਹੈ। ਮਸਕ, ਜੋ ਕਦੇ ਰਾਸ਼ਟਰਪਤੀ ਟਰੰਪ ਦੇ ਨਜ਼ਦੀਕੀ ਸਹਿਯੋਗੀ ਸਨ, ਨੇ ਹਾਲੇ ਨਵੀਂ ਪਾਰਟੀ ਲਈ ਕਾਗਜ਼ਾਤ ਦਾਇਰ ਨਹੀਂ ਕੀਤੇ। ਹਾਲਾਂਕਿ, ਉਨ੍ਹਾਂ ਇਕ ਵੱਖਰੀ ਪੋਸਟ 'ਚ ਕਿਹਾ ਕਿ 'ਅਮਰੀਕਾ ਪਾਰਟੀ' ਅਗਲੇ ਸਾਲ ਚੋਣਾਂ 'ਚ ਸਰਗਰਮ ਹੋਵੇਗੀ। ਮਸਕ ਨੇ ਵੀ ਸਾਬਤ ਕਰ ਦਿੱਤਾ ਹੈ ਕਿ ਉਹ ਆਪਣੇ ਸਰੋਤਾਂ ਦੀ ਵਰਤੋਂ ਤੇਜ਼ੀ ਨਾਲ ਅਤੇ ਨਾਟਕੀ ਢੰਗ ਨਾਲ ਕਰਨ ਲਈ ਤਿਆਰ ਹੈ।








# ਪੀ.ਸੀ.ਏ. ਬਰੈਂਟਵੁੱਡ ਵੱਲੋਂ ਆਜ਼ਾਦੀ ਦਿਵਸ ਦੌਰਾਨ ਪਾਣੀ ਤੇ ਜੂਸ ਦੀ ਸੇਵਾ

**ਬਰੈਂਟਵੁੱਡ (ਕੈਲੀਫੋਰਨੀਆ):** ਪੰਜਾਬੀ ਕਲਚਰਲ ਐਸੋਸੀਏਸ਼ਨ (PCA) ਬਰੈਂਟਵੁੱਡ ਵੱਲੋਂ 4 ਜੁਲਾਈ ਦੀ ਆਜ਼ਾਦੀ ਦਿਵਸ ਪਰੇਡ ਦੌਰਾਨ ਹਜ਼ਾਰਾਂ ਲੋਕਾਂ ਨੂੰ ਠੰਢਾ ਪਾਣੀ ਅਤੇ ਜੂਸ ਵੰਡ ਕੇ ਨਿਸ਼ਕਾਮ ਸੇਵਾ ਕੀਤੀ ਗਈ। ਇਸ ਮੌਕੇ ਪਾਣੀ ਦੀਆਂ 5000 ਤੋਂ ਵੱਧ ਅਤੇ ਜੂਸ ਦੀਆਂ 2000 ਤੋਂ ਵੱਧ ਬੋਤਲਾਂ ਵੰਡੀਆਂ ਗਈਆਂ। 50 ਤੋਂ ਵੱਧ ਵਾਲੰਟੀਅਰਾਂ ਨੇ ਸੇਵਾ ਕੀਤੀ।





ਪੀ.ਸੀ.ਏ. ਦੇ ਚੇਅਰਮੈਨ ਭੁਪਿੰਦਰ ਸਿੰਘ ਬਾਜਵਾ ਨੇ ਦੱਸਿਆ ਕਿ ਪੀ.ਸੀ.ਏ. ਵਲੋਂ ਹਮੇਸ਼ਾ 4 ਜੁਲਾਈ ਦੀ ਪਰੇਡ ਮੌਕੇ ਅਜਿਹੀ ਸੇਵਾ ਕੀਤੀ ਜਾਂਦੀ ਹੈ, ਤਾਂ ਜੋ ਸਮਾਜ ਨਾਲ ਜੁੜ ਕੇ ਚੰਗਾ ਯੋਗਦਾਨ ਪਾਇਆ ਜਾ ਸਕੇ। ਉਨ੍ਹਾਂ ਨੇ ਇਸ ਬਾਬਤ ਹੋਰ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੀ.ਸੀ.ਏ. ਆਉਣ ਵਾਲੇ ਦੋ ਮਹੀਨਿਆਂ ਦੌਰਾਨ ਖੂਨਦਾਨ ਕੈਂਪ ਲਗਾਉਣ ਜਾ ਰਿਹਾ ਹੈ। ਖੂਨਦਾਨ ਕੈਂਪ ਦੀਆਂ ਤਾਰੀਖਾਂ ਜਲਦ ਨਸ਼ਰ ਕੀਤੀਆਂ ਜਾਣਗੀਆਂ।


ਬਰੈਂਟਵੁੱਡ ਦੀ ਮੇਅਰ ਸੁਜ਼ਾਨਾ ਮਾਇਰ ਖ਼ਾਸ ਤੌਰ 'ਤੇ ਪੀ.ਸੀ.ਏ. ਦੇ ਬੂਥ 'ਤੇ ਪਹੁੰਚੇ ਅਤੇ ਸਾਰੇ ਵਾਲੰਟੀਅਰਾਂ ਤੇ ਸਪਾਂਸਰਾਂ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਪੀ.ਸੀ.ਏ. ਪਹਿਲਾਂ ਹੀ ਕਮਿਊਨਟੀ ਵਿਚ ਸ਼ਾਨਦਾਰ ਕੰਮ ਕਰ ਰਿਹਾ ਹੈ ਅਤੇ ਉਹ ਭਵਿੱਖ ਵਿਚ ਵੀ ਇਸ ਵੱਲੋਂ ਹੋਣ ਵਾਲੀਆਂ ਹੋਰ ਗਤੀਵਿਧੀਆਂ ਦੀ ਉਡੀਕ ਕਰ ਰਹੀ ਹੈ।

ਪਰੇਡ ਦੌਰਾਨ ਜਲ ਦੀ ਸੇਵਾ ਵਿਚ ਰਾਜਵੀਰ ਸਿੰਘ ਸਰਕਾਰੀਆ, ਸਤਵਿੰਦਰ ਸਿੰਘ ਸੰਘੂ, ਸਚਿਨ ਮੂਰਤੀ, ਸਨੀ ਸਰਕਾਰੀਆ, ਸਤਵਿੰਦਰ ਮਾਨਹੇੜਾ, ਜਗਦੀਪ ਸਿੰਘ ਗਿੱਲ ਤੇ ਸੰਦੀਪ ਸਿਘ ਦਾ ਅਹਿਮ ਯੋਗਦਾਨ ਰਿਹਾ।

# ਸਾਹਿਤਕ ਗੋਸ਼ਟੀ ਲਈ ਸੱਦਾ:

## ਸ਼ਾਇਰ ਜਗਜੀਤ ਨੌਸ਼ਹਿਰਵੀ ਦੇ ਕਾਵਿ ਸੰਗ੍ਰਹਿ 'ਹਾਲ ਉਥਾਈਂ ਕਹੀਏ' 'ਤੇ ਵਿਚਾਰ ਚਰਚਾ 13 ਜੁਲਾਈ ਨੂੰ

**ਹੇਵਰਡ:** ਵਿਸ਼ਵ ਪੰਜਾਬੀ ਸਾਹਿਤ ਅਕਾਦਮੀ (ਵਿਪਸਾਅ) ਵਲੋਂ 13 ਜੁਲਾਈ ਦਿਨ ਐਤਵਾਰ ਨੂੰ ਹੇਵਰਡ ਵਿਖੇ ਵਿਸ਼ੇਸ਼ ਸਾਹਿਤਕ ਬੈਠਕ ਕੀਤੀ ਜਾ ਰਹੀ ਹੈ ਜਿਸ ਵਿਚ ਪੰਜਾਬੀ ਸ਼ਾਇਰ ਜਗਜੀਤ ਨੌਸ਼ਹਿਰਵੀ ਦੇ ਕਾਵਿ-ਸੰਗ੍ਰਹਿ 'ਹਾਲ ਉਥਾਈਂ ਕਹੀਏ' ਉੱਪਰ ਸਾਹਿਤਕ ਗੋਸ਼ਟੀ ਕੀਤੀ ਜਾਏਗੀ। ਇਹ ਬੈਠਕ ਸੈਫਾਇਰ ਬੈਂਕੁਇਟ ਹਾਲ, 24989 ਿਅਨਟਅ ਛਲਅਰਅ ਿਟ, ਐਅਰਦ, ਛਅਲੌਿਰਨਅਿ ਵਿਚ 13 ਜੁਲਾਈ ਦਿਨ ਐਤਵਾਰ ਨੂੰ ਦੁਪਹਿਰੇ 12 ਵਜੇ ਸ਼ੁਰੂ ਹੋਏਗੀ। ਹਾਜ਼ਰ ਲੇਖਕਾਂ ਅਤੇ ਪਾਠਕਾਂ ਲਈ ਦੁਪਹਿਰ ਦਾ ਖਾਣਾ 12 ਤੋਂ 1 ਵਜੇ ਤੱਕ ਚਲੇਗਾ ਅਤੇ ਤੁਰੰਤ ਬਾਅਦ ਸਾਹਿਤਕ ਗੋਸ਼ਟੀ ਦਾ ਅਰੰਭ ਹੋਏਗਾ।




ਜਗਜੀਤ ਲੰਮੇ ਸਮੇਂ ਤੋਂ ਪੰਜਾਬੀ ਸਾਹਿਤ ਨਾਲ ਜੁੜਿਆ ਹੋਇਆ ਹੈ। ਉਹ ਵਿਸ਼ਵ ਪੰਜਾਬੀ ਸਾਹਿਤ ਅਕਾਦਮੀ, ਕੈਲੀਫ਼ੋਰਨੀਆ ਦਾ ਮੁੱਢਲਾ ਮੈਂਬਰ ਹੈ ਅਤੇ ਕਈ ਵਰ੍ਹਿਆਂ ਤੋਂ ਇਸ ਦੇ ਜਨਰਲ ਸਕੱਤਰ ਵਜੋਂ ਸੇਵਾਵਾਂ ਨਿਭਾਉਂਦਾ ਆ ਰਿਹਾ ਹੈ। ਉਸਦਾ ਇਹ ਪਲੇਠਾ ਕਾਵਿ-ਸੰਗ੍ਰਹਿ ਹੈ ਜਿਸ ਵਿਚ ਉਸ ਦੀਆਂ ਗ਼ਜ਼ਲਾਂ, ਗੀਤ ਅਤੇ ਕਵਿਤਾਵਾਂ ਸ਼ਾਮਲ ਹਨ। ਸਾਹਿਤਕ ਹਲਕਿਆਂ ਵਿਚ ਇਸ ਕਿਤਾਬ ਦੀ ਵਿਸ਼ੇਸ਼ ਚਰਚਾ ਹੈ। ਵਿਪਸਾਅ ਜਗਜੀਤ ਦੀ ਇਸ ਪ੍ਰਾਪਤੀ 'ਤੇ ਮਾਣ ਕਰਦੀ ਹੈ। ਇਸ ਬੈਠਕ ਦੇ ਅੰਤ ਵਿਚ ਹਾਜ਼ਰ ਸ਼ਾਇਰ ਕਵੀ ਦਰਬਾਰ ਵਿਚ ਆਪਣੀਆਂ ਰਚਨਾਵਾਂ ਵੀ ਸਾਂਝੀਆਂ ਕਰਨਗੇ।

***-ਕੁਲਵਿੰਦਰ 510-367-2090***

# ਡਾ. ਪ੍ਰਿਤਪਾਲ ਸਿੰਘ ਵਲੋਂ 'ਸ੍ਰੀ ਗੁਰੂ ਗ੍ਰੰਥ ਸਾਹਿਬ ਪ੍ਰੋਜੈਕਟ' ਟੀਮ ਨਾਲ ਮੁਲਾਕਾਤ

**ਮੁਹਾਲੀ:** ਸਿਖ-ਰੀ (ਸਿੱਖ ਰਿਸਰਚ ਇੰਸਟੀਚਿਊਟ) ਦੇ ਬੋਰਡ ਮੈਂਬਰ ਡਾ. ਪ੍ਰਿਤਪਾਲ ਸਿੰਘ ਅਤੇ ਉਨ੍ਹਾਂ ਦੀ ਪਤਨੀ ਅਰਪਿੰਦਰ ਕੌਰ ਨੇ ਲੰਘੇ ਦਿਨੀਂ ਸੰਸਥਾ ਦੇ ਦਫ਼ਤਰ, ਪੀ ਡੀ ਆਈ ਸਿਟੀ, ਸੈਕਟਰ 118, ਮੁਹਾਲੀ ਵਿਖੇ, 'ਸ੍ਰੀ ਗੁਰੂ ਗ੍ਰੰਥ ਸਾਹਿਬ ਪ੍ਰੋਜੈਕਟ' ਟੀਮ ਨਾਲ ਮੁਲਾਕਾਤ ਕੀਤੀ ਤੇ ਵਿਚਾਰ-ਵਟਾਂਦਰਾ ਕੀਤਾ।

ਡਾਕਟਰ ਪ੍ਰਿਤਪਾਲ ਸਿੰਘ ਵਿਸ਼ਵ ਪੱਧਰ 'ਤੇ ਸਿਹਤ ਸੇਵਾਵਾਂ ਪ੍ਰਦਾਨ ਕਰਨ ਵਾਲੀ ਸੰਸਥਾ 'ਸਿਗਨਾ' ਦੇ ਆਗੂ ਵਜੋਂ, ਹੈਲਥ ਮੈਨੇਜਮੈਂਟ ਦੀਆਂ ਟੀਮਾਂ ਨੂੰ ਕਲੀਨਿਕਲ ਸਮਝ ਅਤੇ ਸਿਹਤ ਸੰਬੰਧੀ ਹੱਲ ਦੱਸਦੇ ਹਨ। ਉਹ 'ਸਿਖ-ਰੀ' ਸੰਸਥਾ ਦੇ ਬੋਰਡ ਮੈਂਬਰ ਵਜੋਂ ਵੀ ਸੇਵਾ ਨਿਭਾ ਰਹੇ ਹਨ, ਜੋ ਵਿਸ਼ਵ ਨੂੰ ਗੁਰਮਤਿ ਦੇ ਅਕਾਦਮਿਕ ਸਰੋਤਾਂ ਤੋਂ ਜਾਣੂ ਕਰਵਾਉਣ ਦੇ ਨਾਲ-ਨਾਲ ਗੁਰਮਤਿ ਦੀ ਅਜੋਕੇ ਅਤੇ ਸਰਲ ਮੁਹਾਵਰੇ ਵਿਚ ਵਿਆਖਿਆ ਪ੍ਰਦਾਨ ਕਰਦੀ ਹੈ। ਉਹ 'ਸਿਖ-ਰੀ' ਸੰਸਥਾ ਵਲੋਂ ਲੀਡਰਸ਼ਿਪ ਵਿਕਸਤ ਕਰਨ ਵਾਲੇ ਪ੍ਰੋਗਰਾਮ 'ਸਿਦਕ' ਵਿਚ ਸੁਵਿਧਾ ਪ੍ਰਦਾਨ ਕਰਨ ਦੀ ਸੇਵਾ ਵੀ ਨਿਭਾਉਂਦੇ ਹਨ। 'ਸਿਦਕ' ਗੁਰਮਤਿ ਦਰਸ਼ਨ, ਇਤਿਹਾਸ ਅਤੇ ਜੀਵਨ ਸ਼ੈਲੀ ਅਨੁਸਾਰ ਸ਼ਖ਼ਸੀਅਤ ਉਸਾਰੀ ਨੂੰ ਸਮਰਪਿਤ ਸੰਸਥਾ ਹੈ।

ਡਾ. ਪ੍ਰਿਤਪਾਲ ਸਿੰਘ ਦੀ ਪਤਨੀ ਅਰਪਿੰਦਰ ਕੌਰ 2008 ਤੋਂ ਬੋਇੰਗ ਜਹਾਜ਼ ਦੀ ਕਮਰਸ਼ੀਅਲ ਪਾਇਲਟ ਹੈ। ਉਹ ਵੀ 'ਸਿਦਕ' ਸੰਸਥਾ ਵਿਚ ਰਹਿ ਚੁੱਕੇ ਹਨ ਤੇ ਅੱਜ-ਕਲ੍ਹ ਆਪਣੇ ਪਰਿਵਾਰ ਨਾਲ ਅਮਰੀਕਾ ਦੇ ਟੈਕਸਸ ਸੂਬੇ ਦੇ ਸ਼ਹਿਰ ਡੈਲਸ ਵਿਚ ਰਹਿ ਰਹੇ ਹਨ। ਵਿਹਲੇ ਸਮੇਂ ਵਿਚ ਉਹ ਆਪਣੇ ਬੱਚਿਆਂ ਦੇ ਸਕੂਲ ਵਿੱਚ ਸੇਵਾ ਕਰਦੇ ਹਨ ਤੇ ਕਈ ਤਰ੍ਹਾਂ ਦੀਆਂ ਗਤੀਵਿਧੀਆਂ ਵਿਚ ਭਾਗ ਲੈਂਦੇ ਹਨ।

'ਸਿਖ-ਰੀ' ਸੰਸਥਾ ਨੇ ਵਿਸ਼ਵ ਪੱਧਰ 'ਤੇ ਮਾਹਿਰ ਵਿਦਵਾਨਾਂ ਦੀ ਟੀਮ ਬਣਾਈ ਹੈ, ਜੋ ਗੁਰਬਾਣੀ ਦੇ ਸਰਲ ਪਦ-ਅਰਥ, ਭਾਵ ਅਰਥ, ਇਤਿਹਾਸਕ ਤੇ ਸੰਗੀਤਕ ਪੱਖਾਂ ਉਪਰੰਤ ਵਿਆਖਿਆ ਰਾਹੀਂ, ਇਕ ਇਕ ਸ਼ਬਦ, ਵਾਕ ਅਤੇ ਬਾਣੀ 'ਤੇ ਖੋਜ ਕਾਰਜ ਕਰ ਰਹੀ ਹੈ। ਇਸ ਕਾਰਜ ਵਿਚ ਗੁਰਬਾਣੀ ਦੀ ਭਾਸ਼ਾ, ਸੁਹਜ, ਸੰਗੀਤ, ਇਤਿਹਾਸ, ਸਭਿਆਚਾਰ ਅਤੇ ਦਰਸ਼ਨ ਨੂੰ ਵਿਸਥਾਰ ਵਿਚ ਦਰਸਾਇਆ ਜਾਂਦਾ ਹੈ। ਇਹ ਖੋਜ ਕਾਰਜ ਅੰਗਰੇਜ਼ੀ ਅਤੇ ਪੰਜਾਬੀ ਵਿਚ ਨਾਲੋ ਨਾਲ ਚੱਲ ਰਿਹਾ ਹੈ।






ਉਕਤ ਸਮਾਗਮ ਵਿਚ 'ਸਿਖ-ਰੀ' ਸੰਸਥਾ ਦੇ 'ਗੁਰੂ ਗ੍ਰੰਥ ਸਾਹਿਬ ਪ੍ਰੋਜੈਕਟ' ਦੇ ਡਾਇਰੈਕਟਰ ਡਾ. ਜਸਵੰਤ ਸਿੰਘ ਨੇ ਟੀਮ ਮੈਂਬਰਾਂ ਅਤੇ ਓਪਰੇਸ਼ਨ ਹੈੱਡ ਵਿਕਰਮਜੀਤ ਸਿੰਘ ਦੇ ਨਾਲ ਡਾ. ਪ੍ਰਿਤਪਾਲ ਸਿੰਘ ਅਤੇ ਕੈਪਟਨ ਅਰਪਿੰਦਰ ਕੌਰ ਦਾ ਨਿੱਘਾ ਸਵਾਗਤ ਕੀਤਾ। ਉਨ੍ਹਾਂ ਨੇ ਪ੍ਰੋਜੈਕਟ ਦੀ ਪ੍ਰਕਿਰਿਆ ਅਤੇ ਟੀਮ ਦੁਆਰਾ ਕੀਤੇ ਜਾਂਦੇ ਸਮੂਹ ਕਾਰਜਾਂ ਬਾਰੇ ਜਾਣਕਾਰੀ ਸਾਂਝੀ ਕੀਤੀ। ਇਸ ਮੀਟਿੰਗ ਵਿਚ ਡਾ. ਸੋਹਣ ਸਿੰਘ, ਡਾ. ਜਸਪਾਲ ਸਿੰਘ, ਇੰਦਰਪ੍ਰੀਤ ਸਿੰਘ, ਬਲਦੀਪ ਸਿੰਘ, ਜਗਤੇਜ ਸਿੰਘ, ਵਿਕਰਮਜੀਤ ਸਿੰਘ, ਰਮਨਦੀਪ ਕੌਰ, ਹਰਵਿੰਦਰ ਸਿੰਘ ਅਤੇ ਪ੍ਰੋ. ਅਵਤਾਰ ਸਿੰਘ ਸ਼ਾਮਲ ਹੋਏ।

***-ਅਵਤਾਰ ਸਿੰਘ***
***ਫੋਨ: 94175-18384***


**Homeopathicvibes**

**Harminder Singh Gill**

Homeopathic Consultant and Practitioner



*D.H.M.S; B.C.I.H*

(Ex Homeopathic Medical officer Punjab Govt.)

**Now we have two locations:**

940 E. El Camino Real, Sunnyvale, CA 94087

39039 Paseo Padre Pkwy, Suite# 209 (upstairs), Fremont, CA 94538

We also do Virtual appointments for long distance patients.

**Ph: (408) 737-7100**

www.homeopathicvibes.com

*We sell and ship homeopathic remedies through out North America.*



**ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ**

ਪਿਛਲੇ 15 ਸਾਲਾਂ ਤੋਂ ਤੁਹਾਡੀ ਸੇਵਾ ਵਿਚ

ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।

ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।

STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
- 3 Axle Alignment $199
- Trailer Alignment $150

**Grand Opening**

**Special Price for Truck Wash**

ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205

**Ph: 209.982.9996**

FAX: 209.982.9997

www.globalmultiservices.com info@globalmultiservices.com

**REPAIR SHOP**

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 500+ ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।

**TEL: 209.547.9210**

FAX: 209.547.9211

**REGISTRATION SERVICES**

ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।

**TEL: 209.982.9996**

FAX: 209.982.9997

TBF THE BAINS FIRM



Manpreet S. Bains

Personal Injury and Wrongful Death Attorneys

Case Results*

$10 MILLION Motorcycle vs. Truck Collision


$8 MILLION Wrongful Death

$5.25 MILLION Traumatic Brain Injury

$1.1 MILLION Burn Injury

$1.1 MILLION Pedestrian vs. Motor Vehicle Collision

*Past Performance Not a Guarantee of Future Results



WILLIAM E. WEISS Of Counsel

Offices in San Francisco and Union City

No Fees Unless Recovery for Your Injuries is Made

CONTACT US AT:

Phone: (510) 474-0028 • E-mail: info@thebainsfirm.com

www.thebainsfirm.com

ਕੀ ਤੁਸੀਂ ਸਭ ਤਰ੍ਹਾਂ ਦੇ ਇਲਾਜ ਕਰਾ ਕੇ ਥੱਕ ਚੁਕੇ ਹੋ?
ਹੋਮਿਓਪੈਥੀ, ਕੁਦਰਤੀ ਇਲਾਜ ਪ੍ਰਣਾਲੀ ਅਜ਼ਮਾ ਕੇ ਦੇਖੋ

Gurdip Singh Sandhu DHMS, BAMS

HOMEOPATHIC NATURAL MEDICINES

When Tired of all Treatments, For any Disease, At any Age, Try Alternative Treatment

Homeopathic Natural Medicines — Serving Since 1973



Gurdip Singh Sandhu

Homeopathic Ayurvedic Consultant/Physician Since 1973
DHMS-Gold medalist, Ex-Prof, Principal, & CMO Medical Colleges/Hospitals in India

Ph: (408) 687-1899
(925) 557-9093

Email: Homeomdicine@yahoo.com
Website: www.Homeopathyatoz.com

7021 Village Parkway, Dublin, CA 94568
Practice under provision of Act S8_577 State of CA



Balbir (Bill) Grewal
MORTGAGE LOAN OFFICER
NMLS# 353442

Corporate NMLS# 68434
AZ License# BK-0945946

Sistar Mortgage
A Nationwide Lender

Over 2 Decades of experience providing high level servicing for new and experienced borrowers!

Residential and Commercial Loans
Available In Most States!

Special loan programs for:
- Jumbo Loans
- Self Employed and with a work permit
- Business loans with or without property

(734) 330-8859
balbir.grewal@sistarmortgage.com
balbirgrewal.sistarmortgage.com
https://www.nmlsconsumeraccess.org

# Matrimonials

## ਲੜਕੇ ਦੀ ਲੋੜ ਹੈ

Saini Sikh family from USA seeking a suitable match for their Canadian citizen girl 35, 5'4''. Divorced with one eight year old son. She has done M.Com, MBA and currently working as a General accountant at USA based organization. Seeking a Sikh Punjabi boy. Please contact us at: 248-982-2036.

---

Looking for a USA Citizen match for Ramdasia Sikh girl, 1988 born, 5'9", divorcee and has one child living with. She belongs to Punjab (Ludhiana). She has completed her nursing associate in India, currently working in India. Please whatApp biodata and recent picture at 262-960-7366. 19-22

---

## ਲੜਕੀ ਦੀ ਲੋੜ ਹੈ

Seeking an educated and professional match (American citizen or Permanent Resident) for a 1992-born Punjab boy (Ramdasia and others), 5'8". Education: B.Tech, MBA (IIT Delhi), MS in Business Analytics (University of Colorado). Currently working as a Business Analyst in Chicago, USA; H1B picked recently. Belongs to a well-educated and reputed family. Caste no bar. Please contact at +91-7589242016 (WhatsApp) and +1-7204996020. 26-29

---

Ravidasia Sikh family looking for a suitable match for their US Green card holder, son, 31, 6'3" tall. He is a certified nursing assisant and now running his own trucking business. He is currently residing in Franklin,Wisconsin. He is earning 150k to 200k annually. Preffered a girls in the USA. If interested, please contact: +91-95014-52552 (Whatsapp) 25-28

---

Seeking Amritdhari (dastar wearing/ready to wear) and educated girl for issueless, innocent divorcee Gursikh boy, well settled in the US. 37 years old, 5' -11" tall, MS degree holder, works as Engineering Manager. Green card petition approved in 2016. Homeowner in San Francisco, Bay Area, California since 2021. Please contact us at +1-510-399-4085 or +91-98993-79442 (Whatsapp) or E-Mail at: cjsingh55@gmail.com 24-27

---

Thind family looking for a suitable match for their US Born 27, 5'4" Son. He is a software engineer & lives in Chicago. He is vegetarian, does not smoke, no drinking. Looking for a vegetarian, family type girl with height 5 or 5'2" inches. Please contact us at: +1-630-201-5714 23-26

---

Jatt Sikh family looking for a suitable match for their US citizen, son, 25, 5'10" tall, holding a degree in Chemical Engineering from UT, Austin-TX. He is currently working in San Francisco. He belongs to a well-settled, respected Jatt Sikh family in the USA. He is the only child with no siblings. if interested, please contact: 501-580-7305 or email: sarabjitb27@gmail.com 23-26

---

Ramgharia Sikh Turbaned boy 33, 5'8" , MEng Western University Canada, Working as Senior Software Engineer in Toronto Canada, Looking for a professionally qualified girl living in Canada or US. Email: dev.kirat@gmail.com Ph +1 (313) 718-0178 19-26

---

Jatt Sikh family seeking a match for their son, born in America. He is 22 years old, 6ft tall and wears a Turban. He did study in computer science and working as a Software Engineer. He has property both in America and India. Seeking a nice girl that enjoys family and lives in USA. He has no siblings. Please contact us at: 206-208-4064 or E-Mail at gursikhjatt@gmail.com

---

Ramgarhia Family seeks a suitable match for their USA Born and Raised 30 year 5'6.5" Gursikh Boy, PhD. Girl should be Gursikh and educated. Caste no bar. If you are interested please call us at 224-422-4773.

---

Jatt Sikh SF Bay Area family seeking bride for their USA born Son 24, 5'10". Our Son wears a turban and keeps his hair. He has a BS and MS in Computer Science and is well settled in his profession. Beyond education, girl must have a joint family-oriented mindset with good moral family values. Please Contact ph: 510 861 6491 or email: pgrrealty@gmail.com

# ਸੂਬਾ ਸਰਕਾਰ ਦੇ ਯਤਨਾਂ ਸਦਕਾ ਕੌਮੀ ਸਰਵੇਖਣ 'ਚ ਪੰਜਾਬ ਨੇ ਹਾਸਲ ਕੀਤਾ ਪਹਿਲਾ ਦਰਜਾ : ਕੇਜਰੀਵਾਲ

**ਸੰਗਰੂਰ:** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਅੱਜ ਲੋਕ ਪੱਖੀ ਅਤੇ ਵਿਕਾਸ ਮੁਖੀ ਨੀਤੀਆਂ ਰਾਹੀਂ ਪੰਜਾਬ ਨੂੰ ਹਰੇਕ ਖੇਤਰ ਵਿਚ ਅੱਵਲ ਸੂਬਾ ਬਣਾਉਣ ਦਾ ਸੰਕਲਪ ਲਿਆ। ਪਰਖ ਰਾਸ਼ਟਰੀਆ ਸਰਵੇਖਣ (ਨੈਸ਼ਨਲ ਅਚੀਵਮੈਂਟ ਸਰਵੇ) ਵਿਚ ਪੰਜਾਬ ਦੇ ਸਰਬੋਤਮ ਪ੍ਰਦਰਸ਼ਨ ਦੇ ਮਾਣ ਵਿਚ ਰੱਖੇ ਸਮਾਗਮ ਦੌਰਾਨ ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਦੇ ਸਖ਼ਤ ਯਤਨਾਂ ਸਦਕਾ ਪੰਜਾਬ ਅੱਜ ਇਸ ਸਰਵੇਖਣ ਵਿਚ ਪਹਿਲੇ ਸਥਾਨ 'ਤੇ ਹੈ ਜਦੋਂ ਕਿ 2017 ਵਿਚ ਇਹ 17ਵੇਂ ਸਥਾਨ 'ਤੇ ਸੀ। ਉਨ੍ਹਾਂ ਕਿਹਾ ਕਿ ਅਧਿਆਪਕ ਰਾਸ਼ਟਰ ਦੇ ਨਿਰਮਾਤਾ ਹਨ ਤੇ ਉਨ੍ਹਾਂ ਨੇ ਪੰਜਾਬ ਨੂੰ ਨੰਬਰ ਇੱਕ ਬਣਾਉਣ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਭਗਵੰਤ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਦੇ ਠੋਸ ਯਤਨਾਂ ਸਦਕਾ ਪੰਜਾਬ ਅੱਜ ਹਰ ਖੇਤਰ ਵਿਚ ਸ਼ਾਨਦਾਰ ਪ੍ਰਾਪਤੀ ਕਰ ਰਿਹਾ ਹੈ ਭਾਵੇਂ ਉਹ ਸਿੱਖਿਆ ਖੇਤਰ ਹੋਵੇ ਜਾਂ ਕੋਈ ਹੋਰ ਖੇਤਰ ਹੋਵੇ। ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ, ਕੈਬਨਿਟ ਮੰਤਰੀ ਅਮਨ ਅਰੋੜਾ, ਕੈਬਨਿਟ ਮੰਤਰੀ ਬਰਿੰਦਰ ਗੋਇਲ, ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ, ਸਥਾਨਕ ਵਿਧਾਇਕਾ ਨਰਿੰਦਰ ਕੌਰ ਭਰਾਜ ਤੇ ਸਿੱਖਿਆ ਸਕੱਤਰ ਆਨੰਦਿਤਾ ਮਿੱਤਰਾ ਦੀ ਮੌਜੂਦਗੀ ਵਿਚ ਭਗਵੰਤ ਮਾਨ ਨੇ ਸਮਾਗਮ ਨੂੰ ਸੰਬੋਧਨ ਦੌਰਾਨ ਅਧਿਆਪਕਾਂ ਨੂੰ ਸੂਬੇ ਦੀ ਅਮੀਰ ਸੱਭਿਆਚਾਰਕ ਵਿਰਾਸਤ ਬਾਰੇ ਵਿਦਿਆਰਥੀਆਂ ਨੂੰ ਜਾਣੂੰ ਕਰਵਾਉਣ ਦੀ ਅਪੀਲ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਵਿਦਿਆਰਥੀਆਂ ਦੇ ਸ਼ਖ਼ਸੀਅਤ ਵਿਕਾਸ ਲਈ ਅਜਿਹੇ ਉਪਰਾਲੇ ਕਰਨਾ ਬਹੁਤ ਜ਼ਰੂਰੀ ਹੈ। ਮੁੱਖ ਮੰਤਰੀ ਨੇ ਕਿਹਾ ਕਿ 'ਆਪ' ਅਤੇ ਇਸ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਦੇ ਸਾਂਝੇ ਯਤਨਾਂ ਸਦਕਾ ਸਿੱਖਿਆ, ਸਿਹਤ ਅਤੇ ਬਿਜਲੀ ਖੇਤਰ ਸਿਆਸੀ ਪਾਰਟੀਆਂ ਦੇ ਏਜੰਡੇ ਵਿਚ ਕੇਂਦਰ ਬਿੰਦੂ ਬਣ ਗਏ ਹਨ। ਮੁੱਖ ਮੰਤਰੀ ਨੇ ਕਿਹਾ ਕਿ ਨਵੇਂ ਬਦਲਾਅ ਵਜੋਂ ਸਰਕਾਰੀ ਸਕੂਲਾਂ ਵਿਚ ਮਾਪੇ-ਅਧਿਆਪਕ ਮੀਟਿੰਗਾਂ (ਪੀਟੀਐਮ) ਕਰਵਾਈਆਂ ਗਈਆਂ। ਭਗਵੰਤ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਨੇ ਪੰਜਾਬ ਵਿਚ ਸਿੱਖਿਆ ਕ੍ਰਾਂਤੀ ਦੇ ਯੁੱਗ ਦੀ ਸ਼ੁਰੂਆਤ ਕੀਤੀ ਹੈ ਤੇ ਇਸ ਨੂੰ ਹੁਲਾਰਾ ਦੇਣ ਲਈ ਕੋਈ ਕਸਰ



ਬਾਕੀ ਨਹੀਂ ਛੱਡੀ ਜਾ ਰਹੀ ਹੈ। ਆਪਣੇ ਸੰਬੋਧਨ ਵਿਚ ਆਮ ਆਦਮੀ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਪੰਜਾਬ ਵਿਚ ਪਿਛਲੀਆਂ ਸਰਕਾਰਾਂ ਨੇ ਅਧਿਆਪਕਾਂ ਦੀ ਕਦੇ ਕੋਈ ਗੱਲ ਨਹੀਂ ਸੁਣੀ। ਇਹ ਸਿੱਖਿਆ ਕ੍ਰਾਂਤੀ ਹੈ ਕਿ ਪੰਜਾਬ ਦੇ ਇਸ ਸਰਵੇਖਣ ਵਿਚ ਪਹਿਲਾਂ ਸਥਾਨ ਹਾਸਲ ਕੀਤਾ ਹੈ। ਸ੍ਰੀ ਕੇਜਰੀਵਾਲ ਨੇ ਕਿਹਾ ਕਿ ਪੰਜਾਬ ਵਿਚ ਨਸ਼ਿਆਂ ਵਿਰੁੱਧ ਛੇੜੀ ਮੁਹਿੰਮ ਸਦਕਾ ਨਸ਼ੇ ਦੇ 17-18 ਹਜ਼ਾਰ ਕਾਰੋਬਾਰੀ ਜੇਲ੍ਹਾਂ ਵਿਚ ਭੇਜੇ ਗਏ ਹਨ ਅਤੇ ਵੱਡੇ ਮਗਰਮੱਛਾਂ ਨੂੰ ਹੱਥ ਪਾਇਆ ਜਾ ਰਿਹਾ ਹੈ। ਇਸ ਤੋਂ ਪਹਿਲਾਂ ਆਪਣੇ ਸੰਬੋਧਨ ਵਿਚ ਸੀਨੀਅਰ 'ਆਪ' ਆਗੂ ਮਨੀਸ਼ ਸਿਸੋਦੀਆ ਨੇ ਕਿਹਾ ਕਿ ਦੇਸ਼ ਵਿਚ ਸਿੱਖਿਆ ਮਾਫ਼ੀਆ ਦੇ ਰਾਜ ਵਿਚ ਸਰਕਾਰੀ ਸਕੂਲਾਂ ਲਈ ਮਿਆਰੀ ਸਿੱਖਿਆ ਮਹਿਜ਼ ਸੁਪਨਾ ਹੀ ਸੀ। ਮਨੀਸ਼ ਸਿਸੋਦੀਆ ਨੇ ਕਿਹਾ ਕਿ ਅੱਜ ਪੰਜਾਬ ਨੇ ਇਸ ਸ਼ਾਨਦਾਰ ਟੀਚੇ ਨੂੰ ਪ੍ਰਾਪਤ ਕਰ ਕੇ ਹੈਰਾਨੀਜਨਕ ਕੰਮ ਕੀਤਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਸਕੂਲ ਸਫਲਤਾ ਦੀ ਨਵੀਂ ਕਹਾਣੀ ਲਿਖ ਰਹੇ ਹਨ। ਮਨੀਸ਼ ਸਿਸੋਦੀਆ ਨੇ ਕਿਹਾ ਕਿ ਅੱਜ ਸਰਕਾਰੀ ਸਕੂਲਾਂ ਦੇ 24 ਲੱਖ ਵਿਦਿਆਰਥੀਆਂ ਦਾ ਭਵਿੱਖ ਸੁਰੱਖਿਅਤ ਹੱਥਾਂ ਵਿਚ ਹੈ ਤੇ ਸੂਬੇ ਵਿਚ ਸਿੱਖਿਆ ਕ੍ਰਾਂਤੀ ਦੀ ਸ਼ੁਰੂਆਤ ਹੋ ਚੁੱਕੀ ਹੈ। ਮਨੀਸ਼ ਸਿਸੋਦੀਆ ਨੇ ਕਿਹਾ ਕਿ ਇਹ ਇੱਕ ਵੱਡੀ ਪ੍ਰਾਪਤੀ ਹੈ ਜਿਸ ਲਈ ਹਰ ਭਾਈਵਾਲ ਵਧਾਈ ਦਾ ਹੱਕਦਾਰ ਹੈ। ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਅੰਕੜਿਆਂ ਅਤੇ ਤੱਥਾਂ ਨਾਲ ਗੱਲ ਕਰਦਿਆਂ ਪੰਜਾਬ ਦੀ ਸਿੱਖਿਆ ਪ੍ਰਣਾਲੀ ਦੀਆਂ ਪ੍ਰਾਪਤੀਆਂ ਗਿਣਾਈਆਂ। ਪੰਜਾਬ ਦੇ ਸਿੱਖਿਆ ਸਕੱਤਰ ਆਨੰਦਿਤਾ ਮਿੱਤਰਾ ਨੇ ਵੀ ਸਮਾਗਮ ਨੂੰ ਸੰਬੋਧਨ ਕੀਤਾ। ਇਸ ਮੌਕੇ ਇਨਫੋਟੈੱਕ ਦੇ ਪੰਜਾਬ ਦੇ ਚੇਅਰਮੈਨ ਡਾ: ਗੁਨਿੰਦਰਜੀਤ ਸਿੰਘ ਜਵੰਧਾ, ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਸ਼ਾਮ ਸਿੰਗਲਾ, ਮਹਿੰਦਰ ਸਿੰਘ ਸਿੱਧੂ ਚੇਅਰਮੈਨ ਪਨਸੀਡ, ਗੁਰਮੇਲ ਸਿੰਘ ਘਰਾਚੋਂ ਜ਼ਿਲ੍ਹਾ ਯੋਜਨਾ ਕਮੇਟੀ, ਅਵਤਾਰ ਸਿੰਘ ਈਲਵਾਲ ਚੇਅਰਮੈਨ ਮਾਰਕਿਟ ਕਮੇਟੀ ਸੰਗਰੂਰ, ਸ਼ੀਸ਼ਪਾਲ ਆਨੰਦ ਚੇਅਰਮੈਨ ਮਾਰਕਿਟ ਕਮੇਟੀ ਲਹਿਰਾਗਾਗਾ, ਜਸਵੀਰ ਕੌਰ ਸ਼ੇਰਗਿੱਲ ਚੇਅਰਪਰਸਨ ਮਾਰਕਿਟ ਦਿੜ੍ਹਬਾ, ਹਰਵਿੰਦਰ ਸਿੰਘ ਚੇਅਰਮੈਨ ਮਾਰਕਿਟ ਕਮੇਟੀ ਸੂਲਰ ਘਰਾਟ, ਪ੍ਰੀਤਮ ਸਿੰਘ ਪੀਤੂ ਚੇਅਰਮੈਨ ਨਗਰ ਸੁਧਾਰ ਟਰੱਸਟ ਸੰਗਰੂਰ, ਮੁਕੇਸ਼ ਜੁਨੇਜਾ ਚੇਅਰਮੈਨ ਮਾਰਕਿਟ ਕਮੇਟੀ ਸੁਨਾਮ, ਜੀਤੀ ਮਾਨ ਚੇਅਰਮੈਨ ਮਾਰਕਿਟ ਕਮੇਟੀ ਚੀਮਾ, ਰਾਜਵਿੰਦਰ ਸਿੰਘ ਚੇਅਰਮੈਨ ਮਾਰਕਿਟ ਕਮੇਟੀ ਸ਼ੇਰਪੁਰ ਅਤੇ ਹੋਰ ਸ਼ਖ਼ਸੀਅਤਾਂ ਵੀ ਮੌਜੂਦ ਸਨ।

# ਦਸੂਹਾ ਨੇੜੇ ਬੱਸ ਤੇ ਕਾਰ 'ਚ ਸਿੱਧੀ ਟੱਕਰ; 10 ਮੌਤਾਂ, 32 ਜ਼ਖ਼ਮੀ

## ਮ੍ਰਿਤਕਾਂ ਦੇ ਪਰਿਵਾਰਕ ਮੈਂਬਰਾਂ ਨੂੰ 2-2 ਲੱਖ ਮੁਆਵਜ਼ਾ ਦੇਣ ਦਾ ਐਲਾਨ



**ਦਸੂਹਾ:** ਦਸੂਹਾ ਨਜ਼ਦੀਕ ਪੈਂਦੇ ਪਿੰਡ ਸੱਗਰਾਂ ਵਿਖੇ ਸਵੇਰੇ ਵੀਥ 10 ਤਲਵਾੜਾ ਤੋਂ ਦਸੂਹਾ ਵੱਲ ਨੂੰ ਆਉਂਦੀ ਇਕ ਨਿੱਜੀ ਕੰਪਨੀ ਦੀ ਮਿੰਨੀ ਬੱਸ ਨੰਬਰ -ਪੀ. ਬੀ. 07 ਐਕਸ 6091 ਦੀ ਦਸੂਹਾ ਨੇੜੇ ਪੈਂਦੇ ਪਿੰਡ ਸੱਗਰਾਂ ਵਿਖੇ ਦੂਜੇ ਪਾਸੇ ਸਾਹਮਣੇ ਤੋਂ ਆ ਰਹੀ ਇਕ ਕਾਰ ਨੰਬਰ ਪੀ. ਬੀ. 07 ਸੀ. ਡੀ. 4002 ਦੀ ਆਹਮੋ-ਸਾਹਮਣੇ ਸਿੱਧੀ ਟੱਕਰ ਹੋ ਗਈ। ਹਾਦਸੇ ਦੌਰਾਨ ਬੱਸ ਏਨੀ ਬੁਰੀ ਤਰ੍ਹਾਂ ਪਲਟੀ ਕਿ ਇਸ ਵਿਚ ਬੈਠੀਆਂ 10 ਸਵਾਰੀਆਂ ਦੀ ਮੌਤ ਹੋ ਗਈ, ਜਿਨ੍ਹਾਂ ਵਿਚ ਇਕ ਤਿੰਨ ਸਾਲ ਦੀ ਬੱਚੀ ਵੀ ਸੀ। ਇਸ ਹਾਦਸੇ ਵਿਚ 32 ਸਵਾਰੀਆਂ ਗੰਭੀਰ ਜ਼ਖ਼ਮੀ ਹੋ ਗਈਆਂ। ਹਾਦਸੇ ਦੌਰਾਨ ਸਥਾਨਕ ਪਿੰਡ ਦੇ ਲੋਕਾਂ ਨੇ ਮੌਕੇ 'ਤੇ ਪਹੁੰਚ ਕੇ ਸਵਾਰੀਆਂ ਦੀ ਮਦਦ ਕੀਤੀ। ਪੁਲਿਸ, ਸਿਵਲ ਹਸਪਤਾਲ ਦੀ ਟੀਮ ਅਤੇ ਇਲਾਕੇ ਦੀਆਂ ਸਮਾਜਿਕ ਸੰਸਥਾਵਾਂ ਵਲੋਂ ਮੌਕੇ 'ਤੇ ਪਹੁੰਚ ਕੇ ਜ਼ਖ਼ਮੀਆਂ ਨੂੰ ਇਲਾਜ ਲਈ ਸਿਵਲ ਹਸਪਤਾਲ ਦਸੂਹਾ ਪਹੁੰਚਾਇਆ। ਸਿਵਲ ਹਸਪਤਾਲ ਦਸੂਹਾ ਦੀ ਮੈਡੀਕਲ ਟੀਮ ਨੇ ਤੁਰੰਤ ਜ਼ਖ਼ਮੀਆਂ ਨੂੰ ਮੁਢਲੀ ਡਾਕਟਰੀ ਸਹਾਇਤਾ ਦਿੱਤੀ। ਘਟਨਾ ਦੇ ਕੁਝ ਮਿੰਟਾਂ ਬਾਅਦ ਹੀ ਹਲਕਾ ਦਸੂਹਾ ਦੇ ਵਿਧਾਇਕ ਐਡਵੋਕੇਟ ਕਰਮਵੀਰ ਸਿੰਘ ਘੁੰਮਣ ਘਟਨਾ ਸਥਾਨ 'ਤੇ ਪਹੁੰਚੇ ਅਤੇ ਉਪਰੰਤ ਸਿਵਲ ਹਸਪਤਾਲ ਦਸੂਹਾ ਵਿਖੇ ਪਹੁੰਚ ਕੇ ਲਗਾਤਾਰ ਆਪਣੀ ਦੇਖ-ਰੇਖ ਵਿਚ ਜ਼ਖ਼ਮੀਆਂ ਦਾ ਇਲਾਜ ਸ਼ੁਰੂ ਕਰਵਾਇਆ। ਹਾਦਸੇ ਦਾ ਜਾਇਜ਼ਾ ਲੈਣ ਵਾਸਤੇ ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਆਸ਼ਿਕਾ ਜੈਨ, ਐਸ.ਐਸ.ਪੀ. ਹੁਸ਼ਿਆਰਪੁਰ ਸੰਦੀਪ ਕੁਮਾਰ ਮਲਿਕ, ਸਿਵਲ ਸਰਜਨ ਪਵਨ ਕੁਮਾਰ ਵੀ ਮੌਕੇ 'ਤੇ ਪਹੁੰਚੇ। ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਵਿਧਾਇਕ ਐਡਵੋਕੇਟ ਕਰਮਵੀਰ ਸਿੰਘ ਘੁੰਮਣ ਅਤੇ ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਆਸ਼ਿਕਾ ਜੈਨ ਨੇ ਦੱਸਿਆ ਕਿ ਇਸ ਹਾਦਸੇ ਵਿਚ ਜਿਨ੍ਹਾਂ ਅੱਠ ਵਿਅਕਤੀਆਂ ਦੀ ਮੌਤ ਹੋਈ ਹੈ। ਉਨ੍ਹਾਂ ਦੀ ਪਹਿਚਾਣ ਮੀਨਾ ਵਾਸੀ ਬੁੱਢਾਬੜ (30), ਗੁਰਮੀਤ ਰਾਮ ਵਾਸੀ ਹਲੇੜ ਘੋਗਰਾ (65), ਲਵ ਕੁਮਾਰ ਵਾਸੀ ਘਾਟੀ ਕਾਂਗੜਾ, ਰੱਜੂ ਵਾਸੀ ਬੁੱਢਾਵਾੜ (3), ਸਤਵਿੰਦਰ ਕੌਰ ਵਾਸੀ ਜਲਾਲ ਚੈੱਕ (55), ਬਲਵੀਰ ਕੌਰ ਵਾਸੀ ਦਸਮੇਸ਼ ਨਗਰ ਦਸੂਹਾ, ਸੰਦੀਪ ਸਿੰਘ ਵਾਸੀ ਬਾਗੜੀਆ ਭੈਣੀ ਮੀਆਂ ਖਾਂ ਜ਼ਿਲ੍ਹਾ ਗੁਰਦਾਸਪੁਰ ਅਤੇ ਇਕ ਮ੍ਰਿਤਕ ਦੀ ਪਹਿਚਾਣ ਖ਼ਬਰ ਲਿਖੇ ਜਾਣ ਤਕ ਨਹੀਂ ਹੋਈ ਸੀ। ਉਨ੍ਹਾਂ ਦੱਸਿਆ ਕਿ ਜੋ ਸਿਵਲ ਹਸਪਤਾਲ ਵਿਖੇ ਜ਼ੇਰੇ ਇਲਾਜ ਹਨ ਉਨ੍ਹਾਂ ਦੀ ਗਿਣਤੀ 32 ਹੈ, ਜਿਨ੍ਹਾਂ ਦੇ ਸਿਰ ਲੱਤਾਂ ਅਤੇ ਬਾਹਾਂ ਤੇ ਗੰਭੀਰ ਸੱਟਾਂ ਲੱਗੀਆਂ ਹਨ। ਇਨ੍ਹਾਂ ਦਾ ਇਲਾਜ ਦਸੂਹਾ ਦੇ ਐਸ.ਐਮ.ਓ. ਡਾਕਟਰ ਮਨਮੋਹਨ ਸਿੰਘ ਦੀ ਦੇਖ-ਰੇਖ ਵਿਚ ਹੋ ਰਿਹਾ ਹੈ। ਇਸ ਸਬੰਧੀ ਵਿਧਾਇਕ ਐਡਵੋਕੇਟ ਕਰਮਵੀਰ ਸਿੰਘ ਘੁੰਮਣ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵਲੋਂ ਹਾਦਸੇ ਦੌਰਾਨ ਜਿਨ੍ਹਾਂ ਦੀ ਮੌਤ ਹੋਈ ਹੈ, ਉਨ੍ਹਾਂ ਦੇ ਪਰਿਵਾਰਿਕ ਮੈਂਬਰਾਂ ਨੂੰ 2 ਲੱਖ ਦੀ ਮਾਲੀ ਸਹਾਇਤਾ ਦੇਣ ਦਾ ਐਲਾਨ ਕੀਤਾ ਗਿਆ ਹੈ। ਪੁਲਿਸ ਹਾਦਸੇ ਦੇ ਕਾਰਨਾਂ ਦੀ ਜਾਂਚ ਕਰ ਰਹੀ ਹੈ।

# ਸੁਖਬੀਰ ਵਲੋਂ ਜ਼ਿਲ੍ਹਾ ਸ਼ਹਿਰੀ ਤੇ ਦਿਹਾਤੀ ਪ੍ਰਧਾਨਾਂ ਦਾ ਐਲਾਨ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਪਾਰਟੀ ਦੇ ਜ਼ਿਲ੍ਹਾ ਡੈਲੀਗੇਟਾਂ ਤੇ ਪਾਰਟੀ ਆਬਜ਼ਰਵਰਾਂ ਨਾਲ ਸਲਾਹ ਮਸ਼ਵਰਾ ਕਰਨ ਉਪਰੰਤ 33 ਜ਼ਿਲ੍ਹਾ ਪ੍ਰਧਾਨਾਂ (ਸ਼ਹਿਰੀ ਤੇ ਦਿਹਾਤੀ) ਦੀ ਨਿਯੁਕਤੀ ਕੀਤੀ ਹੈ। ਜਾਣਕਾਰੀ ਦਿੰਦਿਆਂ ਪਾਰਟੀ ਦੇ ਸੀਨੀਅਰ ਆਗੂ ਡਾ. ਦਲਜੀਤ ਸਿੰਘ ਚੀਮਾ ਨੇ ਦੱਸਿਆ ਕਿ ਜ਼ਿਲ੍ਹਾ ਡੈਲੀਗੇਟਾਂ ਨੇ ਜ਼ਿਲ੍ਹਾ ਪ੍ਰਧਾਨਾਂ ਦੀ ਨਿਯੁਕਤੀ ਵਾਸਤੇ ਮੀਟਿੰਗਾਂ ਕੀਤੀਆਂ, ਜਿਨ੍ਹਾਂ ਦੀ ਪ੍ਰਧਾਨਗੀ ਪਾਰਟੀ ਆਬਜ਼ਰਵਰਾਂ ਨੇ ਕੀਤੀ, ਇਸ ਮਗਰੋਂ ਆਬਜ਼ਰਵਰਾਂ ਨੇ ਪਾਰਟੀ ਮੁਖੀ ਨੂੰ ਸਿਫ਼ਾਰਸ਼ਾਂ ਸੌਂਪੀਆਂ, ਜਿਸ ਮਗਰੋਂ ਨਿਯੁਕਤੀਆਂ ਕੀਤੀਆਂ ਗਈਆਂ। ਪਠਾਨਕੋਟ ਲਈ ਸ਼ਹਿਰੀ ਤੇ ਦਿਹਾਤੀ ਪ੍ਰਧਾਨਾਂ ਦੀ ਨਿਯੁਕਤੀ ਨਹੀਂ ਕੀਤੀ ਗਈ। ਇਸ ਜ਼ਿਲ੍ਹੇ ਵਿਚ ਪਾਰਟੀ ਦੇ ਪੁਨਰਗਠਨ ਦੀ ਜ਼ਿੰਮੇਵਾਰੀ ਕੋਰ ਕਮੇਟੀ ਮੈਂਬਰ ਗੁਰਬਚਨ ਸਿੰਘ ਬੱਬੇਹਾਲੀ ਨੂੰ ਦਿੱਤੀ ਗਈ ਹੈ। ਜਾਰੀ ਕੀਤੀ 33 ਪ੍ਰਧਾਨਾਂ ਦੀ ਸੂਚੀ ਮੁਤਾਬਕ ਅੰਮ੍ਰਿਤਸਰ ਸ਼ਹਿਰੀ ਲਈ ਸੁਰਜੀਤ ਸਿੰਘ ਪਹਿਲਵਾਨ, ਅੰਮ੍ਰਿਤਸਰ ਦਿਹਾਤੀ ਰਾਜਵਿੰਦਰ



ਸਿੰਘ ਰਾਜਾ ਲਾਦੇਹ, ਬਰਨਾਲਾ ਸ਼ਹਿਰੀ ਯਾਦਵਿੰਦਰ ਸਿੰਘ ਬਿੱਟੂ ਦੀਵਾਨਾ, ਬਰਨਾਲਾ ਦਿਹਾਤੀ ਸਤਨਾਮ ਸਿੰਘ ਰਾਹੀ, ਬਠਿੰਡਾ ਦਿਹਾਤੀ ਜਗਸੀਰ ਸਿੰਘ ਕਲਿਆਣ, ਬਠਿੰਡਾ ਸ਼ਹਿਰੀ ਸੁਸ਼ੀਲ ਕੁਮਾਰ ਗੋਲਡੀ, ਫਤਹਿਗੜ੍ਹ ਸਾਹਿਬ ਦਿਹਾਤੀ ਸ਼ਰਨਜੀਤ ਸਿੰਘ ਚਰਨਾਰਥਲ, ਫਰੀਦਕੋਟ ਦਿਹਾਤੀ ਸ਼ੇਰ ਸਿੰਘ ਮੰਡਵਾਲਾ, ਫਰੀਦਕੋਟ ਸ਼ਹਿਰੀ ਸਤੀਸ਼ ਗਰੋਵਰ, ਫਿਰੋਜ਼ਪੁਰ ਜੋਗਿੰਦਰ ਸਿੰਘ ਜਿੰਦੂ, ਫਾਜ਼ਿਲਕਾ ਦਿਹਾਤੀ ਨਰਦੇਵ ਸਿੰਘ ਮਾਨ, ਗੁਰਦਾਸਪੁਰ ਸੁੱਚਾ ਸਿੰਘ ਲੰਗਾਹ, ਹੁਸ਼ਿਆਰਪੁਰ ਦਿਹਾਤੀ ਲਖਵਿੰਦਰ ਸਿੰਘ ਲੱਖੀ, ਹੁਸ਼ਿਆਰਪੁਰ ਸ਼ਹਿਰੀ ਜਤਿੰਦਰ ਸਿੰਘ ਲਾਲੀ ਬਾਜਵਾ, ਜਲੰਧਰ ਸ਼ਹਿਰੀ ਇਕਬਾਲ ਸਿੰਘ ਢੀਂਡਸਾ, ਜਲੰਧਰ ਦਿਹਾਤੀ ਬਚਿੱਤਰ ਸਿੰਘ ਕੋਹਾੜ, ਕਪੂਰਥਲਾ ਦਲਵਿੰਦਰ ਸਿੰਘ ਸਿੱਧੂ, ਲੁਧਿਆਣਾ ਦਿਹਾਤੀ-ਪੁਲਿਸ ਜ਼ਿਲ੍ਹਾ ਖੰਨਾ ਪਰਮਜੀਤ ਸਿੰਘ ਢਿੱਲੋਂ, ਲੁਧਿਆਣਾ ਦਿਹਾਤੀ-ਪੁਲਿਸ ਜ਼ਿਲ੍ਹਾ ਜਗਰਾਉਂ-ਚੰਦ ਸਿੰਘ ਡੱਲਾ, ਲੁਧਿਆਣਾ ਸ਼ਹਿਰੀ-ਭੁਪਿੰਦਰ ਸਿੰਘ ਭਿੰਡਾ, ਮੋਗਾ ਨਿਹਾਲ ਸਿੰਘ ਤਲਵੰਡੀ, ਮਾਨਸਾ (ਦਿਹਾਤੀ) ਬਲਬੀਰ ਸਿੰਘ ਬੀਰੋਕੇ, ਸ੍ਰੀ ਮੁਕਤਸਰ ਸਾਹਿਬ ਕੰਵਰਜੀਤ ਸਿੰਘ ਬਰਕੰਦੀ, ਮੁਹਾਲੀ ਪਰਮਿੰਦਰ ਸਿੰਘ ਸੋਹਾਣਾ, ਪਟਿਆਲਾ ਦਿਹਾਤੀ ਜਗਮੀਤ ਸਿੰਘ ਹਰਿਆਉ, ਪਟਿਆਲਾ ਸ਼ਹਿਰੀ ਤੋਂ ਅਮਿਤ ਰਾਠੀ, ਰੋਪੜ ਦਿਹਾਤੀ ਤੋਂ ਦਰਬਾਰਾ ਸਿੰਘ ਬਾਲਾ, ਸ਼ਹੀਦ ਭਗਤ ਸਿੰਘ ਨਗਰ ਦਿਹਾਤੀ ਤੋਂ ਸੁਖਦੀਪ ਸਿੰਘ ਸ਼ੁਕਾਰ, ਸ਼ਹੀਦ ਭਗਤ ਸਿੰਘ ਨਗਰ ਸ਼ਹਿਰੀ ਤੋਂ ਹੇਮੰਤ ਕੁਮਾਰ ਬੌਬੀ, ਸੰਗਰੂਰ ਦਿਹਾਤੀ ਤੋਂ ਤੇਜਿੰਦਰ ਸਿੰਘ ਸੰਘਰੇੜੀ, ਤਰਨ ਤਾਰਨ ਦਿਹਾਤੀ ਤੋਂ ਅਲਵਿੰਦਰਪਾਲ ਸਿੰਘ ਪੱਖੋਕੇ ਅਤੇ ਮਾਨਸਾ ਸ਼ਹਿਰੀ ਤੋਂ ਜਤਿੰਦਰ ਸਿੰਘ ਸੋਢੀ ਸ਼ਾਮਿਲ ਹਨ।

# ਅਬੋਹਰ: ਕੱਪੜਾ ਵਪਾਰੀ ਦੀ ਦਿਨ-ਦਿਹਾੜੇ ਗੋਲੀਆਂ ਮਾਰ ਕੇ ਹੱਤਿਆ

## ਬਿਸ਼ਨੋਈ ਗੈਂਗ ਨੇ ਲਈ ਜ਼ਿੰਮੇਵਾਰੀ, ਰੋਸ ਵਜੋਂ ਬਾਜ਼ਾਰ ਕੀਤੇ ਬੰਦ, ਲੋਕਾਂ 'ਚ ਸਹਿਮ

**ਅਬੋਹਰ:** ਮਾਲਵਾ ਖੇਤਰ ਦੇ ਪ੍ਰਸਿੱਧ ਵਪਾਰੀ ਅਬੋਹਰ ਦੇ ਨਿਊ ਵੀਅਰ ਵੈੱਲ ਦੇ ਸੰਚਾਲਕ ਸੰਜੇ ਵਰਮਾ ਦੀ ਅੱਜ ਸਵੇਰੇ 3 ਅਣਪਛਾਤੇ ਵਿਅਕਤੀਆਂ ਨੇ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ। ਜਿਸ ਕਾਰਨ ਸਾਰੇ ਸਨਸਨੀ ਫੈਲ ਗਈ ਅਤੇ ਦੁਕਾਨਦਾਰਾਂ ਨੇ ਬਾਜ਼ਾਰ ਬੰਦ ਸ਼ਹਿਰ ਵਿਚ ਸੋਗ ਵਜੋਂ ਕਰ ਦਿੱਤੇ। ਦੂਜੇ ਪਾਸੇ ਡੀ.ਆਈ.ਜੀ. ਫ਼ਿਰੋਜ਼ਪੁਰ ਰੇਂਜ ਹਰਮਨਬੀਰ ਸਿੰਘ ਗਿੱਲ ਵਲੋਂ ਪੀੜਤ ਪਰਿਵਾਰ ਨਾਲ ਮੁਲਾਕਾਤ ਕਰਕੇ ਬਿਆਨ ਦਰਜ ਕੀਤੇ ਜਾ ਰਹੇ ਹਨ। ਜ਼ਿਲ੍ਹਾ ਪੁਲਿਸ ਮੁਖੀ ਗੁਰਮੀਤ ਸਿੰਘ ਦੀ ਅਗਵਾਈ ਹੇਠ ਪੁਲਿਸ ਦੀਆਂ ਵੱਖ-ਵੱਖ ਟੀਮਾਂ ਸੀ.ਸੀ.ਟੀ.ਵੀ. ਖੰਘਾਲਦੇ ਹੋਏ ਜਾਂਚ ਵਿਚ ਜੁਟ ਗਈਆਂ ਹਨ। ਉੱਧਰ ਸੋਸ਼ਲ ਮੀਡੀਆ 'ਤੇ ਬਿਸ਼ਨੋਈ ਗੈਂਗ ਨਾਲ ਸੰਬੰਧਿਤ ਆਰਜ਼ੂ ਬਿਸ਼ਨੋਈ ਦੀ ਆਈ.ਡੀ. ਤੋਂ ਸੰਜੇ ਵਰਮਾ ਨੂੰ ਕਤਲ ਕਰਨ ਦੀ ਜ਼ਿੰਮੇਵਾਰੀ ਲਈ ਗਈ ਹੈ। ਮਿਲੀ ਜਾਣਕਾਰੀ ਅਨੁਸਾਰ ਅੱਜ ਸਵੇਰੇ ਕਰੀਬ ਸਵਾ 10 ਵਜੇ ਨਿਊ ਵੀਅਰ ਵੈੱਲ ਦੇ ਸੰਚਾਲਕ ਸੰਜੇ ਵਰਮਾ ਆਪਣੇ ਘਰ ਤੋਂ ਕਾਰ ਰਾਹੀਂ ਸ਼ਹੀਦ ਭਗਤ ਸਿੰਘ ਚੌਕ ਵਿਖੇ ਸਥਿਤ ਨਿਊ ਵੀਅਰ ਵੈੱਲ ਸ਼ੋਅ ਰੂਮ ਪੁੱਜੇ। ਜਿਵੇਂ ਹੀ ਸੰਜੇ ਵਰਮਾ ਸ਼ੋਅ ਰੂਮ ਵਿਚ ਜਾਣ ਲਈ ਆਪਣੀ ਕਾਰ 'ਚੋਂ ਨਿਕਲਣ ਲੱਗੇ ਤਾਂ ਸੂਤਰਾਂ ਮੁਤਾਬਿਕ ਰੇਕੀ ਕਰ ਰਹੇ ਪਹਿਲਾਂ ਤੋਂ ਮੋਟਰਸਾਈਕਲ 'ਤੇ ਮੌਜੂਦ ਖੜ੍ਹੇ 3 ਅਣਪਛਾਤੇ ਹਮਲਾਵਰਾਂ ਨੇ ਗੱਡੀ ਵਿਚ ਬੈਠੇ ਸੰਜੇ ਵਰਮਾ ਤੇ ਤਾਬੜਤੋੜ ਗੋਲੀਆਂ ਚਲਾ ਦਿੱਤੀਆਂ। ਜਿਸ ਤੁਰੰਤ ਆਪਣੇ ਫ਼ਰਾਰ ਹੋਣ ਲੱਗੇ ਤਾਂ ਉਨ੍ਹਾਂ ਦਾ ਮੋਟਰਸਾਈਕਲ ਡਿਗ ਗਿਆ ਅਤੇ ਫਿਰ ਕੁਝ ਹੀ ਦੂਰੀ 'ਤੇ ਰਾਹਗੀਰ ਤੋਂ ਮੋਟਰਸਾਈਕਲ ਬੰਦੂਕ ਦੀ ਨੋਕ 'ਤੇ ਖੋਹ ਕੇ ਫ਼ਰਾਰ ਹੋ ਗਏ। ਪੁਲਿਸ ਨੂੰ ਉਕਤ ਮੋਟਰਸਾਈਕਲ ਸੀਤੋ ਰੋਡ ਤੋਂ ਬਰਾਮਦ ਹੋਇਆ ਅਤੇ ਵਾਇਰਲ ਹੋਈ ਸੀ.ਸੀ.ਟੀ.ਵੀ ਫੁਟੇਜ ਮੁਤਾਬਿਕ ਉਕਤ 3 ਹਮਲਾਵਰ ਮੋਟਰਸਾਈਕਲ ਰੋਕ ਕੇ ਪਿੱਛੋਂ ਆਉਂਦੀ ਸਵਿਫਟ ਕਾਰ ਵਿਚ ਬੈਠ ਕੇ ਸੀਤੋ ਡੱਬਵਾਲੀ ਰੋਡ ਵੱਲ ਫ਼ਰਾਰ ਹੋ ਗਏ। ਦੂਜੇ ਪਾਸੇ ਗੋਲੀਆਂ ਦੀ ਆਵਾਜ਼ ਸੁਣ ਕੇ ਸ਼ੋਅਰੂਮ ਦੇ ਮਲਾਜ਼ਮ ਤੁਰੰਤ ਉਕਤ ਗੱਡੀ ਵਿਚ ਹੀ ਸੰਜੇ ਵਰਮਾ ਨੂੰ ਅਬੋਹਰ ਦੇ ਸਰਕਾਰੀ ਹਸਪਤਾਲ ਲੈ ਕੇ ਪੁੱਜੇ, ਜਿੱਥੇ ਡਾਕਟਰਾਂ ਨੇ ਉਨ੍ਹਾਂ ਨੂੰ ਮ੍ਰਿਤਕ ਐਲਾਨ ਦਿੱਤਾ। ਘਟਨਾ ਦੀ ਸੂਚਨਾ ਮਿਲਦੇ ਹੀ ਸਾਰੇ ਸ਼ਹਿਰ ਵਿਚ ਸਨਸਨੀ ਫੈਲ ਗਈ ਅਤੇ ਵੱਖ-ਵੱਖ ਰਾਜਸੀ, ਧਾਰਮਿਕ,



ਸਮਾਜਿਕ ਸ਼ਖ਼ਸੀਅਤਾਂ ਹਸਪਤਾਲ ਪੁੱਜਣ ਲੱਗੀਆਂ। ਜ਼ਿਲ੍ਹਾ ਪੁਲਿਸ ਮੁਖੀ ਗੁਰਮੀਤ ਸਿੰਘ ਦੀ ਅਗਵਾਈ ਹੇਠ ਪੁਲਿਸ ਦੀਆਂ ਵੱਖ-ਵੱਖ ਟੀਮਾਂ ਸ਼ਹਿਰ ਵਿਚ ਜਾਂਚ ਲਈ ਜੁਟ ਗਈਆਂ। ਫ਼ਿਰੋਜ਼ਪੁਰ ਰੇਂਜ ਦੇ ਡੀ.ਆਈ.ਜੀ ਹਰਮਨਬੀਰ ਸਿੰਘ ਗਿੱਲ ਨੇ ਵੀ ਪੁਲਿਸ ਟੀਮ ਨਾਲ ਮੌਕੇ 'ਤੇ ਪੁੱਜ ਕੇ ਘਟਨਾ ਸਥਾਨ ਦਾ ਜਾਇਜ਼ਾ ਲਿਆ ਅਤੇ ਪੀੜਤ ਪਰਿਵਾਰ ਨਾਲ ਉਨ੍ਹਾਂ ਦੇ ਘਰ ਜਾ ਕੇ ਮੁਲਾਕਾਤ ਵੀ ਕੀਤੀ। ਉਨ੍ਹਾਂ ਪੁਲਿਸ ਮੁਲਾਜ਼ਮਾਂ ਨੂੰ ਲੋੜੀਂਦੇ ਦਿਸ਼ਾ-ਨਿਰਦੇਸ਼ ਦਿੰਦੇ ਹੋਏ ਜਲਦ ਹੀ ਕਾਤਲਾਂ ਨੂੰ ਫੜਨ ਦਾ ਦਾਅਵਾ ਵੀ ਕੀਤਾ। ਕਤਲ ਤੋਂ ਕੁਝ ਸਮੇਂ ਬਾਅਦ ਹੀ ਸੋਸ਼ਲ ਮੀਡੀਆ 'ਤੇ ਬਿਸ਼ਨੋਈ ਗੈਂਗ ਨਾਲ ਸੰਬੰਧਿਤ ਦੱਸੇ ਜਾ ਰਹੇ ਆਰਜ਼ੂ ਬਿਸ਼ਨੋਈ ਦੀ ਆਈ.ਡੀ. ਤੋਂ ਕਤਲ ਦੀ ਜ਼ਿੰਮੇਵਾਰੀ ਲੈਂਦੇ ਹੋਏ ਕਿਸੇ ਮਸਲੇ ਵਿਚ ਪਹਿਚਾਣੇ ਜਾਣ ਤੋਂ ਮਨ੍ਹਾਂ ਕੀਤੇ ਜਾਣ ਦੇ ਰੋਸ ਕਾਰਨ ਕਤਲ ਕੀਤੇ ਜਾਣ ਦੀ ਵਜ੍ਹਾ ਦੱਸੀ ਹੈ ਅਤੇ ਨਾਲ ਹੀ ਉਨ੍ਹਾਂ ਦੁਸ਼ਮਣਾਂ ਨੂੰ ਸਪੋਰਟ ਕਰਨ ਵਾਲਿਆਂ ਨੂੰ ਮਿੱਟੀ ਵਿਚ ਮਿਲਾਉਣ ਦੀ ਚਿਤਾਵਨੀ ਵੀ ਦਿੱਤੀ। ਅਬੋਹਰ ਸ਼ਹਿਰ ਦੇ ਵਪਾਰ ਮੰਡਲ ਸਣੇ ਵੱਖ-ਵੱਖ ਦੁਕਾਨਦਾਰਾਂ ਨੇ ਸ਼ਹਿਰ ਦੇ ਬਾਜ਼ਾਰ ਬੰਦ ਕਰਕੇ ਉਕਤ ਘਟਨਾ ਖ਼ਿਲਾਫ਼ ਸਖ਼ਤ ਰੋਸ ਜ਼ਾਹਿਰ ਕੀਤਾ। ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ, ਅਬੋਹਰ ਦੇ ਵਿਧਾਇਕ ਸੰਦੀਪ ਜਾਖੜ, ਵਪਾਰ ਮੰਡਲ ਦੇ ਪ੍ਰਧਾਨ ਸੁਰੇਸ਼ ਸਤੀਜਾ, ਕਿਸਾਨ ਯੂਨੀਅਨ ਰਾਜੇਵਾਲ ਦੇ ਪ੍ਰਧਾਨ ਸੁਖਜਿੰਦਰ ਸਿੰਘ ਰਾਜਨ, ਕਾਂਗਰਸੀ ਆਗੂ ਸੁਧੀਰ ਭਾਦੂ ਆਦਿ ਸਣੇ ਵਿਅਕਤੀਆਂ ਨੇ ਪੰਜਾਬ ਸਰਕਾਰ ਅਤੇ ਪੁਲਿਸ ਪ੍ਰਸ਼ਾਸਨ ਦੇ ਪ੍ਰਤੀ ਰੋਸ ਜ਼ਾਹਿਰ ਕਰਦੇ ਹੋਏ ਕਿਹਾ ਕਿ ਸ਼ਰੇਆਮ ਦਿਨ ਦਿਹਾੜੇ ਇਕ ਉੱਘੇ ਵਪਾਰੀ ਦਾ ਕਤਲ ਹੋਣਾ ਪੰਜਾਬ ਦੀ ਕਾਨੂੰਨ ਵਿਵਸਥਾ 'ਤੇ ਸਵਾਲੀਆ ਚਿੰਨ੍ਹ ਲਗਾਉਂਦਾ ਹੈ।

### ਅਮਨ ਅਰੋੜਾ ਤੇ ਜਾਖੜ ਨੇ ਪਰਿਵਾਰ ਨਾਲ ਕੀਤਾ ਦੁੱਖ ਸਾਂਝਾ

ਅਬੋਹਰ ਦੇ ਪ੍ਰਸਿੱਧ ਵਪਾਰੀ ਸੰਜੇ ਵਰਮਾ ਦੇ ਅੱਜ ਸਵੇਰੇ ਹੋਏ ਕਤਲ ਦੇ ਮਾਮਲੇ 'ਚ ਆਮ ਆਦਮੀ ਪਾਰਟੀ ਦੇ ਪੰਜਾਬ ਪ੍ਰਧਾਨ ਅਮਨ ਅਰੋੜਾ ਅਤੇ ਪੰਜਾਬ ਪ੍ਰਦੇਸ਼ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ ਨੇ ਦੇਰ ਸ਼ਾਮ ਅਬੋਹਰ ਸਥਿਤ ਭਗਵਤ ਨਿਵਾਸ ਪੁੱਜ ਕੇ ਮ੍ਰਿਤਕ ਸੰਜੇ ਵਰਮਾ ਦੇ ਵੱਡੇ ਭਰਾ ਜਗਤ ਵਰਮਾ ਸੰਚਾਲਕ ਵੀਅਰਵੈੱਲ ਸਣੇ ਪੂਰੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ।

# ਮਜੀਠੀਆ ਨੂੰ 14 ਦਿਨ ਲਈ ਨਿਆਂਇਕ ਹਿਰਾਸਤ ਤਹਿਤ ਨਾਭਾ ਜੇਲ੍ਹ ਭੇਜਿਆ

**ਨਾਭਾ:**ਸੀਨੀਅਰ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਨੂੰ ਮੁਹਾਲੀ ਅਦਾਲਤ ਵਲੋਂ ਅੱਜ ਨਿਆਂਇਕ ਹਿਰਾਸਤ ਵਿਚ ਭੇਜਣ ਦੇ ਹੁਕਮ ਸੁਣਾਏ ਗਏ। ਆਮਦਨ ਦੇ ਸ੍ਰੋਤਾਂ ਤੋਂ ਵੱਧ ਜਾਇਦਾਦ ਬਣਾਉਣ ਸੰਬੰਧੀ ਦਰਜ ਐੱਫ. ਆਈ. ਆਰ. ਤਹਿਤ 25 ਜੂਨ ਨੂੰ ਵਿਜੀਲੈਂਸ ਨੇ ਮਜੀਠੀਆ ਨੂੰ ਅੰਮ੍ਰਿਤਸਰ ਤੋਂ ਗ੍ਰਿਫ਼ਤਾਰ ਕੀਤਾ ਸੀ, ਉਪਰੰਤ 11 ਦਿਨਾਂ ਤੋਂ ਪੁਲਿਸ ਰਿਮਾਂਡ 'ਤੇ ਚੱਲ ਰਹੇ ਮਜੀਠੀਆ ਨੂੰ ਅੱਜ ਮੁੜ ਮੁਹਾਲੀ ਅਦਾਲਤ ਵਿਖੇ ਪੇਸ਼ ਕੀਤਾ ਗਿਆ। ਮਜੀਠੀਆ ਦੀ ਪੇਸ਼ੀ ਨੂੰ ਲੈ ਕੇ ਸੈਂਕੜੇ ਪੁਲਿਸ ਅਧਿਕਾਰੀਆਂ ਤੇ ਮੁਲਾਜ਼ਮਾਂ ਵਲੋਂ ਜ਼ਿਲ੍ਹਾ ਪ੍ਰਬੰਧਕੀ ਅਤੇ ਅਦਾਲਤੀ ਕੰਪਲੈਕਸ ਦੀ ਘੇਰਾਬੰਦੀ ਕੀਤੀ ਗਈ ਸੀ ਅਤੇ ਪੱਤਰਕਾਰਾਂ ਸਮੇਤ ਕਿਸੇ ਵੀ ਵਿਅਕਤੀ ਨੂੰ ਅਦਾਲਤੀ ਅਹਾਤੇ 'ਚ ਜਾਣ ਦੀ ਇਜਾਜ਼ਤ ਨਹੀਂ ਦਿੱਤੀ ਗਈ। ਐਤਵਾਰ ਨੂੰ ਜਦੋਂ ਅਦਾਲਤ 'ਚ ਮਜੀਠੀਆ ਨੂੰ ਗੱਡੀਆਂ ਦੇ ਕਾਫ਼ਲੇ ਵਿਚ ਲਿਆਂਦਾ ਗਿਆ ਤਾਂ ਪਿਛਲੀਆਂ ਪੇਸ਼ੀਆਂ ਵਾਂਗ ਉਨ੍ਹਾਂ ਨੂੰ ਮੀਡੀਆ ਤੋਂ ਦੂਰ ਰੱਖਿਆ ਗਿਆ। ਇਸ ਮੌਕੇ ਮਜੀਠੀਆ ਦੀ ਪਤਨੀ ਗਨੀਵ ਕੌਰ ਵੀ ਅਦਾਲਤ 'ਚ ਮੌਜੂਦ ਸੀ। ਜੇਕਰ ਸੂਤਰਾਂ ਦੀ ਮੰਨੀਏ ਤਾਂ ਸਨਿਚਰਵਾਰ ਰਾਤ ਤੱਕ ਵਿਜੀਲੈਂਸ ਦੇ ਅਧਿਕਾਰੀਆਂ ਨੇ ਇਹ ਤੈਅ ਨਹੀ ਕੀਤਾ ਸੀ ਕਿ ਮਜੀਠੀਆ ਦਾ ਵਾਧੂ ਰਿਮਾਂਡ ਲੈਣਾ ਹੈ ਜਾਂ ਨਹੀਂ, ਪਰ ਅਗਲੀ ਸਵੇਰ ਮਾਮਲੇ ਦੀ ਸੁਣਵਾਈ ਮੌਕੇ ਜਿਥੇ ਮਜੀਠੀਆ ਦੇ ਕਾਨੂੰਨੀ ਸਲਾਹਕਾਰਾਂ ਦੀ ਟੀਮ ਵਿਚ ਸ਼ਾਮਿਲ ਐਡਵੋਕੇਟ ਐੱਚ.ਐੱਚ. ਧਨੋਆ, ਦਮਨਬੀਰ ਸਿੰਘ ਸੋਬਤੀ, ਸੁਲਤਾਨ ਸਿੰਘ ਸੰਘਾ ਤੇ ਅਰਸ਼ ਚੀਮਾ ਸਮੇਤ ਅਕਾਲੀ ਦਲ ਦੇ ਬੁਲਾਰੇ ਅਰਸ਼ਦੀਪ ਸਿੰਘ ਕਲੇਰ ਆਦਿ ਮਜੀਠੀਆ ਦੇ ਵਾਧੂ ਪੁਲਿਸ ਰਿਮਾਂਡ ਦਾ ਵਿਰੋਧ ਕਰਨ ਲਈ ਪੂਰੀ ਤਰ੍ਹਾਂ ਤਿਆਰ ਸਨ, ਉਥੇ ਹੀ ਸਰਕਾਰੀ ਧਿਰ ਵਲੋਂ ਮਜੀਠੀਆ ਨੂੰ ਨਿਆਂਇਕ ਹਿਰਾਸਤ ਵਿਚ ਭੇਜਣ ਦੀ ਮੰਗ ਕੀਤੀ ਗਈ। ਮਾਮਲੇ ਦੀ ਸੁਣਵਾਈ ਦੌਰਾਨ ਦੋਵਾਂ ਧਿਰਾਂ ਦਰਮਿਆਨ ਬਹਿਸ ਦਾ ਕੇਂਦਰ ਸੁਧਾਰ ਘਰ ਰਿਹਾ, ਕਿਉਂਕਿ ਬਚਾਅ ਧਿਰ ਨੇ ਇਹ ਦਲੀਲ ਦਿੱਤੀ ਕਿ ਮਜੀਠੀਆ ਨੂੰ ਕੇਂਦਰੀ ਜੇਲ੍ਹ ਪਟਿਆਲਾ ਵਿਖੇ ਭੇਜਿਆ ਜਾਵੇ, ਜਦਕਿ ਸਰਕਾਰੀ ਧਿਰ ਨੇ ਇਹ ਫ਼ੈਸਲਾ ਅਦਾਲਤ 'ਤੇ ਛੱਡ ਦਿੱਤਾ। ਅੰਤਿਮ ਫ਼ੈਸਲੇ ਵਿਚ ਜੇ. ਐੱਮ. ਆਈ. ਸੀ. ਗੁਰਲੀਨ ਕੌਰ ਦੀ ਅਦਾਲਤ ਨੇ ਮਜੀਠੀਆ ਨੂੰ 14 ਦਿਨਾਂ ਦੀ ਨਿਆਂਇਕ ਹਿਰਾਸਤ ਤਹਿਤ ਨਵੀਂ ਜ਼ਿਲ੍ਹਾ ਜੇਲ੍ਹ ਨਾਭਾ ਵਿਖੇ ਭੇਜਣ ਦੇ ਹੁਕਮ ਸੁਣਾਏ। ਮੁਹਾਲੀ ਅਦਾਲਤ ਵਿਖੇ ਇਸ ਮਾਮਲੇ ਦੀ ਅਗਲੀ ਸੁਣਵਾਈ ਹੁਣ 19 ਜੁਲਾਈ ਨੂੰ ਹੋਵੇਗੀ। ਮਾਮਲੇ ਦੀ ਸੁਣਵਾਈ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਐਡਵੋਕੇਟ ਅਰਸ਼ਦੀਪ ਸਿੰਘ ਕਲੇਰ ਨੇ ਸਰਕਾਰ 'ਤੇ ਨਿਸ਼ਾਨਾ ਸਾਧਦਿਆਂ ਕਿਹਾ ਕਿ ਡੀ.ਏ. ਦਾ ਕੇਸ ਵਿਜੀਲੈਂਸ ਦੇ ਅਧਿਕਾਰੀਆਂ ਵਲੋਂ ਮੁੱਖ ਮੰਤਰੀ ਦੇ ਹੰਕਾਰ ਦੀ ਪੁਸ਼ਟੀ ਤਹਿਤ ਦਰਜ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ 11 ਦਿਨਾਂ ਦੀ ਲੰਬੀ ਪੁਲਿਸ ਹਿਰਾਸਤ ਦੌਰਾਨ ਪੁੱਛਗਿੱਛ ਉਪਰੰਤ ਪ੍ਰੋਸੀਕਿਊਸ਼ਨ ਵਲੋਂ ਇਕ ਵੀ ਠੋਸ ਦਸਤਾਵੇਜ਼ ਪੇਸ਼ ਨਹੀਂ ਕੀਤਾ ਜਾ ਸਕਿਆ। ਸ਼ਿਮਲਾ ਦੇ ਕਸਬਾ ਮਸ਼ੋਬਰਾ ਸਥਿਤ ਜ਼ਮੀਨ ਦੇ ਦਸਤਾਵੇਜ਼ਾਂ ਬਾਰੇ ਖੁਲਾਸਾ ਕਰਦਿਆਂ ਕਲੇਰ ਨੇ ਕਿਹਾ ਕਿ ਇਸ ਜ਼ਮੀਨ ਦੇ ਦਸਤਾਵੇਜ਼ ਫਰਜ਼ੀ ਜਾਪਦੇ ਹਨ। ਇਸ ਦੇ ਨਾਲ ਉਨ੍ਹਾਂ ਕਿਹਾ ਕਿ ਆਮਦਨ ਤੋਂ ਵੱਧ ਜਾਇਦਾਦ ਦੇ ਇਸ ਮਾਮਲੇ ਨੂੰ ਬੇਬੁਨਿਆਦੀ ਢੰਗ ਨਾਲ ਐੱਨ.ਡੀ.ਪੀ.ਐੱਸ. ਕੇਸ ਨਾਲ ਜੋੜਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਸੇ ਦੌਰਾਨ ਵਿਸ਼ੇਸ਼ ਸਰਕਾਰੀ ਵਕੀਲ ਫੈਰੀ ਸੋਫਤ ਅਤੇ ਪ੍ਰੀਤਇੰਦਰ ਪਾਲ ਸਿੰਘ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਅੱਜ ਅਦਾਲਤ ਨੂੰ ਦੱਸਿਆ ਗਿਆ ਕਿ ਵਿਜੀਲੈਂਸ ਦੇ ਅਧਿਕਾਰੀਆਂ ਦੇ ਹੱਥ ਕਈ ਅਹਿਮ ਸਬੂਤ ਲੱਗੇ ਹਨ, ਜਿਨ੍ਹਾਂ ਬਾਰੇ ਜਾਂਚ ਕੀਤੀ ਜਾ ਰਹੀ ਹੈ। ਫੈਰੀ ਸੋਫਤ ਨੇ ਅੱਜ ਮਜੀਠੀਆ ਦੀ ਨਿਆਂਇਕ ਹਿਰਾਸਤ ਮੰਗੇ ਜਾਣ ਬਾਰੇ ਸਪੱਸ਼ਟ ਕਰਦਿਆਂ ਕਿਹਾ ਕਿ ਬੀ. ਐੱਨ. ਐੱਸ. ਐੱਸ. ਤਹਿਤ ਕਿਸੇ ਵੀ ਮੁਲਜ਼ਮ ਦਾ ਕੁੱਲ 15 ਦਿਨਾਂ ਦਾ ਹੀ ਪੁਲਿਸ ਰਿਮਾਂਡ ਮਿਲ ਸਕਦਾ ਹੈ ਅਤੇ ਮਜੀਠੀਆ ਦੇ ਪੁਲਿਸ ਰਿਮਾਂਡ ਦੇ 11 ਦਿਨ ਪੂਰੇ ਹੋ ਚੁੱਕੇ ਹਨ, ਜਦਕਿ ਬਾਕੀ ਦੇ ਦਿਨਾਂ ਨੂੰ ਲੋੜ ਪੈਣ 'ਤੇ ਅਗਲੇਰੀ ਪੁੱਛਗਿੱਛ ਲਈ ਬਚਾਇਆ ਗਿਆ ਹੈ। ਸਰਕਾਰੀ ਧਿਰ ਦਾ ਕਹਿਣਾ ਹੈ ਕਿ ਇਸ ਮਾਮਲੇ ਦੀ ਜਾਂਚ ਨਤੀਜੇਪੂਰਨ ਰਸਤੇ 'ਤੇ ਹੈ, ਰਹੀ ਗੱਲ ਦਸਤਾਵੇਜ਼ਾਂ ਦੀ ਉਹ ਸਮਾਂ ਆਉਣ 'ਤੇ ਕਾਨੂੰਨੀ ਪ੍ਰਕਿਰਿਆ ਅਨੁਸਾਰ ਅਦਾਲਤ ਵਿਚ ਜਮ੍ਹਾਂ ਕਰਵਾਏ ਜਾਣਗੇ। ਉਨ੍ਹਾਂ ਕਿਹਾ ਕਿ ਜਾਂਚ ਦੇ ਹਿੱਸੇ ਵਜੋਂ ਗੋਰਖਪੁਰ ਸਮੇਤ ਅਨੇਕਾਂ ਥਾਵਾਂ 'ਤੇ ਪੁਲਿਸ ਪਾਰਟੀਆਂ ਭੇਜੀਆਂ ਗਈਆਂ ਹਨ ਅਤੇ ਛਾਪੇਮਾਰੀ ਉਪਰੰਤ ਹੋਰ ਖੁਲਾਸੇ ਹੋਣ ਦੀ ਸੰਭਾਵਨਾ ਹੈ।



## ਜਥੇਦਾਰ ਗੜਗੱਜ ਦਾ ਸ੍ਰੀ ਹਰਿਮੰਦਰ ਸਾਹਿਬ ਵਿਖੇ ਹੋਇਆ ਸਨਮਾਨ



**ਅੰਮ੍ਰਿਤਸਰ:**ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੂੰ ਸ੍ਰੀ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕਣ ਦੌਰਾਨ ਗ੍ਰੰਥੀ ਸਿੰਘਾਂ ਵਲੋਂ ਸਿਰੋਪਾਓ, ਪ੍ਰਸ਼ਾਦ ਤੇ ਫੁੱਲਾਂ ਦਾ ਸਿਹਰਾ ਦੇ ਕੇ ਸਨਮਾਨਿਤ ਕਰਕੇ ਸਤਿਕਾਰ ਦਿੱਤਾ ਗਿਆ। ਇਸ ਮੌਕੇ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਰਘਬੀਰ ਸਿੰਘ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ 'ਤੇ ਬੈਠੇ ਸਨ। ਅਕਾਲ ਤਖ਼ਤ ਦੇ ਸਕੱਤਰੇਤ ਨੇ ਦਾਅਵਾ ਕੀਤਾ ਹੈ ਕਿ ਅਕਾਲ ਤਖ਼ਤ ਸਾਹਿਬ ਦੀ ਸਰਵਉੱਚਤਾ ਦੇ ਮਾਮਲੇ 'ਚ ਜਥੇਦਾਰ ਗੜਗੱਜ ਵਲੋਂ ਲਏ ਫ਼ੈਸਲਿਆਂ ਲਈ ਗਿਆਨੀ ਰਘਬੀਰ ਸਿੰਘ ਨੇ ਸਹਿਯੋਗ ਦਿੱਤਾ ਹੈ। ਇਸ ਦੌਰਾਨ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਗ੍ਰੰਥੀ ਸਿੰਘਾਂ ਵਲੋਂ ਉਨ੍ਹਾਂ ਨੂੰ ਸਿਰੋਪਾਓ, ਪ੍ਰਸ਼ਾਦ ਤੇ ਫੁੱਲਾਂ ਦਾ ਹਾਰ ਦੇ ਕੇ ਸਨਮਾਨਿਤ ਕੀਤਾ ਗਿਆ ਹੈ ਤੇ ਦੂਸਰੇ ਪਾਸੇ ਮੱਥਾ ਟੇਕਣ ਦੌਰਾਨ ਤਾਬਿਆ 'ਤੇ ਬੈਠੇ ਗਿਆਨੀ ਰਘਬੀਰ ਸਿੰਘ ਵਲੋਂ ਵੀ ਜਥੇਦਾਰ ਕੁਲਦੀਪ ਸਿੰਘ ਗੜਗੱਜ ਨੂੰ ਪ੍ਰਸ਼ਾਦ ਦਿੱਤਾ ਗਿਆ। ਇਸ ਉਪਰੰਤ ਅਕਾਲ ਤਖ਼ਤ ਸਕੱਤਰੇਤ ਵਲੋਂ ਸਪੱਸ਼ਟ ਕੀਤਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਵਉੱਚਤਾ ਦੇ ਮਾਮਲੇ 'ਚ ਸਮੂਹ ਸਿੰਘ ਸਾਹਿਬਾਨ ਵਲੋਂ ਇੱਕਜੁੱਟਤਾ ਦਾ ਪ੍ਰਗਟਾਵਾ ਕੀਤਾ ਤੇ ਦਾਅਵਾ ਕੀਤਾ ਕਿ ਗਿਆਨੀ ਰਘਬੀਰ ਸਿੰਘ ਵਲੋਂ ਵੀ ਇਸ ਮਾਮਲੇ 'ਚ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਸਮਰਥਨ ਕਰਦੇ ਹੋਏ ਅਰਦਾਸ ਕਰਕੇ ਪ੍ਰਸ਼ਾਦ ਦਿੱਤਾ। ਇਸ ਦੇ ਨਾਲ ਹੀ ਅਕਾਲ ਤਖ਼ਤ ਸਕੱਤਰੇਤ ਵਲੋਂ ਇਹ ਵੀ ਕਿਹਾ ਗਿਆ ਹੈ ਕਿ 5 ਜੁਲਾਈ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਤਖ਼ਤ ਸ੍ਰੀ ਪਟਨਾ ਸਾਹਿਬ ਦੇ ਮਾਮਲੇ 'ਚ ਪੰਜ ਸਿੰਘ ਸਾਹਿਬ ਦੀ ਇਕੱਤਰਤਾ ਲਈ ਵੀ ਗਿਆਨੀ ਰਘਬੀਰ ਸਿੰਘ ਨੇ ਪੂਰਨ ਤੌਰ 'ਤੇ ਸਹਿਯੋਗ ਦਿੱਤਾ ਹੈ। ਇਸ ਇਕੱਤਰਤਾ 'ਚ ਸ੍ਰੀ ਹਰਿਮੰਦਰ ਸਾਹਿਬ ਦੇ ਤਿੰਨ ਗ੍ਰੰਥੀ ਸਾਹਿਬਾਨ ਗਿਆਨੀ ਰਾਜਦੀਪ ਸਿੰਘ, ਗਿਆਨੀ ਸੁਲਤਾਨ ਸਿੰਘ ਤੇ ਗਿਆਨੀ ਕੇਵਲ ਸਿੰਘ ਵਲੋਂ ਸ਼ਮੂਲੀਅਤ ਕੀਤੀ ਗਈ।

## ਅਦਾਕਾਰਾ ਤਾਨੀਆ ਦੇ ਪਿਤਾ 'ਤੇ ਹਮਲਾ ਕਰਨ ਵਾਲੇ ਮੁਕਾਬਲੇ 'ਚ ਕਾਬੂ



**ਫਤਹਿਗੜ੍ਹ ਪੰਜਤੂਰ:**ਪੰਜਾਬੀ ਫਿਲਮਾਂ ਦੀ ਅਦਾਕਾਰਾ ਤਾਨੀਆ ਦੇ ਪਿਤਾ ਡਾਕਟਰ ਅਨਿਲਜੀਤ ਕੰਬੋਜ ਉਰਫ਼ ਨੰਨੀ ਵਾਸੀ ਕੋਟ ਈਸੇ ਖਾਂ (ਮੋਗਾ), ਜਿਨ੍ਹਾਂ 'ਤੇ ਲੰਘੇ ਸ਼ੁੱਕਰਵਾਰ (4 ਜੁਲਾਈ) ਨੂੰ ਅਣਪਛਾਤੇ ਹਮਲਾਵਰਾਂ ਵਲੋਂ ਉਨ੍ਹਾਂ ਦੇ ਕੋਟ ਈਸੇ ਖਾਂ ਦੇ ਮੁੱਖ ਚੌਕ ਨੇੜਲੇ ਕਲੀਨਿਕ 'ਤੇ ਜਾ ਕੇ ਦਵਾਈ ਲੈਣ ਦੇ ਬਹਾਨੇ ਗੋਲੀਆਂ ਚਲਾ ਦਿੱਤੀਆਂ ਸਨ, ਜਿਸ 'ਚ ਉਹ ਗੰਭੀਰ ਜ਼ਖ਼ਮੀ ਹੋ ਗਏ ਸਨ ਅਤੇ ਹਮਲਾਵਰ ਮੌਕੇ ਤੋਂ ਭੱਜਣ 'ਚ ਕਾਮਯਾਬ ਹੋ ਗਏ ਸਨ, ਨੂੰ ਇਕ ਪੁਲਿਸ ਮੁਕਾਬਲੇ ਉਪਰੰਤ ਗ੍ਰਿਫ਼ਤਾਰ ਕਰ ਲਿਆ ਗਿਆ। ਦੂਜੇ ਪਾਸੇ, ਡਾਕਟਰ ਅਨਿਲਜੀਤ ਕੰਬੋਜ ਮੋਗਾ ਦੇ ਨਿੱਜੀ ਹਸਪਤਾਲ 'ਚ ਜ਼ਿੰਦਗੀ-ਮੌਤ ਦੀ ਲੜਾਈ ਲੜ ਰਹੇ ਹਨ।

ਦੱਸਣਾ ਬਣਦਾ ਹੈ ਕਿ ਪੁਲਿਸ ਵਲੋਂ ਇਸ ਮਾਮਲੇ 'ਚ ਵੱਖ-ਵੱਖ ਟੀਮਾਂ ਬਣਾ ਕੇ ਆਪਣਾ ਕੰਮ ਕੀਤਾ ਜਾ ਰਿਹਾ ਸੀ ਅਤੇ ਹੁਣ ਐਤਵਾਰ ਦੇਰ ਸ਼ਾਮ ਮੋਗਾ ਦੇ ਕਸਬਾ ਫਤਹਿਗੜ੍ਹ ਪੰਜਤੂਰ ਦੇ ਨੇੜੇ ਪਿੰਡ ਭੈਣੀ ਦੇ ਬੰਨ੍ਹ ਉਪਰ ਮੁਕਾਬਲੇ 'ਚ ਤਿੰਨ ਵਿਅਕਤੀਆਂ ਨੂੰ ਪੁਲਿਸ ਨੇ ਕਾਬੂ ਕਰ ਲਿਆ। ਇਸ ਸੰਬੰਧੀ ਜ਼ਿਲ੍ਹਾ ਪੁਲਿਸ ਮੁਖੀ ਅਜੈ ਗਾਂਧੀ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੁਲਿਸ ਟੀਮਾਂ ਦੀ ਮਿਹਨਤ ਨਾਲ ਦੋਸ਼ੀਆਂ ਦੀ ਸ਼ਨਾਖ਼ਤ ਕਰ ਲਈ ਗਈ ਸੀ।


ਉਨ੍ਹਾਂ ਦੱਸਿਆ ਕਿ ਪੁਲਿਸ ਨੂੰ ਸੂਚਨਾ ਮਿਲੀ ਸੀ ਕਿ ਦਰਿਆ ਖੇਤਰ ਵਾਲੇ ਪਾਸੇ ਇਹ ਦੋਸ਼ੀ ਇਕ ਗੱਡੀ 'ਚ ਘੁੰਮ ਰਹੇ ਸਨ, ਜਿਸ 'ਤੇ ਮੁਸਤੈਦੀ ਨਾਲ ਪੁਲਿਸ ਦੇ ਸੀ.ਆਈ.ਏ. ਟੀਮ, ਐੱਸ.ਪੀ. (ਡੀ.), ਡੀ.ਐੱਸ.ਪੀ. (ਡੀ), ਡੀ.ਐੱਸ.ਪੀ. ਧਰਮਕੋਟ, ਐੱਸ. ਐੱਚ. ਓ. ਫਤਹਿਗੜ੍ਹ ਪੰਜਤੂਰ ਅਤੇ ਐੱਸ. ਐੱਚ. ਓ. ਕੋਟ ਈਸੇ ਖਾਂ ਨਾਲ ਸਾਡੀ ਏ.ਜੀ.ਟੀ.ਐਫ. ਅਤੇ ਇੰਟੈਲੀਜੈਂਸ ਦੀ ਟੀਮ ਵੀ ਸੀ, ਜਿਨ੍ਹਾਂ ਨੇ ਇਸ ਇਲਾਕੇ ਦੀ ਘੇਰਾਬੰਦੀ ਕੀਤੀ ਸੀ ਅਤੇ ਜਦੋਂ ਉਕਤ ਸ਼ੱਕੀ ਗੱਡੀ ਨੂੰ ਰੁਕਣ ਦਾ ਇਸ਼ਾਰਾ ਕੀਤਾ ਤਾਂ ਸਵਾਰਾਂ ਨੇ ਪੁਲਿਸ 'ਤੇ ਗੋਲੀਬਾਰੀ ਸ਼ੁਰੂ ਕਰ ਦਿੱਤੀ ਅਤੇ ਭੱਜਣ ਦੀ ਕੋਸ਼ਿਸ਼ ਕੀਤੀ ਪਰ ਪੁਲਿਸ ਨੇ ਜਵਾਬੀ ਗੋਲੀਬਾਰੀ ਕਰਕੇ ਉਨ੍ਹਾਂ ਨੂੰ ਕਾਬੂ ਕਰ ਲਿਆ, ਜਿਸ ਦੌਰਾਨ ਤਿੰਨੋਂ ਹਮਲਾਵਰ ਲੱਤਾਂ 'ਚ ਗੋਲੀਆਂ ਲੱਗਣ ਕਾਰਨ ਜ਼ਖ਼ਮੀ ਹੋ ਗਏ। ਹਮਲਾਵਰ ਲੰਡਾ ਗਰੁੱਪ ਨਾਲ ਸੰਬੰਧਿਤ ਹਨ, ਜੋ ਤਰਨ ਤਰਨ ਇਲਾਕੇ ਦੇ ਰਹਿਣ ਵਾਲੇ ਹਨ। ਡਾਕਟਰ ਕੰਬੋਜ 'ਤੇ ਗੋਲੀਬਾਰੀ ਕਰਨ ਵਾਲੇ ਹਮਲਾਵਰ ਦੀ ਪਛਾਣ ਗੁਰਮਨਦੀਪ ਸਿੰਘ ਵਜੋਂ ਹੋਈ, ਜਦੋਂਕਿ ਡਾਕਟਰ ਦੇ ਅੱਗੇ ਦਵਾਈ ਜਾਂਚ ਕਰਾਉਣ ਲਈ ਬੈਠਾ ਹਮਲਾਵਰ ਖੁਸ਼ਪ੍ਰੀਤ ਸਿੰਘ ਸੀ। ਨਾਲ ਹੀ ਤੀਜਾ ਫੜਿਆ ਜਾਣ ਵਾਲਾ ਵਿਅਕਤੀ ਵੀ ਇਨ੍ਹਾਂ ਦਾ ਮਦਦਗਾਰ ਸੀ। ਦੋਸ਼ੀਆਂ ਕੋਲੋਂ ਦੋ 30 ਬੋਰ ਦੇ ਪਿਸਤੌਲ, ਇਕ ਪਿਸਤੌਲ 32 ਬੋਰ ਦਾ, ਜ਼ਿੰਦਾ ਕਾਰਤੂਸ, ਇਕ ਸਵਿਫਟ ਕਾਰ ਅਤੇ ਹੋਰ ਸ਼ੱਕੀ ਚੀਜ਼ਾਂ ਮਿਲੀਆਂ ਹਨ।

## ਅਸ਼ਵਨੀ ਸ਼ਰਮਾ ਨੂੰ ਬਣਾਇਆ ਪੰਜਾਬ ਭਾਜਪਾ ਦਾ ਕਾਰਜਕਾਰੀ ਪ੍ਰਧਾਨ



**ਚੰਡੀਗੜ੍ਹ:**ਹਾਈਕਮਾਨ ਪਠਾਨਕੋਟ ਤੋਂ ਵਿਧਾਇਕ ਅਸ਼ਵਨੀ ਸ਼ਰਮਾ ਨੂੰ ਪੰਜਾਬ ਭਾਜਪਾ ਦਾ ਕਾਰਜਕਾਰੀ ਪ੍ਰਧਾਨ ਨਿਯੁਕਤ ਕੀਤਾ ਹੈ। ਇਹ ਨਿਯੁਕਤੀ ਭਾਜਪਾ ਦੇ ਕੌਮੀ ਪ੍ਰਧਾਨ ਜੇ.ਪੀ. ਨੱਢਾ ਵਲੋਂ ਕੀਤੀ ਗਈ ਹੈ। ਇਸ ਤੋਂ ਪਹਿਲਾਂ ਸੁਨੀਲ ਜਾਖੜ ਨੇ ਸੂਬਾ ਭਾਜਪਾ ਨਵਾਂ ਪ੍ਰਧਾਨ ਦੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਸੀ, ਪਰ ਪਾਰਟੀ ਹਾਈਕਮਾਨ ਵਲੋਂ ਅਸਤੀਫ਼ੇ ਨੂੰ ਮਨਜ਼ੂਰ ਨਹੀਂ ਕੀਤਾ ਗਿਆ ਸੀ। ਪੰਜਾਬ ਵਿਧਾਨ ਸਭਾ ਦੀਆਂ ਚੋਣਾਂ 2027 ਵਿਚ ਹੋਣੀਆਂ ਹਨ। ਅਜਿਹੀ ਸਥਿਤੀ ਵਿਚ ਭਾਜਪਾ ਵਲੋਂ ਸੰਗਠਨ ਨੂੰ ਮਜ਼ਬੂਤ ਕਰਨ ਵੱਲ ਅਹਿਮ ਕਦਮ ਚੁੱਕੇ ਜਾ ਰਹੇ ਹਨ। ਜਿਸ ਤਰ੍ਹਾਂ ਅਸ਼ਵਨੀ ਸ਼ਰਮਾ ਦੀ ਨਿਯੁਕਤੀ ਕੀਤੀ ਗਈ ਹੈ, ਉਸ ਤੋਂ ਸਪੱਸ਼ਟ ਹੈ ਕਿ ਜਾਖੜ ਪਹਿਲਾਂ ਵਾਂਗ ਹੀ ਅਹੁਦੇ 'ਤੇ ਬਣੇ ਰਹਿਣਗੇ, ਨਾਲ ਹੀ ਅਸ਼ਵਨੀ ਸ਼ਰਮਾ ਉਨ੍ਹਾਂ ਦੇ ਸਹਿਯੋਗੀ ਵਜੋਂ ਕੰਮ ਕਰਨਗੇ। ਜ਼ਿਕਰਯੋਗ ਹੈ ਕਿ ਅਸ਼ਵਨੀ ਸ਼ਰਮਾ 17 ਜਨਵਰੀ 2020 ਤੋਂ 4 ਜੁਲਾਈ 2023 ਤੱਕ ਪੰਜਾਬ ਭਾਜਪਾ ਦੇ ਪ੍ਰਧਾਨ ਦਾ ਅਹੁਦਾ ਸੰਭਾਲ ਚੁੱਕੇ ਹਨ। ਅਕਾਲੀ ਦਲ ਨਾਲ ਗੱਠਜੋੜ ਟੁੱਟਣ ਤੋਂ ਬਾਅਦ 2022 'ਦੀਆਂ ਵਿਧਾਨ ਸਭਾ ਚੋਣਾਂ ਉਨ੍ਹਾਂ ਦੀ ਅਗਵਾਈ ਹੇਠ ਲੜੀਆਂ ਗਈਆਂ ਸਨ। ਇਸ ਦੌਰਾਨ ਭਾਜਪਾ 2 ਸੀਟਾਂ 'ਤੇ ਜਿੱਤ ਹਾਸਿਲ ਕਰਨ ਵਿਚ ਕਾਮਯਾਬ ਰਹੀ ਸੀ। 2024 ਦੀਆਂ ਲੋਕ ਸਭਾ ਚੋਣਾਂ ਤੋਂ ਬਾਅਦ ਪੰਜਾਬ ਭਾਜਪਾ ਪ੍ਰਧਾਨ ਸੁਨੀਲ ਜਾਖੜ ਨੇ ਅਹੁਦਾ ਛੱਡਣ ਦੀ ਇੱਛਾ ਜ਼ਾਹਿਰ ਕੀਤੀ ਸੀ। ਲੋਕ ਸਭਾ ਚੋਣਾਂ ਦੌਰਾਨ ਭਾਜਪਾ ਸੂਬੇ ਦੀਆਂ 13 ਸੀਟਾਂ ਵਿਚੋਂ ਇਕ ਵੀ ਸੀਟ ਨਹੀਂ ਜਿੱਤ ਸਕੀ ਸੀ।

## 1984 ਸਿੱਖ ਕਤਲੇਆਮ: ਸੱਜਣ ਕੁਮਾਰ ਨੇ ਦੋਸ਼ ਮੰਨਣ ਤੋਂ ਕੀਤਾ ਇਨਕਾਰ



**ਨਵੀਂ ਦਿੱਲੀ:** 1984 ਸਿੱਖ ਕਤਲੇਆਮ ਨਾਲ ਜੁੜੇ ਇਕ ਮਾਮਲੇ 'ਚ ਉਮਰ ਕੈਦ ਦੀ ਸਜ਼ਾ ਕੱਟ ਰਹੇ ਸਾਬਕਾ ਕਾਂਗਰਸੀ ਸੰਸਦ ਮੈਂਬਰ ਸੱਜਣ ਕੁਮਾਰ ਨੇ, ਸਿੱਖ ਕਤਲੇਆਮ ਨਾਲ ਹੀ ਜੁੜੇ ਇਕ ਹੋਰ ਮਾਮਲੇ 'ਚ ਆਪਣੇ ਵਿਰੁੱਧ ਲਗਾਏ ਗਏ ਦੋਸ਼ਾਂ ਤੋਂ ਇਨਕਾਰ ਕਰਦਿਆਂ ਅਦਾਲਤ ਸਾਹਮਣੇ ਖ਼ੁਦ ਨੂੰ ਬੇਗੁਨਾਹ ਦੱਸਿਆ ਹੈ। ਜਨਕਪੁਰੀ ਤੇ ਵਿਕਾਸਪੁਰੀ ਵਿਖੇ ਹੋਈ ਹਿੰਸਾ ਨਾਲ ਜੁੜੇ ਮਾਮਲੇ 'ਚ ਸੱਜਣ ਕੁਮਾਰ ਨੇ ਦਾਅਵਾ ਕਰਦਿਆਂ ਕਿਹਾ ਕਿ ਉਹ ਦੰਗਿਆਂ ਵਾਲੀ ਥਾਂ 'ਤੇ ਮੌਜੂਦ ਨਹੀਂ ਸੀ। ਵਿਸ਼ੇਸ਼ ਜੱਜ ਦਿਗਵਿਨਯ ਸਿੰਘ ਦੀ ਅਦਾਲਤ ਵਿਚ ਹੁਣ ਇਸ ਮਾਮਲੇ ਦੀ ਅਗਲੀ ਸੁਣਵਾਈ 29 ਜੁਲਾਈ ਨੂੰ ਹੋਵੇਗੀ। ਦਰਅਸਲ ਅੱਜ ਸੁਣਵਾਈ ਦੌਰਾਨ ਅਦਾਲਤ 'ਚ ਸੱਜਣ ਕੁਮਾਰ ਦੇ ਬਿਆਨ ਦਰਜ ਕੀਤੇ ਗਏ, ਜਿਸ ਵਿਚ ਉਸ ਨੇ, ਇਸ ਮਾਮਲੇ 'ਚ ਖ਼ੁਦ ਨੂੰ ਬੇਗੁਨਾਹ ਦੱਸਿਆ ਅਤੇ ਕਿਹਾ ਕਿ ਸੰਬੰਧਿਤ ਮਾਮਲੇ 'ਚ ਉਸ ਖਿਲਾਫ਼ ਕੋਈ ਸਬੂਤ ਵੀ ਨਹੀਂ ਹੈ। ਦੱਸਣਯੋਗ ਹੈ ਕਿ ਮਾਮਲੇ ਦੀ ਪੀੜਤਾ ਮਨਜੀਤ ਕੌਰ ਨੇ 9 ਨਵੰਬਰ 2023 ਨੂੰ ਆਪਣੇ ਬਿਆਨ ਦਰਜ ਕਰਵਾਏ ਸੀ। ਇਨ੍ਹਾਂ ਬਿਆਨ ਵਿਚ ਪੀੜਤਾ ਨੇ ਦਾਅਵਾ ਕੀਤਾ ਕਿ 1984 ਹਿੰਸਾ ਦੌਰਾਨ ਉਸ ਨੇ ਭੀੜ ਦੇ ਲੋਕਾਂ ਕੋਲੋਂ ਸੁਣਿਆ ਸੀ ਕਿ ਸੱਜਣ ਕੁਮਾਰ ਵੀ ਭੀੜ ਵਿਚ ਸ਼ਾਮਿਲ ਹੈ ਪਰ ਉਸ ਨੇ ਸੱਜਣ ਕੁਮਾਰ ਨੂੰ ਆਪਣੀਆਂ ਅੱਖਾਂ ਨਾਲ ਨਹੀਂ ਵੇਖਿਆ ਸੀ। ਇਸ ਤੋਂ ਪਹਿਲਾਂ 23 ਅਗਸਤ 2023 ਨੂੰ ਸੱਜਣ ਕੁਮਾਰ ਖਿਲਾਫ਼ ਵੱਖ-ਵੱਖ ਧਾਰਾਵਾਂ ਤਹਿਤ ਦੋਸ਼ ਤੈਅ ਕਰਨ ਦਾ ਆਦੇਸ਼ ਦਿੱਤਾ ਸੀ। ਜਨਕਪੁਰੀ ਵਿਚ 2 ਸਿੱਖਾਂ ਸੋਹਨ ਸਿੰਘ ਅਤੇ ਉਨ੍ਹਾਂ ਦੇ ਜਵਾਈ ਅਵਤਾਰ ਸਿੰਘ ਦੀ 1 ਨਵੰਬਰ 1984 ਨੂੰ ਭੀੜ ਵਲੋਂ ਹੱਤਿਆ ਕਰ ਦਿੱਤੀ ਗਈ ਸੀ, ਜਦਕਿ ਵਿਕਾਸ ਪੁਰੀ ਵਿਚ ਗੁਰਚਰਨ ਸਿੰਘ ਨੂੰ ਸਾੜ ਦਿੱਤਾ ਗਿਆ ਸੀ। ਇਨ੍ਹਾਂ ਦੋਵਾਂ ਮਾਮਲਿਆਂ 'ਚ 2015 ਵਿਚ ਐੱਸ.ਆਈ.ਟੀ. ਨੇ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕੀਤੀ ਸੀ।

## ਬਠਿੰਡਾ ਜੇਲ੍ਹ 'ਚ ਬੰਦ ਬਰਖ਼ਾਸਤ ਮਹਿਲਾ ਸਿਪਾਹੀ ਅਮਨਦੀਪ ਕੌਰ ਦੀ ਜ਼ਮਾਨਤ ਅਰਜ਼ੀ ਰੱਦ



**ਬਠਿੰਡਾ:**ਵਿਜੀਲੈਂਸ ਵਲੋਂ ਦਰਜ ਕੀਤੇ ਆਮਦਨ ਤੋਂ ਵੱਧ ਜਾਇਦਾਦ ਬਣਾਉਣ ਦੇ ਮੁਕੱਦਮੇ 'ਚ ਕੇਂਦਰੀ ਜੇਲ੍ਹ। ਬਠਿੰਡਾ ਦੀ ਨਿਆਂਇਕ ਹਿਰਾਸਤ 'ਚ ਬੰਦ ਸੀਨੀਅਰ ਮਹਿਲਾ ਸਿਪਾਹੀ ਅਮਨਦੀਪ ਕੌਰ ਦੀ ਬਠਿੰਡਾ ਅਦਾਲਤ ਨੇ ਜ਼ਮਾਨਤ ਅਰਜ਼ੀ ਰੱਦ ਕਰ ਦਿੱਤੀ ਹੈ, ਜਿਸਦੀ ਵਿਜੀਲੈਂਸ ਬਿਊਰੋ ਬਠਿੰਡਾ ਦੇ ਇਕ ਅਧਿਕਾਰੀ ਨੇ ਪੁਸ਼ਟੀ ਕੀਤੀ ਹੈ। ਉੱਧਰ ਦੂਜੇ ਪਾਸੇ ਅਮਨਦੀਪ ਕੌਰ ਦੇ ਵਕੀਲ ਨੇ ਪੰਜਾਬ-ਹਰਿਆਣਾ ਹਾਈਕੋਰਟ ਤੱਕ ਪਹੁੰਚ ਕਰਨ ਦੀ ਗੱਲ ਆਖੀ ਹੈ। ਜਦਕਿ ਇਸ ਤੋਂ ਇਲਾਵਾ ਉਸਨੂੰ ਹੈਰੋਇਨ (ਚਿੱਟਾ) ਬਰਾਮਦਗੀ ਦੇ ਮਾਮਲੇ 'ਚ ਪੰਜਾਬ ਪੁਲਿਸ ਵਲੋਂ ਨੌਕਰੀ ਤੋਂ ਬਰਖ਼ਾਸਤ ਕੀਤਾ ਹੋਇਆ ਹੈ ਤੇ ਉਸਦੀ ਇਕ ਕਰੋੜ ਤੋਂ ਵੱਧ ਚੱਲ-ਅਚੱਲ ਜਾਇਦਾਦ ਨੂੰ ਵੀ ਪੁਲਿਸ ਨੇ ਮਾਮਲੇ 'ਚ ਜੋੜਿਆ ਹੋਇਆ ਹੈ। ਦੱਸਣਯੋਗ ਹੈ ਕਿ 'ਇੰਸਟਾਕਿਊਨ' ਅਤੇ 'ਥਾਰ' ਵਾਲੀ ਬੀਬੀ ਵਜੋਂ ਮਸ਼ਹੂਰ 1 ਪੰਜਾਬ ਪੁਲਿਸ ਦੀ ਸੀਨੀਅਰ ਮਹਿਲਾ ਸਿਪਾਹੀ ਅਮਨਦੀਪ ਕੌਰ ਵਾਸੀ ਬਠਿੰਡਾ ਨੂੰ ਇਸੇ ਵਰ੍ਹੇ 2 ਅਪ੍ਰੈਲ ਨੂੰ ਥਾਣਾ ਸਦਰ ਬਠਿੰਡਾ ਦੀ ਪੁਲਿਸ ਵਲੋਂ 17.71 ਗ੍ਰਾਮ ਹੈਰੋਇਨ (ਚਿੱਟਾ) ਸਮੇਤ ਗ੍ਰਿਫ਼ਤਾਰ ਕੀਤਾ ਗਿਆ ਸੀ ਤੇ ਦੂਜੇ ਦਿਨ ਪੰਜਾਬ ਸਰਕਾਰ ਨੇ ਉਸਨੂੰ ਪੁਲਿਸ ਦੀ ਨੌਕਰੀ ਤੋਂ ਬਰਖ਼ਾਸਤ ਕਰ ਦਿੱਤਾ ਸੀ।

**Punjab Times**
**Established in 2000**
**25th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com
**Founder Editor:**
Amolak Singh Jammu
**Managing Editor**
Jaspreet Kaur
**Editor**
Lakhvinder S. Johal
**Astt. Editor**
Amrit Pal Kaur

**Photographer**
Kamaljit Singh Virdi
Ph. 847-502-2703
**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**California**
Ashok Bhaura
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ ਸਾਲਾਨਾ ਚੰਦਾ: 130 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰ ਵਿਚ ਕੀਤੇ ਗਏ ਦਾਅਵੇ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵੇ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claim made in the advertisement published in Punjab Times.

**All disputes subject to Chicago jurisdiction.**

**(ਪਹਿਲੇ ਸਫ਼ੇ ਦਾ ਬਾਕੀ)**

## ਸੁਖਬੀਰ ਬਾਦਲ ਨੂੰ ...

ਸਾਹਿਬ ਵਿਖੇ ਹੋਈ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ 6 ਦਸੰਬਰ, 2022 ਦੇ ਆਦੇਸ਼ ਦੀ ਪ੍ਰੋੜ੍ਹਤਾ ਕਰਦਿਆਂ ਹੀ ਕੀਤੇ ਗਏ ਸਨ ਤੇ ਤਖ਼ਤ ਸ੍ਰੀ ਪਟਨਾ ਸਾਹਿਬ ਦੇ ਮਾਮਲਿਆਂ ਸੰਬੰਧੀ ਉੱਥੋਂ ਦੀ ਪ੍ਰਬੰਧਕ ਕਮੇਟੀ ਨੂੰ ਆਪਣਾ ਪੱਖ ਰੱਖਣ ਲਈ ਆਦੇਸ਼ ਕੀਤੇ ਗਏ ਸਨ, ਪਰੰਤੂ ਉਨ੍ਹਾਂ ਵਲੋਂ ਹੁਣ ਤੱਕ ਅਜਿਹਾ ਨਹੀਂ ਕੀਤਾ ਗਿਆ।

ਉਨ੍ਹਾਂ ਕਿਹਾ ਕਿ ਅਕਾਲ ਤਖ਼ਤ ਸਾਹਿਬ ਤੋਂ ਹੋਏ ਆਦੇਸ਼ ਦੀ ਪਾਲਣਾ ਕਰਨ ਦੀ ਬਜਾਏ ਭਾਈ ਗੁਰਦਿਆਲ ਸਿੰਘ, ਜਿਨ੍ਹਾਂ ਦੀਆਂ ਪੰਥਕ ਸੇਵਾਵਾਂ 'ਤੇ ਰੋਕ ਲੱਗੀ ਹੈ, ਉਹ ਤਖ਼ਤ ਸਾਹਿਬਾਨ ਵਿਚਕਾਰ ਦਰਾਰ ਪੈਦਾ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਜਿਸ ਨੂੰ ਦੇਖਦਿਆਂ ਇਨ੍ਹਾਂ ਨੂੰ ਤਨਖ਼ਾਹੀਆ ਐਲਾਨ ਕੀਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਤਖ਼ਤ ਸ੍ਰੀ ਪਟਨਾ ਸਾਹਿਬ ਪ੍ਰਬੰਧਕ ਕਮੇਟੀ ਦੇ ਮੈਂਬਰ ਤੇ ਬੁਲਾਰਾ ਹਰਪਾਲ ਸਿੰਘ ਜੌਹਲ ਤੇ ਕਮੇਟੀ ਦੇ ਇੱਕ ਹੋਰ ਮੈਂਬਰ ਡਾ. ਗੁਰਮੀਤ ਸਿੰਘ ਦੀ ਭੂਮਿਕਾ ਵੀ ਤਖ਼ਤ ਸਾਹਿਬ ਦੀ ਸਰਵਉੱਚਤਾ ਨੂੰ ਢਾਹ ਲਾਉਣ ਵਾਲੀ ਤੇ ਮੁੱਖ ਸਾਜ਼ਿਸ਼ਘਾੜੇ ਵਜੋਂ ਸਾਹਮਣੇ ਆਈ ਹੈ। ਜਿਸ ਲਈ ਇਨ੍ਹਾਂ ਦੋਵਾਂ ਨੂੰ ਵੀ ਤਨਖ਼ਾਹੀਆ ਕਰਾਰ ਦਿੱਤਾ ਜਾਂਦਾ ਹੈ।



ਗਿਆਨੀ ਗੜਗੱਜ ਨੇ ਤਖ਼ਤ ਸ੍ਰੀ ਪਟਨਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਗਜੋਤ ਸਿੰਘ ਸੋਹੀ, ਸੀਨੀਅਰ ਮੀਤ ਪ੍ਰਧਾਨ ਲਖਵਿੰਦਰ ਸਿੰਘ, ਜੂਨੀਅਰ ਮੀਤ ਪ੍ਰਧਾਨ ਗੁਰਵਿੰਦਰ ਸਿੰਘ, ਜਨ: ਸਕੱਤਰ ਇੰਦਰਜੀਤ ਸਿੰਘ, ਸਕੱਤਰ ਹਰਬੰਸ ਸਿੰਘ, ਮੈਂਬਰ ਭਾਈ ਗੋਬਿੰਦ ਸਿੰਘ ਲੌਂਗੋਵਾਲ (ਸਾਬਕਾ ਪ੍ਰਧਾਨ ਸ਼੍ਰੋਮਣੀ ਕਮੇਟੀ), ਮੈਂਬਰ ਰਾਜਾ ਸਿੰਘ, ਮਹਿੰਦਰਪਾਲ ਸਿੰਘ ਨੂੰ ਵੀ ਪੰਦਰਾਂ ਦਿਨਾਂ ਦੇ ਅੰਦਰ ਆਪਣਾ ਪੱਖ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਨਮੁੱਖ ਰੱਖਣ ਦਾ ਆਦੇਸ਼ ਕੀਤਾ ਤੇ ਅਜਿਹਾ ਨਾ ਕਰਨ ਦੀ ਸੂਰਤ 'ਚ ਪੰਥਕ ਰਵਾਇਤਾਂ ਅਨੁਸਾਰ ਸਖ਼ਤ ਕਾਰਵਾਈ ਕਰਨ ਦੀ ਤਾੜਨਾ ਕੀਤੀ। ਇਸ ਉਪਰੰਤ ਸਕੱਤਰੇਤ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਜਥੇ: ਗੜਗੱਜ ਨੇ ਕਿਹਾ ਕਿ ਸ੍ਰੀ ਅਕਾਲ ਤਖ਼ਤ ਦੀ ਸਰਵਉੱਚਤਾ ਦੇ ਮਾਮਲੇ ਵਿਚ ਉਨ੍ਹਾਂ ਨੂੰ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਤੇ ਸਾਬਕਾ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਵੀ ਪੂਰਨ ਸਹਿਯੋਗ ਦਾ ਵਿਸ਼ਵਾਸ ਦਿਵਾਇਆ ਹੈ ਤੇ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਤੇ ਸਾਬਕਾ ਜਥੇਦਾਰ ਗਿਆਨੀ ਸੁਲਤਾਨ ਸਿੰਘ ਵੀ ਅੱਜ ਦੀ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਵਿਚ ਸ਼ਾਮਿਲ ਹੋਏ ਹਨ।

### 21 ਮਈ ਨੂੰ ਆਰੰਭ ਹੋਇਆ ਸੀ ਵਿਵਾਦ

ਜ਼ਿਕਰਯੋਗ ਹੈ ਕਿ ਬੀਤੀ 21 ਮਈ ਨੂੰ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਜਥੇਦਾਰ ਤੇ ਮੁੱਖ ਗ੍ਰੰਥੀ ਗਿਆਨੀ ਬਲਦੇਵ ਸਿੰਘ ਤੇ ਵਧੀਕ ਮੁੱਖ ਗ੍ਰੰਥੀ ਗਿਆਨੀ ਗੁਰਦਿਆਲ ਸਿੰਘ ਦਾ ਮਾਮਲਾ ਪੰਜ ਸਿੰਘ ਸਾਹਿਬਾਨ ਵਲੋਂ ਵਿਚਾਰਨ ਬਾਅਦ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਉਨ੍ਹਾਂ ਦੋਵਾਂ ਨੂੰ ਤਖ਼ਤ ਸਾਹਿਬ ਸਨਮੁੱਖ ਪੇਸ਼ ਹੋ ਕੇ ਆਪਣਾ ਪੱਖ ਰੱਖਣ ਦਾ ਆਦੇਸ਼ ਜਾਰੀ ਕਰਨ ਦੇ ਨਾਲ ਤਖ਼ਤ ਸ੍ਰੀ ਪਟਨਾ ਸਾਹਿਬ ਦੀ ਪ੍ਰਬੰਧਕ ਕਮੇਟੀ ਨੂੰ ਵੀ ਜਾਰੀ ਆਦੇਸ਼ਾਂ ਦੀ ਪਾਲਣਾ ਨਾ ਕਰਨ ਸੰਬੰਧੀ ਆਪਣਾ ਪੱਖ ਸਪਸ਼ਟ ਕਰਨ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੇਸ਼ ਹੋਣ ਦਾ ਆਦੇਸ਼ ਜਾਰੀ ਕੀਤਾ ਸੀ ਤੇ ਜਥੇਦਾਰ ਭਾਈ ਬਲਦੇਵ ਸਿੰਘ ਅਤੇ ਭਾਈ ਗੁਰਦਿਆਲ ਸਿੰਘ ਦੇ ਅਕਾਲ ਤਖ਼ਤ ਸਾਹਿਬ ਵਿਖੇ ਪੇਸ਼ ਹੋ ਕੇ ਆਪਣਾ ਪੱਖ ਰੱਖਣ ਤੱਕ ਤਖ਼ਤ ਸਾਹਿਬ ਦੀ ਫ਼ਸੀਲ ਤੋਂ ਉਨ੍ਹਾਂ ਦੀਆਂ ਪੰਥਕ ਸੇਵਾਵਾਂ 'ਤੇ ਰੋਕ ਲਗਾ ਦਿੱਤੀ ਗਈ ਸੀ।

## ਸੁਖਬੀਰ ਨੂੰ ਪਹਿਲਾਂ ਤਿੰਨ ਵਾਰ ਪੇਸ਼ ਨਾ ਹੋਣ 'ਤੇ ਜਾਰੀ ਕੀਤੇ ਹੁਕਮ

ਇਸ ਤੋਂ ਪਹਿਲਾਂ ਅੱਜ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਜਥੇਦਾਰ ਤੇ ਮੁੱਖ ਗ੍ਰੰਥੀ ਗਿਆਨੀ ਬਲਦੇਵ ਸਿੰਘ ਸਮੇਤ ਪੰਜ ਪਿਆਰੇ ਸਾਹਿਬਾਨ ਵਲੋਂ ਸ਼੍ਰੋਮਣੀ ਅਕਾਲੀ ਦਲ (ਬ) ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਤਖ਼ਤ ਸਾਹਿਬ ਵਲੋਂ ਬੀਤੀ 21 ਮਈ ਨੂੰ ਜਾਰੀ ਹੋਏ ਆਦੇਸ਼ ਦੀ ਅਣਦੇਖੀ ਕਰਨ ਦੇ ਦੋਸ਼ੀ ਮੰਨਦੇ ਹੋਏ ਤਨਖ਼ਾਹੀਆ ਕਰਾਰ ਦਿੱਤਾ ਗਿਆ। ਅੱਜ ਤਖ਼ਤ ਸ੍ਰੀ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਬਲਦੇਵ ਸਿੰਘ, ਵਧੀਕ ਮੁੱਖ ਗ੍ਰੰਥੀ ਭਾਈ ਦਲੀਪ ਸਿੰਘ ਤੇ ਭਾਈ ਗੁਰਦਿਆਲ ਸਿੰਘ, ਸੀਨੀਅਰ ਮੀਤ ਗ੍ਰੰਥੀ ਭਾਈ ਪਰਸ਼ੂਰਾਮ ਸਿੰਘ ਅਤੇ ਮੀਤ ਗ੍ਰੰਥੀ ਭਾਈ ਅਮਰਜੀਤ ਸਿੰਘ ਨੇ ਸੁਖਬੀਰ ਸਿੰਘ ਬਾਦਲ ਨੂੰ ਤਨਖ਼ਾਹੀਆ ਘੋਸ਼ਿਤ ਕਰਨ ਸੰਬੰਧੀ ਹੁਕਮਨਾਮਾ ਜਾਰੀ ਕਰਦਿਆਂ ਕਿਹਾ ਕਿ ਬੀਤੀ 21 ਮਈ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਭਾਈ ਕੁਲਦੀਪ ਸਿੰਘ ਗੜਗੱਜ ਅਤੇ ਭਾਈ ਟੇਕ ਸਿੰਘ ਨੇ ਸਿਆਸਤ ਤੋਂ ਪ੍ਰੇਰਿਤ ਹੋ ਕੇ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਪੰਜ ਪਿਆਰੇ ਸਾਹਿਬਾਨ ਵਲੋਂ ਜਾਰੀ ਹੁਕਮਨਾਮਾ (11 ਸਤੰਬਰ ਅਤੇ 9 ਦਸੰਬਰ, 2022 ਆਦਿ) ਅਤੇ ਤਖ਼ਤ ਸਾਹਿਬ ਦੀ ਮਰਿਆਦਾ, ਸੰਵਿਧਾਨ ਅਤੇ ਉਪ ਨਿਯਮ ਨੂੰ ਚੁਣੌਤੀ ਦਿੰਦੇ ਹੋਏ ਇਥੋਂ ਦੀ ਪ੍ਰਬੰਧਕ ਕਮੇਟੀ ਦੇ ਅਧਿਕਾਰ ਅਤੇ ਸ਼ਕਤੀ ਵਿਚ ਦਖ਼ਲ ਅੰਦਾਜ਼ੀ ਕਰਕੇ ਉਸ ਦੇ ਨਿਰਣੈ (ਮਿਤੀ 9 ਅਤੇ 10 ਮਈ, 2023 ਦੀ ਇਕੱਤਰਤਾ 'ਚ ਲਏ ਫ਼ੈਸਲੇ) ਦੇ ਖ਼ਿਲਾਫ਼ ਜਾ ਕੇ ਗ਼ੈਰ ਸੰਵਿਧਾਨਿਕ, ਗ਼ੈਰ ਸਿਧਾਂਤਕ ਆਦੇਸ਼ ਜਾਰੀ ਕਰ ਦਿੱਤਾ। ਇਸ ਪੂਰੇ ਘਟਨਾਕ੍ਰਮ ਵਿਚ ਤੁਹਾਡੀ ਦਖ਼ਲ ਅੰਦਾਜ਼ੀ ਅਤੇ ਸਾਜਿਸ਼ਕਰਤਾ ਦੇ ਰੂਪ ਵਿਚ ਸ਼ਾਮਿਲ ਹੋਣ ਦੀ ਜਾਣਕਾਰੀ ਪ੍ਰਾਪਤ ਹੋਈ ਸੀ। ਜਿਸ ਦੇ ਕਰਕੇ ਤਖ਼ਤ ਸਾਹਿਬ ਦੇ ਪੰਜ ਪਿਆਰੇ ਸਾਹਿਬਾਨ ਵਲੋਂ 21 ਮਈ ਅਤੇ 1 ਜੂਨ, 2025 ਨੂੰ ਜਾਰੀ ਆਦੇਸ਼ਾਂ ਮੁਤਾਬਿਕ ਤੁਹਾਨੂੰ ਆਪਣਾ ਪੱਖ ਰੱਖਣ ਲਈ ਦੋ ਵਾਰ ਮੌਕਾ ਦਿੱਤਾ ਗਿਆ, ਪਰ ਤੁਸੀਂ ਪੇਸ਼ ਨਹੀਂ ਹੋਏ। ਤੀਸਰੀ ਵਾਰ ਹਰਜਿੰਦਰ ਸਿੰਘ ਧਾਮੀ ਪ੍ਰਧਾਨ ਸ਼੍ਰੋਮਣੀ ਕਮੇਟੀ ਦੀ ਬੇਨਤੀ 'ਤੇ 20 ਦਿਨਾਂ ਦਾ ਹੋਰ ਸਮਾਂ ਦਿੱਤਾ ਗਿਆ, ਪਰ ਫਿਰ ਵੀ ਤੁਸੀਂ ਪੇਸ਼ ਨਹੀਂ ਹੋਏ। ਇਸ ਲਈ ਤਖ਼ਤ ਸਾਹਿਬ ਵਲੋਂ ਹੋਏ ਆਦੇਸ਼ ਨੂੰ ਅਣਦੇਖੀ ਕਰਨ ਦੇ ਦੋਸ਼ੀ ਮੰਨਦੇ ਹੋਏ ਸੁਖਬੀਰ ਸਿੰਘ ਬਾਦਲ ਨੂੰ ਤਨਖ਼ਾਹੀਆ ਘੋਸ਼ਿਤ ਕੀਤਾ ਜਾਂਦਾ ਹੈ।



# ਬ੍ਰਿਕਸ ਵਲੋਂ ਪਹਿਲਗਾਮ ਅਤਿਵਾਦੀ ਹਮਲੇ ਦੀ ਨਿੰਦਾ

## ਅਤਿਵਾਦ ਨਾਲ ਲੜਨ 'ਚ ਦੋਹਰੇ ਮਾਪਦੰਡਾਂ ਤੋਂ ਬਚਣ ਦੀ ਕੀਤੀ ਅਪੀਲ

**ਰੀਓ ਡੀ ਜਨੇਰੀਓ:** 'ਬ੍ਰਿਕਸ' ਸਮੂਹ ਵਲੋਂ ਪਹਿਲਗਾਮ ਅੱਤਵਾਦੀ ਹਮਲੇ ਦੀ ਸਖ਼ਤ ਸ਼ਬਦਾਂ 'ਚ ਨਿੰਦਾ ਕਰਦਿਆਂ ਅੱਤਵਾਦ ਪ੍ਰਤੀ ਜ਼ੀਰੋ ਸ਼ਹਿਣਸ਼ੀਲਤਾ ਪਹੁੰਚ ਅਪਣਾਉਣ ਅਤੇ ਇਸ ਖਤਰੇ ਦਾ ਮੁਕਾਬਲਾ ਕਰਨ 'ਚ ਦੋਹਰੇ ਮਾਪਦੰਡਾਂ ਤੋਂ ਬਚਣ ਲਈ ਭਾਰਤ ਦੇ ਰੁਖ ਨੂੰ ਦੁਹਰਾਇਆ। 'ਬ੍ਰਿਕਸ' ਦੇਸ਼ਾਂ ਦੇ ਚੋਟੀ ਦੇ ਨੇਤਾਵਾਂ ਨੇ ਰੀਓ ਡੀ ਜਨੇਰੀਓ 'ਚ ਸਮੂਹ ਦੇ ਦੋ ਰੋਜ਼ਾ ਸੰਮੇਲਨ ਦੇ ਪਹਿਲੇ ਦਿਨ ਅੱਤਵਾਦ ਨਾਲ ਲੜਨ 'ਚ ਆਪਣਾ ਦ੍ਰਿੜ ਦ੍ਰਿਸ਼ਟੀਕੋਣ ਪ੍ਰਗਟ ਕੀਤਾ, ਜਿਸ 'ਚ ਅੱਤਵਾਦੀਆਂ ਦੀ ਸਰਹੱਦ ਪਾਰ ਆਵਾਜਾਈ ਵੀ ਸ਼ਾਮਿਲ ਹੈ। 'ਬ੍ਰਿਕਸ' ਨੇਤਾਵਾਂ ਵਲੋਂ ਜਾਰੀ ਕੀਤੇ 'ਰੀਓ ਡੀ ਜਨੇਰੀਓ ਐਲਾਨਨਾਮੇ' ਵਿਚ ਅੱਤਵਾਦ ਦੇ ਖ਼ਤਰੇ, ਪੱਛਮੀ ਏਸ਼ੀਆ ਦੀ ਸਥਿਤੀ ਤੇ ਵਪਾਰ ਅਤੇ ਟੈਰਿਫ ਨਾਲ ਸੰਬੰਧਿਤ ਮੁੱਦਿਆਂ ਸਮੇਤ ਕਈ ਵਿਸ਼ਵਵਿਆਪੀ ਚੁਣੌਤੀਆਂ 'ਤੇ ਸਮੂਹ ਦੀ ਸਥਿਤੀ ਨੂੰ ਦਰਸਾਇਆ ਗਿਆ ਸੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸਿਖਰ ਸੰਮੇਲਨ 'ਚ ਭਾਰਤੀ ਵਫ਼ਦ ਦੀ ਅਗਵਾਈ ਕੀਤੀ। 'ਬ੍ਰਿਕਸ' ਐਲਾਨਨਾਮੇ ਵਿਚ 22 ਅਪ੍ਰੈਲ ਨੂੰ ਜੰਮੂ ਅਤੇ ਕਸ਼ਮੀਰ 'ਚ ਹੋਏ ਅੱਤਵਾਦੀ ਹਮਲੇ ਦੀ ਸਖ਼ਤ ਸ਼ਬਦਾਂ 'ਚ ਨਿੰਦਾ ਕੀਤੀ ਗਈ ਹੈ। 'ਬ੍ਰਿਕਸ' ਨੇ ਅੱਤਵਾਦ ਦੇ ਸਾਰੇ ਰੂਪਾਂ ਦਾ ਮੁਕਾਬਲਾ ਕਰਨ ਦੀ ਆਪਣੀ ਵਚਨਬੱਧਤਾ ਦੀ ਪੁਸ਼ਟੀ ਕੀਤੀ, ਜਿਸ 'ਚ ਅੱਤਵਾਦੀਆਂ ਦੀ ਸਰਹੱਦ ਪਾਰ ਆਵਾਜਾਈ, ਅੱਤਵਾਦੀ ਵਿੱਤ ਪੋਸ਼ਣ ਅਤੇ ਅੱਤਵਾਦੀਆਂ ਨੂੰ ਸੁਰੱਖਿਅਤ ਪਨਾਹਗਾਹਾਂ ਪ੍ਰਦਾਨ ਕਰਨਾ ਸ਼ਾਮਿਲ ਹੈ। ਐਲਾਨਨਾਮੇ 'ਚ ਅੱਤਵਾਦ ਪ੍ਰਤੀ ਜ਼ੀਰੋ ਸਹਿਣਸ਼ੀਲਤਾ ਨੂੰ ਯਕੀਨੀ ਬਣਾਉਣ ਅਤੇ ਅੱਤਵਾਦ ਦਾ ਮੁਕਾਬਲਾ ਕਰਨ 'ਚ ਦੋਹਰੇ ਮਾਪਦੰਡਾਂ ਨੂੰ ਰੱਦ ਕਰਨ ਦੀ ਤਾਕੀਦ ਕੀਤੀ ਗਈ ਹੈ। ਇਸ 'ਚ ਅੱਤਵਾਦ ਦਾ ਮੁਕਾਬਲਾ ਕਰਨ 'ਚ ਦੇਸ਼ਾਂ ਦੀ ਮੁੱਖ ਜ਼ਿੰਮੇਵਾਰੀ 'ਤੇ ਜ਼ੋਰ ਦਿੱਤਾ ਗਿਆ ਹੈ ਅਤੇ ਇਹ ਕਿ ਅੱਤਵਾਦੀ ਖਤਰਿਆਂ ਨੂੰ ਰੋਕਣ ਅਤੇ ਮੁਕਾਬਲਾ ਕਰਨ ਲਈ ਵਿਸ਼ਵਵਿਆਪੀ ਯਤਨਾਂ ਨੂੰ ਅੰਤਰਰਾਸ਼ਟਰੀ ਕਾਨੂੰਨ ਦੇ ਤਹਿਤ ਆਪਣੀਆਂ ਜ਼ਿੰਮੇਵਾਰੀਆਂ ਦੀ ਪੂਰੀ ਤਰ੍ਹਾਂ ਪਾਲਣਾ ਕਰਨੀ ਚਾਹੀਦੀ ਹੈ। 'ਬ੍ਰਿਕਸ' ਨੇ ਅੱਤਵਾਦ ਵਿਰੋਧੀ ਸਹਿਯੋਗ ਨੂੰ ਹੋਰ ਡੂੰਘਾ ਕਰਨ ਦਾ ਸੰਕਲਪ ਲਿਆ ਅਤੇ ਸੰਯੁਕਤ ਰਾਸ਼ਟਰ ਵਲੋਂ ਨਾਮਜ਼ਦ ਸਾਰੇ ਅੱਤਵਾਦੀਆਂ ਅਤੇ ਅੱਤਵਾਦੀ ਸੰਸਥਾਵਾਂ ਵਿਰੁੱਧ ਠੋਸ ਕਾਰਵਾਈਆਂ ਕਰਨ ਦੀ ਮੰਗ ਕੀਤੀ। ਸਮੂਹ ਦੇ ਨੇਤਾਵਾਂ ਨੇ ਇਕਪਾਸੜ ਟੈਰਿਫ ਅਤੇ ਗੈਰ-ਟੈਰਿਫ ਉਪਾਵਾਂ ਦੇ ਵਾਧੇ ਬਾਰੇ ਵੀ ਗੰਭੀਰ ਚਿੰਤਾਵਾਂ ਜ਼ਾਹਰ ਕੀਤੀਆਂ।




### ਅਤਿਵਾਦ ਵਿਰੁੱਧ ਪਾਬੰਦੀਆਂ ਲਗਾਉਣ 'ਚ ਕੋਈ ਝਿਜਕ ਨਹੀਂ ਹੋਣੀ ਚਾਹੀਦੀ: ਮੋਦੀ

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 'ਬ੍ਰਿਕਸ' ਸੰਮੇਲਨ ਦੌਰਾਨ 'ਸ਼ਾਂਤੀ ਅਤੇ ਸੁਰੱਖਿਆ' ਉਤੇ ਇਕ ਸੈਸ਼ਨ ਨੂੰ ਸੰਬੋਧਨ ਦੌਰਾਨ ਅੱਤਵਾਦ ਦਾ ਮੁਕਾਬਲਾ ਕਰਨ ਲਈ ਸੰਯੁਕਤ ਯਤਨਾਂ ਦਾ ਜ਼ੋਰਦਾਰ ਸੱਦਾ ਦਿੰਦਿਆਂ ਕਿਹਾ ਕਿ ਅੱਤਵਾਦੀਆਂ ਵਿਰੁੱਧ ਪਾਬੰਦੀਆਂ ਲਗਾਉਣ 'ਚ ਕੋਈ ਝਿਜਕ ਨਹੀਂ ਹੋਣੀ ਚਾਹੀਦੀ। ਉਨ੍ਹਾਂ ਕਿਹਾ ਕਿ ਕਾਇਰਾਨਾ ਪਹਿਲਗਾਮ ਅੱਤਵਾਦੀ ਹਮਲਾ ਭਾਰਤ ਦੀ ਆਤਮਾ, ਪਛਾਣ ਅਤੇ ਮਾਣ 'ਤੇ ਸਿੱਧਾ ਹਮਲਾ ਸੀ। ਇਹ ਹਮਲਾ ਨਾ ਸਿਰਫ਼ ਭਾਰਤ 'ਤੇ ਸਗੋਂ ਪੂਰੀ ਮਨੁੱਖਤਾ 'ਤੇ ਇਕ ਹਮਲਾ ਸੀ। ਉਨ੍ਹਾਂ ਕਿਹਾ ਕਿ ਅੱਤਵਾਦ ਦੀ ਨਿੰਦਾ ਕਰਨਾ ਸਾਡਾ ਸਿਧਾਂਤ ਹੋਣਾ ਚਾਹੀਦਾ ਹੈ, ਨਾ ਕਿ ਸਿਰਫ਼ ਇਕ ਸਹੂਲਤ।

## ਦੋ ਤਖ਼ਤਾਂ ਵਿਚਕਾਰ...

**(ਪਹਿਲੇ ਸਫ਼ੇ ਦਾ ਬਾਕੀ)**

ਬਾਬਾ ਸਾਹਿਬ ਸਿੰਘ ਬੇਦੀ ਅੱਗੇ ਆਏ ਤੇ ਉਨ੍ਹਾਂ ਨੇ ਕੌਮ ਵਿਚ ਸਮਝੌਤਾ ਕਰਵਾਇਆ। ਉਨ੍ਹਾਂ ਨੇ ਰਣਜੀਤ ਸਿੰਘ ਨੂੰ ਪੰਜਾਬ ਦਾ ਮਹਾਰਾਜਾ ਐਲਾਨਿਆ। ਪਰ ਹੁਣ ਇਸ ਲੜਾਈ ਕਾਰਨ ਕੌਮ ਗੈਰ-ਸਿੱਖਾਂ ਵਿਚ ਹਾਸੇ ਦਾ ਪਾਤਰ ਬਣ ਰਹੀ ਹੈ। ਉਨ੍ਹਾਂ ਕਿਹਾ ਕਿ ਵੱਖ-ਵੱਖ ਡੇਰਿਆਂ ਦੇ ਮੁਖੀ, ਸੰਤ ਸਮਾਜ, ਜਥੇਦਾਰ ਤਖ਼ਤ ਹਜ਼ੂਰ ਸਾਹਿਬ ਨੂੰ ਅੱਗੇ ਆ ਕੇ ਇਹ ਮੌਕਾ ਸੰਭਾਲਦੇ ਹੋਏ ਇਸ ਮਸਲੇ ਨੂੰ ਹਲ ਕਰਵਾਉਣਾ ਚਾਹੀਦਾ ਹੈ, ਤਾਂ ਜੋ ਕੌਮ ਆਪਸੀ ਫੁਟ ਤੋਂ ਬਚ ਸਕੇ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਜਸਬੀਰ ਕੌਰ ਢਿੱਲੋਂ
ਡਾ. ਇਨਕਲਾਬੀ ਥਾਂਦੀ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਡਾ. ਗੁਰਚਰਨ ਸਿੰਘ ਗਰੇਵਾਲ
ਗੁਰਦੇਵ ਸਿੰਘ ਜੌੜਾ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ
ਜਸਕਰਨ ਸਿੰਘ ਧਾਲੀਵਾਲ
ਅਮਰੀਕ ਸਿੰਘ (ਅਮਰ ਕਾਰਪੇਟ)
ਅੰਮ੍ਰਿਤਪਾਲ ਸਿੰਘ ਸੰਘਾ
ਭੁਪਿੰਦਰ ਸਿੰਘ ਧਾਲੀਵਾਲ
ਹਰਵਿੰਦਰਪਾਲ ਸਿੰਘ ਲੈਲ
ਜਗਜੀਤ ਸਿੰਘ ਢੀਂਡਸਾ
ਸੁਖਮੇਲ ਸਿੰਘ ਅਟਵਾਲ
ਮੁਖਤਿਆਰ ਸਿੰਘ (ਹੈਪੀ ਹੀਰ)
ਆਗਿਆਪਾਲ ਸਿੰਘ ਬਾਠ
ਪਰਮਵੀਰ ਸਿੰਘ ਬੈਂਸ
ਅਮੋਲਕ ਸਿੰਘ ਗਾਖਲ
ਜਸਵਿੰਦਰ ਸਿੰਘ (ਜੱਸੀ) ਗਿੱਲ

# ਘਾਨਾ ਦੀ ਵਿਕਾਸ ਯਾਤਰਾ 'ਚ ਸਹਿ-ਯਾਤਰੀ ਹੈ ਭਾਰਤ: ਮੋਦੀ

**ਅਕਰਾ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਲੋਂ ਰਾਸ਼ਟਰਪਤੀ ਜੌਨ ਡਰਾਮਨੀ ਮਹਾਮਾ ਨਾਲ ਵਿਆਪਕ ਗੱਲਬਾਤ ਕਰਨ ਤੋਂ ਬਾਅਦ ਭਾਰਤ ਤੇ ਘਾਨਾ ਨੇ ਆਪਣੇ ਸਬੰਧਾਂ ਨੂੰ ਵਿਆਪਕ ਭਾਈਵਾਲੀ ਦੇ ਪੱਧਰ ਤੱਕ ਵਧਾ ਦਿੱਤਾ ਹੈ। ਗੱਲਬਾਤ ਤੋਂ ਥੋੜ੍ਹੀ ਦੇਰ ਬਾਅਦ ਆਪਣੇ ਮੀਡੀਆ ਬਿਆਨ 'ਚ ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਦੋਵਾਂ ਧਿਰਾਂ ਨੇ ਅਗਲੇ ਪੰਜ ਸਾਲਾਂ 'ਚ ਦੋ-ਪੱਖੀ ਵਪਾਰ ਨੂੰ ਦੁੱਗਣਾ ਕਰਨ ਦਾ ਟੀਚਾ ਰੱਖਿਆ ਹੈ ਤੇ ਭਾਰਤ ਸਿਰਫ਼ ਇਕ ਭਾਈਵਾਲ ਨਹੀਂ ਹੈ ਬਲਕਿ ਘਾਨਾ ਦੀ ਵਿਕਾਸ ਯਾਤਰਾ 'ਚ ਇਕ ਸਹਿ-ਯਾਤਰੀ ਹੈ।



ਦੋਵਾਂ ਆਗੂਆਂ ਵਿਚਕਾਰ ਵਫ਼ਦ-ਪੱਧਰੀ ਮੀਟਿੰਗ ਮੋਦੀ ਦੇ ਪੰਜ ਦੇਸ਼ਾਂ ਦੇ ਦੌਰੇ ਦੇ ਪਹਿਲੇ ਪੜਾਅ 'ਚ ਪੱਛਮੀ ਅਫ਼ਰੀਕੀ ਦੇਸ਼ ਦੀ ਰਾਜਧਾਨੀ ਸ਼ਹਿਰ ਪਹੁੰਚਣ ਤੋਂ ਕੁਝ ਘੰਟੇ ਬਾਅਦ ਹੋਈ। ਦੋਵਾਂ ਧਿਰਾਂ ਨੇ ਚਾਰ ਸਮਝੌਤਿਆਂ 'ਤੇ ਦਸਤਖਤ ਕੀਤੇ, ਜੋ ਸੱਭਿਆਚਾਰ ਤੇ ਰਵਾਇਤੀ ਦਵਾਈ ਸਮੇਤ ਕਈ ਖੇਤਰਾਂ 'ਚ ਸਹਿਯੋਗ ਪ੍ਰਦਾਨ ਕਰਨਗੇ।

ਪ੍ਰਧਾਨ ਮੰਤਰੀ ਮੋਦੀ ਨੇ ਮਹਾਮਾ ਨੂੰ ਆਪਣੇ ਨਾਲ ਲੈ ਕੇ ਕਿਹਾ ਕਿ ਰਾਸ਼ਟਰਪਤੀ ਮਹਾਮਾ ਤੇ ਮੈਂ ਆਪਣੇ ਦੁਵੱਲੇ ਸਬੰਧਾਂ ਨੂੰ ਇਕ ਵਿਆਪਕ ਭਾਈਵਾਲੀ ਦਾ ਦਰਜਾ ਦੇਣ ਦਾ ਫੈਸਲਾ ਕੀਤਾ ਹੈ। ਪ੍ਰਧਾਨ ਮੰਤਰੀ ਨੇ ਕਿਹਾ ਕਿ ਦੋਵੇਂ ਧਿਰਾਂ ਇਸ ਗੱਲ 'ਤੇ ਸਹਿਮਤ ਹਨ ਕਿ ਅੱਤਵਾਦ ਮਨੁੱਖਤਾ ਦਾ ਦੁਸ਼ਮਣ ਹੈ ਤੇ ਇਸ ਖਤਰੇ ਦਾ ਮੁਕਾਬਲਾ ਕਰਨ 'ਚ ਆਪਸੀ ਸਹਿਯੋਗ ਨੂੰ ਹੋਰ ਮਜ਼ਬੂਤ ਕਰਨ ਦਾ ਫੈਸਲਾ ਕੀਤਾ ਗਿਆ। ਉਨ੍ਹਾਂ ਕਿਹਾ ਕਿ ਅਸੀਂ ਘਾਨਾ ਦਾ ਅੱਤਵਾਦ ਵਿਰੁੱਧ ਭਾਰਤ ਦੀ ਲੜਾਈ 'ਚ ਸਹਿਯੋਗ ਲਈ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਰੱਖਿਆ ਤੇ ਸੁਰੱਖਿਆ ਦੇ ਖੇਤਰ 'ਚ ਅਸੀਂ 'ਏਕਤਾ ਰਾਹੀਂ ਸੁਰੱਖਿਆ' ਦੇ ਮੰਤਰ ਨਾਲ ਅੱਗੇ ਵਧਾਂਗੇ। ਉਨ੍ਹਾਂ ਕਿਹਾ ਕਿ ਹਥਿਆਰਬੰਦ ਬਲਾਂ ਦੀ ਸਿਖਲਾਈ, ਸਮੁੰਦਰੀ ਸੁਰੱਖਿਆ, ਰੱਖਿਆ ਸਪਲਾਈ ਤੇ ਸਾਈਬਰ ਸੁਰੱਖਿਆ ਵਰਗੇ ਖੇਤਰਾਂ 'ਚ ਭਾਰਤ-ਘਾਨਾ ਸਹਿਯੋਗ ਵਧਾਇਆ ਜਾਵੇਗਾ। ਪ੍ਰਧਾਨ ਮੰਤਰੀ ਨੇ ਕਿਹਾ ਕਿ ਦੋਵਾਂ ਧਿਰਾਂ ਨੇ ਪੱਛਮੀ ਏਸ਼ੀਆ ਤੇ ਯੂਰਪ 'ਚ ਟਕਰਾਵਾਂ 'ਤੇ ਗੰਭੀਰ ਚਿੰਤਾਵਾਂ ਪ੍ਰਗਟ ਕੀਤੀਆਂ ਤੇ ਗੱਲਬਾਤ ਤੇ ਕੂਟਨੀਤੀ ਰਾਹੀਂ ਸਮੱਸਿਆਵਾਂ ਦਾ ਹੱਲ ਲੱਭਣ ਦੀ ਮੰਗ ਕੀਤੀ। ਉਨ੍ਹਾਂ ਕਿਹਾ ਕਿ ਇਹ ਯੁੱਧ ਦਾ ਯੁੱਗ ਨਹੀਂ ਹੈ, ਸਮੱਸਿਆਵਾਂ ਨੂੰ ਗੱਲਬਾਤ ਤੇ ਕੂਟਨੀਤੀ ਰਾਹੀਂ ਹੱਲ ਕੀਤਾ ਜਾਣਾ ਚਾਹੀਦਾ ਹੈ। ਇਸ ਤੋਂ ਪਹਿਲਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਪੰਜ ਦੇਸ਼ਾਂ ਦੇ ਦੌਰੇ ਦੇ ਪਹਿਲੇ ਪੜਾਅ ਤਹਿਤ ਘਾਨਾ ਪਹੁੰਚੇ। ਘਾਨਾ ਦੇ ਰਾਸ਼ਟਰਪਤੀ ਜੌਹਨ ਡਰਾਮਾਨੀ ਮਹਾਮਾ ਨੇ ਹਵਾਈ ਅੱਡੇ 'ਤੇ ਪ੍ਰਧਾਨ ਮੰਤਰੀ ਮੋਦੀ ਦਾ ਨਿੱਘਾ ਸਵਾਗਤ ਕੀਤਾ, ਜਿਸ ਦੌਰਾਨ ਉਨ੍ਹਾਂ ਨੂੰ 'ਗਾਰਡ ਆਫ਼ ਆਨਰ' ਸਮੇਤ 21 ਤੋਪਾਂ ਦੀ ਸਲਾਮੀ ਵੀ ਦਿੱਤੀ ਗਈ।

# ਕੈਂਟਨ (ਮਿਸ਼ੀਗਨ) ਦੇ ਉਘੇ ਬਿਜ਼ਨਸਮੈਨ ਰਾਜ ਸ਼ੇਰਗਿੱਲ ਦਾ ਦੇਹਾਂਤ



**ਕੈਂਟਨ:** ਇੱਥੋਂ ਦੇ ਉਘੇ ਬਿਜ਼ਨਸਮੈਨ ਅਤੇ ਭਾਈਚਾਰੇ ਵਿਚ ਖਾਸ ਥਾਂ ਰੱਖਣ ਵਾਲੇ ਸ. ਰਾਜ ਸ਼ੇਰਗਿੱਲ ਪਿਛਲੇ ਦਿਨੀਂ ਅਚਾਨਕ ਸਦੀਵੀ ਵਿਛੋੜਾ ਦੇ ਗਏ ਹਨ। ਉਹ 72 ਸਾਲਾਂ ਦੇ ਸਨ। ਉਹ ਆਪਣੇ ਪਿੱਛੇ ਪਤਨੀ ਨਰਿੰਦਰਪਾਲ, ਦੋ ਪੁੱਤਰ ਵਿਸ਼ਵ ਸ਼ੇਰਗਿੱਲ ਅਤੇ ਸੋਹਜ ਸ਼ੇਰਗਿੱਲ, ਧੀ ਡਾ. ਅਰਦਮਨ ਸ਼ੇਰਗਿੱਲ, ਭਰਾ ਰਵਿੰਦਰ ਰਵੀ, ਜੰਗ ਬਹਾਦਰ, ਭੈਣ ਬਿਕਰਮਜੀਤ ਸੰਧੂ ਅਤੇ ਦੋ ਪੋਤੇ, ਦੋ ਪੋਤੀਆਂ, ਇਕ ਦੋਹਤਾ ਇਕ ਦੋਹਤੀ ਦਾ ਭਰਿਆ ਪਰਿਵਾਰ ਛੱਡ ਗਏ ਹਨ।

ਰਾਜ ਸ਼ੇਰਗਿੱਲ ਪੰਜਾਬ ਦੇ ਜ਼ਿਲ੍ਹਾ ਨਵਾਂ ਸ਼ਹਿਰ ਦੇ ਪਿੰਡ ਜਗਤਪੁਰ ਨਾਲ ਸਬੰਧ ਰੱਖਦੇ ਸਨ ਪਰ ਉਨ੍ਹਾਂ ਵਧੇਰੇ ਸਮਾਂ ਜਲੰਧਰ ਰਹਿ ਕੇ ਹੀ ਗੁਜ਼ਾਰਿਆ। ਉਹ ਸਾਲ 1998 ਵਿਚ ਕੈਂਟਨ ਮਿਸ਼ੀਗਨ ਆਏ ਅਤੇ ਆਪਣੇ ਮਿਲਣਸਾਰ ਅਤੇ ਨਿੱਘੇ ਸੁਭਾਅ ਨਾਲ ਭਾਈਚਾਰੇ ਵਿਚ ਖਾਸ ਥਾਂ ਬਣਾਈ। ਜਿਹੜਾ ਵੀ ਉਨ੍ਹਾਂ ਨੂੰ ਇਕ ਵਾਰ ਮਿਲਦਾ, ਉਨ੍ਹਾਂ ਦੇ ਸੁਭਾਅ ਦਾ ਕਾਇਲ ਹੋ ਜਾਂਦਾ। ਉਹ ਜਿੱਥੇ ਉਘੇ ਬਿਜ਼ਨਸਮੈਨ ਸਨ, ਉਥੇ ਹੀ ਭਾਈਚਾਰਕ ਗਤੀਵਿਧੀਆਂ ਵਿਚ ਵੀ ਵਧ-ਚੜ੍ਹ ਕੇ ਹਿੱਸਾ ਲੈਂਦੇ ਸਨ। ਉਹ ਆਪਣੇ ਬੱਚਿਆਂ ਨੂੰ ਵੀ ਸਭ ਨਾਲ ਮਿਲ ਕੇ ਰਹਿਣ ਦੀ ਸਿਖਿਆ ਦਿੰਦੇ ਰਹੇ ਅਤੇ ਉਨ੍ਹਾਂ ਦਾ ਕਹਿਣਾ ਸੀ ਕਿ ਕਦੇ ਵੀ ਕਿਸੇ ਲਈ ਲਾਈਨ ਨਾ ਖਿੱਚੋ ਕਿਉਂਕਿ ਮਗਰੋਂ ਇਸ ਨੂੰ ਮਿਟਾਉਣਾ ਔਖਾ ਹੋ ਜਾਂਦਾ ਹੈ। ਉਨ੍ਹਾਂ ਦੇ ਵੱਡੇ ਪੁੱਤਰ ਵਿਸ਼ਵ ਸ਼ੇਰਗਿੱਲ ਨੇ ਦੱਸਿਆ ਕਿ ਉਹ ਨੇਕ ਇਨਸਾਨ ਸਨ, ਜੋ ਆਖ਼ਰੀ ਸਮੇਂ ਬਿਨਾਂ ਕਿਸੇ ਤਕਲੀਫ਼ ਤੋਂ ਕਾਰਡੀਅਕ ਅਰੈਸਟ ਨਾਲ ਇਸ ਦੁਨੀਆ ਤੋਂ ਰੁਖ਼ਸਤ ਹੋ ਗਏ। ਉਸ ਨੇ ਦੱਸਿਆ ਕਿ ਅਜੇ ਕੁਝ ਦਿਨ ਪਹਿਲਾਂ ਹੀ ਉਹ ਉਸ ਕੋਲ ਟੈਕਸਸ ਗਏ ਸਨ ਅਤੇ ਇਕ ਵਿਆਹ ਵਿਚ ਵੀ ਸ਼ਰੀਕ ਹੋਏ ਸਨ। ਉਨ੍ਹਾਂ ਆਖਿਆ ਕਿ ਉਹ ਬਹੁਤ ਚੰਗੇ ਪਿਤਾ ਅਤੇ ਦਾਦਾ-ਨਾਨਾ ਸਨ, ਜਿਨ੍ਹਾਂ ਹਮੇਸ਼ਾ ਆਪਣੇ ਬੱਚਿਆਂ ਨੂੰ ਚੰਗੇ ਕੰਮ ਕਰਨ ਅਤੇ ਮਿਲ-ਜੁਲ ਕੇ ਰਹਿਣ ਦੀ ਸਿੱਖਿਆ ਦਿੱਤੀ। ਉਨ੍ਹਾਂ ਦੇ ਜਾਣ ਨਾਲ ਪਰਿਵਾਰ ਨੂੰ ਵੱਡਾ ਘਾਟਾ ਪਿਆ ਹੈ।

ਰਿਐਲਟਰ ਕਰਨ ਗਿੱਲ ਨੇ ਰਾਜ ਸ਼ੇਰਗਿੱਲ ਦੀ ਤਾਰੀਫ਼ ਕਰਦਿਆਂ ਦੱਸਿਆ ਕਿ ਉਹ ਖੁੱਲ੍ਹੇ ਸੁਭਾਅ ਦੇ ਦਰਿਆਦਿਲ ਇਨਸਾਨ ਸਨ ਤੇ ਇਕੋ ਤਰ੍ਹਾਂ ਦਾ ਬਿਜ਼ਨਸ ਹੋਣ ਦੇ ਬਾਵਜੂਦ ਸਾਡੇ ਵਧੀਆ ਸਬੰਧ ਸਨ। ਜਦੋਂ ਅਸੀਂ ਕਬੱਡੀ ਮੇਲਾ ਕਰਵਾਉਂਦੇ ਤਾਂ ਉਹ ਆਪ ਫੋਨ ਕਰ ਕੇ ਕਹਿੰਦੇ, 'ਤੁਹਾਡਾ ਚੈਕ ਉਡੀਕ ਰਿਹੈ ਕਦੋਂ ਲੈਣ ਆਉਣੈ।'

ਰਾਜ ਸ਼ੇਰਗਿੱਲ ਦਾ ਅੰਤਿਮ ਸੰਸਕਾਰ ਅਤੇ ਅੰਤਿਮ ਅਰਦਾਸ ਸੋਮਵਾਰ ਨੂੰ ਕਰ ਦਿੱਤੀ ਗਈ। ਗੁਰਦੁਆਰਾ ਸਿੰਘ ਸਭਾ ਕੈਂਟਨ ਮਿਸ਼ੀਗਨ ਵਿਚ ਸ਼ਰਧਾਂਜਲੀ ਸਮਾਗਮ ਦੌਰਾਨ ਵੱਡੀ ਗਿਣਤੀ ਲੋਕ ਪੁੱਜੇ ਹੋਏ ਸਨ, ਜਿਨ੍ਹਾਂ ਰਾਜ ਸ਼ੇਰਗਿੱਲ ਦੀਆਂ ਯਾਦਾਂ ਸਾਂਝੀਆਂ ਕੀਤੀਆਂ ਅਤੇ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਪਰਿਵਾਰ ਨਾਲ ਦੁਖ ਸਾਂਝਾ ਕਰਨ ਜਾਂ ਵਧੇਰੇ ਜਾਣਕਾਰੀ ਲਈ ਵਿਸ਼ਵ ਸ਼ੇਰਗਿੱਲ ਨਾਲ ਫੋਨ ਨੰਬਰ 734-788-6366 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਰਾਜ ਸ਼ੇਰਗਿੱਲ ਪੰਜਾਬ ਟਾਈਮਜ਼ ਦੇ ਵੀ ਵੱਡੇ ਮਦਾਹ ਸਨ ਤੇ ਲੰਮੇ ਸਮੇਂ ਤੋਂ ਅਖਬਾਰ ਨਾਲ ਜੁੜੇ ਹੋਏ ਸਨ। ਇਸ ਔਖੀ ਘੜੀ ਵਿਚ ਅਦਾਰਾ 'ਪੰਜਾਬ ਟਾਈਮਜ਼' ਵੀ ਪਰਿਵਾਰ ਦੇ ਦੁਖ ਵਿਚ ਸ਼ਰੀਕ ਹੈ।

## ਬਾਬਾ ਗੁਰੂ ਨਾਨਕ ਯੂਨੀਵਰਸਿਟੀ ਨਾਨਕਾਣਾ ਸਾਹਿਬ ਦੇ ਇੰਟਰਨੈਸ਼ਨਲ ਐਡਵਾਈਜ਼ਰ ਬਣੇ ਡਾ. ਹਰਜਿੰਦਰ ਸਿੰਘ ਦਿਲਗੀਰ



**ਨਾਨਕਾਣਾ ਸਾਹਿਬ:** ਇੱਥੋਂ ਦੀ ਬਾਬਾ ਗੁਰੂ ਨਾਨਕ ਯੂਨੀਵਰਸਿਟੀ ਨੇ ਸਿੱਖ ਇਤਿਹਾਸ ਦੇ ਬਾਬਾ ਬੋਹੜ ਡਾ. ਹਰਜਿੰਦਰ ਸਿੰਘ ਦਿਲਗੀਰ ਨੂੰ ਇੰਟਰਨੈਸ਼ਨਲ ਐਡਵਾਇਜ਼ਰੀ ਬੋਰਡ ਦਾ ਮੈਂਬਰ ਨਾਮਜ਼ਦ ਕੀਤਾ ਹੈ। ਡਾ. ਦਿਲਗੀਰ ਉਹ ਵਿਦਵਾਨ ਹਨ ਜਿਨ੍ਹਾਂ ਨੇ 10 ਜਿਲਦਾਂ ਵਿਚ ਮੁਕੰਮਲ ਸਿੱਖ ਇਤਿਹਾਸ ਲਿਖਿਆ ਹੈ। ਉਨ੍ਹਾਂ ਨੇ ਚਾਰ ਜਿਲਦਾਂ ਵਿਚ 'ਨਵਾਂ ਤੇ ਵੱਡਾ ਮਹਾਨ ਕੋਸ਼' ਦੀ ਰਚਨਾ ਵੀ ਕੀਤੀ ਹੈ। ਉਨ੍ਹਾਂ ਨੇ ਗੁਰੂ ਗ੍ਰੰਥ ਸਾਹਿਬ ਦਾ ਅੰਗ੍ਰੇਜ਼ੀ ਤਰਜਮਾ ਕਰਨ ਤੋਂ ਇਲਾਵਾ 40-50 ਹੋਰ ਪੁਸਤਕਾਂ ਦੀ ਰਚਨਾ ਵੀ ਕੀਤੀ ਹੈ। ਉਹ ਪਿਛਲੇ 50 ਸਾਲ ਤੋਂ ਅਧਿਆਪਨ ਅਤੇ ਖੋਜ ਕਾਰਜ ਵਿਚ ਸੇਵਾ ਕਰ ਰਹੇ ਹਨ। ਉਹ 'ਪੰਜਾਬ ਟਾਈਮਜ਼' ਯੂ.ਕੇ. ਤੇ 'ਸਿੱਖ ਟਾਈਮਜ਼' ਦੇ ਐਡੀਟਰ ਵੀ ਰਹਿ ਚੁੱਕੇ ਹਨ। ਡਾ. ਦਿਲਗੀਰ ਪਾਕਿਸਤਾਨ, ਭਾਰਤ ਤੇ ਇੰਗਲੈਂਡ ਦੀਆਂ ਵੱਖ-ਵਖ ਯੂਨੀਵਰਸਿਟੀਆਂ ਵਿਚ ਪੀ-ਐਚ. ਡੀ ਦੇ ਐਗ਼ਜ਼ਾਮੀਨਰ ਅਤੇ ਬੋਰਡ ਆਫ਼ ਸਟੱਡੀਜ਼ ਦੇ ਮੈਂਬਰ ਵੀ ਹਨ।


# ਸਿੱਖ ਧਰਮ ਤੇ ਇਤਿਹਾਸ ਸਬੰਧੀ ਕਿਤਾਬਾਂ ਖਰੀਦੋ

*ਸਿੱਖ ਧਰਮ ਅਤੇ ਇਤਿਹਾਸ ਨਾਲ ਸਬੰਧਤ ਕਿਤਾਬਾਂ ਖਰੀਦਣ ਦੇ ਚਾਹਵਾਨ 'ਪੰਜਾਬ ਟਾਈਮਜ਼' ਦੇ ਪਾਠਕਾਂ ਨੂੰ ਇਹ ਕਿਤਾਬਾਂ ਘਰ ਬੈਠਿਆਂ ਉਨ੍ਹਾਂ ਦੇ ਸਿਰਨਾਵੇਂ 'ਤੇ ਪਹੁੰਚਾਈਆਂ ਜਾ ਸਕਦੀਆਂ ਹਨ।*

*ਇਨ੍ਹਾਂ ਕਿਤਾਬਾਂ ਵਿਚ*

**ਡਾ. ਹਰਜਿੰਦਰ ਸਿੰਘ ਦਿਲਗੀਰ ਲਿਖਤ:**

* ਸਿੱਖ ਤਵਾਰੀਖ਼ 1469-2022 (5 ਜਿਲਦਾਂ) US $ 70 (including courier charges)
* ਨਵਾਂ ਤੇ ਵੱਡਾ ਮਹਾਨ ਕੋਸ਼ 2748 ਸਫ਼ੇ, ਸੈਂਕੜੇ ਰੰਗੀਨ ਤਸਵੀਰਾਂ (4 ਜਿਲਦਾਂ) US $ 120 (including courier charges)
* ਸਿੱਖ ਇਤਿਹਾਸ ਵਿਚ ਅੱਜ ਦਾ ਦਿਨ (2 ਜਿਲਦਾਂ) US $ 40 (including courier charges)
* 100 ਸਿੱਖ ਬੀਬੀਆਂ US $ 20 (incluidng courier charges)
* ਨਾਨਕਸ਼ਾਹੀ ਕੈਲੰਡਰ ਤੇ ਹੋਰ ਲੇਖ US $ 20 (including courier charges)
* ਮਾਤਾ ਗੁਜਰੀ, ਚਾਰ ਸਾਹਿਬਜ਼ਾਦੇ, 40 ਮੁਕਤੇ US $ 20 (including courier charges)
* ਜਪੁਜੀ ਸਾਹਿਬ ਟੀਕਾ US $ 20 (including courier charges)
* ਕੀਰਤਪੁਰ ਸਾਹਿਬ ਇਤਿਹਾਸ US $ 20 (including courier charges)

**ਬੀਬੀ ਜਗਦੀਸ਼ ਕੌਰ ਪ੍ਰਯਾਗਰਾਜ ਲਿਖਤ**

*101 ਮਹਾਨ ਹਸਤੀਆਂ: ਜਿਨ੍ਹਾਂ ਨੇ ਸਿੱਖ ਇਤਿਹਾਸ ਸਿਰਜਿਆ US $ 25 (including courier charges)

**ਪ੍ਰਿੰਸੀਪਲ ਕਿਰਨਜੀਤ ਰੰਧਾਵਾ ਲਿਖਤ**

* 550 ਸਵਾਲ (ਗੁਰੂ ਨਾਨਕ ਸਾਹਿਬ ਸਬੰਧੀ) US $ 20 (including courier charges)

## English books: (by Dr Harjinder Singh Dilgeer)

* Guru Granth Sahib (English translation) 7 volumes. US $ 125 (including courier charges)
* Sikh History in 10 Volumes. US $ 100 (including courier charges)
* Amritsar & Darbar Sahib (Illustrated. with dozens of precious coloured photos of Darbar Sahib) US$ 40 (including courier charges)
* Heritage of the Punjab (with dozens of precious photos of historical buildings of Punjab) US $ 50 (including courier charges)
* Encyclopedia of Jalandhar District (with dozens of precious photos of historical buildings of Punjab US $ 50 (including courier charges)
* Historical Sikh Shrines (with hundreds of precious photos of historical Gurdwaras of all the Gurus) US $ 125 (including courier charges)

**All books will be delivered to you at your door.**

**ਜਸਪ੍ਰੀਤ ਕੌਰ ਫੋਨ: 224-422-4773**
**ਹਰਜਿੰਦਰ ਸਿੰਘ ਦਿਲਗੀਰ ਫੋਨ: +44 777 549 9320**

# ਕਾਂਗਰਸ ਨੇ ਏ.ਜੇ.ਐਲ ਨੂੰ ਵੇਚਣ ਦੀ ਨਹੀਂ, ਬਚਾਉਣ ਦੀ ਕੋਸ਼ਿਸ਼ ਕੀਤੀ

## ਰਾਹੁਲ ਗਾਂਧੀ ਦੇ ਵਕੀਲ ਨੇ ਅਦਾਲਤ ਨੂੰ ਦਿੱਤੀ ਜਾਣਕਾਰੀ



**ਨਵੀਂ ਦਿੱਲੀ:** ਨੈਸ਼ਨਲ ਹੈਰਾਲਡ ਮਾਮਲੇ ਵਿਚ ਕਾਂਗਰਸ ਨੇਤਾ ਰਾਹੁਲ ਗਾਂਧੀ ਵਲੋਂ ਅਦਾਲਤ ਵਿਚ ਪੇਸ਼ ਹੋਏ ਸੀਨੀਅਰ ਵਕੀਲ ਆਰ. ਐਸ. ਚੀਮਾ ਨੇ ਅੱਜ ਵੱਡਾ ਬਿਆਨ ਦਿੱਤਾ ਹੈ। ਉਨ੍ਹਾਂ ਕਿਹਾ ਕਿ ਆਲ ਇੰਡੀਆ ਕਾਂਗਰਸ ਕਮੇਟੀ ਨੇ ਐਸੋਸੀਏਟਿਡ ਜਰਨਲਜ਼ ਲਿਮਟਿਡ (ਏ.ਜੇ.ਐਲ) ਦੀਆਂ ਜਾਇਦਾਦਾਂ ਵੇਚਣ ਦੀ ਬਜਾਏ ਸੰਸਥਾ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ ਸੀ। ਉਨ੍ਹਾਂ ਇਹ ਵੀ ਕਿਹਾ ਕਿ ਏ.ਜੇ.ਐਲ ਸਿਰਫ਼ ਇੱਕ ਅਖ਼ਬਾਰ ਨਹੀਂ ਹੈ, ਸਗੋਂ ਦੇਸ਼ ਦੇ ਆਜ਼ਾਦੀ ਸੰਗਰਾਮ ਨਾਲ ਜੁੜੀ ਇੱਕ ਵਿਰਾਸਤ ਹੈ, ਜਿਸ ਨੂੰ ਮੁੜ ਸੁਰਜੀਤ ਕਰਨਾ ਜ਼ਰੂਰੀ ਸੀ। ਆਰ.ਐਸ.ਚੀਮਾ ਨੇ ਵਿਸ਼ੇਸ਼ ਜੱਜ ਵਿਸ਼ਾਲ ਗੋਗਨੇ ਦੇ ਸਾਹਮਣੇ ਆਪਣੀਆਂ ਦਲੀਲਾਂ ਪੇਸ਼ ਕਰਦੇ ਹੋਏ ਕਿਹਾ ਕਿ ਏ.ਜੇ.ਐਲ ਮੁਨਾਫ਼ਾ ਕਮਾਉਣ ਵਾਲੀ ਕੰਪਨੀ ਨਹੀਂ ਸੀ। ਇਸ ਦੀ ਸ਼ੁਰੂਆਤ 1937 ਵਿਚ ਪੰਡਿਤ ਜਵਾਹਰ ਲਾਲ ਨਹਿਰੂ, ਜੇ.ਬੀ ਕ੍ਰਿਪਲਾਨੀ, ਰਫੀ ਅਹਿਮਦ ਕਿਦਵਈ ਅਤੇ ਹੋਰ ਆਜ਼ਾਦੀ ਘੁਲਾਟੀਆਂ ਦੁਆਰਾ ਕੀਤੀ ਗਈ ਸੀ। ਇਸ ਦਾ ਉਦੇਸ਼ ਕਾਰੋਬਾਰ ਕਰਨਾ ਨਹੀਂ ਬਲਕਿ ਕਾਂਗਰਸ ਪਾਰਟੀ ਦੀਆਂ ਨੀਤੀਆਂ ਨੂੰ ਲੋਕਾਂ ਤੱਕ ਪਹੁੰਚਾਉਣਾ ਸੀ।

ਰਾਹੁਲ ਗਾਂਧੀ ਦੇ ਵਕੀਲ ਨੇ ਕਿਹਾ ਕਿ ਏ.ਜੇ.ਐਲ ਆਜ਼ਾਦੀ ਤੋਂ ਬਾਅਦ ਕਦੇ ਵੀ ਮੁਨਾਫ਼ਾ ਕਮਾਉਣ ਵਾਲੀ ਸੰਸਥਾ ਨਹੀਂ ਸੀ। ਕਾਂਗਰਸ ਸਿਰਫ਼ ਇਹ ਚਾਹੁੰਦੀ ਸੀ ਕਿ ਇਹ ਸੰਸਥਾ ਦੁਬਾਰਾ ਸਰਗਰਮ ਹੋਵੇ ਅਤੇ ਆਪਣੇ ਅਸਲ ਉਦੇਸ਼ ਵੱਲ ਵਾਪਸ ਆਵੇ। ਚੀਮਾ ਨੇ ਕਿਹਾ ਕਿ ਇਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਦੇ ਵਕੀਲ ਨੇ ਅਜੇ ਤੱਕ ਏ.ਜੇ.ਐਲ ਦਾ ਮੈਮੋਰੰਡਮ ਆਫ਼ ਐਸੋਸੀਏਸ਼ਨ ਅਦਾਲਤ ਵਿਚ ਕਿਉਂ ਨਹੀਂ ਪੇਸ਼ ਕੀਤਾ, ਜਦੋਂ ਕਿ ਇਹ ਸੱਚਾਈ ਦਾ ਖੁਲਾਸਾ ਕਰ ਸਕਦਾ ਸੀ।

# ਲੈਂਡ ਪੂਲਿੰਗ ਪਾਲਿਸੀ ਦਾ ਨੋਟੀਫ਼ਿਕੇਸ਼ਨ ਫ਼ੌਰੀ ਤੌਰ 'ਤੇ ਕੀਤਾ ਜਾਵੇ ਰੱਦ:ਰਾਜੇਵਾਲ



**ਚੰਡੀਗੜ੍ਹ:** ਭਾਰਤੀ ਕਿਸਾਨ ਯੂਨੀਅਨ (ਰਾਜੇਵਾਲ) ਦੇ ਪ੍ਰਧਾਨ ਬਲਬੀਰ ਸਿੰਘ ਰਾਜੇਵਾਲ ਦੀ ਅਗਵਾਈ ਹੇਠ ਅੱਜ ਚੰਡੀਗੜ੍ਹ 'ਚ ਕਿਸਾਨ ਭਵਨ ਵਿਖੇ ਭਾਰਤੀ ਕਿਸਾਨ ਯੂਨੀਅਨ ਨਾਲ ਸਬੰਧਿਤ ਸਾਰੇ ਜ਼ਿਲ੍ਹਿਆਂ ਦੇ ਪ੍ਰਧਾਨਾਂ, ਬਲਾਕ ਪ੍ਰਧਾਨ ਤੇ ਹੋਰ ਪ੍ਰਮੁੱਖ ਆਗੂਆਂ ਦੀ ਇਕ ਵਿਸ਼ੇਸ਼ ਇਕੱਤਰਤਾ ਹੋਈ। ਇਸ ਮੀਟਿੰਗ 'ਚ ਪੰਜਾਬ ਦੇ ਕਿਸਾਨਾਂ ਨਾਲ ਸਬੰਧਿਤ ਭੱਖਦੇ ਮੁੱਦੇ 'ਤੇ ਵਿਚਾਰਾਂ ਕੀਤੀਆਂ ਗਈਆਂ, ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਬਲਬੀਰ ਸਿੰਘ ਰਾਜੇਵਾਲ ਨੇ ਕਿਹਾ ਕਿ ਪੰਜਾਬ ਸਰਕਾਰ ਦੀ ਲੈਂਡ ਪੂਲਿੰਗ ਪਾਲਿਸੀ ਦੀ ਸਖ਼ਤ ਨਿੰਦਾ ਕੀਤੀ, ਉੱਥੇ ਉਨ੍ਹਾਂ ਕਿਹਾ ਕਿ ਮੀਟਿੰਗ ਵਿਚ ਸਰਬ ਸੰਮਤੀ ਨਾਲ ਲੈਂਡ ਪੂਲਿੰਗ ਪਾਲਿਸੀ ਸਬੰਧੀ ਜਾਰੀ ਨੋਟੀਫ਼ਿਕੇਸ਼ਨ ਦੇ ਸਾਰੇ ਪਹਿਲੂਆਂ 'ਤੇ ਵਿਚਾਰ ਕੀਤਾ ਗਿਆ। ਰਾਜੇਵਾਲ ਨੇ ਪੰਜਾਬ ਸਰਕਾਰ ਨੂੰ ਫ਼ੌਰੀ ਤੌਰ 'ਤੇ ਨੋਟੀਫ਼ਿਕੇਸ਼ਨ ਨੂੰ ਰੱਦ ਕਰਨ ਦੀ ਮੰਗ ਕੀਤੀ। ਇਸ ਦੇ ਨਾਲ ਹੀ ਉਨ੍ਹਾਂ ਨੇ ਮੁੱਖ ਮੰਤਰੀ ਨੂੰ ਇਹ ਵੀ ਅਪੀਲ ਕੀਤੀ ਕਿ 9 ਜੁਲਾਈ ਨੂੰ ਦਿੱਲੀ ਵਿਖੇ ਪੰਜਾਬ ਤੇ ਹਰਿਆਣਾ ਦੇ ਮੁੱਖ ਮੰਤਰੀਆਂ ਦਰਮਿਆਨ ਹੋ ਰਹੀ ਮੀਟਿੰਗ 'ਚ ਪੰਜਾਬ ਦੇ ਪਾਣੀਆਂ ਨੂੰ ਵਿਸ਼ੇਸ਼ ਤੌਰ 'ਤੇ ਪਹਿਰਾ ਦਿੱਤਾ ਜਾਵੇ। ਕਿਉਂਕਿ ਪੰਜਾਬ 'ਚ ਪਾਣੀ ਪਹਿਲਾਂ ਹੀ ਬਹੁਤ ਡੂੰਘੇ ਜਾ ਚੁੱਕੇ ਹਨ ਤੇ ਆਉਣ ਵਾਲੇ ਸਾਲਾਂ 'ਚ ਪੰਜਾਬ ਦੇ ਲੋਕ ਪਾਣੀ ਦੀ ਇਕ-ਇਕ ਬੂੰਦ ਨੂੰ ਵੀ ਤਰਸਣਗੇ। ਖੇਤੀ, ਵਪਾਰ, ਦੁਕਾਨਦਾਰੀ, ਸਨਅਤ ਸਭ ਕੁੱਝ ਕਾਰਪੋਰੇਟ ਘਰਾਣਿਆਂ ਦੇ ਹੱਥ ਦੇਣ ਲਈ ਸਰਕਾਰ ਕਾਹਲੀ 'ਚ ਹੈ। ਰਾਜੇਵਾਲ ਨੇ ਇਹ ਵੀ ਖ਼ੁਲਾਸਾ ਕੀਤਾ ਜੋ ਸਰਕਾਰ ਵਲੋਂ ਲੈਂਡ ਪੂਲਿੰਗ ਪਾਲਿਸੀ ਸਬੰਧੀ ਨੋਟੀਫ਼ਿਕੇਸ਼ਨ ਜਾਰੀ ਕੀਤਾ ਹੈ, ਇਸ ਦੇ ਨਾਲ 20,000 ਹਜ਼ਾਰ ਦੇ ਕਰੀਬ ਪਰਿਵਾਰਾਂ ਦਾ ਉਜਾੜਾ ਹੋਵੇਗਾ। ਇਸ ਮੌਕੇ ਪ੍ਰਮੁੱਖ ਕਿਸਾਨ ਆਗੂਆਂ 'ਚ ਬਲਬੀਰ ਸਿੰਘ ਰਾਜੇਵਾਲ ਦੇ ਨਾਲ-ਨਾਲ ਪਰਮਿੰਦਰ ਸਿੰਘ ਚਲਾਕੀ, ਬੋਘ ਸਿੰਘ ਮਾਨਸਾ, ਓਂਕਾਰ ਸਿੰਘ ਅੱਗੌਲ, ਹਰਦੀਪ ਸਿੰਘ ਨਾਭਾ, ਮੁਕੇਸ਼ ਚੰਦਰ ਸ਼ਰਮਾ,ਹਰਨੇਕ ਸਿੰਘ ਖੋਖ, ਕਰਮ ਸਿੰਘ ਡੇਰਾਬਸੀ, ਪ੍ਰਗਟ ਸਿੰਘ ਤਲਵੰਡੀ, ਸੁਖਵਿੰਦਰ ਸਿੰਘ ਮੋਗਾ, ਗੁਲਜ਼ਾਰ ਸਿੰਘ ਘਨੌਰ, ਸੁਖਦੇਵ ਸਿੰਘ ਸੁੱਖਾ, ਬੇਅੰਤ ਸਿੰਘ ਆਦਿ ਹਾਜ਼ਰ ਸਨ।

# ਕੈਨੇਡਾ ਸਰਕਾਰ ਨੇ ਪਹਿਲੀ ਜੁਲਾਈ ਨੂੰ ਐਲਾਨਿਆ 'ਸੰਤ ਤੇਜਾ ਸਿੰਘ ਡੇਅ'



**ਨਵਾਂਸ਼ਹਿਰ:** ਕੈਨੇਡਾ ਸਰਕਾਰ ਵਲੋਂ ਸੰਤ ਤੇਜਾ ਸਿੰਘ ਵਲੋਂ 19ਵੀਂ ਸਦੀ ਦੇ ਅਖ਼ੀਰ ਤੇ 20ਵੀਂ ਸਦੀ ਦੇ ਸ਼ੁਰੂਆਤੀ ਦਿਨਾਂ 'ਚ ਕੈਨੇਡਾ ਦੀ ਧਰਤੀ 'ਤੇ ਨਿਭਾਈਆਂ ਸ਼ਾਨਦਾਰ ਸੇਵਾਵਾਂ ਬਦਲੇ ਉਹਨਾਂ ਦੀ ਯਾਦ ਨੂੰ ਸਦੀਵੀ ਬਣਾਉਂਦਿਆਂ ਪਹਿਲੀ ਜੁਲਾਈ 2023 ਨੂੰ ਬ੍ਰਿਟਿਸ਼ ਕੋਲੰਬੀਆ 'ਚ 'ਸੰਤ ਤੇਜਾ ਸਿੰਘ ਡੇਅ' ਐਲਾਨਿਆ ਗਿਆ ਹੈ। ਲੈਫਟੀਨੈਂਟ ਗਵਰਨਰ ਤੇ ਅਟੌਰਨੀ ਜਨਰਲ ਵਲੋਂ ਜਾਰੀ ਪੱਤਰ 'ਚ ਦਿੱਤੀ ਗਈ ਜਾਣਕਾਰੀ ਅਨੁਸਾਰ ਸਿੱਖ ਕੌਮ ਵਲੋਂ ਕੈਨੇਡਾ ਦੇ ਇਤਿਹਾਸ 'ਚ ਪਾਏ ਵਿਲੱਖਣ ਯੋਗਦਾਨ, ਕੀਤੀ ਸਖ਼ਤ ਮਿਹਨਤ ਅਤੇ ਸਿੱਖਾਂ ਨੂੰ ਦਰਪੇਸ਼ ਨਾ-ਬਰਾਬਰੀ ਜਿਹੀਆਂ ਦੂਸਰੀਆਂ ਸਮੱਸਿਆਵਾਂ ਦੇ ਹਲ ਲਈ ਕੀਤੇ ਸੰਘਰਸ਼ ਤੇ ਕੈਨੇਡਾ ਦੀ ਤਰੱਕੀ 'ਚ ਪਾਏ ਇਤਿਹਾਸਕ ਯੋਗਦਾਨ ਨੂੰ ਧਿਆਨ 'ਚ ਰੱਖਦਿਆਂ ਮਾਨਵਤਾਵਾਦੀ ਐਡਵੋਕੇਟ ਸੰਤ ਤੇਜਾ ਸਿੰਘ ਦੀ ਯਾਦ ਨੂੰ ਸਦੀਵੀ ਬਣਾਇਆ ਗਿਆ ਹੈ। ਸੰਤ ਤੇਜਾ ਸਿੰਘ ਦਾ (ਬਚਪਨ ਦਾ ਪਹਿਲਾ ਨਾਂ ਨਿਰੰਜਨ ਸਿੰਘ) ਜਨਮ 14 ਮਈ 1877 ਨੂੰ ਪਿਤਾ ਸਰਦਾਰ ਰਲ੍ਹਾ ਸਿੰਘ ਦੇ ਘਰ ਸ੍ਰੀ ਨਾਨਕ ਚੰਦ ਦੀ ਧੀਅ ਮਾਤਾ ਸਦਾ ਕੌਰ ਦੀ ਕੁੱਖੋਂ ਪਿੰਡ ਬੱਲੋਵਾਲੀ ਜ਼ਿਲ੍ਹਾ ਗੁਜਰਾਂਵਾਲਾ, ਪੰਜਾਬ (ਹੁਣ ਪਾਕਿਸਤਾਨ) 'ਚ ਹੋਇਆ। ਉਹਨਾਂ ਦੇ ਨਾਨਾ ਨਾਨਕ ਚੰਦ ਨੇ ਉਹਨਾਂ ਨੂੰ 6 ਸਾਲ ਮੀਆਂ ਮੁਹੰਮਦ ਦੀਨ ਕੋਲ ਮੱਦਰਸੇ 'ਚ ਉਰਦੂ ਤੇ ਸਧਾਰਨ ਹਿਸਾਬ ਕਿਤਾਬ ਸਿੱਖਣ ਲਈ ਭੇਜਿਆ। ਕੁੱਝ ਸਮੇਂ ਬਾਅਦ ਉਹਨਾਂ ਦੇ ਪਿਤਾ ਨੇ ਉਹਨਾਂ ਨੂੰ ਤੀਸਰੀ ਜਮਾਤ 'ਚ ਫਾਜ਼ਿਲਕਾ ਦੇ ਮਿਊਂਸਪਲ ਬੋਰਡ ਸਕੂਲ 'ਚ ਦਾਖਲਾ ਕਰਵਾ ਦਿੱਤਾ। ਉਹ ਡੀ. ਏ. ਵੀ ਸਕੂਲ ਲਾਹੌਰ ਤੋਂ ਚੰਗੇ ਅੰਕਾਂ 'ਚ 10ਵੀਂ, 24 ਸਾਲ ਦੀ ਉਮਰ 'ਚ ਐਲ. ਐਲ. ਬੀ ਤੇ ਐਮ. ਏ ਦੀ ਡਿਗਰੀ ਪ੍ਰਾਪਤ ਕਰਕੇ ਸੰਤ ਅਤਰ ਸਿੰਘ ਦੀ ਪ੍ਰੇਰਨਾ ਸਦਕਾ ਵਿਦੇਸ਼ ਇੰਗਲੈਂਡ, ਅਮਰੀਕਾ ਤੇ ਕੈਨੇਡਾ 'ਚ ਸਿੱਖੀ ਦੇ ਪ੍ਰਚਾਰ ਲਈ ਚਲੇ ਗਏ। ਵਿਦੇਸ਼ ਕੈਨੇਡਾ ਵਾਪਸੀ 'ਤੇ ਉਹਨਾਂ ਮਸਤੂਆਣਾ, ਗੁਜਰਾਂਵਾਲਾ ਤੇ ਬਨਾਰਸ ਦੇ ਨਾਮੀ ਕਾਲਜਾਂ 'ਚ ਸੇਵਾਵਾਂ ਦਿੱਤੀਆਂ। 1964 'ਚ ਕਲਗੀਧਰ ਟਰੱਸਟ ਬੜੂ ਸਾਹਿਬ ਜਿਹੀ ਨਾਮੀ ਵਿੱਦਿਅਕ ਸੰਸਥਾ ਦੀ ਸਥਾਪਨਾ ਕਰਕੇ 3 ਜੁਲਾਈ 1965 ਨੂੰ 88 ਸਾਲ ਦੀ ਉਮਰ ਭੋਗ ਕੇ ਉਹ ਆਪਣੀ ਸੰਸਾਰਕ ਯਾਤਰਾ ਨੂੰ ਸੰਪੂਰਨ ਕਰਦੇ ਹੋਏ ਇਸ ਨਾਸ਼ਵਾਨ ਸੰਸਾਰ ਨੂੰ ਆਪਣੀਆਂ ਚਿਰੰਜੀਵੀ ਸੇਵਾਵਾਂ/ਯਾਦਗਾਰਾਂ ਦੇ ਕੇ ਰੁਖ਼ਸਤ ਹੋ ਗਏ।

# ਟਰੰਪ ਦੇ ਟੈਰਿਫ਼ ਸਮਝੌਤੇ ਅੱਗੇ ਝੁਕ ਜਾਣਗੇ ਮੋਦੀ: ਰਾਹੁਲ



**ਨਵੀਂ ਦਿੱਲੀ:** ਲੋਕ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਅਤੇ ਕਾਂਗਰਸ ਦੇ ਸੰਸਦ ਮੈਂਬਰ ਰਾਹੁਲ ਗਾਂਧੀ ਨੇ ਟੈਰਿਫ਼ ਨੂੰ ਲੈ ਕੇ ਅਮਰੀਕਾ ਨਾਲ ਚੱਲ ਰਹੀ ਭਾਰਤ ਦੀ ਗੱਲਬਾਤ ਨੂੰ ਲੈ ਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ 'ਤੇ ਹਮਲਾ ਬੋਲਿਆ ਹੈ। ਦਰਅਸਲ, ਕੇਂਦਰੀ ਵਣਜ ਮੰਤਰੀ ਪਿਊਸ਼ ਗੋਇਲ ਨੇ ਦਾਅਵਾ ਕੀਤਾ ਹੈ ਕਿ ਭਾਰਤ ਵਪਾਰ ਸਮਝੌਤੇ ਦੀ ਸਮਾਂ ਹੱਦ ਦੇ ਤਹਿਤ ਅਮਰੀਕਾ ਨਾਲ ਕੋਈ ਸੌਦਾ ਨਹੀਂ ਕਰੇਗਾ। ਉਨ੍ਹਾਂ ਕਿਹਾ ਕਿ ਸਮਝੌਤੇ ਨੂੰ ਤਾਂ ਹੀ ਅੰਤਿਮ ਰੂਪ ਦਿੱਤਾ ਜਾਵੇਗਾ ਜੇਕਰ ਇਹ ਰਾਸ਼ਟਰੀ ਹਿਤ 'ਚ ਹੋਵੇਗਾ। ਰਾਹੁਲ ਗਾਂਧੀ ਨੇ ਪਿਊਸ਼ ਗੋਇਲ ਦੇ ਬਿਆਨਾਂ ਨੂੰ ਲੈ ਕੇ ਹੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਨਿਸ਼ਾਨਾ ਬਣਾਇਆ ਹੈ। ਰਾਹੁਲ ਨੇ ਦਾਅਵਾ ਕੀਤਾ ਹੈ ਕਿ ਮੋਦੀ, ਡੋਨਾਲਡ ਟਰੰਪ ਦੀਆਂ ਗੱਲਾਂ ਮੰਨ ਲੈਣਗੇ ਯਾਨੀ ਮੋਦੀ ਟਰੰਪ ਦੇ ਟੈਰਿਫ਼ ਸਮਝੌਤੇ ਨੂੰ ਸਵੀਕਾਰ ਕਰ ਲੈਣਗੇ। ਜ਼ਿਕਰਯੋਗ ਹੈ ਟਰੰਪ ਵਲੋਂ ਟੈਰਿਫ਼ ਨੂੰ ਲੈ ਕੇ ਦਿੱਤੀ ਮਿਆਦ 9 ਜੁਲਾਈ ਨੂੰ ਖ਼ਤਮ ਹੋ ਰਹੀ ਹੈ।

# ਦਿੱਲੀ ਦੀ ਅਦਾਲਤ ਨੇ ਸੰਜੇ ਭੰਡਾਰੀ ਨੂੰ ਭਗੌੜਾ ਐਲਾਨਿਆ



**ਨਵੀਂ ਦਿੱਲੀ:** ਦਿੱਲੀ ਸਥਿਤ ਇੱਕ ਵਿਸ਼ੇਸ਼ ਅਦਾਲਤ ਨੇ ਇਨਫੋਰਸਮੈਂਟ ਡਾਇਰੈਕਟੋਰੇਟ (ਈ. ਡੀ.) ਦੀ ਪਟੀਸ਼ਨ 'ਤੇ ਸੁਣਵਾਈ ਕਰਦੇ ਹੋਏ ਬਰਤਾਨੀਆ ਵਿਚ ਰਹਿ ਰਹੇ ਹਥਿਆਰ ਡੀਲਰ ਸੰਜੇ ਭੰਡਾਰੀ ਨੂੰ ਭਗੌੜਾ ਆਰਥਿਕ ਅਪਰਾਧੀ ਐਲਾਨ ਦਿੱਤਾ ਹੈ। ਇਹ ਕਾਰਵਾਈ ਭਗੌੜਾ ਆਰਥਿਕ ਅਪਰਾਧੀ ਕਾਨੂੰਨ 2018 ਦੇ ਤਹਿਤ ਕੀਤੀ ਗਈ ਹੈ। ਇਸ ਦਾ ਉਦੇਸ਼ ਆਰਥਿਕ ਅਪਰਾਧ ਕਰਕੇ ਵਿਦੇਸ਼ ਭੱਜ ਚੁੱਕੇ ਲੋਕਾਂ ਦੀ ਜਾਇਦਾਦ ਜ਼ਬਤ ਕਰਨਾ ਹੈ। ਸੰਜੇ ਭੰਡਾਰੀ 'ਤੇ ਕਾਲਾ ਧਨ, ਮਨੀ ਲਾਂਡਰਿੰਗ ਅਤੇ ਵਿਦੇਸ਼ ਵਿਚ ਗੈਰ ਕਾਨੂੰਨੀ ਜਾਇਦਾਦ ਦੇ ਗੰਭੀਰ ਦੋਸ਼ ਹਨ। ਸੰਜੇ ਭੰਡਾਰੀ ਨੇ ਅਦਾਲਤ 'ਚ ਦਲੀਲ ਦਿੱਤੀ ਕਿ ਉਹ ਲੰਡਨ ਵਿਚ ਕਾਨੂੰਨੀ ਰੂਪ 'ਚ ਰਹਿ ਰਿਹਾ ਹੈ ਅਤੇ ਬ੍ਰਿਟੇਨ ਦੀ ਅਦਾਲਤ ਨੇ ਭਾਰਤ ਵਲੋਂ ਕੀਤੀ ਗਈ ਹਵਾਲਗੀ ਦੀ ਅਪੀਲ ਨੂੰ ਖਾਰਜ ਕਰ ਦਿੱਤਾ ਹੈ, ਇਸ ਲਈ ਉਸ ਨੂੰ ਭਾਰਤ ਦੇ ਕਾਨੂੰਨ ਦੇ ਤਹਿਤ ਭਗੌੜਾ ਨਹੀਂ ਠਹਿਰਾਇਆ ਜਾ ਸਕਦਾ। ਪਰ ਦਿੱਲੀ ਦੀ ਵਿਸ਼ੇਸ਼ ਅਦਾਲਤ ਨੇ ਸੰਜੇ ਭੰਡਾਰੀ ਦੀਆਂ ਦਲੀਲਾਂ ਨੂੰ ਖਾਰਜ ਕਰਦੇ ਹੋਏ ਈ.ਡੀ. ਦੇ ਹੱਕ ਵਿਚ ਫ਼ੈਸਲਾ ਸੁਣਾਇਆ, ਜਿਸ ਤੋਂ ਬਾਅਦ ਹੁਣ ਉਸ ਦੀਆਂ ਭਾਰਤ ਅਤੇ ਵਿਦੇਸ਼ਾਂ ਵਿਚ ਮੌਜੂਦ ਜਾਇਦਾਦਾਂ ਨੂੰ ਜ਼ਬਤ ਕਰਨ ਦਾ ਰਾਹ ਪੱਧਰਾ ਹੋ ਗਿਆ ਹੈ। ਦੱਸਣਯੋਗ ਹੈ ਕਿ 2016 ਵਿਚ ਆਮਦਨ ਕਰ ਵਿਭਾਗ ਦੀ ਛਾਪੇਮਾਰੀ ਵਿਚ ਸੰਜੇ ਭੰਡਾਰੀ ਦੇ ਕੋਲੋਂ ਗੁਪਤ ਰੱਖਿਆ ਦਸਤਾਵੇਜ਼ ਅਤੇ ਗੈਰ ਐਲਾਨੀ ਵਿਦੇਸ਼ੀ ਜਾਇਦਾਦਾਂ ਦੇ ਸਬੂਤ ਮਿਲੇ ਸਨ।

# ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਅਮਰੀਕਾ ਦੇ ਅਟਾਰਨੀ ਜਸਪ੍ਰੀਤ ਸਿੰਘ 'ਪ੍ਰੋਫੈਸਰ ਆਫ਼ ਇਮੀਨੈਂਸ' ਨਿਯੁਕਤ



**ਸਾਨ ਫਰਾਂਸਿਸਕੋ:** ਅਮਰੀਕਾ 'ਚ ਆਪਣੀਆਂ ਸੇਵਾਵਾਂ ਨਾਲ ਮਾਣ ਖੱਟਣ ਵਾਲੇ ਪ੍ਰਸਿੱਧ ਇਮੀਗ੍ਰੇਸ਼ਨ ਵਕੀਲ ਜਸਪ੍ਰੀਤ ਸਿੰਘ ਨੂੰ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਨੇ 'ਪ੍ਰੋਫੈਸਰ ਆਫ਼ ਇਮੀਨੈਂਸ' ਦੇ ਰੂਪ 'ਚ ਨਿਯੁਕਤ ਕਰਕੇ ਅਕਾਦਮਿਕ ਖੇਤਰ 'ਚ ਨਵਾਂ ਮੀਲ ਪੱਥਰ ਸਥਾਪਤ ਕੀਤਾ ਹੈ। ਇਸ ਨਿਯੁਕਤੀ ਨਾਲ ਯੂਨੀਵਰਸਿਟੀ ਦੀ ਅੰਤਰਰਾਸ਼ਟਰੀ ਪਹੁੰਚ ਨੂੰ ਹੋਰ ਮਜ਼ਬੂਤੀ ਮਿਲੇਗੀ ਤੇ ਵਿਦਿਆਰਥੀਆਂ ਨੂੰ ਵਿਸ਼ਵ ਪੱਧਰ ਦੇ ਮਾਹਿਰਾਂ ਨਾਲ ਸਿੱਖਣ ਦਾ ਚੰਗਾ ਮੌਕਾ ਪ੍ਰਾਪਤ ਹੋਵੇਗਾ। ਜਸਪ੍ਰੀਤ ਸਿੰਘ, ਜੋ ਅਮਰੀਕਾ 'ਚ ਇਮੀਗ੍ਰੇਸ਼ਨ ਅਤੇ ਰਾਸ਼ਟਰੀਅਤਾ ਕਾਨੂੰਨ ਦੇ ਮਾਹਿਰ ਹਨ, ਨੂੰ ਯੂਨੀਵਰਸਿਟੀ ਦੇ ਕਾਨੂੰਨੀ ਸਿੱਖਿਆ ਤੇ ਅੰਤਰਰਾਸ਼ਟਰੀ ਕਾਨੂੰਨ ਪ੍ਰੋਗਰਾਮਾਂ ਨੂੰ ਮਜ਼ਬੂਤ ਕਰਨ ਲਈ ਚੁਣਿਆ ਗਿਆ ਹੈ। ਉਹ ਨਿਊਯਾਰਕ, ਕੈਲੀਫੋਰਨੀਆ, ਨਿਊਜਰਸੀ 'ਤੇ ਮੈਰੀਲੈਂਡ 'ਚ ਆਪਣੀ ਕਾਨੂੰਨੀ ਫਰਮ ਸਫਲਤਾਪੂਰਵਕ ਚਲਾ ਰਹੇ ਹਨ ਤੇ ਪਿਛਲੇ 2 ਦਹਾਕਿਆਂ 'ਚ 10,000 ਤੋਂ ਵੱਧ ਇਮੀਗ੍ਰੇਸ਼ਨ, ਅਸਾਈਲਮ ਤੇ ਡਿਪੋਰਟੇਸ਼ਨ ਮਾਮਲਿਆਂ ਨੂੰ ਆਪਣੀ ਮੁਹਾਰਤ ਨਾਲ ਹੱਲ ਕਰਵਾਇਆ ਹੈ। ਉਨ੍ਹਾਂ ਦੀ ਸਮਾਜਿਕ ਨਿਆਂ ਪ੍ਰਤੀ ਵਚਨਬੱਧਤਾ, ਖ਼ਾਸ ਤੌਰ 'ਤੇ ਘੱਟ ਆਮਦਨੀ ਵਾਲੇ ਤੇ ਬਜ਼ੁਰਗ ਪ੍ਰਵਾਸੀਆਂ ਲਈ ਮੁਫ਼ਤ ਕਾਨੂੰਨੀ ਸਹਾਇਤਾ, ਨੇ ਉਨ੍ਹਾਂ ਨੂੰ ਅਮਰੀਕਾ ਦੇ ਸਿੱਖ ਭਾਈਚਾਰੇ 'ਚ ਵਿਸ਼ੇਸ਼ ਸਥਾਨ ਦਿਵਾਇਆ ਹੈ। 'ਅਜੀਤ' ਨਾਲ ਗੱਲਬਾਤ ਕਰਦਿਆਂ ਅਟਾਰਨੀ ਨੇ ਕਿਹਾ ਕਿ ਉਨ੍ਹਾਂ ਲਈ ਇਹ ਮਾਣ ਜ਼ਿੰਦਗੀ ਦਾ ਸਭ ਤੋਂ ਵੱਡਾ ਸਨਮਾਨ ਹੈ। ਇਹ ਨਿਯੁਕਤੀ ਯੂਨੀਵਰਸਿਟੀ ਦੀ ਵਿਸ਼ੇਸ਼ ਕਾਨੂੰਨੀ ਮਾਹਿਰਾਂ ਦੀ ਕਮੇਟੀ ਦੀ ਸਿਫਾਰਸ਼ 'ਤੇ ਕੀਤੀ ਗਈ, ਜਿਸ 'ਚ ਡਾ. ਭੀਮ ਰਾਓ ਅੰਬੇਡਕਰ ਰਾਸ਼ਟਰੀ ਕਾਨੂੰਨ ਯੂਨੀਵਰਸਿਟੀ ਦੇ ਉਪ-ਕੁਲਪਤੀ ਪ੍ਰੋ. ਦਵਿੰਦਰ ਸਿੰਘ, ਜੇ. ਸੀ. ਬੋਸ ਯੂਨੀਵਰਸਿਟੀ ਦੇ ਰਜਿਸਟਰਾਰ ਪ੍ਰੋ. ਅਜੈ ਰੰਗਾ ਤੇ ਪੰਜਾਬ ਯੂਨੀਵਰਸਿਟੀ ਦੇ ਸਾਬਕਾ ਚੇਅਰਮੈਨ ਪ੍ਰੋ. ਰਤਨ ਸਿੰਘ ਸ਼ਾਮਲ ਸਨ। ਕਮੇਟੀ ਦੀ ਬੈਠਕ ਵਾਈਸ ਚਾਂਸਲਰ ਡਾ. ਕਰਮਜੀਤ ਸਿੰਘ ਦੀ ਅਗਵਾਈ ਹੇਠ ਹੋਈ, ਜਿਸ 'ਚ ਸ. ਜਸਪ੍ਰੀਤ ਸਿੰਘ ਦੀ ਵਿਲੱਖਣ ਯੋਗਤਾ ਤੇ ਸਮਾਜ ਸੇਵਾ ਨੂੰ ਮੁੱਖ ਅਧਾਰ ਮੰਨਿਆ ਗਿਆ।

**ਜਸਪ੍ਰੀਤ ਸਿੰਘ, ਜੋ ਅਮਰੀਕਾ 'ਚ ਇਮੀਗ੍ਰੇਸ਼ਨ ਅਤੇ ਰਾਸ਼ਟਰੀਅਤਾ ਕਾਨੂੰਨ ਦੇ ਮਾਹਿਰ ਹਨ, ਨੂੰ ਯੂਨੀਵਰਸਿਟੀ ਦੇ ਕਾਨੂੰਨੀ ਸਿੱਖਿਆ ਤੇ ਅੰਤਰਰਾਸ਼ਟਰੀ ਕਾਨੂੰਨ ਪ੍ਰੋਗਰਾਮਾਂ ਨੂੰ ਮਜ਼ਬੂਤ ਕਰਨ ਲਈ ਚੁਣਿਆ ਗਿਆ ਹੈ।**

# ਸ਼ਾਹਬਾਜ਼ ਸ਼ਰੀਫ ਨੇ ਇਕ ਵਾਰ ਫਿਰ ਉਗਲਿਆ ਭਾਰਤ ਵਿਰੁੱਧ ਜ਼ਹਿਰ

**ਅੰਮ੍ਰਿਤਸਰ:** ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ ਨੇ ਇਕ ਵਾਰ ਫਿਰ ਭਾਰਤ ਵਿਰੁੱਧ ਜ਼ਹਿਰ ਉਗਲਿਆ ਹੈ। ਉਨ੍ਹਾਂ ਦੋਸ਼ ਲਗਾਇਆ ਕਿ ਭਾਰਤ ਨੇ ਪਹਿਲਗਾਮ ਅੱਤਵਾਦੀ ਹਮਲੇ ਨੂੰ ਬਿਨਾਂ ਕਿਸੇ ਭੜਕਾਹਟ ਅਤੇ ਦੁਸ਼ਮਣੀ ਵਾਲੇ ਰਵੱਈਏ ਦੇ ਖੇਤਰੀ ਸ਼ਾਂਤੀ ਨੂੰ ਅਸਥਿਰ ਕਰਨ ਲਈ ਵਰਤਿਆ। ਸ਼ਰੀਫ ਅਜ਼ਰਬਾਈਜਾਨ 'ਚ ਆਰਥਿਕ ਸਹਿਯੋਗ ਸੰਗਠਨ (ਈ. ਸੀ. ਓ.) ਸੰਮੇਲਨ ਨੂੰ ਸੰਬੋਧਨ ਕਰ ਰਹੇ ਸਨ। ਅਜ਼ਰਬਾਈਜਾਨ ਨੇ ਆਪ੍ਰੇਸ਼ਨ ਸੰਧੂਰ ਦੌਰਾਨ ਪਾਕਿ ਦਾ ਸਮਰਥਨ ਕੀਤਾ ਸੀ। ਸ਼ਰੀਫ ਨੇ ਸੰਬੋਧਨ ਦੌਰਾਨ ਕਸ਼ਮੀਰ ਦਾ ਮੁੱਦਾ ਚੁੱਕਦਿਆਂ ਭਾਰਤ 'ਤੇ ਮਾਸੂਮ ਲੋਕਾਂ ਵਿਰੁੱਧ 'ਬਰਾਬਰ ਕਾਰਵਾਈਆਂ' ਕਰਨ ਦਾ ਦੋਸ਼ ਲਗਾਇਆ। ਇਸ ਦੇ ਨਾਲ ਹੀ ਉਨ੍ਹਾਂ ਨੇ ਗਾਜ਼ਾ ਤੇ ਈਰਾਨ 'ਚ 'ਮਾਸੂਮ ਲੋਕਾਂ' ਨੂੰ ਨਿਸ਼ਾਨਾ ਬਣਾਉਣ ਦੀ ਵੀ ਨਿੰਦਾ ਕੀਤੀ। ਸ਼ਰੀਫ ਨੇ ਕਿਹਾ ਕਿ ਜੰਮੂ-ਕਸ਼ਮੀਰ 'ਚ 'ਮੰਦਭਾਗੀ' (ਪਹਿਲਗਾਮ ਅੱਤਵਾਦੀ ਹਮਲਾ) ਘਟਨਾ ਤੋਂ ਬਾਅਦ ਪਾਕਿ ਵਿਰੁੱਧ ਭਾਰਤ ਦੀ ਬੇਲੋੜੀ ਤੇ ਦੁਸ਼ਮਣੀ ਵਾਲੀ ਕਾਰਵਾਈ ਖੇਤਰੀ ਸ਼ਾਂਤੀ ਨੂੰ ਅਸਥਿਰ ਕਰਨ ਦੀ ਇਕ ਹੋਰ ਕੋਸ਼ਿਸ਼ ਸੀ।

# ਕੋਲੰਬੀਆ ਦੇ ਜੰਗਲਾਂ 'ਚ ਫਸੇ ਨੌਜਵਾਨ ਦੇ ਪਰਿਵਾਰ ਨੇ ਸੰਤ ਸੀਚੇਵਾਲ ਕੋਲ ਲਗਾਈ ਮਦਦ ਦੀ ਗੁਹਾਰ

**ਮਲਸੀਆਂ:** ਕੋਲੰਬੀਆਂ ਦੇ ਜੰਗਲਾਂ 'ਚ ਡੌਂਕਰਾਂ ਤੋਂ ਜਾਨ ਬਚਾ ਕੇ ਨਿਕਲੇ 25 ਸਾਲਾ ਨੌਜਵਾਨ ਬਲਵਿੰਦਰ ਸਿੰਘ ਦੇ ਪਰਿਵਾਰ ਨੇ ਰੌਂਗਟੇ ਖੜ੍ਹੇ ਕਰਨ ਵਾਲੀ ਘਟਨਾ ਦੱਸਦਿਆਂ ਕਿਹਾ ਕਿ ਉਨ੍ਹਾਂ ਨੇ ਆਪਣੇ ਲੜਕੇ ਨੂੰ ਅਮਰੀਕਾ ਲਈ ਭੇਜਿਆ ਸੀ ਪਰ ਏਜੰਟਾਂ ਵੱਲੋਂ ਉਹਨਾਂ ਦੇ ਲੜਕੇ ਸਮੇਤ ਚਾਰ ਹੋਰ ਨੌਜਵਾਨਾਂ ਨੂੰ ਡੌਂਕਰਾਂ ਹਵਾਲੇ ਕਰ ਦਿੱਤਾ ਗਿਆ ਜਿੰਨ੍ਹਾਂ ਵੱਲੋਂ ਉਹਨਾਂ ਨੂੰ 5 ਮਹੀਨੇ ਤੱਕ ਬੰਦੀ ਬਣਾ ਕੇ ਰੱਖਿਆ ਗਿਆ। ਪੀੜਤ ਪਰਿਵਾਰ ਨੇ ਦਾਅਵਾ ਕੀਤਾ ਕਿ ਡੌਂਕਰਾਂ ਨੇ ਤਿੰਨ ਨੌਜਵਾਨਾਂ ਨੂੰ ਤਾਂ ਤਸੀਹੇ ਦੇ-ਦੇ ਕੇ ਮਾਰ ਦਿੱਤਾ ਜਿੰਨ੍ਹਾਂ ਦੀ ਕੁੱਝ ਸਮਾਂ ਪਹਿਲਾਂ ਸੋਸ਼ਲ ਮੀਡੀਆ 'ਤੇ ਵੀਡੀਓ ਵੀ ਕਾਫ਼ੀ ਵਾਇਰਲ ਹੋਈਆਂ। ਉਹਨਾਂ ਦੱਸਿਆ ਕਿ ਡੌਂਕਰਾਂ ਵੱਲੋਂ ਉਨ੍ਹਾਂ ਦੇ ਲੜਕੇ ਬਲਵਿੰਦਰ ਨੂੰ ਗੋਲੀ ਮਾਰਨ ਦੇ ਆਰਡਰ ਦਿੱਤੇ ਗਏ ਸੀ ਪਰ ਉਹ ਉਥੋਂ ਕਿਸੇ ਨਾ ਕਿਸੇ ਤਰੀਕੇ ਬਚ ਨਿਕਲਿਆ। ਉਹਨਾਂ ਦੱਸਿਆ ਕਿ ਉਹਨਾਂ ਦੇ ਲੜਕੇ ਨੇ ਉੱਥੋਂ 600 ਕਿਲੋਮੀਟਰ ਦਾ ਸਫ਼ਰ ਕਰਕੇ ਇੱਕ ਸ਼ਹਿਰ 'ਚ ਪਹੁੰਚ ਕੇ 5 ਮਹੀਨੇ ਬਾਅਦ ਪਰਿਵਾਰ ਨਾਲ ਸੰਪਰਕ ਕੀਤਾ ਤੇ ਸਾਰੇ ਹਾਲਾਤ ਬਾਰੇ ਦੱਸਿਆ। ਪਰਿਵਾਰਕ ਮੈਂਬਰ ਨੇ ਦੱਸਿਆ ਕਿ ਜਿਵੇਂ ਉਹਨਾਂ ਨੂੰ ਪਤਾ ਲੱਗਾ ਤਾਂ ਉਹਨਾਂ ਕੈਨੇਡਾ ਗਏ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਨਾਲ ਫੋਨ 'ਤੇ ਸੰਪਰਕ ਕੀਤਾ ਜਿਹਨਾਂ ਤੁਰੰਤ ਕਾਰਵਾਈ ਕਰਦਿਆਂ ਵਿਦੇਸ਼ ਮੰਤਰਾਲੇ ਤੱਕ ਪਹੁੰਚ ਕਰਕੇ ਉਨ੍ਹਾਂ ਦੇ ਪੁੱਤਰ ਬਲਵਿੰਦਰ ਸਿੰਘ ਨੂੰ ਕੋਲੰਬੀਆ ਤੋਂ ਵਾਪਸ ਲਿਆਉਣ ਦਾ ਪ੍ਰਬੰਧ ਕੀਤਾ ਹੈ। ਮਦਦ ਲਈ ਨਿਰਮਲ ਕੁਟੀਆ ਪਹੁੰਚੀ ਬਲਵਿੰਦਰ ਦੀ ਮਾਂ ਨੇ ਦੱਸਿਆ ਕਿ ਬਲਵਿੰਦਰ ਦੋ ਭੈਣਾਂ ਦਾ ਇਕਲੌਤਾ ਭਰਾ ਹੈ ਤੇ ਉਸਦਾ ਪਿਤਾ ਬਿਮਾਰ ਰਹਿੰਦਾ ਹੈ। ਬਲਵਿੰਦਰ ਸਿੰਘ ਦੀ ਮਾਤਾ ਅਤੇ ਭੈਣ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਬਲਵਿੰਦਰ ਨਾ ਤਾਂ ਅਮਰੀਕਾ ਪਹੁੰਚਿਆ ਤੇ ਪਿੱਛੇ ਟਰੈਵਲ ਏਜੰਟਾਂ ਨੇ ਉਹਨਾਂ ਦਾ ਘਰ ਵੀ ਵਿਕਵਾ ਦਿੱਤਾ ਤੇ ਉਨ੍ਹਾਂ ਦੀ ਜ਼ਮੀਨ ਪਹਿਲਾਂ ਹੀ ਕੌਡੀਆਂ ਦੇ ਭਾਅ ਵਿਕ ਗਈ ਸੀ, ਜਦੋਂ ਟਰੈਵਲ ਏਜੰਟਾਂ ਨੂੰ ਪੈਸੇ ਦਿੱਤੇ ਸਨ। ਉਨ੍ਹਾਂ ਦੱਸਿਆ ਕਿ ਪਿੰਡ ਦੇ ਰਹਿਣ ਵਾਲੇ ਚਾਰ ਏਜੰਟਾਂ ਨੇ ਰਲ ਕੇ ਬਲਵਿੰਦਰ ਨੂੰ ਅਮਰੀਕਾ ਭੇਜਣ ਦਾ ਝਾਂਸਾ ਦਿੱਤਾ ਸੀ। ਏਜੰਟਾਂ ਨੇ 32 ਲੱਖ ਰੁਪਏ ਮੰਗੇ ਸਨ ਪਰ ਆਖ਼ਰ ਗੱਲ 28 ਲੱਖ 'ਤੇ ਨਿਬੜ ਗਈ ਸੀ। ਪੀੜਤ ਪਰਿਵਾਰ ਨੇ ਦੱਸਿਆ ਕਿ ਬਲਵਿੰਦਰ ਜੁਲਾਈ-2024 'ਚ ਘਰ ਤੋਂ ਸਿੱਧਾ ਅਮਰੀਕਾ ਜਾਣ ਲਈ ਤੁਰਿਆ ਸੀ ਪਰ ਏਜੰਟਾਂ ਵੱਲੋਂ ਉਸਨੂੰ ਉਥੇ ਭੇਜਣ ਦੀ ਬਜਾਏ ਧੋਖੇ ਨਾਲ ਵੱਖ-ਵੱਖ ਦੇਸ਼ਾਂ 'ਚੋਂ ਦੋ ਮਹੀਨਿਆਂ ਬਾਅਦ ਕੋਲੰਬੀਆ ਪਹੁੰਚਾ ਦਿੱਤਾ ਜਿੱਥੇ ਉਸ ਨੂੰ ਅੱਗੇ ਦੇ ਸਫ਼ਰ ਲਈ ਡੌਂਕਰਾਂ ਹਵਾਲੇ ਕਰ ਦਿੱਤਾ। ਉਸ ਨੂੰ ਉਥੇ ਹੀ ਚਾਰ ਨੌਜਵਾਨ ਹੋਰ ਮਿਲੇ ਸਨ, ਜੋ ਪੰਜਾਬ ਤੇ ਹਰਿਆਣੇ ਤੋਂ ਸਨ। ਡੌਂਕਰਾ ਨੇ ਉਹਨਾਂ ਨੂੰ ਪੰਜ ਮਹੀਨੇ ਤੱਕ ਕੋਲੰਬੀਆਂ ਦੇ ਜੰਗਲਾਂ 'ਚ ਬੰਦੀ ਬਣਾ ਕੇ ਰੱਖਿਆ ਤੇ ਫੋਨ ਤੇ ਪਾਸਪੋਰਟ ਖੋਹ ਲਏ। ਪਰਿਵਾਰ ਵਾਲਿਆਂ ਨੇ ਦੱਸਿਆ ਕਿ ਡੌਂਕਰ ਉਨ੍ਹਾਂ ਕੋਲੋਂ ਲੱਖਾਂ ਰੁਪਏ ਹੋਰ ਮੰਗ ਕਰ ਰਹੇ ਸਨ ਜਿਸ ਲਈ ਡੌਂਕਰਾਂ ਵੱਲੋਂ ਪਰਿਵਾਰ ਵਾਲਿਆਂ ਕੋਲੋਂ ਪੈਸੇ ਨਿਕਲਵਾਉਣ ਲਈ ਉਸ ਦੇ ਸਾਥੀਆਂ ਨੂੰ ਅਣਮਨੁੱਖੀ ਤਸੀਹੇ ਦਿੱਤੇ ਗਏ। ਪਰਿਵਾਰ ਨੇ ਦੱਸਿਆ ਕਿ ਉੱਥੇ ਨੌਜਵਾਨਾਂ ਨੂੰ ਪਲਾਸਟਿਕ ਦੇ ਲਿਫਾਫਿਆਂ ਨਾਲ ਬੰਨ੍ਹ ਕਿ ਲੋਹੇ ਦੀਆਂ ਗਰਮ ਰਾਡਾਂ ਨੰਗੇ ਸਰੀਰ 'ਤੇ ਲਗਾਈਆਂ ਗਈਆਂ, ਪਲਾਸਟਿਕ ਪਿਘਲਾ ਕਿ ਸਰੀਰ 'ਤੇ ਪਾਈ ਗਈ ਤੇ ਸਰੀਰ 'ਤੇ ਥਾਂ-ਥਾਂ ਬਲੇਡ ਮਾਰੇ ਗਏ। ਉਨ੍ਹਾਂ ਦੇ ਤੜਫਨ ਦੀ ਆਵਾਜ਼ ਦੀ ਬਲਵਿੰਦਰ ਨੂੰ ਨਾਲ ਦੇ ਕਮਰੇ ਤੱਕ ਆਉਂਦੀ ਰਹੀ। ਇਸ ਮੌਕੇ ਜਾਣਕਾਰੀ ਦਿੰਦਿਆਂ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਦੱਸਿਆ ਕਿ ਜਿਵੇਂ ਹੀ ਇਹ ਮਾਮਲਾ ਉਹਨਾਂ ਦੇ ਧਿਆਨ 'ਚ ਆਇਆ ਤਾਂ ਉਹਨਾਂ ਤੁਰੰਤ ਇਸ ਨੂੰ ਵਿਦੇਸ਼ ਮੰਤਰਾਲੇ ਕੋਲ ਉਠਾਇਆ। ਇਸਦੇ ਨਾਲ ਹੀ ਉਹਨਾਂ ਵੱਲੋਂ ਕੋਲੰਬੀਆ ਵਿਚਲੇ ਭਾਰਤੀ ਦੂਤਾਵਾਸ ਨਾਲ ਵੀ ਸੰਪਰਕ ਕੀਤਾ ਗਿਆ ਤੇ ਬਲਵਿੰਦਰ ਦੀ ਸੁਰੱਖਿਅਤ ਵਾਪਸੀ ਲਈ ਹਰ ਤਰ੍ਹਾਂ ਦੇ ਇੰਤਜ਼ਾਮ ਕਰਕੇ ਦਿੱਤੇ।



# ਪੰਜਾਬ ਸਰਕਾਰ ਫ਼ਸਲੀ ਵਿਭਿੰਨਤਾ ਲਾਗੂ ਕਰਨ 'ਚ ਅਸਫਲ: ਬਾਜਵਾ



**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ 'ਚ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਆਮ ਆਦਮੀ ਪਾਰਟੀ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੂੰ ਆਪਣੇ ਤਿੰਨ ਸਾਲਾਂ ਦੇ ਕਾਰਜਕਾਲ ਦੌਰਾਨ ਫ਼ਸਲੀ ਵਿਭਿੰਨਤਾ ਲਾਗੂ ਕਰਨ 'ਚ ਪੂਰੀ ਤਰ੍ਹਾਂ ਅਸਫਲ ਰਹਿਣ ਲਈ ਜ਼ਿੰਮੇਵਾਰ ਠਹਿਰਾਇਆ ਹੈ। ਬਾਜਵਾ ਨੇ ਕਿਹਾ ਕਿ ਮਾਰਚ 2022 'ਚ ਸੱਤਾ ਸੰਭਾਲਣ ਤੋਂ ਬਾਅਦ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਪੰਜਾਬ ਵਿਚ ਫ਼ਸਲੀ ਵਿਭਿੰਨਤਾ ਲਿਆਉਣ ਦਾ ਸੰਕਲਪ ਲਿਆ ਸੀ ਤੇ ਐਲਾਨ ਕੀਤਾ ਸੀ ਕਿ ਉਨ੍ਹਾਂ ਦੀ ਸਰਕਾਰ ਮੱਕੀ, ਦਾਲਾਂ ਤੇ ਬਾਜਰਾ (ਮੋਤੀ ਬਾਜਰਾ) ਵਰਗੀਆਂ ਵਿਕਲਪ ਫ਼ਸਲਾਂ ਲਈ ਘੱਟੋ-ਘੱਟ ਸਮਰਥਨ ਮੁੱਲ ਦੀ ਗਰੰਟੀ ਦੇਵੇਗੀ ਪਰ ਅਜਿਹਾ ਨਹੀਂ ਹੋਇਆ। ਸਿਰਫ਼ ਐਮ.ਐਸ.ਪੀ. ਦਾ ਐਲਾਨ ਕਰਨ ਨਾਲ ਕੋਈ ਫ਼ਰਕ ਨਹੀਂ ਪਵੇਗਾ, ਬਾਜਵਾ ਨੇ ਕਿਹਾ ਕਿ ਅਸਲ ਹੱਲ ਯਕੀਨੀ ਕੀਮਤ 'ਤੇ ਵਿਕਲਪ ਫ਼ਸਲਾਂ ਦੀ ਖ਼ਰੀਦ ਹੋਣ ਵਿਚ ਹੈ।

# ਚੀਫ਼ ਖ਼ਾਲਸਾ ਦੀਵਾਨ ਦੀ ਕਾਰਜਕਾਰਨੀ ਨੂੰ ਤਲਬ ਕਰਨ ਦਾ ਮਾਮਲਾ

## ਦੀਵਾਨ ਦੇ ਆਨ: ਸਕੱਤਰ ਨੇ ਜਥੇਦਾਰ ਗੜਗੱਜ ਨੂੰ ਪੱਤਰ ਲਿਖ ਕੇ ਇੱਕ ਮਹੀਨੇ ਦਾ ਮੰਗਿਆ ਹੋਰ ਸਮਾਂ

**ਅੰਮ੍ਰਿਤਸਰ:** ਚੀਫ਼ ਖਾਲਸਾ ਦੀਵਾਨ ਦੇ ਅਹੁਦੇਦਾਰਾਂ ਤੇ ਕਾਰਜਕਾਰਨੀ ਕਮੇਟੀ ਨੂੰ ਗ਼ੈਰ-ਅੰਮ੍ਰਿਤਧਾਰੀ ਮੈਂਬਰਾਂ ਤੇ ਹੋਰ ਮਾਮਲਿਆਂ ਵਿਚ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਵਲੋਂ ਸਪੱਸ਼ਟੀਕਰਨ ਲਈ ਤਲਬ ਕਰਨ ਦੇ ਮਾਮਲੇ ਵਿਚ ਸਮਾਂ ਸੀਮਾਂ ਖ਼ਤਮ ਹੋਣ ਬਾਅਦ ਅੱਜ ਦੀਵਾਨ ਦੇ ਇਕ ਆਨ: ਸਕੱਤਰ ਰਮਣੀਕ ਸਿੰਘ ਵਲੋਂ ਜਥੇਦਾਰ ਦੇ ਨਾਮ ਪੱਤਰ ਲਿਖ ਕੇ ਇਸ ਸੰਬੰਧੀ ਇੱਕ ਮਹੀਨੇ ਦਾ ਸਮਾਂ ਹੋਰ ਦੇਣ ਦੀ ਮੰਗ ਕੀਤੀ।

ਨਾਰਾਜ਼ ਧੜੇ ਨਾਲ ਸੰਬੰਧਿਤ ਦੱਸੇ ਜਾਂਦੇ ਆਨ: ਸਕੱਤਰ ਸਵਿੰਦਰ ਸਿੰਘ ਕੱਥੂਨੰਗਲ ਦੀ ਅਗਵਾਈ ਵਿਚ ਅੱਜ ਕੁਝ ਕਾਰਜਕਾਰਨੀ ਮੈਂਬਰਾਂ ਵਲੋਂ ਅਕਾਲ ਤਖਤ ਸਾਹਿਬ ਸਕੱਤਰੇਤ ਵਿਖੇ ਪੁੱਜ ਕੇ ਆਪਣਾ ਸਪੱਸ਼ਟੀਕਰਨ ਦਿੰਦਿਆਂ ਸ੍ਰੀ ਅਕਾਲ ਤਖਤ ਸਾਹਿਬ ਪ੍ਰਤੀ ਪੂਰੀ ਤਰ੍ਹਾਂ ਸਮਰਪਿਤ ਹੋਣ ਦਾ ਅਹਿਦ ਪ੍ਰਗਟ ਕੀਤਾ।

ਵਫਦ ਨੇ ਜਥੇਦਾਰ ਨੂੰ ਦਿੱਤੇ ਪੱਤਰ ਵਿਚ ਕਿਹਾ ਕਿ ਸਾਨੂੰ ਅਖ਼ਬਾਰਾਂ ਵਿਚੋਂ ਪੜ੍ਹ ਕੇ ਇਹ ਪਤਾ ਲੱਗਿਆ ਸੀ ਕਿ ਆਪ ਜੀ ਨੇ ਦੀਵਾਨ ਦੇ ਮੌਜੂਦਾ ਪ੍ਰਬੰਧਕਾਂ ਵਿਰੁੱਧ ਆਈਆਂ ਸ਼ਿਕਾਇਤਾਂ ਦੇ ਨਿਪਟਾਰੇ ਲਈ ਦੀਵਾਨ ਦੇ ਸਾਰੇ ਅਹੁਦੇਦਾਰਾਂ ਤੇ ਕਾਰਜਕਾਰਨੀ ਕਮੇਟੀ ਮੈਂਬਰਾਂ ਨੂੰ ਅਕਾਲ ਤਖ਼ਤ ਸਾਹਿਬ 'ਤੇ ਤਲਬ ਕੀਤਾ ਹੈ। ਇਸੇ ਦੌਰਾਨ ਅੱਜ ਸ਼ਾਮ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਜਥੇਦਾਰ ਗੜਗੱਜ ਨੇ ਦੀਵਾਨ ਦੀ ਕਾਰਜਕਾਰਨੀ ਕਮੇਟੀ ਨੂੰ ਸਪੱਸ਼ਟੀਕਰਨ ਲਈ ਸੱਦਿਆ ਗਿਆ ਸੀ। ਪਰ ਦੀਵਾਨ ਨੇ ਇੱਕ ਮਹੀਨੇ ਦਾ ਸਮਾਂ ਹੋਰ ਮੰਗਿਆ ਹੈ। ਦੀਵਾਨ ਵਲੋਂ 12 ਜੁਲਾਈ ਨੂੰ ਸੱਦੇ ਜਨਰਲ ਇਜਲਾਸ ਬਾਰੇ ਉਨ੍ਹਾਂ ਕਿਹਾ ਕਿ ਵਿਚਾਰ ਅਧੀਨ ਮਾਮਲੇ ਕਰਕੇ ਦਿਵਾਨ ਨੂੰ ਜਨਰਲ ਇਜਲਾਸ ਰੱਦ ਕਰ ਦੇਣਾ ਚਾਹੀਦਾ।



# ਨੀਰਜ ਚੋਪੜਾ ਨੇ ਜਿੱਤਿਆ ਐਨ.ਸੀ. ਕਲਾਸਿਕ ਦਾ ਖਿਤਾਬ

**ਬੈਂਗਲੁਰੂ:** ਭਾਰਤ ਦੇ ਸਟਾਰ ਜੈਵਲਿਨ ਥਰੋਅਰ ਨੀਰਜ ਚੋਪੜਾ ਨੇ ਅੱਜ ਐਨ.ਸੀ. ਕਲਾਸਿਕ 2025 'ਚ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਖਿਤਾਬ ਆਪਣੇ ਨਾਂਅ ਕੀਤਾ। ਨੀਰਜ ਜੋ ਕਿ ਮੁਕਾਬਲੇ ਦਾ ਮੇਜ਼ਬਾਨ ਵੀ ਹੈ, ਨੇ ਮੁਕਾਬਲੇ ਦਾ ਪਹਿਲਾ ਖਿਤਾਬ ਜਿੱਤਿਆ ਹੈ। ਉਸਨੇ ਪੁਰਸ਼ਾਂ ਦੇ ਨੇਜਾ ਸੁੱਟਣ ਮੁਕਾਬਲੇ 'ਚ 86.18 ਮੀਟਰ ਦੇ ਥਰੋਅ ਨਾਲ ਪਹਿਲਾ ਸਥਾਨ ਪ੍ਰਾਪਤ ਕੀਤਾ। ਉਸਨੇ ਬੈਂਗਲੁਰੂ ਦੇ ਕਾਂਤੀਰਵਾ ਸਟੇਡੀਅਮ 'ਚ ਇਹ ਇਤਿਹਾਸ ਰਚਿਆ। 27 ਸਾਲਾ ਨੀਰਜ ਅੰਤਰਰਾਸ਼ਟਰੀ ਮੁਕਾਬਲੇ 'ਚ ਮੇਜ਼ਬਾਨ ਵਜੋਂ ਹਿੱਸਾ ਲੈਣ ਵਾਲਾ ਪਹਿਲਾ ਭਾਰਤੀ ਹੈ। ਇਥੇ ਜ਼ਿਕਰਯੋਗ ਹੈ ਕਿ ਐਨ.ਸੀ. ਕਲਾਸਿਕ ਨੂੰ ਵਿਸ਼ਵ ਅਥਲੈਟਿਕਸ ਵਲੋਂ 'ਸ਼੍ਰੇਣੀ ਏ' ਦਾ ਦਰਜਾ ਪ੍ਰਾਪਤ ਹੈ। ਡਬਲ ਓਲੰਪਿਕ ਤਗਮਾ ਜੇਤੂ ਨੀਰਜ ਨੇ ਫਾਊਲ ਥਰੋਅ ਨਾਲ ਸ਼ੁਰੂਆਤ ਕੀਤੀ। ਉਸਨੇ ਦੂਜੀ ਕੋਸ਼ਿਸ਼ 'ਚ 82.99 ਮੀਟਰ 'ਤੇ ਨੇਜਾ ਸੁੱਟਿਆ। ਉਸਨੇ ਤੀਜੀ ਕੋਸ਼ਿਸ਼ 'ਚ 86.18 ਮੀਟਰ ਸੁੱਟਿਆ, ਜੋ ਕਿ ਸਭ ਤੋਂ ਵਧੀਆ ਸੀ। ਇਸ ਤੋਂ ਬਾਅਦ, ਉਸਨੇ ਆਪਣੇ ਜਾਣੇ-ਪਛਾਣੇ ਅੰਦਾਜ਼ 'ਚ ਹਵਾ 'ਚ ਆਪਣੇ ਦੋਵੇਂ ਹੱਥ ਚੁੱਕ ਕੇ ਜਸ਼ਨ ਮਨਾਇਆ।

ਸਟੇਡੀਅਮ 'ਚ ਮੌਜੂਦ ਦਰਸ਼ਕਾਂ ਨੇ ਤਾੜੀਆਂ ਤੇ ਸ਼ੋਰ ਨਾਲ ਉਸਦਾ ਸਵਾਗਤ ਕੀਤਾ। ਹਾਲਾਂਕਿ, ਚੌਥੀ ਕੋਸ਼ਿਸ਼ 'ਚ ਫਾਊਲ ਹੋਇਆ ਪਰ ਭਾਰਤੀ ਸਟਾਰ ਨੇ 5ਵੀਂ ਕੋਸ਼ਿਸ਼ 'ਚ 84.07 ਮੀਟਰ 'ਤੇ ਨੇਜਾ ਸੁੱਟਿਆ। ਇਸ ਦੇ ਨਾਲ ਹੀ, ਭਾਰਤੀ ਸਟਾਰ ਦਾ ਛੇਵਾਂ ਅਤੇ ਆਖਰੀ ਥਰੋਅ 82.22 ਮੀਟਰ ਸੀ। ਇਹ ਉਸਦਾ ਲਗਾਤਾਰ ਤੀਜਾ ਖਿਤਾਬ ਹੈ। ਨੀਰਜ ਨੇ ਇਸ ਤੋਂ ਪਹਿਲਾਂ ਪੈਰਿਸ ਡਾਇਮੰਡ ਲੀਗ (20 ਜੂਨ) ਅਤੇ ਓਸਟਰਾਵਾ, ਪੋਲੈਂਡ (24 ਜੂਨ) 'ਚ ਗੋਲਡਨ ਸਪਾਈਕ 'ਚ ਖਿਤਾਬ ਜਿੱਤਿਆ ਸੀ। ਇਸ ਮੁਕਾਬਲੇ ਦੌਰਾਨ ਕੀਨੀਆ ਦੇ ਜੂਲੀਅਸ ਯੇਗੋ ਦੂਜੇ ਸਥਾਨ 'ਤੇ ਰਹੇ। ਉਸਨੇ 84.51 ਮੀਟਰ ਥਰੋਅ ਸੁੱਟਿਆ। ਸ਼੍ਰੀਲੰਕਾ ਦੇ ਰੁਮੇਸ਼ ਪਥੀਰਾਗੇ (84.34 ਮੀਟਰ ਥਰੋਅ) ਤੀਜੇ ਸਥਾਨ 'ਤੇ ਰਹੇ। ਭਾਰਤ ਦੇ ਸਚਿਨ ਯਾਦਵ ਚੌਥੇ ਸਥਾਨ 'ਤੇ ਰਹੇ। ਜ਼ਿਕਰਯੋਗ ਹੈ ਕਿ ਨੀਰਜ ਨੇ ਇਸ ਮੁਕਾਬਲੇ ਦਾ ਆਯੋਜਨ ਜੇ.ਐਸ.ਡਬਲਿਊ. ਸਪੋਰਟਸ ਦੇ ਸਹਿਯੋਗ ਨਾਲ ਕੀਤਾ ਹੈ। ਇਸਨੂੰ ਅਥਲੈਟਿਕਸ ਫੈਡਰੇਸ਼ਨ ਆਫ ਇੰਡੀਆ ਵਲੋਂ ਵੀ ਮਨਜ਼ੂਰੀ ਦਿੱਤੀ ਗਈ ਹੈ।




# 'ਕਵਾਡ' ਵਲੋਂ ਪਹਿਲਗਾਮ ਹਮਲੇ ਦੇ ਦੋਸ਼ੀਆਂ ਨੂੰ ਨਿਆਂ ਦੇ ਕਟਹਿਰੇ 'ਚ ਲਿਆਉਣ ਦਾ ਸੱਦਾ

**ਵਾਸ਼ਿੰਗਟਨ:** ਕਵਾਡ ਸਮੂਹ ਨੇ ਜੰਮੂ-ਕਸ਼ਮੀਰ ਦੇ ਪਹਿਲਗਾਮ 'ਚ ਹੋਏ ਅੱਤਵਾਦੀ ਹਮਲੇ ਦੇ ਦੋਸ਼ੀਆਂ, ਸਾਜਿਸ਼ਕਾਰਾਂ ਅਤੇ ਵਿੱਤੀ ਮਦਦ ਕਰਨ ਵਾਲਿਆਂ ਨੂੰ ਬਿਨ੍ਹਾਂ ਕਿਸੇ ਦੇਰੀ ਦੇ ਨਿਆਂ ਦੇ ਕਟਹਿਰੇ 'ਚ ਲਿਆਉਣ ਦਾ ਸੱਦਾ ਦਿੱਤਾ ਅਤੇ ਸੰਯੁਕਤ ਰਾਸ਼ਟਰ ਦੇ ਸਾਰੇ ਮੈਂਬਰ ਦੇਸ਼ਾਂ ਨੂੰ ਇਸ ਸੰਬੰਧੀ ਸਹਿਯੋਗ ਵਧਾਉਣ ਦੀ ਅਪੀਲ ਕੀਤੀ। ਚਾਰ ਦੇਸ਼ਾਂ ਦੇ ਸਮੂਹ ਕਵਾਡ ਦੇ ਮੈਂਬਰ ਦੇਸ਼ਾਂ ਅਮਰੀਕਾ, ਆਸਟ੍ਰੇਲੀਆ, ਭਾਰਤ ਅਤੇ ਜਾਪਾਨ ਦੇ ਵਿਦੇਸ਼ ਮੰਤਰੀਆਂ ਨੇ ਇਸ ਸਾਲ ਦੇ ਅਖ਼ੀਰ 'ਚ ਭਾਰਤ ਵਿਚ ਹੋਣ ਵਾਲੇ ਸਾਲਾਨਾ ਸਿਖ਼ਰ ਸੰਮੇਲਨ ਲਈ ਵਿਆਪਕ ਏਜੰਡਾ ਤੈਅ ਕਰਨ ਲਈ ਮੰਗਲਵਾਰ ਨੂੰ ਇਥੇ ਬੈਠਕ ਕੀਤੀ। ਕਵਾਡ ਨੇ ਪਹਿਲਗਾਮ ਹਮਲੇ ਦੀ ਸਖ਼ਤ ਸ਼ਬਦਾਂ ਵਿਚ ਨਿੰਦਾ ਅਤੇ ਸਰਹੱਦ ਪਾਰ ਅੱਤਵਾਦ ਵਿਰੁੱਧ ਕਾਰਵਾਈ ਦੀ ਜ਼ੋਰਦਾਰ ਵਕਾਲਤ ਕੀਤੀ। ਹਾਲਾਂਕਿ ਬੈਠਕ ਦੇ ਬਾਅਦ ਸਾਂਝੇ ਬਿਆਨ 'ਚ ਵਿਦੇਸ਼ ਮੰਤਰੀਆਂ ਨੇ ਪਾਕਿਸਤਾਨ ਦਾ ਜਾਂ ਮਈ 'ਚ ਭਾਰਤੀ ਅਤੇ ਪਾਕਿ ਸੈਨਾਵਾਂ 'ਚ ਚਾਰ ਦਿਨਾਂ ਤੱਕ ਚੱਲੇ ਫ਼ੌਜੀ ਟਕਰਾਅ ਦਾ ਜ਼ਿਕਰ ਨਹੀਂ ਕੀਤਾ। ਪਰ ਇਹ ਸਪਸ਼ਟ ਕਰ ਦਿੱਤਾ ਕਿ ਉਹ ਕਿੱਥੇ ਇਸ਼ਾਰਾ ਕਰ ਰਹੇ ਸਨ। ਬਿਆਨ ਵਿਚ ਸਰਹੱਦ ਪਾਰੋਂ ਅੱਤਵਾਦ ਸ਼ਬਦਾਂ ਦੀ ਵਰਤੋਂ ਕੀਤੀ ਗਈ ਅਤੇ ਇਸ ਤੋਂ ਬਾਅਦ ਪਹਿਲਗਾਮ ਹਮਲੇ ਦੀ ਨਿੰਦਾ ਕੀਤੀ ਗਈ। ਬਿਆਨ ਵਿਚ ਇਹ ਵੀ ਕਿਹਾ ਗਿਆ ਕਿ ਇਸ ਨਿੰਦਣਯੋਗ ਕਾਰਵਾਈ ਦੇ ਦੋਸ਼ੀਆਂ, ਸਾਜ਼ਿਸ਼ ਘਾੜਿਆਂ ਅਤੇ ਵਿੱਤੀ ਮਦਦ ਕਰਨ ਵਾਲਿਆਂ ਨੂੰ ਬਿਨ੍ਹਾਂ ਕਿਸੇ ਦੇਰੀ ਦੇ ਨਿਆਂ ਦੇ ਕਟਹਿਰੇ ਵਿਚ ਲਿਆਂਦਾ ਜਾਵੇ ਅਤੇ ਸਾਰੇ ਸੰਯੁਕਤ ਰਾਸ਼ਟਰ ਮੈਂਬਰ ਦੇਸ਼ਾਂ ਨੂੰ ਅਪੀਲ ਕੀਤੀ ਕਿ ਉਹ ਅੰਤਰਰਾਸ਼ਟਰੀ ਕਾਨੂੰਨ ਅਤੇ ਸੰਬੰਧਿਤ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਦੇ ਮਤਿਆਂ ਅਧੀਨ ਆਪਣੀਆਂ ਜ਼ਿੰਮੇਵਾਰੀਆਂ ਦੇ ਅਨੁਸਾਰ, ਇਸ ਸੰਬੰਧ ਵਿਚ ਸਾਰੇ ਸੰਬੰਧਿਤ ਅਧਿਕਾਰੀਆਂ ਨਾਲ ਸਹਿਯੋਗ ਕਰਨ। ਕਵਾਡ ਸਮੂਹ ਦੇ ਵਿਦੇਸ਼ ਮੰਤਰੀਆਂ ਨੇ ਪੂਰਬੀ ਚੀਨ ਸਾਗਰ ਅਤੇ ਦੱਖਣੀ ਚੀਨ ਸਾਗਰ 'ਚ ਚੀਨ ਦੀ ਵਧਦੀ ਸੈਨਿਕ ਕਾਰਵਾਈ ਨੂੰ ਲੈ ਕੇ ਗੰਭੀਰ ਚਿੰਤਾ ਪ੍ਰਗਟਾਈ। ਉਨ੍ਹਾਂ ਚੀਨ ਦਾ ਜ਼ਿਕਰ ਕੀਤੇ ਬਗੈਰ ਕਿਹਾ ਕਿ ਅਸੀਂ ਕਿਸੇ ਵੀ ਇਕਤਰਫ਼ਾ ਕਾਰਵਾਈ ਦਾ ਸਖ਼ਤ ਵਿਰੋਧ ਕਰਦੇ ਹਾਂ। ਬੈਠਕ ਦੌਰਾਨ ਇਸ ਸਾਲ ਮੁੰਬਈ 'ਚ ਭਵਿੱਖ ਦੀ ਕਵਾਡ ਬੰਦਰਗਾਹ ਸਾਂਝੇਦਾਰੀ ਸ਼ੁਰੂ ਕਰਨ ਦੀ ਯੋਜਨਾ ਦਾ ਵੀ ਐਲਾਨ ਕੀਤਾ ਗਿਆ। ਬੈਠਕ 'ਚ ਵਿਦੇਸ਼ ਮੰਤਰੀ ਐਸ. ਜੈਸ਼ੰਕਰ, ਅਮਰੀਕਾ ਦੇ ਵਿਦੇਸ਼ ਮੰਤਰੀ ਮਾਰਕ ਰੂਬੀਓ, ਆਸਟ੍ਰੇਲੀਆ ਦੇ ਵਿਦੇਸ਼ ਮੰਤਰੀ ਪੇਨੀ ਵੋਂਗ ਅਤੇ ਜਾਪਾਨ ਦੇ ਵਿਦੇਸ਼ ਮੰਤਰੀ ਤਾਕੇਸ਼ੀ ਇਵਾਯਾ ਸ਼ਾਮਿਲ ਸਨ।



# ਦਿੱਲੀ ਦੇ ਇਕ ਘਰ 'ਚੋਂ 4 ਲਾਸ਼ਾਂ ਮਿਲੀਆਂ- ਮ੍ਰਿਤਕਾਂ ਵਿਚ ਦੋ ਸਕੇ ਭਰਾ ਵੀ ਸ਼ਾਮਿਲ

**ਨਵੀਂ ਦਿੱਲੀ:** ਦੱਖਣੀ ਦਿੱਲੀ ਦੇ ਅੰਬੇਡਕਰ ਨਗਰ ਥਾਣਾ ਦੇ ਤਹਿਤ ਦੱਕਸ਼ਣਪੁਰੀ ਇਲਾਕੇ ਵਿਚ ਇਕ ਘਰ ਵਿਚ 4 ਲੋਕਾਂ ਦੀ ਸ਼ੱਕੀ ਹਾਲਾਤਾਂ ਵਿਚ ਮੌਤ ਹੋ ਗਈ। ਚਾਰੋਂ ਲੋਕ ਇਕ ਕਮਰੇ ਵਿਚ ਸੁੱਤੇ ਪਏ ਸਨ। ਚਾਰੋਂ ਹੀ ਮਰਦ ਹਨ, ਜਿਨ੍ਹਾਂ ਵਿਚ ਦੋ ਸਕੇ ਭਰਾ ਵੀ ਸ਼ਾਮਿਲ ਹਨ। ਹੁਣ ਤੱਕ ਪ੍ਰਾਪਤ ਜਾਣਕਾਰੀ ਅਨੁਸਾਰ ਇਹ ਚਾਰੋਂ ਏ.ਸੀ. ਮਕੈਨਿਕ ਸਨ ਅਤੇ ਏ.ਸੀ. ਗੈਸ ਭਰਨ ਦਾ ਕੰਮ ਕਰਦੇ ਸਨ। ਪੁਲਿਸ ਨੂੰ ਸ਼ੱਕ ਹੈ ਕਿ ਇਨ੍ਹਾਂ ਚਾਰਾਂ ਦੀ ਮੌਤ ਜ਼ਹਿਰੀਲੀ ਗੈਸ ਲੀਕ ਹੋਣ ਕਾਰਨ ਹੋਈ ਹੈ। ਘਟਨਾ ਦੀ ਜਾਣਕਾਰੀ ਮਿਲਦੇ ਹੀ ਪੁਲਿਸ ਮੌਕੇ 'ਤੇ ਪਹੁੰਚ ਗਈ ਹੈ ਅਤੇ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਪੁਲਿਸ ਦਾ ਕਹਿਣਾ ਹੈ ਕਿ ਮੌਤ ਦੇ ਕਾਰਨਾਂ ਦਾ ਪਤਾ ਲਗਾਇਆ ਜਾ ਰਿਹਾ ਹੈ।



ਪੰਜਾਬ ਟਾਈਮਜ਼

12 ਜੁਲਾਈ, ਸ਼ਨਿਚਰਵਾਰ

# ਹੜ੍ਹਾਂ ਦੇ ਖ਼ਤਰੇ ਨੇ ਸਾਹ ਸੂਤੇ

*ਪੰਜਾਬ 'ਭਾਰਤ ਦਾ ਅੰਨ ਭੰਡਾਰ' ਹੈ। ਇਹ ਸਤਲੁਜ, ਬਿਆਸ ਤੇ ਰਾਵੀ ਵਰਗੇ ਦਰਿਆਵਾਂ ਦੇ ਨਾਲ ਹੀ ਹਿਮਾਚਲ ਪ੍ਰਦੇਸ਼ ਦੀਆਂ ਪਹਾੜੀਆਂ ਨਾਲ ਵੀ ਜੁੜਿਆ ਹੋਇਆ ਹੈ ਪਰ ਅਜਿਹੀ ਭੂਗੋਲਿਕ ਸਥਿਤੀ ਜਿੱਥੇ ਪੰਜਾਬ ਦੀ ਖੇਤੀਬਾੜੀ ਤੇ ਸਿੰਚਾਈ ਲਈ ਵਰਦਾਨ ਹੈ, ਉੱਥੇ ਇਹ ਹੜ੍ਹ ਵਰਗੀਆਂ ਕੁਦਰਤੀ ਆਫ਼ਤਾਂ ਦਾ ਕਾਰਨ ਵੀ ਬਣਦੀ ਹੈ, ਖ਼ਾਸ ਕਰਕੇ ਜਦੋਂ ਪਹਾੜੀ ਖੇਤਰਾਂ ਵਿਚ ਜ਼ੋਰਦਾਰ ਬਾਰਿਸ਼ ਹੁੰਦੀ ਹੈ। ਹਿਮਾਚਲ ਤੇ ਜੰਮੂ- ਕਸ਼ਮੀਰ ਵਰਗੇ ਪਹਾੜੀ ਰਾਜ ਅਕਸਰ ਮੌਨਸੂਨ ਦੇ ਮੌਸਮ ਵਿਚ ਭਾਰੀ ਬਾਰਿਸ਼ ਦਾ ਸਾਹਮਣਾ ਕਰਦੇ ਹਨ। ਇਸ ਨਾਲ ਸੂਬੇ 'ਚੋਂ ਵਗਣ ਵਾਲੇ ਦਰਿਆਵਾਂ 'ਚ ਪਾਣੀ ਦਾ ਪੱਧਰ ਵਧ ਜਾਂਦਾ ਹੈ। ਪਿਛਲੇ ਕੁਝ ਸਾਲਾਂ 'ਚ ਪਹਾੜੀ ਖੇਤਰਾਂ ਵਿਚ ਬੱਦਲ ਫਟਣ ਤੇ ਭਾਰੀ ਬਾਰਿਸ਼ ਦੀਆਂ ਘਟਨਾਵਾਂ ਵਿਚ ਵਾਧਾ ਹੋਇਆ ਹੈ। ਇਸ ਦਾ ਸਿੱਧਾ ਅਸਰ ਪੰਜਾਬ ਦੇ ਮੈਦਾਨੀ ਇਲਾਕਿਆਂ 'ਤੇ ਪੈਂਦਾ ਹੈ। ਜਿੱਥੇ ਨਦੀਆਂ ਦੇ ਚੜ੍ਹਾਅ ਕਾਰਨ ਹੜ੍ਹ ਦੀ ਸਥਿਤੀ ਪੈਦਾ ਹੋ ਜਾਂਦੀ ਹੈ। ਅਜਿਹੀ ਹੀ ਸਥਿਤੀ ਅੱਜ-ਕੱਲ੍ਹ ਫਿਰ ਬਣੀ ਹੋਈ ਹੈ ਜਦੋਂ ਹਿਮਾਚਲ 'ਚ ਜ਼ੋਰਦਾਰ ਬਾਰਿਸ਼ ਹੋ ਰਹੀ ਹੈ, ਜਿਸ ਕਾਰਨ ਪੰਜਾਬ ਦੇ ਲੋਕਾਂ ਦੀਆਂ ਚਿੰਤਾਵਾਂ ਵਧੀਆਂ ਹੋਈਆਂ ਹਨ। ਦਰਅਸਲ, ਸਾਲ 2019 ਤੇ 2023 'ਚ ਹੜ੍ਹਾਂ ਨੇ ਜਲੰਧਰ, ਫਿਰੋਜ਼ਪੁਰ, ਰੂਪਨਗਰ, ਪਟਿਆਲਾ ਤੇ ਤਰਨਤਾਰਨ ਜ਼ਿਲ੍ਹਿਆਂ 'ਚ ਕਾਫ਼ੀ ਤਬਾਹੀ ਮਚਾਈ ਸੀ। ਉਦੋਂ ਪੰਜਾਬ 'ਚ ਹੜ੍ਹਾਂ ਕਾਰਨ 35 ਲੋਕਾਂ ਦੀ ਮੌਤ ਹੋਈ ਸੀ। ਇਸ ਤੋਂ ਹੀ ਸਮਝਿਆ ਜਾ ਸਕਦਾ ਹੈ ਕਿ ਪਹਾੜਾਂ 'ਚ ਪੈਣ ਵਾਲੇ ਮੀਂਹ ਦਾ ਪੰਜਾਬ 'ਤੇ ਕਿੰਨਾ ਵੱਡਾ ਅਸਰ ਹੁੰਦਾ ਹੈ। ਪਹਾੜੀ ਬਾਰਿਸ਼ ਦਾ ਅਸਰ ਸਿਰਫ਼ ਇੰਨਾ ਹੀ ਨਹੀਂ ਹੈ, ਇਹ ਮਿੱਟੀ ਦੇ ਖਿਸਕਣ, ਢਿੱਗਾਂ ਡਿੱਗਣ ਅਤੇ ਪਹਾੜੀ ਖੇਤਰਾਂ ਤੋਂ ਭਾਰੀ ਮਲਬਾ ਵਹਿਣ ਦਾ ਕਾਰਨ ਵੀ ਬਣਦੀ ਹੈ, ਜਿਸ ਨਾਲ ਦਰਿਆਵਾਂ ਦਾ ਵਹਾਅ ਪ੍ਰਭਾਵਿਤ ਹੁੰਦਾ ਹੈ। ਨਤੀਜੇ ਵਜੋਂ ਪੰਜਾਬ ਦੇ ਮੈਦਾਨੀ ਇਲਾਕਿਆਂ 'ਚ ਪਾਣੀ ਦੀ ਨਿਕਾਸੀ ਦੀ ਸਮੱਸਿਆ ਹੋਰ ਵਧ ਜਾਂਦੀ ਹੈ। ਦਿੱਕਤ ਸਿਰਫ਼ ਇੰਨੀ ਹੀ ਨਹੀਂ ਹੈ ਸਗੋਂ ਪੰਜਾਬ ਦਾ ਆਪਣਾ ਡਰੇਨੇਜ ਸਿਸਟਮ ਵੀ ਕਮਜ਼ੋਰ ਹੈ। ਇਹ 24 ਘੰਟਿਆਂ 'ਚ ਸਿਰਫ਼ 100 ਮਿਲੀਮੀਟਰ ਪਾਣੀ ਨੂੰ ਸੰਭਾਲਣ ਦੀ ਸਮਰੱਥਾ ਰੱਖਦਾ ਹੈ। ਅਜਿਹੇ ਕਾਰਨਾਂ ਦੀ ਇਕ ਲੰਬੀ ਸੂਚੀ ਬਣਾਈ ਜਾ ਸਕਦੀ ਹੈ ਜਿਹੜੀ ਸੂਬੇ ਵਿਚ ਹੜ੍ਹਾਂ ਦਾ ਕਾਰਨ ਬਣਦੀ ਹੈ। ਅਜਿਹੇ ਵਿਚ ਹੜ੍ਹਾਂ ਦੀ ਮਾਰ ਨੂੰ ਘੱਟ ਕਰਨ ਲਈ ਸੂਬਾ ਸਰਕਾਰ ਨੇ ਵੀ ਕੁਝ ਕਦਮ ਚੁੱਕੇ ਹਨ ਪਰ ਹਾਲੇ ਹੋਰ ਵੀ ਬਹੁਤ ਕੁਝ ਕਰਨ ਦੀ ਲੋੜ ਹੈ। ਮੋਹਾਲੀ, ਲੁਧਿਆਣਾ, ਹੁਸ਼ਿਆਰਪੁਰ ਤੇ ਗੁਰਦਾਸਪੁਰ ਵਰਗੇ ਜ਼ਿਲ੍ਹਿਆਂ ਨੇ 2024 'ਚ ਹੜ੍ਹ ਤਿਆਰੀ ਗਾਈਡਬੁੱਕ ਜਾਰੀ ਕੀਤੀ ਜਿਸ 'ਚ ਡਰੇਨੇਜ ਸੁਧਾਰ ਦੀਆਂ ਯੋਜਨਾਵਾਂ ਸ਼ਾਮਲ ਹਨ। ਸਰਕਾਰ ਨੇ ਜ਼ਿਲ੍ਹਾ ਪ੍ਰਸ਼ਾਸਨਾਂ ਨੂੰ ਹਦਾਇਤਾਂ ਜਾਰੀ ਕੀਤੀਆਂ ਹਨ ਕਿ ਦਰਿਆਵਾਂ ਤੇ ਨਹਿਰਾਂ ਦੀ ਸਮੇਂ-ਸਮੇਂ 'ਤੇ ਸਫ਼ਾਈ ਕੀਤੀ ਜਾਵੇ। ਮੌਸਮ ਵਿਭਾਗ ਨੇ ਅਗਾਊਂ ਚਿਤਾਵਨੀ ਪ੍ਰਣਾਲੀ ਨੂੰ ਮਜ਼ਬੂਤ ਕੀਤਾ ਹੈ। ਯੈਲੋ ਅਤੇ ਰੈੱਡ ਅਲਰਟ ਜਾਰੀ ਕਰ ਕੇ ਸਥਾਨਕ ਪ੍ਰਸ਼ਾਸਨ ਨੂੰ ਸਮੇਂ ਸਿਰ ਤਿਆਰੀ ਕਰਨ ਦੀ ਸਹੂਲਤ ਦਿੱਤੀ ਜਾਂਦੀ ਹੈ। ਪੰਜਾਬ ਦੇ ਜੰਗਲਾਤ ਵਿਭਾਗ ਨੇ ਪਹਾੜੀ ਖੇਤਰਾਂ 'ਚ ਰੁੱਖਾਂ ਦੀ ਕਟਾਈ 'ਤੇ ਰੋਕ ਲਗਾਉਣ ਤੇ ਜੰਗਲੀ ਖੇਤਰਾਂ ਦੀ ਸੁਰੱਖਿਆ ਲਈ ਕਈ ਪ੍ਰੋਗਰਾਮ ਸ਼ੁਰੂ ਕੀਤੇ ਹਨ। ਪਹਾੜਾਂ 'ਤੇ ਜ਼ੋਰਦਾਰ ਬਾਰਿਸ਼ ਅਤੇ ਪੰਜਾਬ ਵਿਚ ਹੜ੍ਹਾਂ ਦੀ ਸਮੱਸਿਆ ਇਕ ਗੰਭੀਰ ਚੁਣੌਤੀ ਹੈ ਪਰ ਸਹੀ ਯੋਜਨਾਬੰਦੀ, ਸਰਕਾਰੀ ਤੇ ਸਮਾਜਿਕ ਸਹਿਯੋਗ ਨਾਲ ਇਸ ਦੇ ਅਸਰ ਨੂੰ ਘਟਾਇਆ ਜਾ ਸਕਦਾ ਹੈ। ਪੰਜਾਬ ਸਰਕਾਰ ਦੇ ਹੜ੍ਹ ਰੋਕੂ ਪ੍ਰਬੰਧਾਂ ਨੂੰ ਹੋਰ ਮਜ਼ਬੂਤ ਕਰਨ ਅਤੇ ਨਵੀਆਂ ਤਕਨੀਕਾਂ ਨੂੰ ਅਪਣਾਉਣ ਦੀ ਲੋੜ ਹੈ।' ਇੱਥੇ ਇਕ ਹੋਰ ਚਿੰਤਾਜਨਕ ਤੱਥ ਸਾਹਮਣੇ ਆਇਆ ਹੈ।*

*ਫ਼ਿਰੋਜ਼ਪੁਰ ਜ਼ਿਲੇ ਵਿਚ ਹਰੀਕੇ ਪੱਤਣ ਤੋਂ ਹੁਸੈਨੀਵਾਲਾ ਹੈੱਡ ਵਰਕਸ ਤੱਕ ਦਰਿਆ ਸਤਲੁਜ ਦੇ ਕਰੀਬ 47 ਕਿਲੋਮੀਟਰ ਦੇ ਇਲਾਕੇ 'ਚ ਨਾਜਾਇਜ਼ ਕਬਜ਼ਿਆਂ ਕਾਰਨ ਫ਼ਿਰੋਜ਼ਪੁਰ ਦੇ ਕਈ ਸਰਹੱਦੀ ਪਿੰਡ ਹਰੇਕ ਸਾਲ ਹੜ੍ਹਾਂ ਦੇ ਖ਼ਤਰੇ ਹੇਠ ਆ ਜਾਂਦੇ ਹਨ। ਇਹ ਮਾਮਲਾ ਰਾਸ਼ਟਰੀ ਗ੍ਰੀਨ ਟ੍ਰਿਬਿਊਨਲ (ਐੱਨ.ਜੀ.ਟੀ.) ਤੱਕ ਵੀ ਪੁੱਜਾ ਹੋਇਆ ਹੈ। ਵੇਲੇ ਦੀ ਡਿਪਟੀ ਕਮਿਸ਼ਨਰ ਨੇ ਇਸ ਸਬੰਧੀ ਪਟਵਾਰੀਆਂ ਤੋਂ ਰਿਪੋਰਟ ਵੀ ਤਲਬ ਕੀਤੀ ਸੀ ਪਰ ਅਜੇ ਤੱਕ ਇਹ ਰਿਪੋਰਟ ਪੇਸ਼ ਨਹੀਂ ਹੋ ਸਕੀ ਤੇ ਨਾ ਹੀ ਕਬਜ਼ੇ ਹਟਾਉਣ ਨੂੰ ਲੈ ਕੇ ਕੋਈ ਕਾਰਵਾਈ ਹੋਈ ਹੈ। ਇਸ ਲਈ ਲੱਗਦਾ ਹੈ ਕਿ ਸ਼ਾਸਨ-ਪ੍ਰਸ਼ਾਸਨ ਦੀ ਲਾਪਰਵਾਹੀ ਹੜ੍ਹਾਂ ਦਾ ਕਾਰਨ ਬਣ ਸਕਦੀ ਹੈ। ਦਰਿਆ ਸਤਲੁਜ ਤੇ ਬਿਆਸ ਦੇ ਸੰਗਮ ਹਰੀ ਕੇ ਪੱਤਣ ਤੋਂ ਲੈ ਕੇ ਫਿਰੋਜ਼ਪੁਰ ਦੇ ਹੁਸੈਨੀਵਾਲਾ ਹੈੱਡ ਵਰਕਸ ਤੱਕ ਦਰਿਆ 'ਚ ਆਮ ਦਿਨਾਂ 'ਚ ਪਾਣੀ ਨਹੀਂ ਛੱਡਿਆ ਜਾਂਦਾ। ਇਸ ਕਾਰਨ ਇਸ ਦਰਿਆ ਦੀ ਜ਼ਮੀਨ 'ਤੇ ਕਿਸਾਨਾਂ ਨੇ ਕਬਜ਼ੇ ਕਰ ਲਏ ਹਨ। ਕਿਸਾਨਾਂ ਨੇ ਆਪਣੀ ਲੋੜ ਮੁਤਾਬਕ ਦਰਿਆ 'ਚ ਮਿੱਟੀ ਪਾ ਕੇ ਖੇਤ ਬਣਾ ਲਏ ਹਨ। ਇਨ੍ਹਾਂ ਕਬਜ਼ਿਆਂ ਦਾ ਖੁਲਾਸਾ ਕਰਦਿਆਂ ਦਸੰਬਰ 2022 ਵਿਚ ਇੱਕ ਰਿਪੋਰਟ ਪ੍ਰਕਾਸ਼ਤ ਹੋਈ ਸੀ। ਰਿਪੋਰਟ ਦਾ ਨੋਟਿਸ ਲੈਂਦਿਆਂ ਤੱਤਕਾਲੀ ਡਿਪਟੀ ਕਮਿਸ਼ਨਰ ਨੇ ਵੀ ਦਰਿਆਈ ਪਿੰਡਾਂ ਨਾਲ ਸਬੰਧਤ ਪਟਵਾਰੀਆਂ ਤੋਂ ਕਬਜ਼ਿਆਂ ਦੀ ਰਿਪੋਰਟ ਤਲਬ ਕੀਤੀ ਸੀ। ਤੈਅ ਸਮੇਂ 'ਚ ਪਟਵਾਰੀਆਂ ਨੇ ਕੋਈ ਜਵਾਬ ਨਹੀਂ ਦਿੱਤਾ ਸੀ। ਇਸੇ ਦੌਰਾਨ ਤੱਤਕਾਲੀ ਡਿਪਟੀ ਕਮਿਸ਼ਨਰ ਦਾ ਤਬਾਦਲਾ ਹੋ ਗਿਆ ਤੇ ਮਾਮਲਾ ਠੰਢੇ ਬਸਤੇ 'ਚ ਪੈ ਗਿਆ। ਇਸ ਮਾਮਲੇ 'ਚ ਜਦੋਂ ਵੇਲੇ ਦੇ ਅਧਿਕਾਰੀ ਕਾਰਵਾਈ ਕਰਨ ਤੋਂ ਅਸਮਰਥ ਨਜ਼ਰ ਆਏ ਤਾਂ ਰਾਸ਼ਟਰੀ ਗ੍ਰੀਨ ਟ੍ਰਿਬਿਊਨਲ (ਐੱਨ.ਜੀ.ਟੀ.) ਨੇ ਇਸ ਦਾ ਨੋਟਿਸ ਲੈ ਲਿਆ।*

*ਐੱਨ.ਜੀ.ਟੀ. ਕੋਲ ਪੇਸ਼ੀ ਦੌਰਾਨ ਸੂਬਾ ਸਰਕਾਰ ਦੇ ਅਧਿਕਾਰੀਆਂ ਕੋਲ ਕੋਈ ਜਵਾਬ ਨਾ ਹੋਣ ਕਾਰਨ ਉਨ੍ਹਾਂ ਨੂੰ ਟ੍ਰਿਬਿਊਨਲ ਦੀਆਂ ਖਰੀਆਂ- ਖੋਟੀਆਂ ਸੁਣਨੀਆਂ ਪਈਆਂ ਤੇ ਅਧਿਕਾਰੀਆਂ ਨੂੰ 25 ਹਜ਼ਾਰ ਰੁਪਏ ਤੱਕ ਦਾ ਜੁਰਮਾਨਾ ਵੀ ਹੋਇਆ। ਇਸ ਦੇ ਬਾਵਜੂਦ ਪੰਜਾਬ ਸਰਕਾਰ ਦੇ ਅਧਿਕਾਰੀਆਂ ਦਾ ਰਵੱਈਆ ਟਾਲ-ਮਟੋਲ ਵਾਲਾ ਹੀ ਰਿਹਾ। ਇਹੀ ਕਾਰਨ ਹੈ ਕਿ ਕਬਜ਼ੇ ਬਰਕਰਾਰ ਹਨ ਤੇ ਹੜ੍ਹਾਂ ਦਾ ਖ਼ਤਰਾ ਬਣਿਆ ਹੋਇਆ ਹੈ। ਕੁਦਰਤ ਦੀ ਕਰੋਪੀ ਅਤੇ ਪ੍ਰਬੰਧਕਾਂ ਦੀ ਅਣਗਹਿਲੀ ਕਾਰਨ ਪੰਜਾਬ ਵਿਚ ਮੰਡਰਾ ਰਹੇ ਹੜ੍ਹਾਂ ਦੇ ਖ਼ਤਰੇ ਨੇ ਅੱਜਕਲ ਪੰਜਾਬ ਦੇ ਲੋਕਾਂ ਦੇ ਸਾਹ ਸੂਤੇ ਹੋਏ ਹਨ।*

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਮੁਸ਼ਕਿਲਾਂ ਨਹੀਂ ਸਜ਼ਾ

*ਸੁਣ ਲੈ 'ਕਾਣੀਏਂ' ਐਵੇਂ ਨਾ 'ਹੁੱਬ' ਹਾਲੇ ਚੜ੍ਹਿਆ ਘੋੜੇ 'ਤੇ ਉਦੋਂ ਹੀ 'ਜਾਣੀਏਂ' ਜੀ।*
*ਕੇਸ ਕੋਰਟ ਵਿਚ ਜਾ ਕੇ ਵੀ ਬਦਲ ਜਾਂਦੇ ਖਿੱਚਾ-ਧੂਹੀ ਦਾ ਸੁਆਦ ਹੀ ਮਾਣੀਏਂ ਜੀ।*
*ਸੋਸ਼ਲ ਮੀਡੀਆ 'ਭਖਦਾ' ਜੋ ਅੱਗ ਵਾਂਗੂੰ 'ਬਰਫ' ਹੋ ਜਾਂਦਾ ਪਲਾਂ ਵਿਚ ਠਾਣੀਏਂ ਜੀ।*
*'ਫਾਹੇ ਲੱਗਿਆ' ਸਿਆਸਤੀ ਚੋਰ ਕਿਹੜਾ ਜ਼ਰਾ ਪਹਿਲੇ ਇਤਿਹਾਸ ਨੂੰ 'ਛਾਣੀਏਂ' ਜੀ।*
*ਜਿਹਦੀ ਚੱਲ ਰਹੀ 'ਜਾਂਚ-ਪੜਤਾਲ' ਹੋਵੇ ਸੁਣੀਏਂ ਇਹੋ ਕਿ 'ਮੁਸ਼ਕਿਲਾਂ ਵਧਦੀਆਂ' ਨੇ।*
*ਜਨਤਾ ਖਬਰ ਇਹ ਸੁਣਨ ਨੂੰ ਤਾਂਘਦੀ ਐ 'ਲੋਟੂ ਲੀਡਰ' ਨੂੰ ਜੇਲ੍ਹਾਂ ਕਦ ਸੱਦਦੀਆਂ ਨੇ।*

# ਪੰਜਾਬ ਵਿਚ ਨਸ਼ਿਆਂ ਦਾ ਮਸਲਾ; ਮਜੀਠੀਆ ਦੀ ਗ੍ਰਿਫਤਾਰੀ ਅਤੇ 'ਆਪ' ਸਰਕਾਰ ਦਾ ਏਜੰਡਾ

ਨਵਕਿਰਨ ਸਿੰਘ ਪੱਤੀ
ਈਮੇਲ: n4navkiran@gmail.com



ਲੰਘੀ 25 ਜੂਨ ਨੂੰ ਵਿਜੀਲੈਂਸ ਵੱਲੋਂ ਸਵੇਰੇ-ਸਵੇਰੇ ਪੰਜਾਬ ਦੇ ਸਾਬਕਾ ਕੈਬਨਿਟ ਮੰਤਰੀ ਅਤੇ ਅਕਾਲੀ ਆਗੂ ਬਿਕਰਮ ਮਜੀਠੀਆ ਨੂੰ ਉਨ੍ਹਾਂ ਦੀ ਅੰਮ੍ਰਿਤਸਰ ਰਿਹਾਇਸ਼ ਤੋਂ ਗ੍ਰਿਫ਼ਤਾਰ ਕਰਨ ਦਾ ਮਾਮਲਾ ਸੁਰਖੀਆਂ ਵਿਚ ਹੈ। ਭਾਵੇਂ 11 ਦਿਨ ਦੀ ਪੁੱਛ-ਗਿੱਛ ਤੋਂ ਬਾਅਦ ਮਜੀਠੀਆ ਨੂੰ ਜੇਲ੍ਹ ਭੇਜ ਦਿੱਤਾ ਗਿਆ ਹੈ, ਲੇਕਿਨ ਫਿਰ ਵੀ ਇਸ ਮਾਮਲੇ ਦੀ ਚਰਚਾ ਰੁਕਣ ਦਾ ਨਾਮ ਲਈ ਲੈ ਰਹੀ ਹੈ। 'ਆਪ' ਵਿਧਾਇਕ ਕੁੰਵਰ ਵਿਜੇ ਪ੍ਰਤਾਪ ਸਿੰਘ ਸਮੇਤ ਕਾਂਗਰਸ ਦੇ ਕੁੱਝ ਆਗੂਆਂ ਵੱਲੋਂ ਜਿੱਥੇ ਮਜੀਠੀਆ ਨੂੰ ਗ੍ਰਿਫ਼ਤਾਰ ਕਰਨ ਦੇ ਢੰਗ ਦੀ ਨਿਖੇਧੀ ਕਰਦਿਆਂ ਸੂਬਾ ਸਰਕਾਰ ਦੀ ਮਨਸ਼ਾ ਉੱਪਰ ਸਵਾਲ ਖੜ੍ਹਾ ਕੀਤੇ ਹਨ, ਉੱਥੇ ਹੀ ਪੰਜਾਬ ਸਰਕਾਰ ਅਤੇ ਕੇਜਰੀਵਾਲ ਸਮੇਤ ਤਮਾਮ 'ਆਪ' ਆਗੂ ਮਜੀਠੀਆ ਦੀ ਗ੍ਰਿਫ਼ਤਾਰੀ ਨੂੰ ਨਸ਼ਿਆਂ ਵਿਰੁੱਧ ਛੇੜੀ ਗਈ ਮੁਹਿੰਮ 'ਯੁੱਧ ਨਸ਼ੇ ਵਿਰੁੱਧ' ਦੀ ਅਹਿਮ ਪ੍ਰਾਪਤੀ ਵਜੋਂ ਪ੍ਰਚਾਰ ਰਹੇ ਹਨ, ਹਾਲਾਂਕਿ ਮਜੀਠੀਆਂ ਖਿਲਾਫ ਦਰਜ਼ ਕੀਤੀ ਐਫ.ਆਈ.ਆਰ. ਦਾ ਕੇਂਦਰ ਬਿੰਦੂ ਆਮਦਨ ਤੋਂ ਵੱਧ ਜਾਇਦਾਦ ਹੈ। ਜਿਸ ਤਰ੍ਹਾਂ ਸੂਬਾ ਸਰਕਾਰ ਵੱਲੋਂ ਮਜੀਠੀਆ ਮਾਮਲੇ ਉੱਪਰ ਪ੍ਰੈੱਸ ਕਾਨਫਰੰਸਾਂ ਕੀਤੀਆਂ ਜਾ ਰਹੀਆਂ ਹਨ ਅਤੇ ਮੁੱਖ ਮੰਤਰੀ ਵੱਲੋਂ ਹਰ ਸਟੇਜ਼ 'ਤੇ ਮਜੀਠੀਆ ਦਾ ਜ਼ਿਕਰ ਕਰਕੇ ਇਸ ਮਾਮਲੇ ਨੂੰ ਉਭਾਰਿਆ ਜਾ ਰਿਹਾ ਹੈ, ਉਹ ਠੋਸ ਕਾਰਵਾਈ ਦੀ ਬਜਾਏ ਸਿਆਸੀ ਡਰਾਮੇਬਾਜੀ ਜਿਆਦਾ ਲੱਗ ਰਿਹਾ ਹੈ। ਜੇਕਰ ਭਗਵੰਤ ਮਾਨ ਸਰਕਾਰ ਮਜੀਠੀਆ ਖਿਲਾਫ ਕਾਰਵਾਈ ਕਰਨ ਲਈ ਸੱਚ-ਮੁੱਚ ਐਨੀ ਹੀ ਸੁਹਿਰਦ ਹੁੰਦੀ ਤਾਂ ਸਰਕਾਰ ਸਾਢੇ ਤਿੰਨ ਸਾਲ ਪਹਿਲਾਂ ਹੀ ਕੋਈ ਠੋਸ ਕਾਰਵਾਈ ਕਰਦੀ।

ਨਸ਼ਿਆਂ ਦੇ ਮਾਮਲੇ ਵਿਚ ਮਜੀਠੀਆ ਖਿਲਾਫ ਐਫ.ਆਈ.ਆਰ. ਤਾਂ ਚਰਨਜੀਤ ਸਿੰਘ ਚੰਨੀ ਦੇ ਮੁੱਖ ਮੰਤਰੀ ਹੁੰਦਿਆਂ ਐੱਨ.ਡੀ.ਪੀ.ਐੱਸ. ਐਕਟ ਦੀ ਧਾਰਾ 25, 27-ਏ ਅਤੇ 29 ਤਹਿਤ ਦਸੰਬਰ 2021 ਵਿਚ ਦਰਜ਼ ਹੋਈ ਸੀ। ਇਸ ਐਫ.ਆਈ.ਆਰ. ਤਹਿਤ ਮਜੀਠੀਆ ਨੂੰ ਸਾਢੇ ਪੰਜ ਮਹੀਨੇ ਜੇਲ੍ਹ ਵਿਚ ਰਹਿਣ ਉਪਰੰਤ 2022 ਵਿਚ ਭਗਵੰਤ ਮਾਨ ਸਰਕਾਰ ਵੱਲੋਂ ਕੇਸ ਦੀ ਸਹੀ ਢੰਗ ਨਾਲ ਪੈਰਵਾਈ ਨਾ ਕਰਨ ਕਰਕੇ ਪੰਜਾਬ ਅਤੇ ਹਰਿਆਣਾ ਹਾਈਕੋਰਟ ਤੋਂ ਜ਼ਮਾਨਤ ਮਿਲ ਗਈ ਸੀ। ਇਸ ਵਿਚ ਕੋਈ ਦੋ ਰਾਵਾਂ ਨਹੀਂ ਹਨ ਕਿ ਭਗਵੰਤ ਮਾਨ ਸਰਕਾਰ ਨੇ 2022 ਵਿਚ ਜੇਲ੍ਹ ਅੰਦਰ ਬੰਦ ਮਜੀਠੀਆ ਤੋਂ ਪੁੱਛ-ਗਿੱਛ ਨਹੀਂ ਕੀਤੀ, ਸਮੇਂ ਸਿਰ ਚਲਾਨ ਪੇਸ਼ ਨਹੀਂ ਕੀਤਾ ਜਿਸ ਕਾਰਨ ਉਸਦੀ ਸੌਖਿਆ ਹੀ ਜ਼ਮਾਨਤ ਹੋ ਗਈ ਸੀ। ਹੁਣ ਤਿੰਨ ਸਾਲ ਬਾਅਦ ਸਰਕਾਰ ਦਾ ਦਾਅਵਾ ਹੈ ਕਿ ਵਿਸ਼ੇਸ਼ ਜਾਂਚ ਟੀਮ (ਐੱਸ.ਆਈ.ਟੀ.) ਵੱਲੋਂ ਕੀਤੀ ਗਈ ਜਾਂਚ ਵਿਚ ਪਾਇਆ ਗਿਆ ਹੈ ਕਿ ਮਜੀਠੀਆ ਵੱਲੋਂ ਗ਼ੈਰ-ਕਾਨੂੰਨੀ ਨਸ਼ੀਲੇ ਪਦਾਰਥਾਂ ਦੀ ਕਮਾਈ ਨੂੰ ਵੱਡੇ ਪੱਧਰ 'ਤੇ ਸਫੇਦ ਧਨ ਵਿਚ ਤਬਦੀਲ ਕੀਤਾ ਗਿਆ ਹੈ। ਇਸ ਵਿਚ ਕੋਈ ਦੋ ਰਾਵਾਂ ਨਹੀਂ ਹਨ ਕਿ ਨਸ਼ਿਆਂ ਦਾ ਮਾਮਲਾ ਪੰਜਾਬ ਵਿਚ ਪਿਛਲੇ ਕਈ ਦਹਾਕਿਆਂ ਤੋਂ ਅਹਿਮ ਮੁੱਦਾ ਹੈ। ਅਕਾਲੀ-ਭਾਜਪਾ ਸਰਕਾਰ ਦੌਰਾਨ ਪੰਜਾਬ ਵਿਚ ਨਸ਼ੇ ਦਾ ਮਾਮਲਾ ਉੱਭਰਿਆ ਤਾਂ ਸਰਕਾਰ ਨੇ ਨਸ਼ਿਆਂ ਦੇ ਖਾਤਮੇ ਦੇ ਨਾਮ ਹੇਠ ਨਸ਼ਾ ਕਰਨ ਵਾਲੇ ਕੁੱਝ ਨੌਜਵਾਨਾਂ ਨੂੰ ਨਸ਼ਾ ਛੁਡਵਾਊ ਕੇਂਦਰਾਂ ਵਿਚ ਭਰਤੀ ਕਰ ਦਿੱਤਾ ਅਤੇ ਮਾੜਾ-ਮੋਟਾ ਨਸ਼ਾ ਕਰਨ ਵਾਲੇ 'ਅਮਲੀਆਂ' ਨੂੰ ਫੜ੍ਹ ਕੇ ਜੇਲ੍ਹਾਂ ਵਿਚ ਤੁੰਨ ਦਿੱਤਾ, ਹਾਲਾਂਕਿ ਇਹ ਸਰਕਾਰ ਦੀ ਨਿਰੀ ਡਰਾਮੇਬਾਜੀ ਸਾਬਤ ਹੋਈ। 2017 ਦੀਆਂ ਵਿਧਾਨ ਸਭਾ ਚੋਣਾਂ ਸਮੇਂ ਨਸ਼ਿਆਂ ਦਾ ਮਸਲਾ ਚਰਚਾ ਦਾ ਵਿਸ਼ਾ ਬਣਿਆ ਤਾਂ ਕੈਪਟਨ ਅਮਰਿੰਦਰ ਸਿੰਘ ਨੇ ਗੁੱਟਕਾ ਸਾਹਿਬ ਹੱਥ ਵਿਚ ਫੜ੍ਹ ਕੇ ਸਹੁੰ ਖਾਧੀ ਸੀ ਕਿ ਸੱਤਾ ਵਿਚ ਆਉਣ 'ਤੇ ਚਾਰ ਹਫਤਿਆਂ ਵਿਚ ਨਸ਼ਿਆਂ ਦਾ ਲੱਕ ਤੋੜ ਕੇ ਰੱਖ ਦਿਆਂਗਾ ਪਰ ਹਕੀਕਤ ਸਭ ਦੇ ਸਾਹਮਣੇ ਹੈ। 2017 ਦੀਆਂ ਚੋਣਾਂ ਬਾਅਦ ਸੱਤਾ ਹਾਸਲ ਕਰਕੇ ਕੈਪਟਨ ਅਮਰਿੰਦਰ ਸਿੰਘ



ਵੱਲੋਂ ਨਸ਼ਿਆਂ ਦੇ ਮਾਮਲੇ ਵਿਚ ਹਰਪ੍ਰੀਤ ਸਿੰਘ ਸਿੱਧੂ ਦੀ ਅਗਵਾਈ ਹੇਠ ਵਿਸ਼ੇਸ਼ ਟਾਸਕ ਫੋਰਸ (ਐੱਸ.ਟੀ.ਐੱਫ.) ਬਣਾਈ ਗਈ। ਐੱਸ.ਟੀ.ਐੱਫ. ਵੱਲੋਂ ਹੇਠਲੇ ਪੱਧਰ 'ਤੇ ਨਸ਼ਾ ਵੇਚਣ ਵਾਲਿਆਂ ਦੀਆਂ ਕੁੱਝ ਗ੍ਰਿਫਤਾਰੀਆਂ ਵੀ ਕੀਤੀਆਂ ਗਈਆਂ ਪਰ ਜਦ ਉਸ ਸਮੇਂ ਦੇ ਪੁਲਿਸ ਇੰਸਪੈਕਟਰ ਇੰਦਰਜੀਤ ਸਿੰਘ ਖਿਲਾਫ਼ ਕੇਸ ਦਰਜ ਕਰਕੇ ਜਾਂਚ ਦਾ ਦਾਇਰਾ ਐਸ.ਐਸ.ਪੀ. ਰਾਜਜੀਤ ਸਿੰਘ ਹੁੰਦਲ ਤੱਕ ਪਹੁੰਚਿਆ ਤਾਂ ਸਾਰਾ ਮਸਲਾ ਠੰਢੇ ਬਸਤੇ ਵਿਚ ਪੈ ਗਿਆ। ਨਸ਼ਿਆਂ ਦੇ ਮਾਮਲੇ ਵਿਚ ਕਰੀਬ 6 ਸਾਲ ਜੇਲ੍ਹ ਵਿਚ ਲਾਉਣ ਵਾਲੇ ਅੰਮ੍ਰਿਤਸਰ ਨਿਵਾਸੀ ਮਨਿੰਦਰ ਸਿੰਘ ਬਿੱਟੂ ਔਲਖ ਅਤੇ ਜਗਜੀਤ ਸਿੰਘ ਚਾਹਲ ਵੱਲੋਂ ਪਿਛਲੇ ਦਿਨੀਂ ਖੁਲਾਸੇ ਹਨ ਕਿ ਅਕਾਲੀ ਸਰਕਾਰ ਦੇ ਚਹੇਤੇ ਇਕ ਸਾਬਕਾ ਪੁਲਿਸ ਅਫਸਰ ਨੇ ਕਰੋੜਾਂ ਰੁਪਿਆ ਕਮਾ ਕੇ ਵਿਦੇਸ਼ ਭੇਜਿਆ ਹੈ। ਮਤਲਬ ਸਾਫ ਹੈ ਕਿ ਸੂਬੇ ਵਿਚ 'ਕੁੱਝ ਰਾਜਨੀਤਕ ਆਗੂਆਂ-ਪੁਲਿਸ-ਨਸ਼ਾ ਤਸਕਰਾਂ' ਦਾ ਤਿੰਨ ਧਿਰੀ ਗੱਠਜੋੜ ਸਰਗਰਮ ਹੈ। ਹਰ ਸਰਕਾਰ ਨੇ ਇਸ ਗੱਠਜੋੜ ਨੂੰ ਤੋੜਨ ਦੀ ਬਜਾਏ ਸਿਰਫ ਚੋਣਾਂ ਨੇੜੇ ਸਿਆਸਤ ਕੀਤੀ ਹੈ। 2022 ਦੀਆਂ ਚੋਣਾਂ ਤੋਂ ਪਹਿਲਾਂ ਚਰਨਜੀਤ ਸਿੰਘ ਚੰਨੀ ਦੀ ਸਰਕਾਰ ਨੇ ਮਜੀਠੀਆ ਖਿਲਾਫ ਕੇਸ ਦਰਜ਼ ਕਰਕੇ ਮਾਮਲਾ ਭਖਾਈ ਰੱਖਿਆ, ਹੁਣ ਪਿਛਲੀਆਂ ਸਰਕਾਰਾਂ ਦੀ ਤਰ੍ਹਾਂ 'ਆਪ' ਸਰਕਾਰ ਵੀ 2027 ਤੱਕ ਇਸ ਮਾਮਲੇ ਨੂੰ ਖਿੱਚਣਾ ਚਾਹੁੰਦੀ ਹੈ। ਮਜੀਠੀਆ ਮਾਮਲੇ ਵਿਚ ਵਿਜੀਲੈਂਸ ਵੱਲੋਂ ਪੰਜਾਬ, ਹਰਿਆਣਾ, ਦਿੱਲੀ, ਉੱਤਰ ਪ੍ਰਦੇਸ਼, ਅਤੇ ਚੰਡੀਗੜ੍ਹ ਵਿਚ ਮਜੀਠੀਆ ਨਾਲ ਜੁੜੇ ਟਿਕਾਣਿਆਂ 'ਤੇ ਕੀਤੀ ਛਾਪੇਮਾਰੀ ਵੱਲ ਲੋਕਾਂ ਦਾ ਧਿਆਨ ਖਿੱਚਿਆ ਜਾ ਰਿਹਾ ਹੈ, ਜਦਕਿ ਹਕੀਕਤ ਇਹ ਹੈ ਕਿ ਮਜੀਠੀਆ ਨੂੰ ਕਈ ਹਫਤਿਆਂ ਦੀ ਬਜਾਏ ਮਹੀਨਿਆਂ ਤੋਂ ਪਤਾ ਹੋਵੇਗਾ ਕਿ ਸਰਕਾਰ ਅਜਿਹਾ ਕਰੇਗੀ ਕਿਉਂਕਿ ਨਸ਼ਿਆਂ ਦੇ ਮਾਮਲੇ ਵਿਚ ਮਜੀਠੀਆ ਦਾ ਨਾਮ ਤਾਂ 2014 ਵਿਚ ਉਸ ਸਮੇਂ ਚਰਚਾ ਦਾ ਵਿਸ਼ਾ ਬਣਿਆ ਸੀ, ਜਦ 2014 ਵਿਚ ਜਗਦੀਸ਼ ਸਿੰਘ ਭੋਲਾ ਨੇ ਮਜੀਠੀਆ ਦਾ ਨਾਮ ਲਿਆ ਸੀ। ਮਜੀਠੀਆ ਦਾ ਮਾਮਲਾ ਇਹ ਸਮਝਣ ਲਈ ਵੀ ਬੜਾ ਦਿਲਚਸਪ ਹੈ ਕਿ ਜਿਸ ਕੋਲ ਮਹਿੰਗੇ ਤੋਂ ਮਹਿੰਗੇ ਵਕੀਲਾਂ ਦੀਆਂ ਟੀਮਾਂ ਖੜ੍ਹੀਆਂ ਕਰਨ ਲਈ ਪੈਸਾ ਹੁੰਦਾ ਹੈ ਉਹ ਕਾਨੂੰਨੀ ਦਾਅ-ਪੇਚਾਂ ਰਾਹੀਂ ਕਿਵੇਂ ਬਚ ਨਿੱਕਲਦੇ ਹਨ। 2022 ਵਿਚ ਗ੍ਰਿਫਤਾਰੀ ਤੋਂ ਬਾਅਦ ਮਜੀਠੀਆ ਦੇ ਵਕੀਲ ਬਹੁਤ ਥੋੜ੍ਹੇ ਸਮੇਂ ਵਿਚ ਹੀ ਸੁਪਰੀਮ ਕੋਰਟ ਤੱਕ ਜਾ ਪਹੁੰਚੇ ਸਨ। ਜਦ ਮਜੀਠੀਆ ਨੂੰ ਜ਼ਮਾਨਤ ਮਿਲੀ ਸੀ, ਉਸ ਤੋਂ ਪਹਿਲਾਂ ਮਜੀਠੀਆ ਕੇਸ ਦੀ ਸੁਣਵਾਈ ਦੌਰਾਨ ਪੰਜਾਬ ਤੇ ਹਰਿਆਣਾ ਹਾਈਕੋਰਟ ਦੇ ਦੋ ਜੱਜਾਂ ਨੇ ਆਪਣੇ-ਆਪ ਨੂੰ ਇਸ ਕੇਸ ਦੀ ਸੁਣਵਾਈ ਤੋਂ ਪਾਸੇ ਕਰ ਲਿਆ ਸੀ। ਹਾਈਕੋਰਟ ਦੇ ਚੀਫ਼ ਜਸਟਿਸ ਨੇ ਪਹਿਲਾਂ ਮਜੀਠੀਆ ਕੇਸ ਦੀ ਸੁਣਵਾਈ ਲਈ ਜਸਟਿਸ ਏ.ਜੀ. ਮਸੀਹ ਅਤੇ ਜਸਟਿਸ ਸੰਦੀਪ ਮੌਦਗਿਲ ਦੀ ਬੈਂਚ ਦਾ ਗਠਨ ਕੀਤਾ ਸੀ ਤੇ ਇਨ੍ਹਾਂ ਵਿਚੋਂ ਜਸਟਿਸ ਮਸੀਹ ਨੇ ਸੁਣਵਾਈ ਕਰਨ ਤੋਂ ਇਨਕਾਰ ਕਰਦਿਆਂ ਆਪਣੇ-ਆਪ ਨੂੰ ਕੇਸ ਤੋਂ ਪਾਸੇ ਕਰ ਲਿਆ ਸੀ। ਇਸ ਤੋਂ ਬਾਅਦ ਇਹ ਕੇਸ ਜਸਟਿਸ ਰਾ" ਅਤੇ ਜਸਟਿਸ ਅਨੂਪ ਚਿਤਕਾਰਾ ਦੀ ਬੈਂਚ ਕੋਲ ਭੇਜ ਦਿੱਤਾ ਗਿਆ ਸੀ, ਪਰ ਜਸਟਿਸ ਅਨੂਪ ਚਿਤਕਾਰਾ ਨੇ ਵੀ ਆਪਣੇ ਆਪ ਨੂੰ ਕੇਸ ਤੋਂ ਪਾਸੇ ਕਰ ਲਿਆ ਸੀ ਤੇ ਚੀਫ਼ ਜਸਟਿਸ ਵੱਲੋਂ ਨਿਯੁਕਤ ਤੀਸਰੇ ਬੈਂਚ ਨੇ ਸੁਣਵਾਈ ਕਰਦਿਆਂ ਇਸ ਕੇਸ ਵਿਚ ਮਜੀਠੀਆ ਨੂੰ ਜ਼ਮਾਨਤ ਦਿੱਤੀ ਸੀ।

ਕਾਂਗਰਸ ਦੇ ਚਰਨਜੀਤ ਸਿੰਘ ਚੰਨੀ, ਪ੍ਰਤਾਪ ਸਿੰਘ ਬਾਜਵਾ ਵਰਗੇ ਆਗੂਆਂ ਵੱਲੋਂ ਮਜੀਠੀਆ ਮਾਮਲੇ ਵਿਚ ਮਾਰੇ ਯੂ-ਟਰਨ ਨੂੰ ਤਾਂ ਸਭ ਨੇ ਹੀ ਵੇਖਿਆ-ਸੁਣਿਆ ਹੈ, ਪਰ ਇਸ ਤੋਂ ਵੀ ਅੱਗੇ ਤੱਥ ਇਹ ਹਨ ਕਿ ਕਾਂਗਰਸ ਸਰਕਾਰ ਨੇ ਵੀ ਮਜੀਠੀਆ ਖਿਲਾਫ ਪੁਖਤਾ ਕਾਰਵਾਈ ਦੀ ਬਜਾਏ ਸਿਰਫ ਸਿਆਸੀ ਲਾਹਾ ਹੀ ਲਿਆ ਸੀ। ਚੰਨੀ ਸਰਕਾਰ ਨੇ 2021 ਵਿਚ ਮਜੀਠੀਆ ਖਿਲਾਫ ਕੇਸ ਤਾਂ ਦਰਜ਼ ਕੀਤਾ ਸੀ ਪਰ ਉਸਦੀ ਗ੍ਰਿਫਤਾਰੀ ਲਈ ਬਹੁਤਾ ਤਰੱਦਦ ਨਹੀਂ ਕੀਤਾ ਸੀ, ਜਿਸ ਤੋਂ ਜਾਹਿਰ ਹੁੰਦਾ ਹੈ ਕਿ ਇਹ ਸਿਰਫ ਸਿਆਸੀ ਸਟੰਟ ਸੀ। ਕੇਸ ਦਰਜ਼ ਕਰਨ ਤੋਂ ਬਾਅਦ ਲੱਗਭੱਗ ਡੇਢ ਮਹੀਨਾ ਮਜੀਠੀਆ 'ਰੂਪੋਸ਼' ਰਿਹਾ ਤੇ ਚੰਨੀ ਸਰਕਾਰ ਨੇ ਉਸਨੂੰ ਗ੍ਰਿਫਤਾਰ ਕਰਨ ਲਈ ਕੋਈ ਬਹੁਤਾ ਜੋਰ ਨਹੀਂ ਲਗਾਇਆ। ਆਮ ਤੌਰ 'ਤੇ ਜੇਕਰ ਕਿਸੇ ਗੰਭੀਰ ਕੇਸ ਵਿਚ ਨਾਮਜ਼ਦ ਕੋਈ ਵਿਅਕਤੀ ਪੁਲਿਸ ਅੱਗੇ ਪੇਸ਼ ਨਹੀਂ ਹੁੰਦਾ ਤਾਂ ਪੁਲਿਸ ਉਸਦੇ ਪਰਿਵਾਰ/ਨੇੜਲੇ ਮਿੱਤਰਾਂ 'ਤੇ ਦਬਾਅ ਬਣਾਉਂਦੀ ਹੈ ਤੇ ਕਈ ਤਰ੍ਹਾਂ ਦੇ ਹੋਰ ਢੰਗ ਅਪਣਾਉਂਦੀ ਹੈ ਪਰ ਇਸ 'ਖਾਸ' ਮਾਮਲੇ ਵਿਚ ਅਜਿਹਾ ਨਹੀਂ ਹੋਇਆ। ਇਸ ਸਮੇਂ ਦੌਰਾਨ ਮਜੀਠੀਆ ਅਦਾਲਤ ਤੋਂ ਰਾਹਤ ਲੈਣ ਵਿਚ ਕਾਮਯਾਬ ਰਿਹਾ ਸੀ ਤੇ ਸੁਪਰੀਮ ਕੋਰਟ ਨੇ ਮਜੀਠੀਆ ਦੇ ਚੋਣ ਲੜਨ ਤੱਕ ਗ੍ਰਿਫਤਾਰੀ 'ਤੇ ਰੋਕ ਲਗਾ ਦਿੱਤੀ ਸੀ। ਚੋਣਾਂ ਤੋਂ ਬਾਅਦ ਅਦਾਲਤੀ ਹੁਕਮਾਂ ਤਹਿਤ ਮਜੀਠੀਆ 24 ਫਰਵਰੀ ਨੂੰ ਜੇਲ੍ਹ ਚਲਾ ਗਿਆ ਸੀ ਅਤੇ ਮਜੀਠੀਆ ਦੇ ਜੇਲ੍ਹ ਜਾਣ ਦੇ ਕਰੀਬ 20 ਦਿਨ ਬਾਅਦ 16 ਮਾਰਚ ਨੂੰ ਭਗਵੰਤ ਮਾਨ ਨੇ ਮੁੱਖ ਮੰਤਰੀ ਵਜ਼ੋਂ ਸਹੁੰ ਚੁੱਕ ਲਈ ਸੀ। ਮਾਨ ਸਰਕਾਰ ਨੇ ਇਸ ਮਾਮਲੇ ਵਿਚ ਨਵੀਂ ਐੱਸ.ਆਈ.ਟੀ. ਦਾ ਗਠਨ ਤਾਂ ਕੀਤਾ ਸੀ ਪਰ ਜੇਲ੍ਹ ਵਿਚ ਬੰਦ ਮਜੀਠੀਆ ਦਾ ਪੁਲਿਸ ਰਿਮਾਂਡ ਲੈਣ ਦੀ ਮੰਗ ਨਹੀਂ ਕੀਤੀ ਸੀ। ਜਿਹੜਾ 11 ਦਿਨ ਦਾ ਹੁਣ ਰਿਮਾਂਡ ਲਿਆ ਗਿਆ, ਜੇਕਰ ਇਹੋ ਰਿਮਾਂਡ ਸਾਢੇ ਤਿੰਨ ਸਾਲ ਪਹਿਲਾਂ ਲਿਆ ਹੁੰਦਾ ਤਾਂ ਸ਼ਾਇਦ ਸਥਿਤੀ ਹੀ ਹੋਰ ਹੋਣੀ ਸੀ, ਕਿਉਂਕਿ ਮਜੀਠੀਆ ਨੂੰ ਜ਼ਮਾਨਤ ਦੇਣ ਸਮੇਂ ਹਾਈਕੋਰਟ ਦੇ ਬੈਂਚ ਨੇ ਇਸ ਗੱਲ ਦਾ ਪ੍ਰਮੁੱਖਤਾ ਨਾਲ ਜ਼ਿਕਰ ਕੀਤਾ ਹੈ ਕਿ ਮਜੀਠੀਆ ਦਾ ਪੁਲਿਸ ਰਿਮਾਂਡ ਨਹੀਂ ਲਿਆ ਗਿਆ। ਸੋ ਸਥਿਤੀ ਸਾਫ ਹੈ ਕਿ ਮਜੀਠੀਆ ਕੋਈ ਦੁੱਧ ਧੋਤਾ ਨਹੀਂ ਹੈ ਪਰ ਉਸ ਖਿਲਾਫ ਪੁਖਤਾ ਕਾਰਵਾਈ ਦੀ ਬਜਾਏ ਇਸ ਮਸਲੇ ਨੂੰ ਇੱਕ ਸਿਆਸੀ ਮਸਲਾ ਬਣਾ ਕੇ ਕਾਂਗਰਸ, ਭਾਜਪਾ ਤੇ 'ਆਪ' ਸਿਆਸੀ ਲਾਹਾ ਤਾਂ ਲੈਣਾ ਚਾਹੁੰਦੀਆਂ ਹਨ। ਪਰ ਨਸ਼ਿਆਂ ਦੇ ਮਸਲੇ ਨੂੰ ਸਹੀ ਢੰਗ ਨਾਲ ਹੱਲ ਨਹੀਂ ਕਰਨਾ ਚਾਹੁੰਦੀਆਂ। ਵੈਸੇ ਵੀ 2018 ਵਿਚ ਨਸ਼ਾ ਤਸਕਰੀ ਦੇ ਇਲਜ਼ਾਮ ਲਾਉਣ ਦੇ ਮਾਮਲੇ ਵਿਚ ਮਾਨਹਾਨੀ ਦੇ ਕੇਸ ਦਾ ਸਾਹਮਣਾ ਕਰਨ ਦੀ ਬਜਾਏ ਮਜੀਠੀਆ ਤੋਂ ਲਿਖਤੀ ਰੂਪ ਵਿਚ ਮੁਆਫੀ ਮੰਗਣ ਵਾਲੇ ਕੇਜਰੀਵਾਲ ਅਤੇ ਉਸਦੀ ਟੀਮ ਨੂੰ ਹੁਣ ਮਜੀਠੀਆ ਦੀ ਗ੍ਰਿਫਤਾਰੀ ਤੋਂ ਬਾਅਦ ਵੱਡੇ-ਵੱਡੇ ਦਮਗਜ਼ੇ ਮਾਰਨ ਦਾ ਨੈਤਿਕ ਹੱਕ ਨਹੀਂ ਹੈ। ਉਂਝ ਸਾਡੇ ਪੰਜਾਬ ਵਿਚ ਸਿੰਥੈਟਿਕ ਨਸ਼ੇ 1990ਵਿਆਂ ਦੇ ਦੌਰ ਵਿਚ ਉਸ ਸਮੇਂ ਜਿਆਦਾ ਪ੍ਰਚੱਲਿਤ ਹੋਏ ਹਨ ਜਦ ਭੁੱਕੀ, ਅਫੀਮ ਵਰਗੇ ਰਵਾਇਤੀ ਨਸ਼ਿਆਂ ਉੱਪਰ ਸਖਤੀ ਕੀਤੀ ਗਈ, ਨਸ਼ਿਆਂ ਦੇ ਖਾਤਮੇ ਦਾ ਮਸਲਾ ਸਿਰਫ ਗ੍ਰਿਫਤਾਰੀਆਂ, ਸਜ਼ਾਵਾਂ ਜਾਂ ਸਖਤੀ ਨਾਲ ਹੱਲ ਕਰਨਾ ਸੰਭਵ ਨਹੀਂ ਹੈ ਬਲਕਿ ਪੰਜਾਬ ਪੱਖੀ ਬੁੱਧੀਜੀਵੀਆਂ, ਚਿੰਤਕਾਂ, ਜਨਤਕ ਆਗੂਆਂ ਨੂੰ ਇਸਦਾ ਠੋਸ ਹੱਲ ਪੇਸ਼ ਕਰਨਾ ਹੋਵੇਗਾ।

# ਅਮਰੀਕੀ ਯੂਨੀਵਰਸਿਟੀਆਂ ਵਿਚ ਸੁੰਗੜ ਰਹੀ ਜਮਹੂਰੀ ਸਪੇਸ

***ਯੂਸੀਐੱਸਐੱਫ ਵੱਲੋਂ ਡਾ. ਰੂਪਾ ਮਾਰੀਆ ਨੂੰ ਨੌਕਰੀ ਤੋਂ ਬਰਖ਼ਾਸਤ ਕਰ ਦਿੱਤਾ ਗਿਆ ਹੈ। ਇਹ ਅਜਿਹਾ ਪਹਿਲਾ ਕੇਸ ਨਹੀਂ ਹੈ, ਇਹ ਅਮਰੀਕੀ ਯੂਨੀਵਰਸਿਟੀਆਂ ਵਿਚ ਅਕਾਦਮਿਕ ਸੁਤੰਤਰਤਾ ਅਤੇ ਪ੍ਰਗਟਾਵੇ ਦੀ ਆਜ਼ਾਦੀ ਦੇ ਘਟਣ ਵੱਲ ਇਸ਼ਾਰਾ ਹੈ। ਇਤਿਹਾਸਕ ਹਵਾਲੇ ਨਾਲ ਇਨ੍ਹਾਂ ਪੱਖਾਂ ਦੀ ਚਰਚਾ ਇਸ ਲੇਖ ਵਿਚ ਸਾਡੇ ਕਾਲਮਨਵੀਸ ਬੂਟਾ ਸਿੰਘ ਮਹਿਮੂਦਪੁਰ ਨੇ ਕੀਤੀ ਹੈ।-ਸੰਪਾਦਕ॥***

ਭਾਰਤੀ ਮੂਲ ਦੀ ਡਾਕਟਰ ਰੂਪਾ ਮਾਰੀਆ ਦੀ ਕੈਲੀਫੋਰਨੀਆ ਯੂਨੀਵਰਸਿਟੀ, ਸਾਨਫ੍ਰਾਂਸਿਸਕੋ ਤੋਂ ਬਰਖ਼ਾਸਤਗੀ ਨੇ ਅਮਰੀਕੀ ਸਟੇਟ ਦੀ ਤਾਨਾਸ਼ਾਹ ਖਸਲਤ ਇਕ ਵਾਰ ਫਿਰ ਪੂਰੀ ਦੁਨੀਆ ਨੂੰ ਦਿਖਾ ਦਿੱਤੀ ਹੈ। ਡਾ. ਮਾਰੀਆ ਨੂੰ 23 ਸਾਲ ਦੀ ਬੇਦਾਗ਼ ਨੌਕਰੀ ਦੇ ਬਾਵਜੂਦ ਕੱਢ ਦਿੱਤਾ ਗਿਆ, ਕਿਉਂਕਿ ਉਸਨੇ ਜ਼ਾਇਓਨਿਜ਼ਮ ਨੂੰ ਨਸਲਵਾਦੀ ਵਿਚਾਰਧਾਰਾ ਕਰਾਰ ਦਿੰਦੇ ਹੋਏ ਇਸਦੇ ਸਿਹਤ ਸੇਵਾਵਾਂ ਅਤੇ ਫਲਸਤੀਨੀ ਮਨੁੱਖੀ ਹੱਕਾਂ ਉੱਪਰ ਹਾਨੀਕਾਰਕ ਪ੍ਰਭਾਵਾਂ ਬਾਰੇ ਡੱਟ ਕੇ ਆਵਾਜ਼ ਉਠਾਈ ਸੀ। ਉਸ ਨੇ ਇਜ਼ਰਾਈਲ ਦੀ ਗਾਜ਼ਾ ਵਿਰੁੱਧ ਜੰਗ ਦੀ ਨਿੰਦਾ ਕੀਤੀ, ਉਹ ਫਲਸਤੀਨੀ ਸਿਹਤ ਕਾਮਿਆਂ ਦੇ ਹੱਕ ਵਿਚ ਖੜ੍ਹੀ,

**ਬੂਟਾ ਸਿੰਘ ਮਹਿਮੂਦਪੁਰ**

ਅਤੇ ਉਸਨੇ ਅਮਰੀਕੀ ਅਕਾਦਮਿਕ ਮੈਡੀਸਨ ਦੇ ਜ਼ਾਇਓਨਿਸਟ ਦਾਨੀਆਂ ਨਾਲ ਸਬੰਧਾਂ ਦੀ ਜਵਾਬਦੇਹੀ ਦੀ ਮੰਗ ਕੀਤੀ ਸੀ, ਇਸ ਕਾਰਨ ਉਸਨੂੰ ਜਾਬਰ ਸੰਸਥਾਗਤ ਪ੍ਰਤੀਕਰਮ ਦਾ ਸਾਹਮਣਾ ਕਰਨਾ ਪਿਆ। ਸਿਹਤ ਸੇਵਾਵਾਂ ਦੇ ਖੇਤਰ ਵਿਚ ਉਸਦੀ ਦਹਾਕੇ ਲੰਮੀ ਸਾਫ਼-ਸੁਥਰੀ ਕਾਰਗੁਜ਼ਾਰੀ ਦੇ ਬਾਵਜੂਦ, ਯੂਨੀਵਰਸਿਟੀ ਨੇ ਉਸਦੇ ਰਿਕਾਰਡ ਵਿਚ 10-ਸਾਲ ਦੀ ਨਾਂਹਪੱਖੀ ਰਿਪੋਰਟ ਦਰਜ ਕੀਤੀ ਹੈ, ਜੋ ਉਸਦੇ ਮੈਡੀਕਲ ਕਰੀਅਰ ਨੂੰ ਤਬਾਹ ਕਰਨ ਦੀ ਮਨਸ਼ਾ ਨਾਲ ਕੀਤਾ ਗਿਆ ਹੈ। ਯੂਨੀਵਰਸਿਟੀ ਨੇ ਡਾ. ਮਾਰੀਆ ਦੀਆਂ ਸੋਸ਼ਲ ਮੀਡੀਆ ਪੋਸਟਾਂ ਨੂੰ ਯਹੂਦੀ-ਵਿਰੋਧੀ ਦੱਸਿਆ, ਜਦੋਂਕਿ ਮਾਰੀਆ ਅਤੇ ਉਸ ਵਰਗੇ ਹੋਰ ਜਾਗਦੀਆਂ ਜ਼ਮੀਰਾਂ ਵਾਲਿਆਂ ਦੀ ਇਹ ਆਵਾਜ਼ ਸੰਵਿਧਾਨਿਕ ਹੱਕਾਂ, ਨੈਤਿਕ ਭਾਵਨਾਵਾਂ ਤੋਂ ਪ੍ਰੇਰਿਤ ਹੈ। ਮਾਰੀਆ ਝੁਕੀ ਨਹੀਂ, ਉਸਨੇ ਯੂਨੀਵਰਸਿਟੀ ਦੇ ਫ਼ਲਸਤੀਨੀ ਪੱਖੀ ਆਵਾਜ਼ਾਂ ਦੀ ਜ਼ੁਬਾਨਬੰਦੀ ਕਰਨ ਦੇ ਦਸਤੂਰ ਦਾ ਪਰਦਾਫਾਸ਼ ਕਰਦਿਆਂ ਅਮਰੀਕੀ ਸੰਵਿਧਾਨ ਵਿਚ ਦਰਜ ਨਾਗਰਿਕ ਹੱਕਾਂ ਦੀ ਸੁਰੱਖਿਆ ਅਤੇ ਨਾਗਰਿਕ ਹੱਕਾਂ ਦੇ ਹਵਾਲੇ ਨਾਲ ਮੁਕੱਦਮੇ ਦਾਇਰ ਕੀਤੇ ਹਨ।




ਡਾ. ਮਾਰੀਆ ਦਾ ਮਾਮਲਾ ਨਾ ਪਹਿਲਾ ਹੈ ਅਤੇ ਨਾ ਆਖ਼ਰੀ। ਬਹੁਤ ਸਾਰੀਆਂ ਆਵਾਜ਼ਾਂ ਨੂੰ ਲਗਾਤਾਰ ਕੁਚਲਿਆ ਜਾ ਰਿਹਾ ਹੈ ਅਤੇ ਉਨ੍ਹਾਂ ਦਾ ਕਰੀਅਰ ਤਬਾਹ ਕਰਕੇ ਜ਼ੁਬਾਨਬੰਦੀ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਦੁਨੀਆ ਭਰ ਵਿਚ 'ਜਮਹੂਰੀਅਤ ਦੀ ਰਾਖੀ' ਦੇ ਨਾਂ ਹੇਠ ਜਿਸ ਅਮਰੀਕੀ ਸਟੇਟ ਨੇ ਦੂਜੀ ਆਲਮੀ ਜੰਗ ਤੋਂ ਲੈ ਕੇ ਧਾੜਵੀ ਜੰਗਾਂ ਦਾ ਸਿਲਸਿਲਾ ਕਦੇ ਬੰਦ ਨਹੀਂ ਹੋਣ ਦਿੱਤਾ, ਉਸਦੀ ਆਪਣੀ ਸਰਜ਼ਮੀਨ ਉੱਪਰ ਜਮਹੂਰੀ ਸਪੇਸ ਵੀ ਹਮੇਸ਼ਾ ਤਾਨਾਸ਼ਾਹ ਹਮਲੇ ਦੀ ਮਾਰ ਹੇਠ ਰਹੀ ਹੈ। 20ਵੀਂ ਸਦੀ ਦੇ ਅੱਧ 'ਚ 'ਮੈਕਾਰਥੀਵਾਦ' ਨੇ ਪ੍ਰਗਟਾਵੇ ਦੀ ਆਜ਼ਾਦੀ ਅਤੇ ਅਸਹਿਮਤੀ ਦੀ ਸੰਘੀ ਘੁੱਟ ਕੇ ਨਾਗਰਿਕ ਹੱਕਾਂ ਦਾ ਜੋ ਘਾਣ ਕੀਤਾ, ਬਾਅਦ ਦੇ ਦਹਾਕਿਆਂ 'ਚ ਉਸਨੂੰ ਬਹੁਤ ਹੀ ਸਿਲਸਿਲੇਵਾਰ ਤਰੀਕੇ ਨਾਲ ਲੁਕਵੇਂ ਰੂਪ 'ਚ ਜਾਰੀ ਰੱਖਿਆ ਗਿਆ ਹੈ। ਜੋ ਹੁਣ ਇਜ਼ਰਾਇਲੀ ਦਹਿਸ਼ਤਵਾਦ ਦਾ ਵਿਰੋਧ ਕਰਨ ਵਾਲੇ ਬੌਧਿਕ ਸੂਝ ਰੱਖਦੇ ਲੋਕਾਂ ਉੱਪਰ ਖੁੱਲ੍ਹੇ ਹਮਲਿਆਂ ਦੇ ਰੂਪ 'ਚ ਦਨਦਨਾ ਰਿਹਾ ਹੈ। ਫਲਸਤੀਨ ਹਮਾਇਤੀ ਅਕਾਦਮਿਕਾਂ ਨੂੰ ਦਬਾਉਣ ਦਾ ਇਹ ਵਰਤਾਰਾ ਦਿਖਾਉਂਦਾ ਹੈ ਕਿ ਅਮਰੀਕਾ ਵਿਚ ਅਕਾਦਮਿਕ ਆਜ਼ਾਦੀ ਕਿੰਨੀ ਅਸੁਰੱਖਿਅਤ ਹੋ ਗਈ ਹੈ। ਜਦੋਂ ਯੂਨੀਵਰਸਿਟੀਆਂ ਰਾਜਨੀਤਿਕ ਅਤੇ ਆਰਥਕ ਦਬਾਅ ਅੱਗੇ ਝੁਕ ਕੇ ਆਲੋਚਨਾਤਮਕ ਵਿਚਾਰਾਂ ਨੂੰ ਦਬਾਉਂਦੀਆਂ ਹਨ, ਤਾਂ ਉਹ ਆਪਣੇ ਬੁਨਿਆਦੀ ਜਮਹੂਰੀ ਅਤੇ ਅਕਾਦਮਿਕ ਮੁੱਲਾਂ ਤੋਂ ਮੂੰਹ ਮੋੜ ਲੈਂਦੀਆਂ ਹਨ।

ਪੁਰਾਣੇ ਮੈਕਾਰਥੀਵਾਦ ਅਤੇ ਅਜੋਕੇ ਜਬਰ ਵਿਚ ਵੱਡਾ ਫ਼ਰਕ ਇਹ ਹੈ ਕਿ ਓਦੋਂ ਜਬਰ ਅਮਰੀਕੀ ਸਮਾਜ ਨੂੰ 'ਕਮਿਊਨਿਸਟ ਘੁਸਪੈਠ' ਦੇ ਖ਼ਤਰੇ ਤੋਂ ਬਚਾਉਣ ਦੇ ਨਾਂ ਹੇਠ ਕੀਤਾ ਜਾਂਦਾ ਸੀ, ਜਦਕਿ ਹੁਣ ਇਹ ਨਹਾਇਤ ਬੇਸ਼ਰਮੀਂ ਨਾਲ ਇਕ ਬਦੇਸ਼ੀ ਹਕੂਮਤ ਦਾ ਬਚਾਅ ਕਰਨ ਅਤੇ ਉਸਨੂੰ ਅਮਰੀਕੀ ਲੋਕਾਂ ਵੱਲੋਂ ਕੀਤੀ ਜਾ ਰਹੀ ਆਲੋਚਨਾ ਤੋਂ ਬਚਾਉਣ ਲਈ ਕੀਤਾ ਜਾ ਰਿਹਾ ਹੈ। ਇਹ ਜਾਗਰੂਕ ਨਾਗਰਿਕ ਨਹੀਂ ਚਾਹੁੰਦੇ ਕਿ ਉਨ੍ਹਾਂ ਦੇ ਟੈਕਸਾਂ ਦਾ ਪੈਸਾ ਇਜ਼ਰਾਇਲੀ ਦਹਿਸ਼ਤਵਾਦੀ ਜੰਗ ਲਈ ਖ਼ਰਚਿਆ ਜਾਵੇ। ਤਾਜ਼ਾ ਪਿਊ ਸਰਵੇਖਣ 'ਚ ਸਾਹਮਣੇ ਆਇਆ ਹੈ ਕਿ ਬਹੁਗਿਣਤੀ ਅਮਰੀਕੀਆਂ ਦੀ ਇਜ਼ਰਾਇਲ ਬਾਰੇ ਸੋਚ ਨਾਂਹਪੱਖੀ ਹੈ, ਇਜ਼ਰਾਇਲੀ ਦਹਿਸ਼ਤਵਾਦ ਨੂੰ ਥਾਪੜੇ ਦੀ ਨੀਤੀ ਵਿਰੁੱਧ ਵਧ ਰਹੇ ਵਿਰੋਧ ਕਾਰਨ ਅਮਰੀਕੀ ਹਕੂਮਤ ਦਾ ਬੁਖਲਾਹਟ ਵਿਚ ਆਉਣਾ ਸੁਭਾਵਿਕ ਹੈ।

ਅਕਤੂਬਰ 2023 'ਚ ਹਮਾਸ ਦੇ ਕਥਿਤ ਹਮਲੇ ਦੇ ਬਹਾਨੇ ਪੂਰੀ ਗਾਜ਼ਾ ਪੱਟੀ ਨੂੰ ਹੀ ਕਬਰਸਤਾਨ ਬਣਾ ਦੇਣ ਦੀ ਅਮਰੀਕੀ-ਇਜ਼ਰਾਇਲੀ ਯੁੱਧਨੀਤੀ ਦੀ ਆਲੋਚਨਾ ਕਰਨ ਵਾਲੀਆਂ ਆਵਾਜ਼ਾਂ ਨੂੰ ਦਬਾਉਣ ਦੀਆਂ ਕਾਰਵਾਈਆਂ ਤੇਜ਼ੀ ਨਾਲ ਵਧੀਆਂ ਹਨ। ਇਸੇ ਦੇ ਤਹਿਤ ਨਸਲਕੁਸ਼ੀ ਝੱਲ ਰਹੇ ਫਲਸਤੀਨੀ ਲੋਕਾਂ ਪ੍ਰਤੀ ਹਮਦਰਦੀ ਰੱਖਣ ਵਾਲੇ ਅਕਾਦਮਿਕਾਂ ਉੱਪਰ ਜਾਬਰ ਹਮਲਾ ਵੀ ਦਿਨੋ-ਦਿਨ ਹੋਰ ਵੀ ਵਹਿਸ਼ੀਆਨਾ ਹੁੰਦਾ ਜਾ ਰਿਹਾ ਹੈ। ਅਮਰੀਕਾ ਦੀਆਂ ਯੂਨੀਵਰਸਿਟੀਆਂ ਵਿਚ ਫਲਸਤੀਨ ਨਾਲ ਹਮਦਰਦੀ ਰੱਖਣ ਵਾਲੇ ਪ੍ਰੋਫੈਸਰਾਂ ਅਤੇ ਖੋਜਕਰਤਾਵਾਂ ਨੂੰ ਗਿਣ-ਮਿੱਥ ਕੇ ਸੈਂਸਰ ਅਤੇ ਦਹਿਸ਼ਤਜ਼ਦਾ ਕੀਤਾ ਜਾ ਰਿਹਾ ਹੈ, ਜਿਸ ਨਾਲ ਅਕਾਦਮਿਕ ਆਜ਼ਾਦੀ, ਪ੍ਰਗਟਾਵੇ ਦੀ ਆਜ਼ਾਦੀ ਅਤੇ ਰਾਜਨੀਤਿਕ ਅਸਹਿਮਤੀ ਦਾ ਹੱਕ ਲਗਾਤਾਰ ਹਮਲੇ ਦੀ ਮਾਰ ਹੇਠ ਹੈ।

ਜ਼ਾਇਓਨਿਜ਼ਮ ਅਤੇ ਫਲਸਤੀਨ ਦਾ ਮੁਕਤੀ ਸੰਘਰਸ਼ ਅਮਰੀਕੀ ਯੂਨੀਵਰਸਿਟੀਆਂ ਵਿਚ ਹਮੇਸ਼ਾ ਹੀ ਚਰਚਾ ਦਾ ਵਿਸ਼ਾ ਰਿਹਾ ਹੈ । ਖ਼ਾਸ ਕਰਕੇ 1967 ਦੀ ਜੰਗ ਤੋਂ ਬਾਅਦ, ਅਮਰੀਕੀ ਅਕਾਦਮਿਕ ਸੰਸਥਾਵਾਂ ਇਜ਼ਰਾਈਲ ਦੀ ਹਮਾਇਤ, ਜ਼ਾਇਓਨਿਜ਼ਮ ਦੀ ਆਲੋਚਨਾ, ਅਤੇ ਫਲਸਤੀਨੀਆਂ ਦੇ ਅਧਿਕਾਰਾਂ 'ਤੇ ਵਿਚਾਰ-ਵਟਾਂਦਰੇ ਦਾ ਪ੍ਰਮੁੱਖ ਮੰਚ ਬਣ ਗਈਆਂ। ਅਮਰੀਕਾ ਵਿਚ ਜ਼ਾਇਓਨਿਜ਼ਮ ਪੱਖੀ ਜਥੇਬੰਦੀਆਂ, ਖ਼ਾਸ ਕਰਕੇ ਏ.ਆਈ.ਪੀ.ਏ.ਸੀ. ਵਰਗੇ ਤਾਕਤਵਰ ਲਾਬੀ ਗਰੁੱਪਾਂ ਦੇ ਪ੍ਰਭਾਵ ਨੇ ਅਮਰੀਕੀ ਮੁੱਖਧਾਰਾ ਵਿਚ ਇਜ਼ਰਾਇਲੀ ਨਸਲਵਾਦ-ਪੱਖੀ ਸੋਚ ਨੂੰ ਉਤਸ਼ਾਹਤ ਕੀਤਾ ਅਤੇ ਫਲਸਤੀਨ-ਪੱਖੀ ਵਿਚਾਰਾਂ ਨੂੰ ਹਾਸ਼ੀਏ 'ਤੇ ਧੱਕ ਦਿੱਤਾ।

ਇਸ ਦੇ ਬਾਵਜੂਦ, ਕਈ ਅਕਾਦਮਿਕ ਖੇਤਰਾਂ- ਜਿਵੇਂ ਮਿਡਲ ਈਸਟ ਸਟੱਡੀਜ਼, ਕ੍ਰਿਟੀਕਲ ਰੇਸ ਥਿਊਰੀ, ਅਤੇ ਐਥਨਿਕ ਸਟੱਡੀਜ਼- ਤੋਂ ਕੁਝ ਵਿਦਵਾਨਾਂ ਨੇ ਇਨ੍ਹਾਂ ਪ੍ਰਭਾਵੀ ਬਿਰਤਾਂਤਾਂ ਨੂੰ ਚੁਣੌਤੀ ਦਿੱਤੀ। ਐਡਵਰਡ ਸਈਦ, ਰਾਸ਼ਿਦ ਖ਼ਲੀਦੀ, ਨੂਰਾ ਇਰਕਾਤ ਅਤੇ ਜਸਬੀਰ ਪੁਆਰ ਵਰਗੇ ਵਿਦਵਾਨਾਂ ਨੇ ਜ਼ਾਇ''ਨਿਜ਼ਮ ਅਤੇ ਬਸਤੀਵਾਦ ਦੀ ਆਲੋਚਨਾ ਕਰਦੇ ਹੋਏ ਫਲਸਤੀਨੀਆਂ ਦੇ ਸ਼ੋਸ਼ਣ ਨੂੰ ਕੇਂਦਰ ਵਿਚ ਰੱਖਿਆ। ਹਾਲਾਂਕਿ, ਇਸ ਆਲੋਚਨਾਤਮਕ ਨਜ਼ਰੀਏ ਦਾ ਭਾਰੀ ਮੁੱਲ ਵੀ ਤਾਰਨਾ (ਨਿੱਜੀ ਅਤੇ ਪੇਸ਼ੇਵਰ ਦੋਵੇਂ ਪੱਧਰਾਂ 'ਤੇ) ਪਿਆ।





ਰੰਜਨੀ ਸ੍ਰੀਨਿਵਾਸਨ — ਰੂਪਾ ਮਾਰੀਆ

ਫਲਸਤੀਨ ਹਮਾਇਤੀ ਅਕਾਦਮਿਕਾਂ ਦੇ ਖਿਲਾਫ਼ ਜਬਰ ਕਈ ਰੂਪਾਂ ਵਿਚ ਸਾਹਮਣੇ ਆਉਂਦਾ ਹੈ: ਗਿਣ-ਮਿੱਥ ਕੇ ਭੰਡੀ, ਆਨਲਾਈਨ ਤੰਗ-ਪ੍ਰੇਸ਼ਾਨ ਕਰਨਾ, ਨੌਕਰੀ ਤੋਂ ਕੱਢਣਾ, ਅਜ਼ਮਾਇਸ਼ੀ ਸਮੇਂ ਤੋਂ ਬਾਅਦ ਪੱਕੀ ਨੌਕਰੀ ਨਾ ਦੇਣਾ, ਖੋਜ ਫੰਡਿੰਗ ਵਿਚ ਕਟੌਤੀ, ਆਦਿ। ਇਸ ਸੈਂਸਰਸ਼ਿਪ ਨੂੰ ਉਤਸ਼ਾਹਤ ਕਰਨ ਵਿਚ ਜ਼ਾਇ''ਨਿਸਟ ਲਾਬੀ, ਸੱਜੇਪੱਖੀ ਨਿਗਰਾਨੀ ਸੰਸਥਾਵਾਂ, ਯੂਨੀਵਰਸਿਟੀਆਂ ਨੂੰ ਫੰਡ ਦੇਣ ਵਾਲੇ ਅਤੇ ਰਾਜਨੀਤਿਕ ਹਸਤੀਆਂ ਸ਼ਾਮਲ ਹੁੰਦੀਆਂ ਹਨ।

ਕੈਨੇਰੀ ਮਿਸ਼ਨ ਅਤੇ ਕੈਂਪਸ ਵਾਚ ਵਰਗੀਆਂ ਸੰਸਥਾਵਾਂ ਉਨ੍ਹਾਂ ਵਿਦਿਆਰਥੀਆਂ ਅਤੇ ਅਧਿਆਪਕਾਂ ਦੀ ਸੂਚੀ ਬਣਾਉਂਦੀਆਂ ਹਨ ਜੋ ਇਜ਼ਰਾਈਲ ਦੀ ਆਲੋਚਨਾ ਕਰਦੇ ਹਨ। ਇਹ ਅਨਸਰ ਸੋਸ਼ਲ ਮੀਡੀਆ ਪੋਸਟਾਂ, ਸੰਗਠਨਾਂ ਨਾਲ ਸੰਪਰਕ, ਅਤੇ ਜਨਤਕ ਟਿੱਪਣੀਆਂ ਨੂੰ ਅਧਾਰ ਬਣਾ ਕੇ ਉਨ੍ਹਾਂ ਨੂੰ 'ਦਹਿਸ਼ਤਵਾਦ-ਹਮਾਇਤੀ' ਜਾਂ 'ਯਹੂਦੀ-ਵਿਰੋਧੀ' ਕਰਾਰ ਦਿੰਦੇ ਹਨ। ਇਨ੍ਹਾਂ ਸੂਚੀਆਂ ਦੇ ਜ਼ਰੀਏ ਲੋਕਾਂ ਦਾ ਅਕਸ ਵਿਗਾੜਿਆ ਜਾਂਦਾ ਹੈ ਅਤੇ ਉਨ੍ਹਾਂ ਦਾ ਕਰੀਅਰ ਖ਼ਤਰੇ ਵਿਚ ਪਾ ਦਿੱਤਾ ਜਾਂਦਾ ਹੈ।

ਫਲਸਤੀਨ ਹਮਾਇਤੀ ਵਿਚਾਰਾਂ ਕਾਰਨ ਵਿਦਵਾਨਾਂ ਦਾ ਕਰੀਅਰ ਤਬਾਹ ਕਰਨ ਦੀ ਤਾਨਾਸ਼ਾਹੀ ਦੀਆਂ ਹੋਰ ਵੀ ਮਿਸਾਲਾਂ ਹਨ। ਡਾ. ਸਟੀਵਨ ਸਲਾਏਟਾ ਨੂੰ 2014 ਵਿਚ ਯੂਨੀਵਰਸਿਟੀ ਆਫ਼ ਇਲੀਨੋਇ ਤੋਂ ਇਸ ਲਈ ਕੱਢ ਦਿੱਤਾ ਗਿਆ ਕਿਉਂਕਿ ਉਸ ਨੇ ਗਾਜ਼ਾ ਵਿਚ ਇਜ਼ਰਾਈਲੀ ਫ਼ੌਜੀ ਕਾਰਵਾਈਆਂ ਦੀ ਆਲੋਚਨਾ ਕਰਦੇ ਹੋਏ ਟਵੀਟ ਕੀਤੇ ਸਨ। ਨੌਕਰੀ ਦੀ ਯੋਗਤਾ ਦੀਆਂ ਸ਼ਰਤਾਂ ਪੂਰੀਆਂ ਕਰਦੇ ਹੋਣ ਅਤੇ ਯੂਨੀਵਰਸਿਟੀ ਵੱਲੋਂ ਪਹਿਲਾਂ ਉਸ ਨੂੰ ਪੱਕੀ ਨੌਕਰੀ 'ਤੇ ਰੱਖਣ ਨੂੰ ਮਨਜ਼ੂਰੀ ਦੇਣ ਦੇ ਬਾਵਜੂਦ ਡੋਨਰਾਂ ਅਤੇ ਰਾਜਸੀ ਦਬਾਅ ਹੇਠ ਉਸ ਨੂੰ ਹਟਾ ਦਿੱਤਾ ਗਿਆ। ਬੇਸ਼ੱਕ ਬਾਅਦ ਵਿਚ ਅਦਾਲਤਾਂ ਨੇ ਕਿਹਾ ਕਿ ਯੂਨੀਵਰਸਿਟੀ ਨੇ ਉਸਦੇ ਕਾਂਟਰੈਕਟ ਹੱਕਾਂ ਦੀ ਉਲੰਘਣਾ ਕੀਤੀ ਹੈ ਪਰ ਉਸਦੇ ਅਕਾਦਮਿਕ ਕਰੀਅਰ ਦੇ ਹੋਏ ਨੁਕਸਾਨ ਦਾ ਤਾਂ ਹੁਣ ਕੁਝ ਨਹੀਂ ਸੀ ਹੋ ਸਕਦਾ।

ਜਾਰਜ ਵਾਸ਼ਿੰਗਟਨ ਯੂਨੀਵਰਸਿਟੀ ਵਿਖੇ ਕਲੀਨੀਕਲ ਮਨੋਵਿਗਿਆਨ ਦੀ ਪ੍ਰੋਫੈਸਰ ਡਾ. ਲਾਰਾ ਸ਼ੀਹੀ ਨੂੰ ਜਾਂਚ ਦਾ ਸਾਹਮਣਾ ਕਰਨਾ ਪਿਆ। ਉਸ ਨੇ ਫਲਸਤੀਨੀ ਵਕਤਾ ਨੂੰ ਬੁਲਾ ਕੇ ਫਲਸਤੀਨੀ ਇਲਾਕਿਆਂ ਵਿਚ ਇਜ਼ਰਾਇਲੀਆਂ ਵੱਲੋਂ ਧੱਕੇ ਨਾਲ ਵਸਣ ਦੇ ਬਸਤੀਵਾਦ ਉੱਪਰ ਚਰਚਾ ਕਰਵਾਈ ਸੀ। ਵਿਦਿਆਰਥੀਆਂ ਵੱਲੋਂ ਕਥਿਤ ਰੂਪ 'ਚ ਉਸ ਉੱਪਰ ਯਹੂਦੀ ਵਿਰੋਧੀ ਹੋਣ ਦਾ ਦੋਸ਼ ਲਾਏ ਜਾਣ ਕਾਰਨ ਉਸ ਉੱਪਰ ਜਾਂਚ ਬਿਠਾ ਦਿੱਤੀ ਗਈ। ਹਾਲਾਂਕਿ ਉਸ ਨੂੰ ਕਲੀਨ ਚਿਟ ਮਿਲ ਗਈ, ਪਰ ਇਹ ਘਟਨਾ ਦਿਖਾਉਂਦੀ ਹੈ ਕਿ ਇਜ਼ਰਾਇਲੀ ਦਹਿਸ਼ਤਵਾਦ ਦੀ ਆਲੋਚਨਾ ਦੀ ਜ਼ੁਬਾਨਬੰਦੀ ਕਰਨ ਲਈ ਕਿਵੇਂ ਸੰਸਥਾਗਤ ਤੰਤਰ ਦੀ ਦੁਰਵਰਤੋਂ ਕੀਤੀ ਜਾ ਸਕਦੀ ਹੈ ਅਤੇ ਅਮਰੀਕਾ ਵਿਚ ਫਲਸਤੀਨ ਦੇ ਹੱਕ ਵਿਚ ਬੋਲਣਾ ਕਿਸ ਹੱਦ ਤੱਕ ਜੋਖ਼ਮ ਭਰਿਆ ਹੋ ਗਿਆ ਹੈ।

ਇਕ ਨਮੂਨੇ ਦੀ ਮਿਸਾਲ ਕੋਲੰਬੀਆ ਯੂਨੀਵਰਸਿਟੀ ਹੈ। ਟਰੰਪ ਪ੍ਰਸ਼ਾਸਨ ਨੇ ਯੂਨੀਵਰਸਿਟੀ ਦੇ 400 ਮਿਲੀਅਨ ਡਾਲਰ ਫੈਡਰਲ ਫੰਡ ਬੰਦ ਕਰ ਦਿੱਤੇ ਕਿ ਯੂਨੀਵਰਸਿਟੀ ਗਾਜ਼ਾ ਉੱਪਰ ਹਮਲੇ ਵਿਰੁੱਧ ਪ੍ਰਦਰਸ਼ਨਾਂ ਨੂੰ ਰੋਕਣ 'ਚ ਅਸਫ਼ਲ ਰਹੀ ਸੀ। ਪ੍ਰਦਰਸ਼ਨਾਂ ਦੇ ਮੋਹਰੀ ਮਹਿਮੂਦ ਖਾਲਿਲ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਟਰੰਪ ਨੇ ਖ਼ੁਦ ਉਸਨੂੰ 'ਹਮਾਸ ਪੱਖੀ ਰੈਡੀਕਲ ਬਦੇਸ਼ੀ ਵਿਦਿਆਰਥੀ' ਕਰਾਰ ਦਿੰਦਿਆਂ ਕਿਹਾ ਇਹ ਤਾਂ 'ਹੋਣ ਵਾਲੀਆਂ ਗ੍ਰਿਫ਼ਤਾਰੀਆਂ 'ਚੋਂ ਪਹਿਲੀ' ਹੈ। ਇਸੇ ਮਹੀਨੇ, ਮਾਰਚ 2025 'ਚ ਭਾਰਤੀ ਪੀਐੱਚ.ਡੀ. ਵਿਦਿਆਰਥਣ ਰੰਜਨੀ ਸ੍ਰੀਨਿਵਾਸਨ ਦਾ ਵੀਜ਼ਾ ਅਮਰੀਕੀ ਹੋਮਲੈਂਡ ਸਿਕਿਓਰਟੀ ਵੱਲੋਂ ਰੱਦ ਕਰ ਦਿੱਤਾ ਗਿਆ। ਉਸ 'ਤੇ 'ਹਿੰਸਾ ਤੇ ਦਹਿਸ਼ਤਵਾਦ ਦੀ ਵਕਾਲਤ ਕਰਨ' ਦਾ ਇਲਜ਼ਾਮ ਲਗਾਇਆ ਗਿਆ। ਅਮਰੀਕੀ ਪ੍ਰਸ਼ਾਸਨ ਨੇ ਖ਼ੁਸ਼ੀ ਜ਼ਾਹਿਰ ਕੀਤੀ ਕਿ 'ਕੋਲੰਬੀਆ ਯੂਨੀਵਰਸਿਟੀ ਦੀ ਇਕ ਦਹਿਸ਼ਤਵਾਦ ਹਮਾਇਤੀ ਸੀਬੀਪੀ ਹੋਮ ਐਪ ਵਰਤ ਕੇ ਆਪ ਹੀ ਡਿਪੋਰਟ ਹੋ ਗਈ।'

ਅਮਰੀਕਾ ਦੇ 30 ਤੋਂ ਵੱਧ ਰਾਜਾਂ ਵਿਚ ਬੀ.ਡੀ.ਐੱਸ. (ਬਾਈਕਾਟ, ਡਾਇਵੈਸਟਮੈਂਟ, ਸੈਂਕਸ਼ਨਜ਼) ਅੰਦੋਲਨ ਦੇ ਖਿਲਾਫ਼ ਕਾਨੂੰਨ ਬਣਾਏ ਗਏ ਹਨ, ਜੋ ਫਲਸਤੀਨੀਆਂ ਵੱਲੋਂ ਇਜ਼ਰਾਇਲ ਦਾ ਬਾਈਕਾਟ ਕਰਨ ਦੇ ਅੰਦੋਲਨ ਦੀ ਹਮਾਇਤ ਕਰਨ ਵਾਲੀਆਂ ਸੰਸਥਾਵਾਂ ਅਤੇ ਵਿਅਕਤੀਆਂ ਨੂੰ ਮੁਜਰਮ ਕਰਾਰ ਦਿੰਦੇ ਹਨ ਜਾਂ ਸਜ਼ਾ ਦਿੰਦੇ ਹਨ। ਕੁਝ ਰਾਜਾਂ ਵਿਚ ਮੁਲਾਜ਼ਮਾਂ ਅਤੇ ਕਾਂਟਰੈਕਟਰਾਂ ਤੋਂ ਇਹ ਹਲਫ਼ਨਾਮਾ ਤੱਕ ਮੰਗਿਆ ਜਾਂਦਾ ਹੈ ਕਿ ਉਹ ਇਜ਼ਰਾਈਲ ਦੇ ਬਾਈਕਾਟ ਦੀ ਹਮਾਇਤ ਨਹੀਂ ਕਰਨਗੇ। ਇਸਦਾ ਅਕਾਦਮਿਕ ਆਜ਼ਾਦੀ ਅਤੇ ਪ੍ਰਗਟਾਵੇ ਦੀ ਆਜ਼ਾਦੀ ਉੱਪਰ ਗੰਭੀਰ ਅਸਰ ਪੈ ਰਿਹਾ ਹੈ।

ਇਸ ਦੇ ਨਾਲ ਹੀ, ਕਈ ਸੰਸਥਾਵਾਂ ਨੇ ਰਾਜਸੀ ਦਬਾਅ ਹੇਠ ਆਈ.ਐੱਚ.ਆਰ.ਏ. (ਇੰਟਰਨੈਸ਼ਨਲ ਹੋਲੋਕਾਸਟ ਰੀਮੈਂਬਰੈਂਸ ਅਲਾਇੰਸ) ਵੱਲੋਂ ਪੇਸ਼ ਕੀਤੀ 'ਯਹੂਦੀ-ਵਿਰੋਧੀ' ਦੀ ਪਰਿਭਾਸ਼ਾ ਨੂੰ ਅਪਣਾ ਲਿਆ ਹੈ, ਜੋ ਜ਼ਾਇਓਨਿਜ਼ਮ ਦੀ ਆਲੋਚਨਾ ਨੂੰ ਵੀ ਯਹੂਦੀ-ਵਿਰੋਧੀ ਐਲਾਨਦੀ ਹੈ। ਇਹ ਪਰਿਭਾਸ਼ਾ ਗਲਤ ਢੰਗ ਨਾਲ ਰਾਜਨੀਤਕ ਆਲੋਚਨਾ ਨੂੰ ਧਾਰਮਿਕ ਦੁਸ਼ਮਣੀ ਦੇ ਰੂਪ ਵਿਚ ਪੇਸ਼ ਕਰਦੀ ਹੈ। ਇਹ ਪਰਿਭਾਸ਼ਾ ਇਸ ਕਦਰ ਘਿਣਾਉਣੀ ਹੈ ਕਿ ਬਹੁਤ ਸਾਰੇ ਯਹੂਦੀ ਵਿਦਵਾਨਾਂ ਨੇ ਵੀ ਇਸਦਾ ਵਿਰੋਧ ਕੀਤਾ ਹੈ ਜਿਨ੍ਹਾਂ ਵਿਚ 'ਜਿਊਸ਼ ਵਾਇਸ ਫਾਰ ਪੀਸ' ਨਾਲ ਸੰਬੰਧਤ ਲੋਕ ਵੀ ਸ਼ਾਮਲ ਹਨ।

ਇਹ ਹਮਲਾ ਸਿਰਫ਼ ਫਲਸਤੀਨ-ਇਜ਼ਰਾਈਲ ਸਵਾਲ ਤੱਕ ਸੀਮਤ ਨਹੀਂ ਹੈ, ਇਹ ਜਬਰ 9/11 ਕਾਂਡ ਤੋਂ ਬਾਅਦ ਅਮਰੀਕਾ ਵਿਚ ਫੈਲਾਏ ਇਸਲਾਮ ਦੇ ਹਊਏ, 'ਦਹਿਸ਼ਤਵਾਦ ਵਿਰੁੱਧ ਜੰਗ' ਅਤੇ ਅਰਬ-ਮੁਸਲਿਮ ਭਾਈਚਾਰਿਆਂ ਦੀ ਨਿਗਰਾਨੀ ਦੇ ਵਿਸ਼ਾਲ ਪਿਛੋਕੜ ਦਾ ਹਿੱਸਾ ਹੈ। ਇਜ਼ਰਾਇਲੀ ਨੀਤੀਆਂ ਦੀ ਆਲੋਚਨਾ ਕਰਨ ਜਾਂ ਫਲਸਤੀਨੀ ਹੱਕਾਂ ਦੀ ਹਮਾਇਤ ਕਰਨ ਵਾਲੇ ਯੂਨੀਵਰਸਿਟੀ ਦੇ ਵਿਦਵਾਨਾਂ ਨੂੰ 'ਰੈਡੀਕਲ', 'ਦਹਿਸ਼ਤਵਾਦ ਦੇ ਹਮਾਇਤੀ' ਜਾਂ 'ਗੈਰ-ਅਮਰੀਕੀ' (ਜਿਨ੍ਹਾਂ ਦਾ ਦੇਸ਼ਪ੍ਰੇਮ ਸ਼ੱਕੀ ਹੈ) ਕਿਹਾ ਜਾਂਦਾ ਹੈ- ਇਹ ਸਭ ਮੈਕਾਰਥੀ ਯੁੱਗ ਦੇ ਸ਼ੱਕੀ ਕਮਿਊਨਿਸਟਾਂ ਨੂੰ ਅਕਾਦਮਿਕ ਖੇਤਰ ਵਿਚੋਂ ਚੁਣ-ਚੁਣ ਕੇ ਕੱਢਣ ਦੇ ਵਰਤਾਰੇ ਦੀ ਯਾਦ ਦਿਵਾਉਂਦਾ ਹੈ।

ਇਹ ਜਬਰ ਵਿਆਪਕ ਸੱਜੇਪੱਖੀ ਪਿਛਾਖੜੀ ਹਮਲੇ ਦਾ ਹਿੱਸਾ ਹੈ ਜੋ ਨਸਲ, ਲਿੰਗ ਅਤੇ ਬਸਤੀਵਾਦ ਵਿਸ਼ੇ ਪੜ੍ਹਾਉਣ ਵਾਲੇ ਪ੍ਰੋਫੈਸਰਾਂ ਦੇ ਖਿਲਾਫ਼ ਚੱਲ ਰਿਹਾ ਹੈ। 'ਕ੍ਰਿਟੀਕਲ ਰੇਸ ਥਿਊਰੀ' ਅਤੇ ਡੀ.ਈ.ਆਈ. (ਡਾਇਵਰਸਿਟੀ, ਇਕੁਵਿਟੀ, ਐਂਡ ਇਨਕਲੂਜ਼ਨ) ਪ੍ਰੋਗਰਾਮਾਂ 'ਤੇ ਪਾਬੰਦੀ ਲਗਾਉਣ ਵਾਲੇ ਬਿੱਲ, ਅਤੇ ਸਿਲੇਬਸ ਨੂੰ ਕੰਟਰੋਲ ਕਰਨ ਦੀਆਂ ਕੋਸ਼ਿਸ਼ਾਂ ਵੀ ਇਸੇ ਸਿਲਸਿਲੇਵਾਰ ਵਿਚਾਰਧਾਰਕ ਹਮਲੇ ਦਾ ਹਿੱਸਾ ਹਨ ਜੋ ਸਿੱਖਿਆ ਨੂੰ ਰਾਜਨੀਤਕ ਸੂਝ ਤੋਂ ਵਾਂਝਾ ਕਰਨ ਅਤੇ ਅਸਹਿਮਤੀ ਵਾਲੀ ਸੋਚ ਨੂੰ ਕੁਚਲਣ ਦੇ ਮਨੋਰਥ ਨਾਲ ਹੈ।

ਇਨ੍ਹਾਂ ਹਮਲਿਆਂ ਦੇ ਬਾਵਜੂਦ, ਕਈ ਅਕਾਦਮਿਕ, ਵਿਦਿਆਰਥੀ ਜਥੇਬੰਦੀਆਂ ਅਤੇ ਨਾਗਰਿਕ ਅਧਿਕਾਰ ਸਮੂਹ ਇਸ ਦਾ ਡੱਟਵਾਂ ਵਿਰੋਧ ਕਰ ਰਹੇ ਹਨ। ਮਿਡਲ ਈਸਟ ਸਟੱਡੀਜ਼ ਐਸੋਸੀਏਸ਼ਨ (ਐੱਮ.ਈ.ਐੱਸ.ਏ.), ਪਾਲੇਸਟਾਈਨ ਲੀਗਲ, ਅਤੇ ਅਮੈਰੀਕਨ ਸਟੱਡੀਜ਼ ਐਸੋਸੀਏਸ਼ਨ (ਏ.ਐੱਸ.ਏ.) ਵਰਗੀਆਂ ਸੰਸਥਾਵਾਂ ਅਕਾਦਮਿਕਾਂ ਦੀ ਰੱਖਿਆ ਲਈ ਲੜ ਰਹੀਆਂ ਹਨ। ਸੈਂਕੜੇ ਪ੍ਰੋਫੈਸਰਾਂ ਅਤੇ ਵਿਦਿਆਰਥੀਆਂ ਨੇ ਇਕਮੁੱਠਤਾ ਬਿਆਨਾਂ, ਵਿਰੋਧ ਪ੍ਰਦਰਸ਼ਨਾਂ, ਜਨਤਕ ਪਟੀਸ਼ਨਾਂ ਅਤੇ ਜਨਤਕ ਮੁਹਿੰਮਾਂ ਰਾਹੀਂ ਆਪਣਾ ਵਿਰੋਧ ਦਰਜ ਕਰਾਇਆ ਹੈ, ਖ਼ਾਸ ਕਰਕੇ ਗਾਜ਼ਾ 'ਤੇ ਇਜ਼ਰਾਈਲੀ ਹਮਲਿਆਂ ਤੋਂ ਬਾਅਦ। ਇਹ ਦਰਸਾਉਂਦਾ ਹੈ ਕਿ ਆਲੋਚਕ ਆਵਾਜ਼ਾਂ ਨੂੰ ਕੁਚਲਣਾ ਐਨਾ ਸੌਖਾ ਨਹੀਂ ਹੈ।

ਯਹੂਦੀਆਂ ਦੇ ਜ਼ਾਇਓਨਵਾਦ-ਵਿਰੋਧੀ ਗਰੁੱਪ - ਜਿਵੇਂ ਜਿਊਸ਼ ਵਾਇਸ ਫਾਰ ਪੀਸ, ਇਫਨਾਟਨਾਓ (ਜੇ ਹੁਣ ਨਹੀਂ ਤਾਂ ਫੇਰ ਕਦੋਂ) ਅਤੇ ਇੰਟਰਨੈਸ਼ਨਲ ਜਿਊਸ਼ ਐਂਟੀ-ਜ਼ਾਇਓਨਿਸਟ ਨੈੱਟਵਰਕ ਇਸ ਝੂਠੀ ਧਾਰਨਾ ਨੂੰ ਚੁਣੌਤੀ ਦੇਣ ਅਤੇ ਇਸ ਦਾ ਵਿਰੋਧ ਕਰਨ 'ਚ ਵੱਡੀ ਭੂਮਿਕਾ ਨਿਭਾ ਰਹੇ ਹਨ ਕਿ ਜ਼ਾਇਓਨਿਜ਼ਮ ਦਾ ਵਿਰੋਧ ਯਹੂਦੀ-ਵਿਰੋਧ ਹੈ।

ਇਸ ਦੇ ਨਾਲ ਹੀ, ਵਿਦਿਆਰਥੀਆਂ ਦੀ ਅਗਵਾਈ 'ਚ ਅਪਾਰਥਾਇਡ ਡਾਇਵੈਸਟਮੈਂਟ ਮੂਵਮੈਂਟ ਨੇ ਅਮਰੀਕਾ ਦੇ ਕਈ ਕੈਂਪਸਾਂ ਵਿਚ ਜ਼ੋਰ ਫੜਿਆ ਹੈ। ਇਹ ਅੰਦੋਲਨ ਦੱਖਣੀ ਅਫ਼ਰੀਕਾ ਦੇ ਐਂਟੀ-ਅਪਾਰਥਾਇਡ ਅੰਦੋਲਨ ਦੀ ਯਾਦ ਦਿਵਾਉਂਦਾ ਹੈ। ਇਨ੍ਹਾਂ ਅੰਦੋਲਨਾਂ ਵਿਚ ਸਿਰਫ਼ ਸਿੱਖਿਆ ਦਾ ਪਹਿਲੂ ਹੀ ਨਹੀਂ ਹੈ ਸਗੋਂ ਇਹ ਇਜ਼ਰਾਇਲੀ ਫ਼ੌਜੀਵਾਦ, ਫਲਸਤੀਨੀ ਖੇਤਰ ਉੱਪਰ ਨਜਾਇਜ਼ ਕਬਜ਼ੇ ਅਤੇ ਉੱਥੇ ਧੱਕੇ ਨਾਲ ਵਸਣ ਦੇ ਇਜ਼ਰਾਇਲੀ ਬਸਤੀਵਾਦ 'ਚ ਅਮਰੀਕੀ ਸਟੇਟ ਦੀ ਮਿਲੀਭੁਗਤ ਵਿਰੁੱਧ ਸਾਂਝੇ ਰੂਪ 'ਚ ਜੂਝਣ ਲਈ ਵੀ ਪ੍ਰੇਰਿਤ ਕਰਦੇ ਹਨ।

ਇਹ ਸਿਰਫ਼ ਮਿਡਲ ਈਸਟ ਸਟੱਡੀਜ਼ ਜਾਂ ਰਾਜਨੀਤਕ ਕਾਰਕੁਨਾਂ ਦੀ ਸਮੱਸਿਆ ਵੀ ਨਹੀਂ ਹੈ, ਦਰਅਸਲ ਇਹ ਚੇਤਾਵਨੀ ਹੈ ਕਿ ਜੇਕਰ ਅੱਜ ਫਲਸਤੀਨ ਬਾਰੇ ਬੋਲਣ ਵਾਲਿਆਂ ਨੂੰ ਚੁੱਪ ਕਰਵਾਇਆ ਜਾ ਸਕਦਾ ਹੈ, ਤਾਂ ਭਲਕ ਨੂੰ ਕਿਸੇ ਵੀ ਅਸਹਿਮਤ ਵਿਚਾਰ ਨੂੰ ਉਸਦਾ ਕਰੀਅਰ ਤਬਾਹ ਕਰਕੇ ਸਜ਼ਾ ਦਿੱਤੀ ਜਾ ਸਕਦੀ ਹੈ। ਇਸ ਦੌਰ ਵਿਚ, ਜਦੋਂ ਅਸੀਂ ਗਾਜ਼ਾ ਵਿਚ ਭਿਆਨਕ ਕਤਲੇਆਮ ਅਤੇ ਫਲਸਤੀਨੀਂ ਆਵਾਮ ਦੀ ਨਸਲਕੁਸ਼ੀ ਦੇ ਗਵਾਹ ਬਣਨ ਲਈ ਮਜਬੂਰ ਹਾਂ, ਤਾਂ ਚੁੱਪ ਰਹਿਣਾ ਵੀ ਇਕ ਤਰ੍ਹਾਂ ਨਾਲ ਸਾਜ਼ਿਸ਼ ਵਿਚ ਭਾਈਵਾਲੀ ਬਣ ਜਾਂਦੀ ਹੈ। ਲਿਹਾਜ਼ਾ ਫਲਸਤੀਨ ਬਾਰੇ ਪੂਰੀ ਆਜ਼ਾਦੀ ਨਾਲ ਬੋਲਣ ਦੇ ਅਕਾਦਮਿਕਾਂ ਦੇ ਹੱਕ ਦੀ ਹਿਫਾਜ਼ਤ ਕਰਨਾ ਆਖ਼ਿਰਕਾਰ ਯੂਨੀਵਰਸਿਟੀ ਨੂੰ ਨੈਤਿਕ ਜਾਂਚ, ਆਲੋਚਨਾਤਮਕ ਚਿੰਤਨ, ਡੂੰਘੀ ਸੋਚ-ਵਿਚਾਰ ਅਤੇ ਸਾਂਝੀ ਕਲਪਨਾ ਦੇ ਸਥਾਨ ਦੇ ਰੂਪ 'ਚ ਬਚਾਉਣਾ ਵੀ ਹੈ।

ਅੱਜ ਜਦੋਂ ਨਸਲਕੁਸ਼ੀ, ਨਸਲੀ ਰੰਗਭੇਦ

***(ਬਾਕੀ ਸਫਾ 14 'ਤੇ)***

# ਸਿੱਖ ਭਾਈਚਾਰੇ ਨੂੰ ਸੋਚ ਸਮਝ ਕੇ ਚੱਲਣ ਦੀ ਲੋੜ

ਹਾਂ ਹਮੇਂ ਇਸ ਗਰਦਿਸ਼-ਏ-ਆਯਾਮ ਸੇ ਕੁਛ ਡਰ ਨਹੀਂ
ਪਰ ਹਮੇਂ ਇਸ ਇਸ਼ਕ ਕੇ ਅੰਜਾਮ ਸੇ ਡਰ ਲਗਤਾ ਹੈ।

ਬਿਲਕੁਲ ਕੁਦਰਤ ਦੇ ਕਾਲ ਚੱਕਰ (ਗਰਦਿਸ਼-ਏ-ਆਯਾਮ) ਤੋਂ ਕੋਈ ਗੁਰੂ ਨਾਨਕ ਨਾਮ ਲੇਵਾ ਨਹੀਂ ਡਰਦਾ ਤੇ ਨਾ ਹੀ ਉਸ ਨੂੰ ਡਰਨਾ ਚਾਹੀਦਾ ਹੈ। ਪਰ ਇਹ ਸੱਚ ਹੈ ਕਿ ਸਾਨੂੰ ਵਕਤ ਤੇ ਹਾਲਾਤ ਵਿਚਾਰ ਕੇ ਹੀ ਕਦਮ ਪੁੱਟਣੇ ਚਾਹੀਦੇ ਹਨ, ਨਹੀਂ ਤਾਂ ਜੋ ਸੋਚ ਲੈ ਕੇ ਅਸੀਂ ਤੁਰਦੇ ਹਾਂ ਉਸ ਦਾ ਅੰਜਾਮ (ਨਤੀਜਾ) ਸੱਚਮੁੱਚ ਹੀ ਬਹੁਤ ਡਰਾਉਣਾ ਹੋ ਸਕਦਾ ਹੈ। ਗੁਰੂ ਸਾਹਿਬ ਨੇ ਸਾਨੂੰ ਸਿਖਾਇਆ ਹੈ ਕਿ

ਵਖਤੁ ਵੀਚਾਰੇ ਸੁ ਬੰਦਾ ਹੋਇ॥
(ਸਿਰੀ ਰਾਗੁ ਮਾ 1, ਅੰਗ: 83)

ਅਤੇ ਫਰੀਦ ਜੀ ਦੀ ਬਾਣੀ ਹੈ:

ਬੇੜਾ ਬੰਧਿ ਨ ਸਕਿਭਾਵ ਜੋ ਸਮੇਂ ਤੇ ਹਾਲਾਤ ਨੂੰ ਵਿਚਾਰਦਾ ਹੈ, ਉਹ ਹੀ ਅਸਲ ਬੰਦਾ ਹੈ, ਇਨਸਾਨ ਹੈ। ਫਰੀਦ ਜੀ ਅਨੁਸਾਰ ਜੇਕਰ ਸਮੇਂ ਸਿਰ ਬੇੜਾ ਨਾ ਬਣਾਇਆ ਜਾ ਸਕੇ ਤਾਂ ਪਾਣੀ ਭਰ ਜਾਣ 'ਤੇ ਉਛਲਦੇ ਸਰਵਰ ਨੂੰ ਪਾਰ ਕਰਨਾ ਔਖਾ ਹੋ ਜਾਂਦਾ

**ਹਰਜਿੰਦਰ ਸਿੰਘ ਲਾਲ**
**ਫੋਨ: 92168-60000**

ਹੈ। ਬੇਸ਼ੱਕ ਕੁਝ ਲੋਕ ਧਾਰਮਿਕ ਨਜ਼ਰੀਏ ਤੋਂ ਇਨ੍ਹਾਂ ਅਰਥਾਂ ਨਾਲ ਸਹਿਮਤ ਨਹੀਂ ਹੋਣਗੇ। ਪਰ ਗੁਰਬਾਣੀ ਸਿਰਫ਼ ਧਾਰਮਿਕ ਸੂਝ ਹੀ ਨਹੀਂ ਦਿੰਦੀ ਸਗੋਂ ਇਹ ਸੰਪੂਰਨ ਜੀਵਨ ਜਾਚ ਵੀ ਸਿਖਾਉਂਦੀ ਹੈ, ਸੋ ਇਨ੍ਹਾਂ ਤੁਕਾਂ ਦੇ ਦੁਨਿਆਵੀ ਤੇ ਅੱਖਰੀ ਅਰਥ ਤਾਂ ਇਹੀ ਲਏ ਜਾ ਸਕਦੇ ਹਨ।

ਖ਼ੈਰ ਅੱਜ ਦੇ ਇਸ ਲੇਖ ਵਿਚ ਗੁਰਬਾਣੀ ਦੀਆਂ ਇਨ੍ਹਾਂ ਤੁਕਾਂ ਦਾ ਜ਼ਿਕਰ ਇਸ ਲਈ ਕਰਨਾ ਪਿਆ ਕਿਉਂਕਿ ਇਸ ਵੇਲੇ ਭਾਰਤ ਅਤੇ ਦੁਨੀਆ ਦੇ ਹਾਲਾਤ ਵਿਚ ਸਿੱਖ ਕੌਮ ਦਾ ਪ੍ਰਸੰਗਹੀਣ ਹੁੰਦੇ ਜਾਣਾ ਫਿਕਰ ਦੀ ਗੱਲ ਹੈ। ਅਸੀਂ ਵਕਤ ਵੀ ਨਹੀਂ ਵਿਚਾਰ ਰਹੇ ਤੇ ਆਉਣ ਵਾਲੇ ਤੂਫ਼ਾਨਾਂ ਜਾਂ ਹੜ੍ਹ ਲਈ ਕਿਸੇ ਸੋਚ ਵਿਚਾਰ ਦਾ ਬੇੜਾ ਵੀ ਨਹੀਂ ਬੰਨ੍ਹ ਰਹੇ।

ਇਸ ਤਰ੍ਹਾਂ ਜਾਪਦਾ ਹੈ ਜਿਵੇਂ ਸਿੱਖ ਕੌਮ ਸਿਰਫ਼ ਅਗਵਾਈਹੀਣ ਹੀ ਨਹੀਂ, ਸਗੋਂ ਬੌਧਿਕ ਕੰਗਾਲੀ ਦਾ ਸ਼ਿਕਾਰ ਵੀ ਹੋ ਗਈ ਹੋਵੇ। ਹਾਲਾਂਕਿ ਸਾਡੇ ਲੋਕਾਂ ਨੂੰ ਗੁਰਬਾਣੀ ਹਰ ਵਕਤ, ਹਰ ਮੁਸ਼ਕਿਲ ਵਿਚ ਸੇਧ ਦੇਣ ਦੇ ਸਮਰੱਥ ਹੈ। ਪਰ ਅਸੀਂ ਆਪਣੀ ਹਉਮੈ ਤੇ ਲਾਲਚ ਵਿਚ ਸਿੱਖੀ ਅਸੂਲਾਂ ਨੂੰ ਜਾਂ ਤਾਂ ਤਿਲਾਂਜਲੀ ਦੇ ਰਹੇ ਹਾਂ ਜਾਂ ਫਿਰ ਸਾਨੂੰ ਵਿਸ਼ਵ ਵਰਤਾਰੇ ਦੀ ਸਮਝ ਨਹੀਂ ਹੈ।

ਕੈਨੇਡਾ ਵਿਚ ਸਿੱਖਾਂ ਦੀ ਸ਼ਾਨ ਆਰਥਿਕ ਤੇ ਸਿਆਸੀ ਤੌਰ 'ਤੇ ਭਾਰਤ ਨਾਲੋਂ ਵੀ ਜ਼ਿਆਦਾ ਹੈ। ਉਹ ਆਪਣੀ ਗਿਣਤੀ ਤੋਂ ਕਿਤੇ ਵੱਧ ਪਾਰਲੀਮੈਂਟ ਮੈਂਬਰ ਬਣਦੇ ਹਨ ਪਰ ਕੈਨੇਡਾ ਵਿਚ ਵੀ ਸਮਾਂ ਬਦਲ ਚੁੱਕਾ ਹੈ। ਭਾਵੇਂ ਜਸਟਿਨ ਟਰੂਡੋ ਤੇ ਮਾਰਕ ਕਾਰਨੀ ਇਕ ਹੀ ਪਾਰਟੀ ਦੇ ਹਨ, ਪਰ ਉਨ੍ਹਾਂ ਦੀ ਸੋਚ ਵੱਖਰੀ ਹੈ। ਖੁਦ ਹੀ ਵੇਖੋ ਟਰੂਡੋ ਮੰਤਰੀ ਮੰਡਲ ਵਿਚ ਕਿੰਨੇ ਸਿੱਖ ਵਜ਼ੀਰ ਸਨ ਤੇ ਉਨ੍ਹਾਂ ਕੋਲ ਕਿਹੜੇ ਮੰਤਰਾਲੇ ਸਨ ਤੇ ਹੁਣ ਭਾਵੇਂ ਤਿੰਨ ਸਿੱਖ ਵਜ਼ੀਰ ਹਨ ਪਰ ਉਨ੍ਹਾਂ ਨੂੰ ਮਿਲੇ ਮੰਤਰਾਲਿਆਂ ਦੀ ਮਹੱਤਤਾ ਕੀ ਹੈ? ਯਾਦ ਰੱਖੋ ਸਿੱਖਾਂ ਦੀ ਅਮਰੀਕਾ, ਕੈਨੇਡਾ, ਯੂ.ਕੇ. ਜਾਂ ਵਿਸ਼ਵ ਦੇ ਹੋਰ ਦੇਸ਼ਾਂ ਵਿਚ ਚੜ੍ਹਤ ਉਨ੍ਹਾਂ ਦੀ ਗਿਣਤੀ ਕਰਕੇ ਨਹੀਂ, ਸਗੋਂ ਉਨ੍ਹਾਂ ਦੀ ਸਖ਼ਤ ਮਿਹਨਤ, ਸਰਬੱਤ ਦੇ ਭਲੇ ਦੀ ਸੋਚ ਤੇ ਕੰਮਾਂ ਅਤੇ ਉਨ੍ਹਾਂ ਵਲੋਂ ਸ਼ਾਂਤੀ ਨਾਲ ਉਨ੍ਹਾਂ ਦੇਸ਼ਾਂ ਦੇ ਵਿਕਾਸ 'ਚ ਪਾਏ ਯੋਗਦਾਨ ਕਰਕੇ ਹੁੰਦੀ ਹੈ ਅਤੇ ਸਭ ਤੋਂ ਵੱਡੀ ਗੱਲ ਕਿ ਬਾਹਰਲੇ ਦੇਸ਼ਾਂ ਵਿਚ ਆਮ ਤੌਰ 'ਤੇ ਹਿੰਦੂ ਭਾਈਚਾਰਾ ਤੇ ਖਾਸ ਤੌਰ 'ਤੇ ਪੰਜਾਬੀ ਭਾਈਚਾਰਾ, ਜਿਸ ਵਿਚ ਪਾਕਿਸਤਾਨੀ ਪੰਜਾਬੀ ਵੀ ਸ਼ਾਮਿਲ ਹੁੰਦੇ ਹਨ, ਦੀ ਉਨ੍ਹਾਂ ਨੂੰ ਮਿਲੀ ਹਮਾਇਤ ਦੇ ਨਾਲ-ਨਾਲ ਸਰਬੱਤ ਦੇ ਭਲੇ ਲਈ ਕੀਤੀ ਜਾ ਰਹੀ ਸਮਾਜ ਸੇਵਾ ਕਾਰਨ ਸਥਾਨਕ ਗ਼ੈਰ-ਸਿੱਖ ਤੇ ਹੋਰ ਧਰਮਾਂ ਦੇ ਲੋਕ ਵੀ ਉਨ੍ਹਾਂ ਵੱਲ ਆਕਰਸ਼ਿਤ ਹੁੰਦੇ ਹਨ। ਨਹੀਂ ਤਾਂ ਯਾਦ ਰੱਖੋ ਕੈਨੇਡਾ ਵਿਚ ਸਿੱਖ ਆਬਾਦੀ 2021 ਦੀ ਮਰਦਮ ਸ਼ੁਮਾਰੀ ਅਨੁਸਾਰ 2.1 ਫ਼ੀਸਦੀ ਹੈ ਤੇ ਹਿੰਦੂ ਵਸੋਂ 2.3 ਫ਼ੀਸਦੀ ਜਦੋਂ ਕਿ ਮੁਸਲਿਮ ਵਸੋਂ 4.9 ਫ਼ੀਸਦੀ ਹੈ। ਇਸੇ ਤਰ੍ਹਾਂ ਅਮਰੀਕਾ ਵਿਚ ਮੁਸਲਮਾਨ 44 ਲੱਖ, ਹਿੰਦੂ ਕਰੀਬ 30 ਲੱਖ ਤੇ ਸਿੱਖ ਵਸੋਂ ਕਰੀਬ 9 ਜਾਂ 10 ਲੱਖ ਹੈ। ਯੂ.ਕੇ. ਵਿਚ ਵੀ ਮੁਸਲਿਮ ਆਬਾਦੀ 41 ਲੱਖ, ਹਿੰਦੂ ਸਾਢੇ 11 ਲੱਖ ਤੇ ਸਿੱਖ ਵਸੋਂ ਕਰੀਬ ਸਾਢੇ 6 ਲੱਖ ਦੇ ਆਸ-ਪਾਸ ਹੈ। ਸੋ ਸਪੱਸ਼ਟ ਹੈ ਕਿ ਜੇਕਰ ਸਿੱਖ ਡਾਇਆਸਪੋਰਾ ਇਨ੍ਹਾਂ ਦੇਸ਼ਾਂ ਵਿਚ ਆਪਣੇ-ਆਪ ਨੂੰ ਹਿੰਦੂਆਂ, ਖਾਸ ਕਰ ਪੰਜਾਬੀ ਹਿੰਦੂਆਂ ਤੋਂ ਵੱਖਰਾ ਕਰ ਲਵੇਗਾ ਤਾਂ ਉਸ ਦੀ ਸ਼ਾਨ ਨੂੰ ਢਾਹ ਲੱਗ ਸਕਦੀ ਹੈ।

ਹਾਲਾਤ ਤੇਜ਼ੀ ਨਾਲ ਬਦਲ ਰਹੇ ਹਨ। ਭਾਵੇਂ ਵਿਸ਼ਵ ਭਰ ਵਿਚ ਕਈ ਦੇਸ਼ਾਂ ਵਿਚ ਜੰਗ ਜਾਰੀ ਹੈ ਪਰ ਇਹ ਸਪੱਸ਼ਟ ਹੈ ਕਿ ਜਿਹੜੇ ਦੇਸ਼ਾਂ ਜਾਂ ਕੌਮਾਂ ਦੀ ਆਰਥਿਕਤਾ ਮਜ਼ਬੂਤ ਹੈ, ਉਹ ਹੀ ਸਫਲ ਹਨ, ਉਨ੍ਹਾਂ ਅੱਗੇ ਦੁਨੀਆ ਝੁਕਦੀ ਹੈ। ਹੁਣ ਜੀ-7 ਸੰਮੇਲਨ ਮੌਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਕੈਨੇਡੀਅਨ ਪ੍ਰਧਾਨ ਮੰਤਰੀ ਮਾਰਕ ਕਾਰਨੀ ਦੀ ਦੁਵੱਲੀ ਗੱਲਬਾਤ ਵਿਚ ਭਾਰਤ-ਕੈਨੇਡਾ ਰਿਸ਼ਤੇ ਤੇਜ਼ੀ ਨਾਲ ਸੁਧਾਰਨ ਸੰਬੰਧੀ ਹੋਏ ਫ਼ੈਸਲੇ ਦਾ ਹਰ ਭਾਰਤੀ, ਜਿਨ੍ਹਾਂ ਵਿਚ ਪੰਜਾਬੀ ਤੇ ਸਿੱਖਾਂ ਦੀ ਬਹੁਗਿਣਤੀ ਵੀ ਸ਼ਾਮਿਲ ਹੈ, ਵਲੋਂ ਸਵਾਗਤ ਕੀਤਾ ਜਾ ਰਿਹਾ ਹੈ ਤੇ ਇਹ ਕਰਨਾ ਬਣਦਾ ਵੀ ਹੈ।

ਬੇਸ਼ੱਕ ਸ਼ਾਂਤਮਈ ਮੁਜ਼ਾਹਰੇ ਕਰਨੇ ਜਾਂ ਰੋਸ ਦਾ ਪ੍ਰਗਟਾਵਾ ਲੋਕਰਾਜੀ ਹੱਕ ਹੈ ਪਰ ਹਰ ਵਾਰ ਮੁਜ਼ਾਹਰੇ ਕਰਕੇ ਤੇ ਉਨ੍ਹਾਂ ਵਿਚੋਂ ਆਪਣੇ ਹੀ ਦੇਸ਼ ਦੇ ਪ੍ਰਧਾਨ ਮੰਤਰੀ ਸੰਬੰਧੀ ਹੱਤਕ-ਆਮੇਜ਼ ਤਰੀਕੇ ਵਰਤਣੇ ਕਿਸੇ ਮਜ਼੍ਹਬ ਕੌਮ ਨੂੰ ਸ਼ੋਭਾ ਨਹੀਂ ਦਿੰਦੇ। ਚੰਗੀ ਗੱਲ ਹੋਵੇਗੀ ਕਿ ਵਿਦੇਸ਼ਾਂ ਵਿਚ ਰਹਿੰਦੇ ਸਿੱਖ ਤੇ ਪੰਜਾਬੀ ਇਕ ਸਮੂਹਿਕ ਲੀਡਰ ਉਸਾਰਨ। ਅਸੀਂ ਬਿਲਕੁਲ ਸਾਫ਼-ਸਾਫ਼ ਤੇ ਸਪੱਸ਼ਟ ਕਹਿਣ ਤੋਂ ਨਹੀਂ ਝਿਜਕਦੇ ਕਿ ਭਾਰਤ ਵਿਚ ਸਿੱਖਾਂ ਲਈ ਮੌਕੇ ਘਟਦੇ ਜਾ ਰਹੇ ਹਨ, ਸਿੱਖ ਨੇਤਾਵਾਂ ਵਿਚ ਸ਼ਾਇਦ ਇਕ ਸਹਿਮ ਜਿਹੇ ਦਾ ਮਾਹੌਲ ਵੀ ਜਾਪਦਾ ਹੈ, ਕਿਉਂਕਿ ਕਈ ਵਾਰ ਉਹ ਧੱਕੇ ਦੇ ਖਿਲਾਫ਼ ਬੋਲਣ ਤੋਂ ਹਿਚਕਚਾਉਣ ਵੀ ਲਗਦੇ ਹਨ। ਇਹ ਵੀ ਠੀਕ ਹੈ ਕਿ ਸਿੱਖਾਂ ਨਾਲ ਕਈ ਧੱਕੇ ਹੋਏ ਹਨ ਤੇ ਹੋ ਵੀ ਰਹੇ ਹਨ। ਕਈ ਵਾਰ ਅਜਿਹਾ ਵੀ ਜਾਪਦਾ ਹੈ ਕਿ ਪੰਜਾਬ ਨਾਲ ਨਾਇਨਸਾਫੀ ਵੀ ਪੰਜਾਬ ਵਿਚਲੀ ਸਿੱਖਾਂ ਦੀ ਬਹੁਗਿਣਤੀ ਨੂੰ ਕਮਜ਼ੋਰ ਕਰਨ ਲਈ ਹੀ ਕੀਤੀ ਜਾਂਦੀ ਹੈ। ਪਰ ਕਦੇ-ਕਦੇ ਸਰਕਾਰ ਸਿੱਖਾਂ ਨੂੰ ਖ਼ੁਸ਼ ਕਰਨ ਵਾਲੇ ਕੰਮ ਵੀ ਕਰਦੀ ਹੈ। ਪਰ ਅਸੀਂ ਸਮਝਦੇ ਹਾਂ ਕਿ ਇਸ ਵਿਚ ਸਿਰਫ਼ ਸਰਕਾਰ ਦਾ ਹੀ ਕਸੂਰ ਨਹੀਂ ਸਗੋਂ, ਸਾਡੀ ਕੌਮ ਦਾ ਵੀ ਕਸੂਰ ਹੈ। ਇਕ ਤਾਂ ਇਸ ਵੇਲੇ ਅਸੀਂ ਕਰੀਬ ਕਰੀਬ ਢੁਕਵੀਂ ਅਗਵਾਈ ਤੋਂ ਸੱਖਣੇ ਹਾਂ। ਅਸੀਂ ਧਾਰਮਿਕ ਤੇ ਰਾਜਨੀਤਕ ਖੇਤਰ ਵਿਚ ਹੀ ਪਿੱਛੇ ਨਹੀਂ ਗਏ ਸਗੋਂ ਵਿੱਦਿਅਕ, ਸੱਭਿਆਚਾਰਕ, ਸਮਾਜਿਕ ਤੇ ਆਰਥਿਕ ਖੇਤਰਾਂ ਵਿਚ ਵੀ ਢਹਿੰਦੀ ਕਲਾ ਵਿਚ ਜਾ ਰਹੇ ਹਾਂ। ਸਾਡੀ ਚੜ੍ਹਦੀ ਕਲਾ ਦੀ ਅਰਦਾਸ ਸਿਰਫ਼ ਲਫ਼ਜ਼ਾਂ ਵਿਚ ਹੈ, ਅਸਲ ਵਿਚ ਅਸੀਂ ਚੜ੍ਹਦੀ ਕਲਾ ਵਿਚ ਰਹਿ ਕੇ ਨਹੀਂ ਵਿਚਰ ਰਹੇ। ਹੁਣ ਅਸੀਂ ਆਈ.ਏ.ਐਸ., ਪੀ.ਸੀ.ਐਸ. ਤੇ ਹੋਰ ਮੁਕਾਬਲੇ



ਦੇ ਇਮਤਿਹਾਨਾਂ ਵਿਚ ਬਹੁਤ ਪਿੱਛੇ ਹਾਂ। ਤਾਜ਼ਾ ਉਦਾਹਰਨ ਡਾਕਟਰੀ ਲਈ ਹੋਈ ਨੀਟ (ਯੂ.ਜੀ.) ਪ੍ਰੀਖਿਆ ਦੀ ਹੈ। ਪਹਿਲੇ 100 ਵਿਦਿਆਰਥੀਆਂ ਵਿਚ 9 ਪੰਜਾਬੀ ਹਨ, ਖੁਸ਼ੀ ਦੀ ਗੱਲ ਹੈ ਕਿ 2 ਫ਼ੀਸਦੀ ਪੰਜਾਬੀਆਂ ਨੇ 9 ਫ਼ੀਸਦੀ ਜਗ੍ਹਾ ਹਾਸਲ ਕੀਤੀ ਹੈ ਪਰ ਦੇਖੋ ਇਨ੍ਹਾਂ ਵਿਚੋਂ ਇਕ ਵੀ ਸਿੱਖ ਨਹੀਂ ਹੈ।

ਪਹਿਲੀ ਗੱਲ ਤੇ ਇਹ ਕਿ ਅਸੀਂ ਵਿਦੇਸ਼ੀ ਧਰਤੀ 'ਤੇ ਬੈਠ ਕੇ ਖਾਲਿਸਤਾਨ ਦੀ ਗੱਲ ਕਰਦੇ ਹਾਂ, ਪਹਿਲਾਂ ਪੂਰੀ ਕੌਮ ਜਾਂ ਸਿੱਖ ਬਹੁਗਿਣਤੀ ਨੂੰ ਤਾਂ ਪੁੱਛ ਲਵੋ ਕਿ, ਉਹ ਕੀ ਚਾਹੁੰਦੀ ਹੈ? ਕੀ ਖਾਲਿਸਤਾਨ ਬਹੁਗਿਣਤੀ ਸਿੱਖਾਂ ਦੀ ਮੰਗ ਹੈ ਜਾਂ ਕਿ ਇਹ ਸਰਕਾਰਾਂ ਨੂੰ ਸਿੱਖਾਂ ਖਿਲਾਫ਼ ਜਬਰ ਕਰਨ ਦਾ ਇਕ ਬਹਾਨਾ ਬਣ ਕੇ ਰਹਿ ਗਈ ਹੈ? ਕੀ ਖਾਲਿਸਤਾਨ ਲਈ ਦਿੱਤੀਆਂ ਜਾ ਰਹੀਆਂ ਕੁਰਬਾਨੀਆਂ ਦਾ ਕੋਈ ਮੁੱਲ ਪਵੇਗਾ? ਕੀ ਅੱਜ ਦੇ ਵਿਸ਼ਵ ਦੇ ਹਾਲਾਤ 'ਚ ਇਹ ਸੰਭਵ ਵੀ ਹੈ? ਕੀ ਕੋਈ ਵੱਖਰਾ ਦੇਸ਼ ਜੇ ਬਣ ਵੀ ਜਾਵੇ ਤਾਂ ਉਹ ਸਿੱਖਾਂ ਨੂੰ ਆਪਸੀ ਵੰਡ ਵੱਲ ਤਾਂ ਨਹੀਂ ਵਧਾਏਗਾ? ਇਕ ਹੋਰ ਵਿਚਾਰਨ ਵਾਲੀ ਗੱਲ ਇਹ ਵੀ ਹੈ ਕਿ ਕੀ ਮਹਾਰਾਜਾ ਰਣਜੀਤ ਸਿੰਘ ਤੇ ਅੰਗਰੇਜ਼ਾਂ ਅਧੀਨ ਹੋਰ ਸਿੱਖ ਸਲਤਨਤਾਂ ਨੇ ਸਿੱਖੀ ਦਾ ਕੁਝ ਸਵਾਰਿਆ ਸੀ? ਕੀ ਵਿਸ਼ਵ ਵਿਚ ਧਰਮ ਆਧਾਰਿਤ ਰਾਜ, ਚਾਹੇ ਉਹ ਮੁਸਲਮਾਨਾਂ ਦੇ ਹਨ ਜਾਂ ਇਸਾਈਆਂ ਦੇ ਜਾਂ ਅੱਜ ਦੇ ਯੁੱਗ ਵਿਚ ਹਿੰਦੂ ਧਰਮ ਦਾ ਇਕੋ ਇਕ ਰਾਜ ਰਿਹਾ ਨਿਪਾਲ ਜਾਂ ਫਿਰ ਯਾਹੂਦੀ ਧਰਮ 'ਤੇ ਆਧਾਰਿਤ ਇਸਰਾਈਲ, ਆਪਣੇ ਧਰਮ ਅਤੇ ਕੌਮ ਦਾ ਕੁਝ ਸੰਵਾਰ ਰਹੇ ਹਨ ਜਾਂ ਉਨ੍ਹਾਂ ਨੂੰ ਨਵੀਆਂ ਮੁਸ਼ਕਿਲਾਂ ਵਿਚ ਧੱਕ ਰਹੇ ਹਨ? ਕੀ ਖਾਲਿਸਤਾਨ ਦਾ ਸੰਕਲਪ ਗੁਰਬਾਣੀ ਦੇ ਵਿਸ਼ਵ ਵਿਆਪੀ ਧਰਮ ਤੇ ਸਰਬੱਤ ਦੇ ਭਲੇ ਦੇ ਸੰਕਲਪ ਨਾਲ ਮੇਲ ਖਾਂਦਾ ਹੈ?

ਕਿਤੇ ਇਹ ਤਾਂ ਨਹੀਂ ਕਿ ਅਸੀਂ ਆਪਣੀ ਕੌਮ ਨੂੰ ਨਿੱਜੀ ਫਾਇਦਿਆਂ ਲਈ ਬਲਦੀ ਦੇ ਬੁਥੇ ਵੱਲ ਧੱਕ ਰਹੇ ਹਾਂ? ਬੇਸ਼ੱਕ ਡਰਨਾ ਸਿੱਖ ਦਾ ਕਰਮ ਨਹੀਂ। ਪਰ ਇਤਿਹਾਸ ਤੋਂ ਸਬਕ ਲੈਣਾ ਤੇ ਸਮਾਂ ਵਿਚਾਰਨਾ ਤਾਂ ਸਿੱਖਾਂ ਦਾ ਕਰਮ ਹੈ। ਇਸ ਲਈ ਇਕ ਬਿਨ ਮੰਗੀ ਸਲਾਹ ਜ਼ਰੂਰ ਦੇਣਾ ਜ਼ਰੂਰੀ ਸਮਝਦਾ ਹਾਂ ਕਿ ਬਜਾਏ ਫੋਕੀ ਮਾਅਰਕੇਬਾਜ਼ੀ ਤੇ ਨਾਅਰੇਬਾਜ਼ੀ ਦੇ ਆਪੋ-ਆਪਣੇ ਦੇਸ਼ਾਂ ਵਿਚ ਆਪੋ-ਆਪਣੀ ਇਕ ਸਮੂਹਿਕ ਲੀਡਰਸ਼ਿਪ ਉਸਾਰਨਾ, ਇਹ ਔਖਾ ਕੰਮ ਨਹੀਂ ਹੈ, ਸੰਬੰਧਿਤ ਦੇਸ਼ਾਂ ਦੇ ਗੁਰਦੁਆਰਿਆਂ ਦੀਆਂ ਪ੍ਰਬੰਧਕ ਕਮੇਟੀਆਂ ਤੇ ਉਨ੍ਹਾਂ ਦੇਸ਼ਾਂ ਵਿਚ ਵਸਦੇ ਪ੍ਰਭਾਵਸ਼ਾਲੀ ਸਿੱਖ ਇਕੱਠੇ ਹੋ ਕੇ ਅਜਿਹਾ ਕਰ ਸਕਦੇ ਹਨ। ਅਜਿਹਾ ਕਰਨ ਤੋਂ ਬਾਅਦ ਇਹ ਲੀਡਰਸ਼ਿਪ ਜਦੋਂ ਵੀ ਕੋਈ ਭਾਰਤੀ ਪ੍ਰਧਾਨ ਮੰਤਰੀ ਜਾਂ ਵੱਡਾ ਮੰਤਰੀ ਉਨ੍ਹਾਂ ਦੇ ਦੇਸ਼ ਵਿਚ ਆਵੇ ਤਾਂ ਉਸ ਦਾ ਤ੍ਰਿਸਕਾਰ ਕਰਨ ਅਤੇ ਉਸ ਦੇ ਖਿਲਾਫ ਮੁਜ਼ਾਹਰਾ ਕਰਨ ਦੀ ਥਾਂ ਉਸ ਕੋਲੋਂ ਉਸ ਦੇ ਆਉਣ ਤੋਂ ਪਹਿਲਾਂ ਹੀ ਸਮਾਂ ਲੈ ਕੇ ਸਿਰਫ਼ 5 ਮੈਂਬਰੀ ਕਮੇਟੀ ਉਸ ਨੂੰ ਮਿਲ ਕੇ ਸਿੱਖਾਂ ਅਤੇ ਪੰਜਾਬ ਦੀਆਂ ਮੰਗਾਂ ਬਾਰੇ ਗੱਲਬਾਤ ਕਰਨ ਅਤੇ ਲਿਖਤੀ ਮੰਗ ਪੱਤਰ ਜੇ ਲੋੜ ਹੋਵੇ ਤਾਂ ਰੋਸ-ਪੱਤਰ ਵੀ ਦੇਣ। ਜੇਕਰ ਸਿੱਖ ਆਪੋ-ਆਪਣੇ ਦੇਸ਼ ਵਿਚ ਸਮੂਹਿਕ ਲੀਡਰਸ਼ਿਪ ਉਸਾਰ ਲੈਣ ਤਾਂ ਫਿਰ ਇਹ ਲੀਡਰਸ਼ਿਪ ਆਪਸੀ ਸਹਿਮਤੀ ਨਾਲ ਵਿਸ਼ਵ ਪੱਧਰ ਦੀ ਲੀਡਰਸ਼ਿਪ ਵੀ ਬਣਾ ਸਕੇਗੀ। ਪਰ ਇਸ ਲਈ ਸਭ ਤੋਂ ਵੱਧ ਜ਼ਰੂਰਤ ਤਾਂ ਪੰਜਾਬ ਅਤੇ ਭਾਰਤ ਵਿਚ ਸਿੱਖ ਲੀਡਰਸ਼ਿਪ ਦੁਬਾਰਾ ਉਸਾਰਨ ਦੀ ਹੈ। ਜੇਕਰ ਸਿੱਖਾਂ ਦੀ ਕੋਈ ਵਿਸ਼ਵ ਪੱਧਰੀ ਸਮੂਹਿਕ ਲੀਡਰਸ਼ਿਪ ਬਣ ਜਾਵੇ ਤਾਂ ਸਿੱਖਾਂ ਦੀ ਹਾਲਤ ਵਿਸ਼ਵ ਪੱਧਰ 'ਤੇ ਫਿਰ ਚੜ੍ਹਦੀ ਕਲਾ ਵੱਲ ਜਾ ਸਕਦੀ ਹੈ। ਉਂਜ ਤੇਜ਼ੀ ਨਾਲ ਬਦਲਦਾ ਵਿਸ਼ਵ ਆਰਡਰ ਕੱਲ੍ਹ ਨੂੰ ਕੀ ਕਰਦਾ ਹੈ, ਇਸ ਦਾ ਕੁਝ ਪਤਾ ਨਹੀਂ। ਜੇਕਰ ਤੀਸਰਾ ਵਿਸ਼ਵ ਯੁੱਧ ਲਗਦਾ ਹੈ ਤਾਂ ਉਸ ਦੇ ਕੀ ਨਤੀਜੇ ਹੋਣਗੇ ਇਹ ਵੀ ਸਿੱਖ ਕੌਮ ਲਈ ਵਿਚਾਰਨਯੋਗ ਮਸਲਾ ਹੈ। ਪਰ ਇਹ ਤਦ ਹੀ ਸੰਭਵ ਹੈ, ਜੇ ਸਿੱਖਾਂ ਦੀ ਕੋਈ ਪ੍ਰਵਾਨਿਤ ਤੇ ਸੂਝਵਾਨ ਲੀਡਰਸ਼ਿਪ ਉੱਭਰ ਸਕੇ। ਨਹੀਂ ਤਾਂ ਸਿਰਫ਼ ਮਾਅਰਕੇਬਾਜ਼ੀ ਤੇ ਖਰੂਦੀ ਨਾਅਰੇਬਾਜ਼ੀ ਕੌਮ ਦਾ ਕੁਝ ਸੰਵਾਰਦੀ ਨਹੀਂ, ਸਗੋਂ ਪੂਰੀ ਕੌਮ ਨੂੰ ਹੋਰ ਡੂੰਘੀ ਹਕੂਮਤੀ ਨਫ਼ਰਤ ਦਾ ਸ਼ਿਕਾਰ ਹੀ ਬਣਾਉਂਦੀ ਹੈ।

ਉਂਜ ਸੋਚਣ ਵਾਲੀ ਗੱਲ ਤਾਂ ਇਹ ਵੀ ਹੈ ਕਿ ਪੰਜਾਬ ਜਿਥੇ ਸਿੱਖ ਕੌਮ ਬਹੁਗਿਣਤੀ ਵਿਚ ਹੈ ਤਾਂ ਭਾਰਤ ਜਿਥੇ ਸਿੱਖ ਕੌਮ ਦਾ ਵੱਡਾ ਅਸਰ ਹੈ, ਵਿਚ ਸਿੱਖਾਂ ਵਿਚ ਇਸਾਈ ਬਣਨ ਦਾ ਰੁਝਾਨ ਸਾਡੀ ਲੀਡਰਸ਼ਿਪ ਦੇ ਸਭ ਤੋਂ ਵੱਡੇ ਨਿਘਾਰ ਦਾ ਪ੍ਰਤੀਕ ਨਹੀਂ ਤਾਂ ਹੋਰ ਕੀ ਹੈ, ਜਦੋਂ ਕਿ ਵਿਦੇਸ਼ੀ ਧਰਤੀਆਂ ਜਿਥੇ ਈਸਾਈ ਤੇ ਮੁਸਲਿਮ ਧਾਰਮਿਕ ਰਾਜ ਵੀ ਹਨ ਤੇ ਸਿੱਖਾਂ ਕੋਲ ਜ਼ਿਆਦਾ ਤਾਕਤ ਵੀ ਨਹੀਂ ਹੈ, ਵਿਚ ਸ਼ਾਇਦ ਹੀ ਕੋਈ ਸਿੱਖ ਧਰਮ ਦਾ ਪਰਿਵਰਤਨ ਕਰ ਕੇ ਇਸਾਈ ਜਾਂ ਮੁਸਲਮਾਨ ਬਣਦਾ ਹੋਵੇ।

ਯਾਦ ਰੱਖੋ ਕੋਈ ਵੀ ਮੁਹਿੰਮ ਸਿਰਫ਼ ਜੋਸ਼ ਨਾਲ ਨਹੀਂ ਜਿੱਤੀ ਜਾ ਸਕਦੀ, ਪਰ ਸਫਲਤਾ ਜੋਸ਼ ਦੇ ਨਾਲ-ਨਾਲ ਹੋਸ਼ ਨੂੰ ਕਾਇਮ ਰੱਖ ਕੇ ਪ੍ਰਾਪਤ ਕੀਤੀ ਜਾ ਸਕਦੀ ਹੈ।

ਜੋਸ਼-ਏ-ਕੁਰਬਾਨੀ ਸੇ ਹੀ ਦੁਨੀਆ ਸੇ ਕਬ ਜੀਤਾ ਹੈ ਕੋਈ,
ਹੋਸ਼ ਭੀ ਲਾਜ਼ਿਮ ਹੈ ਮੰਜ਼ਿਲ ਤੱਕ ਰਸਾਈ ਕੇ ਲੀਏ।
(ਲਾਲ ਫਿਰੋਜ਼ਪੁਰੀ)

# ਇਤਿਹਾਸਕਾਰਾਂ ਦੀ ਟੀਰੀ ਅੱਖ

***ਡਾ: ਸੰਤੋਖ ਲਾਲ ਵਿਰਦੀ ਵੱਲੋਂ, ਦੋ ਦਹਾਕੇ ਪਹਿਲਾਂ ਲਿਖੀ ਕਿਤਾਬ 'ਭਾਰਤ ਦਾ ਦਲਿਤ ਇਤਿਹਾਸ' ਇੱਕ ਕੀਮਤੀ ਦਸਤਾਵੇਜ਼ ਹੈ! ਕਥਿਤ ਇਤਿਹਾਸਕਾਰਾਂ ਵਲੋਂ ਇਤਿਹਾਸ ਲਿਖਣ ਲੱਗਿਆਂ, ਦਲਿਤਾਂ ਨੂੰ ਕਿਵੇਂ ਅਣਗੌਲਿਆ ਕੀਤਾ ਗਿਆ?- ਇਹ ਕਿਤਾਬ ਇਸ ਦੀ ਬਾਖੂਬੀ ਚਰਚਾ ਕਰਦੀ ਹੈ! ਮੇਰੀ ਜ਼ੋਰਦਾਰ ਇੱਛਾ ਹੈ ਕਿ ਇਸ ਕਿਤਾਬ ਦੇ ਇਨ੍ਹਾਂ ਦੋ ਸਫ਼ਿਆਂ 'ਚ ਪੇਸ਼ ਕੀਤੀ ਸਮਝ ਲੋਕਾਂ ਤੱਕ ਵਿਸ਼ੇਸ਼ ਤੌਰ 'ਤੇ ਪਹੁੰਚੇ। -ਪਰਮਜੀਤ ਰੋਡੇ***

ਡਾ. ਐਸ. ਐਲ ਵਿਰਦੀ ਲਿਖਦੇ ਹਨ:

'ਵੀਹਵੀਂ ਸਦੀ ਦੇ ਇਤਿਹਾਸ ਵਿਚ ਕਿਸਾਨ ਦੀ ਲੁੱਟ, ਪੀੜਾ ਦਾ ਉਲੇਖ ਤਾਂ ਹੈ, ਪਰੰਤੂ ਉਸ ਦੇ ਨਾਲ ਕੰਮ ਕਰਨ ਵਾਲੇ ਸੀਰੀ (ਨੌਕਰ) ਦੀ ਲੁੱਟ, ਪੀੜਾ, ਦਮਨ ਅਤੇ ਦਰਦ ਨਹੀਂ ਦਿਸਦਾ। ਖੇਤਾਂ ਨੂੰ ਭੱਤਾ ਲੈ ਕੇ ਜਾਂਦੀ ਮੁਟਿਆਰ (ਜੱਟੀ) ਦੀ ਮੜਕ ਦਾ ਮੁਜ਼ਾਹਰਾ ਤਾਂ ਹੈ ਪਰ ਖੇਤਾਂ ਵਿਚੋਂ ਭਿੱਜੀ ਇੱਲ ਦੀ ਤਰ੍ਹਾਂ ਘਾਹ ਦੀ ਪੰਡ ਲੈ ਕੇ ਆਉਂਦੀ ਦਲਿਤ ਔਰਤ ਦੀ ਖਾਮੋਸ਼ੀ ਦਾ ਵਰਣਨ ਨਹੀਂ ਹੈ। ਗਿੱਧੇ ਵਿਚ ਨੱਚਦੀ ਮੁਟਿਆਰ ਦੀ ਮਸਤੀ ਦਾ ਮਾਮਲਾ ਤਾਂ ਹੈ, ਪਰ ਸਿਰ ਉੱਤੇ ਗੰਦਗੀ ਦਾ ਟੋਕਰਾ ਚੁੱਕ ਕੇ ਲਿਜਾਂਦੀ ਭੰਗਣ ਦੀ ਭੈੜੀ ਦਸ਼ਾ ਦਾ ਵਰਣਨ ਨਹੀਂ ਹੈ। ਸੜਕ ਉੱਤੇ ਕਾਲਜ ਨੂੰ ਜਾਂਦੀ ਨੌਜਵਾਨ ਲੜਕੀ ਦੀ ਸੁੰਦਰਤਾ ਦੀ ਸਰਾਹਨਾ ਤਾਂ ਹੈ, ਪਰ ਸੜਕ ਦੇ ਕਿਨਾਰੇ ਪੱਥਰ ਤੋੜਦੀ ਸ਼ਕਲ ਤੋਂ ਬੇਸ਼ਕਲ ਹੋਈ ਨੌਜਵਾਨ ਦਲਿਤ ਲੜਕੀ ਦੇ ਦੁਖਦਾਇਕ ਅਰਮਾਨਾ ਦੀ ਦਾਸਤਾਨ ਨਹੀਂ ਹੈ।

ਜ਼ਿਮੀਂਦਾਰਾਂ ਦੀਆਂ ਉੱਚੀਆਂ ਹਵੇਲੀਆਂ ਦਾ ਬੋਲਬਾਲਾ ਤਾਂ ਹੈ, ਪਰੰਤੂ ਇਨ੍ਹਾਂ ਵਿਚ ਸੇਪੀ 'ਤੇ ਕੰਮ ਕਰਦੇ ਝਿਊਰਾਂ ਨੂੰ ਝਿੜਕਾਂ, ਤਰਖਾਣਾਂ ਦੇ ਤਰਲੇ, ਲੁਹਾਰਾਂ ਦੇ ਲਹੂ ਲੁਹਾਣ ਹੱਥ, ਨਾਈਆਂ ਦੇ ਨਹੇਰਨੇ, ਘੁਮਾਰਾਂ ਨੂੰ ਘੂਰਨੀਆਂ ਤੇ ਸ਼ੀਬਿਆਂ ਦੀ ਸੇਪੀ ਦੇ ਸਿਆਪੇ ਦੀ ਸੁਰ ਵੀ ਨਹੀਂ ਸੁਣਾਈ ਦਿੰਦੀ। ਧਰਮ ਤੇ ਸਮਾਜ ਦੇ ਠੇਕੇਦਾਰਾਂ ਵਲੋਂ ਕਿਸਾਨ ਦੇ ਦੁਧਾਰੂ ਜਾਨਵਰਾਂ ਨੂੰ ਕਰਜ਼ੇ ਦੇ ਬਦਲੇ ਖੋਲ੍ਹ ਕੇ ਲਿਜਾਣ ਦੀ ਦੁਹਾਈ ਤਾਂ ਹੈ, ਪ੍ਰੰਤੂ ਦਲਿਤਾਂ ਦੇ ਦੁਧਾਰੂ ਜਾਨਵਰਾਂ ਨੂੰ ਬਿਨਾਂ ਕਰਜ਼ਾ ਹੀ ਉੱਚ ਜਾਤੀਆਂ ਵਲੋਂ ਜਬਰੀ ਹੱਕ ਕੇ ਲੈ ਜਾਣ ਵਿਰੁੱਧ ਹਾਅ ਦਾ ਨਾਅਰਾ ਵੀ ਨਹੀਂ ਹੈ। ਹਾੜੀ ਸਾਂਭ ਕੇ ਮੇਲੇ ਗਏ ਜੱਟ ਦੇ ਦਮਾਮੇ ਦੇ ਦਰਸ਼ਨ ਤਾਂ ਹੁੰਦੇ ਹਨ ਪਰ ਪਿੱਛੇ ਮਾਲ-ਢਾਂਡਾ ਸਾਂਭਣੇ ਨੂੰ ਛੱਡ ਕੇ ਗਏ ਸੀਰੀ ਦੀ ਗੁਲਾਮੀ ਨਹੀਂ ਦਿਸਦੀ।

ਹੀਰ-ਰਾਂਝਾ, ਸੱਸੀ-ਪੁੰਨੂੰ, ਸੀਰੀ-ਫ਼ਰਿਆਦ, ਸੋਹਣੀ-ਮਹੀਂਵਾਲ, ਦੇ ਇਸ਼ਕ ਮੁਸ਼ਕ ਵੱਲ ਇਸ਼ਾਰਾ ਤਾਂ ਹੈ ਪ੍ਰੰਤੂ ਇਨ੍ਹਾਂ ਦੀ ਸਫਲਤਾ ਵਿਚ ਰੁਕਾਵਟ ਬਣੀ ਜਾਤੀਵਾਦੀ ਮਾਨਸਿਕ ਸੋਚ ਨੂੰ ਛੁਪਾਇਆ ਗਿਆ ਹੈ। ਦੋ ਵਰਗਾਂ 'ਚ ਵੰਡੀ ਦੁਨੀਆਂ, ਇੱਕ ਲੋਕਾਂ ਦੀ, ਦੂਜੀ ਜੋਕਾਂ ਦੀ ਕਲਪਨਾ ਤਾਂ ਹੈ, ਪ੍ਰੰਤੂ 10 ਹਜ਼ਾਰ ਜਾਤੀਆਂ 'ਚ ਵੰਡੇ ਹਿੰਦੋਸਤਾਨੀ ਸਮਾਜ ਦਾ ਯਥਾਰਥ ਨਹੀਂ ਹੈ। ਦੁਨੀਆ ਭਰ ਦੇ ਮਜ਼ਦੂਰਾਂ ਨੂੰ ਜੋੜਨ ਦੀ ਗੱਲ ਤਾਂ ਹੈ, ਪਰ ਸਮਾਜ ਵਿਚ ਜਾਤ-ਪਾਤ ਤੇ ਛੂਆ-ਛਾਤ ਦੀਆਂ ਪਈਆਂ ਵੱਡੀਆਂ ਨੂੰ ਖ਼ਤਮ ਕਰਕੇ ਭਾਈਚਾਰਾ ਬਣਾਉਣ ਦੀ ਭਾਵਨਾ ਨਹੀਂ ਹੈ।




ਕਰਜ਼ੇ ਬਦਲੇ ਕਿਸਾਨ ਦੀ ਜ਼ਮੀਨ ਖੋਹੇ ਜਾਣ ਦਾ ਜ਼ਿਕਰ ਤਾਂ ਹੈ ਪ੍ਰੰਤੂ ਹਜ਼ਾਰਾਂ ਸਾਲਾਂ ਤੋਂ ਕਰੋੜਾਂ ਦਲਿਤ, ਜੋ ਆਪਣੀ ਕੁੱਲੀ ਦੀ ਜ਼ਮੀਨ ਦੇ ਵੀ ਮਾਲਿਕ ਨਹੀਂ, ਉਨ੍ਹਾਂ ਦਾ ਜ਼ਿਕਰ ਨਹੀਂ ਹੈ। ਉਹ ਜਿਉਂਦੇ-ਜੀਅ ਜ਼ਿਮੀਂਦਾਰਾਂ ਦੇ ਰਿਜਤਨਾਮੇ ਵਸਦੇ ਰਹੇ, ਤੇ ਮਰਨ ਉਪਰੰਤ ਵੀ ਸਾਂਝੇ ਸ਼ਮਸ਼ਾਨ ਘਾਟ 'ਚ ਨਹੀਂ ਸੜ ਸਕਦੇ। ਕੀ ਉਨ੍ਹਾਂ ਦੀ ਗੱਲ ਕੀਤੀ ਹੈ? ਜਦ ਕਿ ਦੁੱਖੀ ਮਨੁੱਖ ਦਾ ਦਰਦਮੰਦ ਹੋਣਾ ਲੇਖਕ ਦਾ ਮੁੱਖ ਲੱਛਣ ਹੈ, ਜੋ ਕਿ ਇਤਿਹਾਸ ਵਿਚ ਕਿਧਰੇ ਵਿਖਾਈ ਨਹੀਂ ਦਿੰਦਾ। ਇੱਥੇ ਆ ਕੇ ਸਮੁੱਚੇ ਆਧੁਨਿਕ ਇਤਿਹਾਸ ਤੇ ਵੀ ਪ੍ਰਸ਼ਨ-ਚਿੰਨ੍ਹ ਲੱਗ ਜਾਂਦਾ ਹੈ।


ਹਜ਼ਾਰਾਂ ਸਾਲ ਬਹੁਜਨ ਦਲਿਤ ਸ਼ੋਸ਼ਿਤ ਸਮਾਜ ਦੇ ਲੋਕ, ਸਭ ਦੀ ਸੇਵਾ ਕਰਕੇ ਵੀ ਮਨੁੱਖੀ ਅਧਿਕਾਰਾਂ ਤੋਂ ਵੰਚਿਤ ਰਹੇ। ਪਿੰਡਾਂ ਅਤੇ ਸ਼ਹਿਰਾਂ ਤੋਂ ਬਾਹਰ, ਸ਼ਮਸ਼ਾਨ ਘਾਟਾਂ ਦੇ ਪਾਸ, ਗੰਦੇ ਨਾਲਿਆਂ 'ਤੇ ਛੱਪੜਾਂ ਦੇ ਦੁਆਲੇ, ਉਹ ਜ਼ਹਿਮਤ ਭਰੀ ਜ਼ਿੰਦਗੀ ਢੋਂਦੇ ਰਹੇ। ਉੱਚ ਜਾਤੀਆਂ ਨੇ ਉਨ੍ਹਾਂ ਨਾਲ ਰੋਟੀ-ਬੇਟੀ ਦੀ ਸਾਂਝ ਤਾਂ ਕੀ ਪਾਉਣੀ ਸੀ, ਉਨ੍ਹਾਂ ਦੇ ਪਰਛਾਵੇਂ ਤੋਂ ਵੀ ਬਚਦੇ ਰਹੇ। ਜਦ ਉਨ੍ਹਾਂ ਨੂੰ ਮਜਬੂਰਨ ਪਿੰਡ ਜਾਂ ਸ਼ਹਿਰ ਵਿਚੋਂ ਮਰੇ ਜਾਨਵਰਾਂ ਨੂੰ ਉਠਾਉਣ ਲਈ ਜਾਣਾ ਪੈਂਦਾ, ਉਨ੍ਹਾਂ ਨੂੰ ਪਿੰਡ ਜਾਂ ਸ਼ਹਿਰ ਦੇ ਅੰਦਰ ਦਾਖਲ ਹੋਣ ਤੋਂ ਪਹਿਲਾਂ ਉੱਚੀ-ਉੱਚੀ ਚੀਕਾਂ ਮਾਰ ਕੇ ਜਾਣਾ ਪੈਂਦਾ ਰਿਹਾ, ਉੱਚ ਜਾਤੀਆਂ ਦੇ ਲੋਕ ਉਨ੍ਹਾਂ ਨੂੰ ਦੇਖਣ ਤੋਂ ਪਹਿਲਾਂ ਹੀ ਆਪਣੇ ਘਰਾਂ ਦੇ ਦਰਵਾਜ਼ੇ ਬੰਦ ਕਰਦੇ ਰਹੇ, ਉਨ੍ਹਾਂ ਦੀ ਬਸਤੀ ਨੂੰ ਅੱਗ ਲਾ ਕੇ ਭਸਮ ਕਰ ਦਿੱਤਾ ਜਾਂਦਾ ਰਿਹਾ। ਮਰਦ, ਔਰਤਾਂ, ਬੱਚਿਆਂ ਦੇ ਨੱਕ, ਕੰਨ, ਬੁੱਲ੍ਹ ਕੱਟ ਦਿੱਤੇ ਜਾਂਦੇ ਰਹੇ।

ਉਨ੍ਹਾਂ ਨੂੰ ਉੱਚ ਜਾਤੀਆਂ ਦੀ ਗੰਦਗੀ ਉਠਾ ਕੇ ਲਿਜਾਣੀ ਪੈਂਦੀ, ਅਜਿਹਾ ਨਾ ਕਰਨ 'ਤੇ ਉਨ੍ਹਾਂ ਦੀਆਂ ਅੱਖਾਂ ਗਰਮ ਸਲਾਖਾਂ ਨਾਲ ਕੱਢ ਦਿੱਤੀਆਂ ਜਾਂਦੀਆਂ ਰਹੀਆਂ। ਖੂਹ ਉਹ ਪੁੱਟਦੇ ਸਨ, ਪ੍ਰੰਤੂ ਖੂਹ ਵਿਚ ਪਾਣੀ ਆਉਂਦੇ ਹੀ ਉਹ, ਉਸੇ ਖੂਹ ਤੋਂ ਪਾਣੀ ਪੀਣ ਤੋਂ ਵਰਜਿਤ ਰਹੇ। ਕੱਪੜਾ ਉਹ ਬੁਣਨ ਪਰ ਨਵੇਂ ਕੱਪੜੇ ਤਾਂ ਕੀ, ਉਹ ਤਾਂ ਮੁਰਦਿਆਂ ਦੇ ਉਤਾਰੇ ਹੋਏ ਵੀ ਉੱਚ ਜਾਤੀਆਂ ਵਾਂਗ ਨਹੀਂ ਪਹਿਨ ਸਕਦੇ ਸਨ। ਦਲਿਤ ਔਰਤਾਂ ਆਪਣੀਆਂ ਛਾਤੀਆਂ ਨਹੀਂ ਢੱਕ ਸਕਦੀਆਂ ਸਨ। ਅਜਿਹਾ ਨਾ ਕਰਨ 'ਤੇ ਉਨ੍ਹਾਂ ਦੀਆਂ ਛਾਤੀਆਂ ਕੱਟ ਦਿੱਤੀਆਂ ਜਾਂਦੀਆਂ ਸਨ। ਮਰਦ ਗੋਡਿਆਂ ਤੋਂ ਥੱਲੇ ਧੋਤੀ ਨਹੀਂ ਪਹਿਨ ਸਕਦੇ ਸਨ, ਧੋਤੀ ਪਹਿਨਣ 'ਤੇ ਉਨ੍ਹਾਂ ਦੇ ਗੋਡੇ ਤੋੜ ਦਿੱਤੇ ਜਾਂਦੇ ਸਨ। ਉਹ ਮੰਦਿਰ ਵਿਚ ਨਹੀਂ ਜਾ ਸਕਦੇ ਸਨ, ਭਲੇ ਹੀ ਕੁੱਤੇ-ਬਿੱਲੇ ਉੱਥੇ ਪੇਸ਼ਾਬ ਕਰੀ ਜਾਣ। ਸਿੱਖਿਆ ਗ੍ਰਹਿਣ ਕਰਨਾ ਉਨ੍ਹਾਂ ਲਈ ਘੋਰ ਅਪਰਾਧ ਰਿਹਾ। ਜੇ ਉਹ ਸਹਿਮਨ ਵੀ ਸਿੱਖਿਆ ਦਾ ਸ਼ਬਦ ਸੁਣ ਲੈਣ ਤਾਂ ਉਨ੍ਹਾਂ ਦੇ ਕੰਨਾਂ ਵਿਚ ਪਿਘਲਿਆ ਹੋਇਆ ਸਿੱਕਾ ਪਾ ਕੇ ਸਾੜ ਦਿੱਤੇ ਜਾਂਦੇ ਸਨ। ਕੋਠੀਆਂ, ਬੰਗਲੇ ਤਾਂ ਉਨ੍ਹਾਂ ਕੀ ਬਣਾਉਣੇ, ਉਹ ਤਾਂ ਗਾਰਡਰ ਬਾਲ਼ੇ ਵੀ ਨਹੀਂ ਪਾ ਸਕਦੇ ਸਨ।

ਦਲਿਤਾਂ ਦੇ ਹਜ਼ਾਰਾਂ ਘਰ-ਬਾਰ ਸਾੜ ਦਿੱਤੇ ਜਾਣ, ਸੈਂਕੜੇ ਦਲਿਤ ਔਰਤਾਂ ਨਾਲ ਸਮੂਹਿਕ ਬਲਾਤਕਾਰ ਹੋਣ, ਉਨ੍ਹਾਂ ਦੇ ਖੂਹਾਂ ਵਿਚ ਜ਼ਹਿਰ ਮਿਲਾ ਦਿੱਤੀ ਗਈ ਹੋਵੇ ਉਨ੍ਹਾਂ ਦੇ ਜਾਨਵਰਾਂ ਨੂੰ ਜਬਰੀ ਜਬਤ ਕਰ ਲਿਆ ਹੋਵੇ, ਉਨ੍ਹਾਂ ਨੂੰ ਕੁੱਟ-ਕੁੱਟ ਕੇ ਪਿੰਡਾਂ 'ਚੋਂ ਭਜਾ ਦਿੱਤਾ ਗਿਆ ਹੋਵੇ, ਫਿਰ ਵੀ ਬਹੁਜਨ ਦਲਿਤਾਂ ਦਾ ਚੀਕ-ਚਿਖਾੜਾ ਇੰਨਾ ਦੇ ਜ਼ਿਹਨ ਵਿਚ ਨਾ ਆਵੇ ਤਾਂ ਅਜਿਹੇ ਘੂੰਏ ਇਤਿਹਾਸਕਾਰਾਂ ਨੂੰ ਇਤਿਹਾਸਕਾਰ ਕਹਿਣ ਤੋਂ ਜੀਭ ਥਥਲਾਉਂਦੀ ਹੈ? ਇੰਨਾ ਵਲੋਂ ਸਿਰਜਿਆ ਕਾਲਪਨਿਕ ਇਤਿਹਾਸ, ਇਤਿਹਾਸ ਨਹੀਂ ਸਗੋਂ ਇਤਿਹਾਸ ਦੇ ਨਾਂ 'ਤੇ ਕਲੰਕ ਹੈ।' ('ਭਾਰਤ ਦਾ ਦਲਿਤ ਇਤਿਹਾਸ' 'ਚੋਂ)

# ਗੁਰੂ ਪਰਿਵਾਰਾਂ ਦੀਆਂ ਬੀਬੀਆਂ -3

**ਬੀਬੀ ਭਿਰਾਈ:** ਭਿਰਾਈ ਗੁਰੂ ਅੰਗਦ ਸਾਹਿਬ ਦੀ ਭੂਆ ਸੀ ਤੇ ਬਾਬਾ ਫੇਰੂ ਦੀ ਭੈਣ। ਉਹ ਖਡੂਰ ਵਾਸੀ ਭਾਈ ਮਹਿਮਾ ਖਹਿਰਾ ਨਾਲ ਵਿਆਹੀ ਹੋਈ ਸੀ। ਕਿਤੇ ਉਸ ਦਾ ਨਾਂ ਵੀਰਾਰੀ (ਸ਼ਾਇਦ 'ਵੀਰ' ਵਾਲੀ ਤੋਂ; ਉਂਵ ਭਿਰਾਈ ਵੀ 'ਭਰਾ' ਤੋਂ ਹੀ ਬਣਿਆ ਜਾਪਦਾ ਹੈ) ਤੇ ਫਿਰਾਈ (ਸ਼ਾਇਦ 'ਫੇਰੂ' ਦੀ ਭੈਣ ਤੋਂ) ਵੀ ਲਿਖਿਆ ਮਿਲਦਾ ਹੈ। ਇਕ ਰਿਵਾਇਤ ਮੁਤਾਬਿਕ ਜਦ ਗੁਰੂ ਨਾਨਕ ਸਾਹਿਬ ਨੇ ਗੁਰੂ ਅੰਗਦ ਸਾਹਿਬ ਨੂੰ ਗੱਦੀ ਸੌਂਪਣ ਦਾ ਐਲਾਨ ਕੀਤਾ ਤਾਂ ਉਸ



**ਡਾ. ਹਰਜਿੰਦਰ ਸਿੰਘ ਦਿਲਗੀਰ**
**ਰਚੇਤਾ: 'ਨਵਾਂ ਤੇ ਵਡਾ ਮਹਾਨ ਕੋਸ਼'**

ਮਗਰੋਂ ਉਹ (ਗੁਰੂ ਅੰਗਦ) ਖਡੂਰ ਵਿਚ ਆ ਕੇ ਕੁਝ ਮਹੀਨੇ ਆਪਣੀ ਭੂਆ ਕੋਲ ਰਹੇ ਸਨ ਤੇ ਗੁਰੂ ਨਾਨਕ ਸਾਹਿਬ ਦੇ ਜੋਤੀ-ਜੋਤਿ ਸਮਾਉਣ ਸਮੇਂ ਉੱਥੇ ਹੀ ਸਨ ਅਤੇ ਉੱਥੋਂ ਹੀ ਬਾਬਾ ਬੁੱਢਾ ਤੇ ਹੋਰ ਸਿੱਖ ਉਨ੍ਹਾਂ ਨੂੰ ਲੈ ਕੇ ਕਰਤਾਰਪੁਰ ਗਏ ਸਨ। ਪਰ ਇਹ ਕਹਾਣੀ ਸਹੀ ਨਹੀਂ ਜਾਪਦੀ ਕਿਉਂਕਿ ਗੁਰਗੱਦੀ ਮਿਲਣ ਤੋਂ ਪਹਿਲਾਂ ਤਾਂ ਸੱਤ ਸਾਲ ਗੁਰੂ ਅੰਗਦ ਸਾਹਿਬ ਉੱਥੇ ਰਹਿੰਦੇ ਹਨ ਪਰ ਨਾਮਜ਼ਦਗੀ ਮਗਰੋਂ ਬਾਬਾ ਬੁੱਢਾ ਤੇ ਹੋਰ ਸਿੱਖ ਤਾਂ ਕਰਤਾਰਪੁਰ ਰਹਿੰਦੇ ਹਨ ਪਰ ਉਹ (ਗੁਰੂ ਅੰਗਦ) ਉੱਥੋਂ ਚਲੇ ਜਾਂਦੇ ਹਨ। ਅਜਿਹਾ ਜਾਪਦਾ ਹੈ ਕਿ ਕਿਸੇ ਨੇ ਭੂਆ ਭਤੀਜੇ ਦਾ ਪਿਆਰ ਦਰਸਾਉਣ ਵਾਸਤੇ ਇਹ ਕਹਾਣੀ ਘੜ ਲਈ ਹੋਵੇ।

**ਮਾਤਾ ਬਖਤ ਕੌਰ:** ਮਾਤਾ ਬਖਤ ਕੌਰ ਅਮਰ ਦਾਸ ਜੀ ਦੇ ਮਾਤਾ ਜੀ ਸਨ। ਆਪ ਦੇ ਪਤੀ ਦਾ ਨਾਂ (ਬਾਬਾ) ਤੇਜ ਭਾਨ {ਪੁੱਤਰ ਬਾਬਾ ਹਰਿ ਜੀ (1463-1501), ਤੇ ਪੋਤਰਾ ਬਾਬਾ ਵਿਸ਼ਨ ਦਾਸ (?-1500)} ਸੀ। ਆਪ ਦੇ ਘਰ ਚਾਰ ਪੁੱਤਰਾਂ ਨੇ ਜਨਮ ਲਿਆ: ਗੁਰੂ ਅਮਰ ਦਾਸ, ਈਸ਼ਰ ਦਾਸ (ਪਿਤਾ ਭਾਈ ਗੁਰਦਾਸ), ਖੇਮ ਰਾਏ ਤੇ ਮਾਣਕ ਚੰਦ ਜੀ। ਆਪ ਭਾਈ ਗੁਰਦਾਸ ਜੀ ਦੇ ਵੀ ਦਾਦੀ ਜੀ ਸਨ। ਗੁਰੂ ਅੰਗਦ ਸਾਹਿਬ ਦੀ ਬੇਟੀ ਬੀਬੀ ਅਮਰੋ ਆਪ ਦੀ ਪੋਤ-ਨੂੰਹ ਸਨ। ਆਪ ਜੀ ਨੂੰ ਮਾਤਾ ਲੱਖੋ, ਮਾਤਾ-ਸੁਲੱਖਣੀ, ਮਾਤਾ ਲਖਮੀ ਨਾਂਵਾਂ ਨਾਲ ਵੀ ਲਿਖਿਆ ਗਿਆ ਹੈ।

**ਬੀਬੀ ਭਾਨੀ (ਤੇ ਦਾਨੀ):** ਗੁਰੂ ਅਮਰ ਦਾਸ ਜੀ ਦਾ ਵਿਆਹ ਬੀਬੀ ਮਨਸਾ ਦੇਵੀ ਨਾਲ 1532 ਵਿਚ ਹੋਇਆ ਸੀ। ਆਪ ਦੇ ਘਰ 30 ਅਪ੍ਰੈਲ 1533 ਦੇ ਦਿਨ ਇਕ ਬੇਟੀ ਭਾਨੀ, 11 ਮਾਰਚ 1536 ਦੇ ਦਿਨ ਪੁਤਰ ਮੋਹਨ ਅਤੇ 2 ਜੂਨ 1539 ਦੇ ਦਿਨ ਦੂਜੇ ਪੁਤਰ ਮੋਹਰੀ ਨੇ ਜਨਮ ਲਿਆ।

ਭਾਈ ਸੰਤੋਖ ਸਿੰਘ ਗੁਰੂ ਅਮਰ ਦਾਸ ਸਾਹਿਬ ਦੀ ਇਕ ਬੇਟੀ ਦਾਨੀ ਦਾ ਜ਼ਿਕਰ ਵੀ ਕਰਦੇ ਹਨ ਪਰ ਪੁਰਾਣੇ ਤਵਾਰੀਖ਼ੀ ਸੋਮਿਆਂ ਵਿਚ ਕਿਸੇ ਦਾਨੀ ਦਾ ਕੋਈ ਜ਼ਿਕਰ ਨਹੀਂ ਮਿਲਦਾ।

ਬੀਬੀ ਭਾਨੀ ਦਾ ਵਿਆਹ ਗੁਰੂ ਰਾਮਦਾਸ ਸਾਹਿਬ ਨਾਲ 11 ਫ਼ਰਵਰੀ 1543 ਦੇ ਦਿਨ ਹੋਇਆ ਸੀ। ਆਪ ਜੀ ਦੇ ਘਰ 1548 ਵਿਚ ਵੱਡੇ ਪੁੱਤਰ ਪ੍ਰਿਥੀ ਚੰਦ, 1550 ਵਿਚ ਦੂਜੇ ਪੁੱਤਰ



ਬੀਬੀ ਭਾਨੀ

ਮਹਾਂਦੇਵ ਨੇ ਤੇ 13 ਅਪਰੈਲ 1553 ਨੂੰ (ਗੁਰੂ) ਅਰਜਨ ਸਾਹਿਬ ਨੇ ਜਨਮ ਲਿਆ। 1574 ਵਿਚ ਜੋਤੀ-ਜੋਤਿ ਸਮਾਉਣ ਵੇਲੇ ਗੁਰੂ ਅਮਰ ਦਾਸ ਸਾਹਿਬ ਨੇ ਗੁਰਗੱਦੀ ਦੀ ਸੇਵਾ ਆਪ (ਮਾਤਾ ਭਾਨੀ) ਦੇ ਪਤੀ ਗੁਰੂ ਰਾਮ ਦਾਸ ਨੂੰ ਸੌਂਪੀ। ਆਪ ਪਹਿਲੋਂ ਗੁਰੂ ਪੁੱਤਰੀ ਸਨ, ਹੁਣ ਗੁਰੂ ਪਤਨੀ ਬਣੇ ਤੇ ਫਿਰ 1581 ਵਿਚ ਗੁਰੂ ਮਾਤਾ ਬਣ ਗਏ ਜਦ ਆਪ ਦੇ ਪੁੱਤਰ ਗੁਰੂ ਅਰਜਨ ਨੂੰ ਗੁਰਗੱਦੀ ਮਿਲੀ।

ਭਾਵੇਂ ਗੁਰੂ ਅਮਰ ਦਾਸ ਸਾਹਿਬ ਨੇ 1552 ਵਿਚ ਗੁਰਗੱਦੀ ਸੰਭਾਲੀ; ਪਰ ਉਹ 1540 ਤੋਂ ਹੀ ਗੁਰੂ ਅੰਗਦ ਸਾਹਿਬ ਕੋਲ ਰਹਿਣ ਲੱਗ ਪਏ ਸਨ। ਇੰਵ ਬੀਬੀ ਭਾਨੀ ਨੂੰ 58 (1540 ਤੋਂ 1598 ਤਕ) ਸਾਲ ਗੁਰੂ ਘਰ ਅਤੇ ਸੰਗਤਾਂ ਦੀ ਸੇਵਾ ਕਰਨ ਦਾ ਮਾਣ ਹਾਸਿਲ ਹੋਇਆ। ਆਪ ਦੀ ਮੌਤ 9 ਅਪਰੈਲ 1598 ਦੇ ਦਿਨ ਗੋਇੰਦਵਾਲ ਵਿਚ ਹੋਈ।

ਮਾਤਾ ਭਾਨੀ ਬਾਰੇ ਸੰਤੋਖ ਸਿੰਘ ਨੇ ਬਹੁਤ ਗ਼ਲਤ ਲਿਖਿਆ ਹੈ ਕਿ ਇਕ ਵਾਰ ਜਦ ਗੁਰੂ ਅਮਰ ਦਾਸ ਸਾਹਿਬ ਨਹਾ ਰਹੇ (ਜਾਂ ਭਗਤੀ ਕਰ ਰਹੇ) ਸਨ ਤਾਂ ਪੀੜ੍ਹੀ ਦਾ ਪਾਵਾ ਟੁੱਟ ਗਿਆ ਤੇ ਮਾਤਾ ਭਾਨੀ ਨੇ ਉਸ ਥੱਲੇ ਪੈਰ ਰਖ ਦਿੱਤਾ ਤਾਂ ਜੋ ਉਨ੍ਹਾਂ ਦੀ 'ਸਮਾਧੀ' ਨਾ ਟੁੱਟ ਜਾਵੇ। ਇਸ ਤੋਂ ਖ਼ੁਸ਼ ਹੋ ਕੇ ਉਨ੍ਹਾਂ ਬੀਬੀ ਨੂੰ ਕਿਹਾ ਕਿ ਜੋ ਮੰਗਣਾ ਹੈ ਮੰਗ ਲੈ; ਬੀਬੀ ਨੇ ਇਹ ਮੰਗਿਆ ਕਿ ਅੱਗੋਂ ਗੁਰਗੱਦੀ ਉਸ ਦੇ ਘਰ ਹੀ ਰਹੇ। ਸੰਤੋਖ ਸਿੰਘ ਨੇ ਇੱਥੇ ਤਿੰਨ ਜ਼ਿਆਦਤੀਆਂ ਕੀਤੀਆਂ ਹਨ: 1. ਸਿੱਖ ਫ਼ਲਸਫ਼ੇ ਵਿਚ ਅਜਿਹੀ ਕੋਈ ਭਗਤੀ ਨਹੀਂ ਜਿਹੜੀ ਪੀੜ੍ਹੀ ਟੁੱਟਣ ਨਾਲ ਭੰਗ ਹੋ ਜਾਂਦੀ ਹੈ। ਹਿੰਦੂ ਕਰਮ ਕਾਂਡ ਵਿਚ ਭਾਵੇਂ ਅਜਿਹੀ ਭਗਤੀ ਹੋਵੇ 2. ਵਰ ਮੰਗਣ/ਦੇਣ ਦਾ ਫ਼ਲਸਫ਼ਾ ਸਿੱਖੀ ਦਾ ਨਹੀਂ ਹੈ। ਇਹ ਬਾਹਮਣਵਾਦੀ ਪਰਚਾਰ ਹੈ 3. ਗੁਰਗੱਦੀ ਹਰ ਇਕ ਗੁਰੂ ਨੂੰ ਉਸ ਦੇ ਗੁਣਾਂ ਕਰ ਕੇ ਮਿਲੀ ਸੀ ਨਾ ਕਿ ਖ਼ਾਨਦਾਨੀ ਜਾਂ ਭਾਨੀ ਨੂੰ ਮਿਲੇ ਵਰ ਕਾਰਨ। ਇਹ ਗੁਰਗੱਦੀ ਦੇ ਫ਼ਲਸਫ਼ੇ ਨੂੰ ਛੁਟਿਆਉਣਾ ਹੈ।

ਇਕ ਹੋਰ ਗ਼ਲਤ ਪਰਚਾਰ ਸੰਤੋਖ ਸਿੰਘ ਨੇ ਫੈਲਾਇਆ ਸੀ ਕਿ ਇਕ ਵਾਰ ਗੁਰੂ ਅਮਰ ਦਾਸ ਸਾਹਿਬ ਨੇ ਬੀਬੀ ਭਾਨੀ ਨੂੰ ਕਿਹਾ ਕਿ ਤੇਰੇ ਪਤੀ ਦੀ ਮੌਤ ਛੇਤੀ ਹੋਣ ਵਾਲੀ ਹੈ ਤਾਂ ਬੀਬੀ ਭਾਨੀ ਨੇ ਆਪਣੀ ਨੱਥ ਲਾਹ ਕੇ ਗੁਰੂ ਜੀ ਦੇ ਪੈਰਾਂ ਵਿਚ ਰੱਖ ਦਿੱਤੀ ਇਸ 'ਤੇ ਗੁਰੂ ਅਮਰ ਦਾਸ ਜੀ ਨੇ ਆਪਣੀ ਉਮਰ ਦੇ ਸੱਤ ਸਾਲ ਗੁਰੂ ਰਾਮਦਾਸ ਨੂੰ ਸੌਂਪ ਦਿੱਤੇ ਤੇ ਆਪ ਜੋਤੀ ਜੋਤਿ ਸਮਾ ਗਏ। ਇਸ ਵਿਚ ਵੀ ਸਿੱਖੀ ਸਿਧਾਂਤਾਂ ਦੇ ਉਲਟ ਪਰਚਾਰ ਕੀਤਾ ਹੋਇਆ ਹੈ: 1. ਸਿੱਖ ਧਰਮ ਵਿਚ ਨੱਥ ਪਾਉਣਾ ਮਨ੍ਹਾ ਹੈ 2. ਮੌਤ ਅਕਾਲ ਪੁਰਖ ਦੇ ਹੱਥ ਵਿਚ ਹੈ ਕੋਈ ਕਿਸੇ ਨੂੰ ਆਪਣੀ ਉਮਰ ਬਖ਼ਸ਼ ਨਹੀਂ ਸਕਦਾ। ਇਹ ਵਰ, ਕਰਾਮਾਤ ਸਿੱਖ ਵਿਰੋਧੀ ਪਰਚਾਰ ਹਨ। ਇਹੋ ਜਿਹਾ ਬਹੁਤ ਸਾਰਾ ਝੂਠ ਸੰਤੋਖ ਸਿੰਘ ਤੇ ਗਿਆਨੀ ਗਿਆਨ ਸਿੰਘ ਦੀਆਂ ਕਿਤਾਬਾਂ ਵਿਚ ਮਿਲਦਾ ਹੈ।

**ਮਾਤਾ ਦਇਆ ਕੌਰ ਸੋਢੀ:** ਮਾਤਾ ਦਇਆ ਕੌਰ ਬਾਬਾ ਹਰੀ ਦਾਸ ਸੋਢੀ ਜੀ {ਪੁਤਰ ਠਾਕਰ ਦਾਸ ਤੇ ਪੋਤਰਾ ਬਾਬਾ ਗੁਰਦਿਆਲ} ਦੀ ਪਤਨੀ ਸਨ। ਇਨ੍ਹਾਂ ਦੇ ਘਰ ਪੁੱਤਰ (ਗੁਰੂ ਰਾਮਦਾਸ ਜੀ) 24 ਸਤੰਬਰ 1534 ਦੇ ਦਿਨ ਪੈਦਾ ਹੋਏ। ਉਦੋਂ ਇਹ ਚੂਨਾ ਮੰਡੀ, ਡੱਬੀ ਬਾਜ਼ਾਰ ਲਾਹੌਰ ਵਿਖੇ ਰਹਿੰਦੇ ਸਨ। (ਗੁਰੂ) ਰਾਮ ਦਾਸ ਜੀ ਅਜੇ ਸਿਰਫ਼ ਸਾਢੇ ਸੱਤ ਸਾਲ ਦੇ ਸਨ ਕਿ ਆਪ ਦੇ ਪਿਤਾ ਬਾਬਾ ਹਰੀ ਦਾਸ (1496-1542) ਚੜ੍ਹਾਈ ਕਰ ਗਏ।

ਇਸ ਮਗਰੋਂ ਮਾਤਾ ਜੀ ਆਪ ਨੂੰ ਪਿੰਡ ਬਾਸਰਕੇ (ਹੁਣ ਬਾਸਰਕੇ ਗਿੱਲਾਂ) ਲੈ ਆਏ। ਆਪ ਨੇ ਬਾਕੀ ਰਹਿੰਦੀ ਉਮਰ ਬਾਸਰਕੇ ਗਿੱਲਾਂ ਅਤੇ ਗੋਇੰਦਵਾਲ ਵਿਚ ਹੀ ਬਿਤਾਈ। ਆਪ ਦੇ ਅੰਤਲੇ ਸਮੇਂ ਬਾਰੇ ਵਧੇਰੇ ਜਾਣਕਾਰੀ ਨਹੀਂ ਮਿਲਦੀ। ਪਰ ਏਨਾ ਜ਼ਰੂਰ ਹੈ ਕਿ ਉਹ ਬਹੁਤ ਸਬਰ ਵਾਲੀ ਔਰਤ ਹੋਣੀ ਹੈ ਜਿਸ ਨੇ ਪਤੀ ਤੋਂ ਬਿਨਾਂ ਇਕੱਲਿਆਂ ਇਕ ਬੱਚੇ ਨੂੰ ਸੰਭਾਲਿਆ, ਪਾਲਿਆ ਤੇ ਉਸ ਨੂੰ ਦੁਨਿਆਵੀ ਤੇ ਰੂਹਾਨੀ ਇਲਮ ਦਿੱਤਾ; ਚੰਗੀ ਤਾਬੀਰ ਦਿੱਤੀ, ਜੀਵਨ ਜਾਚ ਸਿਖਾਇਆ।

# ਸਾਡਾ ਸਾਹਿਤਕ ਬਾਪ-ਸ. ਨਾਨਕ ਸਿੰਘ

## (4 ਜੁਲਾਈ 1897-28 ਦਸੰਬਰ 1971)

ਅੱਜ ਪੰਜਾਬੀ ਨਾਵਲ ਦੇ ਪਿਤਾਮਾ ਸ. ਨਾਨਕ ਸਿੰਘ ਜੀ ਦਾ ਜਨਮ ਦਿਹਾੜਾ ਹੈ। ਚੜ੍ਹਦੀ ਜਵਾਨੀ ਵੇਲੇ ਮੈਨੂੰ ਜਿਹੜੇ ਲੇਖਕਾਂ ਦੀਆਂ ਲਿਖਤਾਂ ਨੇ ਪ੍ਰਭਾਵਤ ਕੀਤਾ, ਉਨ੍ਹਾਂ ਵਿਚ ਸ. ਨਾਨਕ ਸਿੰਘ ਦਾ ਨਾਂ ਪ੍ਰਮੁੱਖ ਹੈ।

ਮੈਂ ਸਦਾ ਇਹ ਗੱਲ ਮਾਣ ਨਾਲ ਕਹਿੰਦਾ ਹਾਂ ਕਿ ਸ. ਨਾਨਕ ਸਿੰਘ ਨੇ ਮੇਰੇ ਅੰਦਰ ਸਮਾਜ ਦੀਆਂ ਕੁਰੀਤੀਆਂ ਬਾਰੇ ਚੇਤਨਾ ਹੀ ਪੈਦਾ ਨਾ ਕੀਤੀ ਸਗੋਂ ਇਸ ਸਮਾਜ ਨੂੰ ਬਦਲਣ ਦੀ ਜਾਗ ਵੀ ਲਾਈ। ਇਹ ਸਤਰਾਂ ਲਿਖਦਿਆਂ ਉਹਦੇ ਨਾਵਲ 'ਚਿੱਟਾ ਲਹੂ' ਦੇ ਨਾਇਕ ਦੀਆਂ ਸਤਰਾਂ ਵੀ ਯਾਦ ਆ ਰਹੀਆਂ ਨੇ, 'ਫਿਰ ਕੇ ਦੇਸ਼ ਦੇ ਗ.ਲੀ ਮੁ'ਹੱ'ਲਿਆਂ ਵਿਚ, ਮੈਂ ਕੁ'ਰੀਤੀਆਂ ਸਭ ਮਿਟਾ ਦਿਆਂਗਾ।' -ਸਮਾਜ ਨੂੰ



**ਵਰਿਆਮ ਸਿੰਘ ਸੰਧੂ**
**ਫੋਨ: 647-535-1539**

ਬਦਲਣ ਦੀ ਇਸ ਭਾਵਨਾ ਦਾ ਮੇਰੇ 'ਤੇ ਬਹੁਤ ਅਸਰ ਸੀ। ਸਾਰੀ ਉਮਰ ਰਿਹਾ।

ਮੇਰੇ ਅੰਦਰ ਅੱਜ ਵੀ ਸ ਨਾਨਕ ਸਿੰਘ ਦਾ ਕੋਈ ਨਾ ਕੋਈ ਟੋਟਾ ਜਿਊਂਦਾ ਹੈ ਤੇ ਬੋਲਦਾ ਰਹਿੰਦਾ ਹੈ।

ਮੇਰੇ ਲਈ ਸ ਨਾਨਕ ਸਿੰਘ ਜੀ ਦੀ ਵੱਡੀ ਦੇਣ ਇਹ ਵੀ ਹੈ ਕਿ ਜਦੋਂ ਮੈਂ ਪਹਿਲੀ ਵਾਰ ਉਨ੍ਹਾਂ ਦਾ ਨਾਵਲ 'ਇੱਕ ਮਿਆਨ ਦੋ ਤਲਵਾਰਾਂ' 1961 ਵਿਚ ਪੜ੍ਹਿਆ ਤਾਂ ਮੈਨੂੰ ਪਹਿਲੀ ਵਾਰ ਗ਼ਦਰ ਪਾਰਟੀ ਦਾ ਪਤਾ ਲੱਗਾ ਤੇ ਇਹ ਵੀ ਪਤਾ ਲੱਗਾ ਕਿ ਮੇਰੇ ਪਿੰਡ ਦੇ ਸ਼ਹੀਦ ਪ੍ਰੇਮ ਸਿੰਘ ਤੋਂ ਇਲਾਵਾ, ਕਰਤਾਰ ਸਿੰਘ ਸਰਾਭਾ ਨਾਲ ਸ਼ਹੀਦ ਹੋਣ ਵਾਲਾ ਜਗਤ ਸਿੰਘ ਵੀ ਮੇਰੇ ਪਿੰਡ ਸੁਰ ਸਿੰਘ ਦਾ ਵਸਨੀਕ ਸੀ। ਏਸ ਤੋਂ ਬਾਅਦ ਮੈਂ ਪੱਕੇ ਤੌਰ 'ਤੇ ਗ਼ਦਰ ਲਹਿਰ ਦਾ ਵਿਦਿਆਰਥੀ ਤੇ ਪ੍ਰਸੰਸਕ ਬਣ ਗਿਆ ਤੇ ਅੱਜ ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਦੇ ਟਰੱਸਟੀ ਵਜੋਂ ਸੇਵਾ ਨਿਭਾਅ ਰਿਹਾ ਹਾਂ।

ਸਾਡੇ ਪਹਿਲੇ ਸਾਹਿਤਕਾਰ ਆਪਣੇ ਪੁਰਾਤਨ ਸਿੱਖੀ ਵਿਰਸੇ ਦੇ ਗੌਰਵ ਨੂੰ ਆਪਣੀਆਂ ਲਿਖਤਾਂ ਵਿਚ ਯਾਦ ਤੇ ਪੁਨਰ-ਜੀਵਤ ਕਰਨ ਦਾ ਪੈਂਤੜਾ ਅਖ਼ਤਿਆਰ ਕਰ ਕੇ ਸਭਿਆਚਾਰਕ ਤੇ ਧਾਰਮਿਕ ਪੈਂਤੜੇ ਤੋਂ ਆਪਣੀ ਲੜਾਈ ਆਰੰਭ ਕਰਦੇ ਹਨ। ਭਾਈ ਵੀਰ ਸਿੰਘ, ਚਰਨ ਸਿੰਘ ਸ਼ਹੀਦ, ਮੋਹਨ ਸਿੰਘ ਵੈਦ ਤੇ ਹੋਰ ਸਾਹਿਤਕਾਰ ਜ਼ਾਹਿਰਾ ਤੌਰ 'ਤੇ ਭਾਵੇਂ ਅੰਗਰੇਜ਼ ਦੀ ਗੁਲਾਮੀ ਮੰਨ ਚੁੱਕੇ ਹਨ ਪਰ ਉਨ੍ਹਾਂ ਦਾ ਧੁਰ ਅਵਚੇਤਨ ਆਪਣੀਆਂ ਲਿਖਤਾਂ ਰਾਹੀਂ ਅੰਗਰੇਜ਼ ਦੇ ਸਭਿਆਚਾਰਕ ਤੇ ਧਾਰਮਿਕ ਧਾਵੇ ਦੇ ਖ਼ਿਲਾਫ਼ ਨਾਬਰੀ ਦੀ ਲੁਕਵੀਂ ਲੜਾਈ ਲੜ ਰਿਹਾ ਸੀ। ਇਹ ਗੁਰੂ ਸਾਹਿਬਾਨ ਵੱਲੋਂ ਵਿੱਢੀ ਲੜਾਈ ਦਾ ਹੀ ਇੱਕ ਪੜਾਅ ਸੀ।

ਰੂਪ ਰਚਨਾ ਦੇ ਪੱਖ ਤੋਂ ਇਨ੍ਹਾਂ ਸਾਹਿਤਕ ਕਿਰਤਾਂ ਦੀ ਸੀਮਾ ਸੀ ਕਿ ਇਹ ਪਾਤਰਾਂ ਨੂੰ ਨਾਇਕ ਤੇ ਖ਼ਲਨਾਇਕ ਦੇ ਕਾਲੇ-ਚਿੱਟੇ ਰੂਪਾਂ ਵਿਚ ਵੰਡਦੀਆਂ ਸਨ। ਸਿੱਖ ਬਹਾਦਰ, ਮੁਸਲਮਾਨ ਜ਼ਾਲਮ ਤੇ ਹਿੰਦੂ ਕਮਜ਼ੋਰ ਤੇ ਡਰਾਕਲ ਸਨ। ਇਹ ਵੰਡ ਇਨਸਾਨੀ ਸੁਭਾਓ ਦੇ ਵੀ ਖ਼ਿਲਾਫ਼ ਸੀ ਤੇ ਗੁਰੂ ਨਾਨਕ ਦੇ ਸਰਬ-ਸਾਂਝੀਵਾਲਤਾ ਤੇ 'ਏਕ ਪਿਤਾ ਏਕਸ ਕੇ ਹਮ ਬਾਰਿਕ' ਦੀ ਵਿਚਾਰਧਾਰਾ ਦੇ ਖ਼ਿਲਾਫ਼ ਵੀ ਸੀ। ਕੋਈ ਵੀ ਇਨਸਾਨ ਮੁਕੰਮਲ ਤੌਰ 'ਤੇ ਨਾ ਚੰਗਾ ਹੁੰਦਾ ਹੈ ਨਾ ਮੰਦਾ। ਉਹ ਖ਼ੂਬੀਆਂ ਤੇ ਖ਼ਾਮੀਆਂ ਦਾ ਮੁਜੱਸਮਾ ਹੁੰਦਾ ਹੈ। ਉਦੋਂ ਪਤਾ ਨਹੀਂ ਸੀ ਕਿ ਵੱਖਰੇ ਹੋ ਕੇ ਲੜੇ ਜਾਣ ਵਾਲੀ ਲੜਾਈ ਨੇ ਆਉਣ ਵਾਲੇ ਸਮਿਆਂ ਵਿਚ ਸਾਨੂੰ ਆਪਸ ਵਿਚ ਲੜਨ ਲਾ ਦੇਣਾ ਹੈ ਤੇ ਇੱਕ ਦੂਜੇ ਦੇ ਖ਼ੂਨ ਦੇ ਪਿਆਸੇ ਵੀ ਕਰ ਦੇਣਾ ਹੈ।

ਪਰ ਨਾਨਕ ਸਿੰਘ ਨੇ ਦੇਰ ਨਾ ਕੀਤੀ। ਗੁਰੂ ਨਾਨਕ ਦਾ 'ਨਾਨਕ ਸਿੰਘ' ਬਣ ਕੇ ਉਹਨੇ ਆਪਣੇ ਅੰਦਾਜ਼ ਵਿਚ ਝੰਡਾ ਚੁੱਕਿਆ। ਕੁੱਝ ਸਮੇਂ ਬਾਅਦ ਹੀ ਅੰਗਰੇਜ਼ੀ ਹਕੂਮਤ ਦੇ ਜੱਲ੍ਹਿਆਂ ਵਾਲੇ ਬਾਗ਼ ਵਿਚ ਕੀਤੇ ਕਤਲੇਆਮ ਦੇ ਖ਼ਿਲਾਫ਼ 'ਖ਼ੂੰਨੀ ਵਿਸਾਖੀ' ਵਰਗੀ ਲੰਮੀ ਨਜ਼ਮ ਲਿਖ ਕੇ ਜ਼ਾਹਿਰਾ ਤੌਰ 'ਤੇ ਨਾਬਰੀ ਦੀ ਆਵਾਜ਼ ਬੁਲੰਦ ਕੀਤੀ ਤੇ ਆਪਣੇ ਨਾਵਲਾਂ ਵਿਚ ਪੇਸ਼ ਕੀਤੇ ਜਾਣ ਵਾਲੇ ਪਾਤਰ ਸਿੱਖ, ਹਿੰਦੂ ਜਾਂ ਮੁਸਲਮਾਨ ਦੀ ਵਿਸ਼ੇਸ਼ ਪਛਾਣ ਕਰ ਕੇ ਚੰਗੇ-ਮਾੜੇ, ਜ਼ਾਲਮ ਜਾਂ ਬਹਾਦਰ ਬਣਾ ਕੇ ਨਹੀਂ ਚਿਤਰੇ ਸਗੋਂ ਗੁਰ-ਸਿਧਾਂਤ ਅਨੁਸਾਰ ਉਨ੍ਹਾਂ ਨੂੰ ਇੱਕ ਇਨਸਾਨ ਵਜੋਂ ਚਿਤਰਣ ਦਾ ਉਪਰਾਲਾ ਕੀਤਾ। ਉਹ ਮਜ਼੍ਹਬੀ ਦ੍ਰਿਸ਼ਟੀਕੋਨ ਦੀ ਥਾਂ ਸੈਕੂਲਰ ਜਾਂ ਇਨਸਾਨੀ ਦ੍ਰਿਸ਼ਟੀ ਤੋਂ ਪਾਤਰਾਂ ਨੂੰ ਡੌਲਦਾ ਤੇ ਉਸਾਰਦਾ ਹੈ।

ਨਾਨਕ ਸਿੰਘ ਦੀਆਂ ਲਿਖਤਾਂ 'ਸਮਾਜ ਦੀਆਂ ਗਲਤ ਕੀਮਤਾਂ ਪ੍ਰਤੀ ਸੁਚੇਤ ਕਰਨ ਲਈ', ਸਾਹਿਤਕ ਵਿਧਾਵਾਂ ਨੂੰ ਇੱਕ ਸਦਾਚਾਰਕ ਅਤੇ ਸਮਾਜ-ਸੁਧਾਰਕ ਹੋਕਾ ਦੇਣ ਦਾ ਮਾਧਿਅਮ ਬਣਾਇਆ। ਘਟਨਾਵਾਂ ਦੀ ਮਨ-ਇੱਛਤ ਜੜਤ, ਅਚਨਚੇਤੀ ਮੌਕਾ-ਮੇਲ, ਕਾਵਿਕ-ਨਿਆਂ ਦੀ ਵਰਤੋਂ, ਪਾਤਰਾਂ ਦੀ ਨਾਇਕ-ਖ਼ਲਨਾਇਕ ਵਿਚਲੀ ਵੰਡ, ਰਚਨਾ ਵਿਚ ਲੇਖਕ ਦੀ ਪ੍ਰਚਾਰਕ ਵਾਲੀ ਦਖ਼ਲ-ਅੰਦਾਜ਼ੀ, ਯਥਾਰਥਕ ਦੀ ਥਾਂ ਸੁਧਾਰਕ ਪਹੁੰਚ ਬੇਸ਼ੱਕ ਰਚਨਾ ਨੂੰ ਕਲਾਤਮਕ ਪੱਖੋਂ ਊਣਿਆਂ ਰੱਖਦੀ ਹੋਵੇ ਪਰ ਇਨਸਾਨੀ ਮੁਹੱਬਤ ਤੇ ਆਪਸੀ ਰਵਾਦਾਰੀ ਪੱਖੋਂ ਇਹ ਰਚਨਾਵਾਂ ਗੁਰੂ ਸਾਹਿਬ ਵੱਲੋਂ ਸਥਾਪਤ ਕਦਰਾਂ-ਕੀਮਤਾਂ ਦੀਆਂ ਹੀ ਪਾਲਣਹਾਰ ਹਨ।

ਜਦੋਂ ਰਾਖ਼ਸ਼ੀ ਰੁਚੀਆਂ ਭਾਰੂ ਹੋ ਗਈਆਂ। ਤੀਸਰੀ ਜਾਤ ਵੱਲੋਂ ਪਾਈ ਵੰਡ ਨੇ ਰੰਗ ਦਿਖਾਉਣਾ ਹੀ ਸੀ। ਪੰਜਾਬ ਚੀਰਿਆ ਗਿਆ। ਅਸੀਂ ਨਾਨਕ ਨੂੰ ਭੁੱਲ ਗਏ। ਦਸ ਲੱਖ ਬੇਕਸੂਰ ਲੋਕ ਮਾਰੇ ਗਏ। ਹਜ਼ਾਰ-ਹਾਅ ਔਰਤਾਂ ਦੀ ਪਤ ਰੋ.ਲੀ ਗਈ। ਲੱਖਾਂ ਲੋਕ ਬੇਘਰ ਹੋ ਗਏ। ਜਿਹੜੇ ਪੰਜਾਬ ਨੂੰ ਪੂਰਨ ਸਿੰਘ 'ਗੁਰੂ ਦੇ ਨਾਂ 'ਤੇ ਵੱਸਣ ਵਾਲਾ ਪੰਜਾਬ ਆਖਦਾ ਸੀ; ਓਸੇ ਪੰਜਾਬ ਬਾਰੇ ਮੋਹਨ ਸਿੰਘ ਨੂੰ ਆਖਣਾ ਪੈ ਗਿਆ, 'ਆ ਕਿ ਬਾਬਾ! ਤੇਰਾ ਵਤਨ ਵੀਰਾਨ ਹੋ ਗਿਆ!' ਅੰਮ੍ਰਿਤਾ ਪ੍ਰੀਤਮ ਨੇ ਬੇਲੇ ਵਿਚ ਵਿਛੀਆਂ ਲਾਸ਼ਾਂ, ਲਹੂ ਦੀ ਭਰੀ ਚਨਾਬ ਵੇਖ ਕੇ ਅਤੇ ਲੁੱਟੀਆਂ-ਪੁੱਟੀਆਂ ਧੀਆਂ ਦੇ ਵੈਣ ਸੁਣ ਕੇ ਵਾਰਿਸਸ਼ਾਹ ਨੂੰ ਆਵਾਜ਼ਾਂ ਮਾਰ ਕੇ 'ਕਿਤਾਬੇ ਇਸ਼ਕ ਦਾ ਅਗਲਾ ਵਰਕਾ ਫੋਲਣ ਦੀ ਦੁਹਾਈ ਦਿੱਤੀ। ਅਸੀਂ ਸਭਨਾਂ ਨੇ ਨਾਨਕ ਸਿੰਘ ਦੇ ਪਾਤਰਾਂ ਨਾਲ ਮਿਲ ਕੇ 'ਅੱਗ ਦੀ ਖੇਡ' ਖੇਡੀ ਵੀ ਤੇ ਵੇਖੀ ਵੀ। 'ਖ਼ੂਨ ਦੇ ਸੋਹਿਲੇ' ਗਾਏ ਵੀ ਤੇ ਸੁਣੇ ਵੀ। ਦੇਸ਼-ਵੰਡ ਦੇ ਦੁਖਾਂਤ ਬਾਰੇ ਲਿਖੇ ਨਾਵਲ ਦਾ ਨਾਂ 'ਖ਼ੂਨ ਦੇ ਸੋਹਿਲੇ' ਰੱਖਣਾ ਆਪਣੀ ਓਸੇ ਨਾਨਕੀ-ਵਿਰਾਸਤ ਨਾਲ ਨਾਤਾ ਜੋੜਨਾ ਸੀ, ਜਿੱਥੇ ਬਾਬਾ ਨਾਨਕ ਬੋਲਦਾ ਸੁਣਾਈ ਦਿੰਦਾ ਹੈ, 'ਖ਼ੂਨ ਕੇ ਸੋਹਿਲੇ ਗਾਵੀਅਹਿ ਨਾਨਕ ਰਤੁ ਕਾ ਕੁੰਗੂ ਪਾਇ ਵੇ ਲਾਲੋ॥'

ਅੱਜ ਗੁਰੂ ਨਾਨਕ ਪਾਤਸ਼ਾਹ ਦੇ ਸੱਚੇ ਪੁੱਤਰ ਦੇ ਜਨਮ ਦਿਨ 'ਤੇ ਉਸ ਅੱਗੇ ਸੀਸ ਨਿਵਾਉਂਦਾ ਹਾਂ।





*1). ਜਲੰਧਰ ਦੀ ਪੰਜਾਬੀ ਲੇਖਕ ਸਭਾ ਵੱਲੋਂ ਸ. ਨਾਨਕ ਸਿੰਘ ਦੀ ਯਾਦ ਵਿਚ ਕਰਵਾਏ ਸਮਾਗਮ ਦੌਰਾਨ ਉਨ੍ਹਾਂ ਦੀ ਪਤਨੀ ਮਾਤਾ ਰਾਜ ਕੌਰ ਦਾ ਸਨਮਾਨ ਕਰਦੇ ਹੋਏ ਪ੍ਰੋ. ਪ੍ਰੀਤਮ ਸਿੰਘ, ਜਸਵੰਤ ਸਿੰਘ ਕੰਵਲ, ਨਿਰੰਜਨ ਸਿੰਘ ਸਾਥੀ, ਬਾਬਾ ਗੁਰਬਖ਼ਸ਼ ਸਿੰਘ ਬਨੋਆਣਾ, ਜਗਦੀਸ਼ ਸਿੰਘ ਵਰਿਆਮ ਤੇ ਵਰਿਆਮ ਸਿੰਘ ਸੰਧ*
*2). ਨਾਨਕ ਸਿੰਘ ਨੂੰ ਸਤਿਕਾਰ ਭੇਟ ਕਰਦੇ ਹੋਏ ਵਰਿਆਮ ਸਿੰਘ ਸੰਧੂ*

# ਮਹਾਰਾਜਾ ਗੰਗਾ ਸਿੰਘ ਯੂਨੀਵਰਸਿਟੀ ਵੱਲੋਂ ਪੀਐਚ.ਡੀ. ਦਾਖਲੇ ਲਈ ਨੋਟੀਫਿਕੇਸ਼ਨ ਜਾਰੀ

**ਗੰਗਾਨਗਰ:** ਰਾਜਸਥਾਨ ਦੀ ਸਟੇਟ ਯੂਨੀਵਰਸਿਟੀ ਮਹਾਰਾਜਾ ਗੰਗਾ ਸਿੰਘ ਯੂਨੀਵਰਸਿਟੀ, ਬੀਕਾਨੇਰ ਵੱਲੋਂ ਪੀਐਚ.ਡੀ. ਪ੍ਰੋਗਰਾਮ 2025 ਲਈ ਦਾਖਲੇ ਸਬੰਧੀ ਅਧਿਕਾਰਿਕ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਗਿਆ ਹੈ, ਜਿਸ ਦੇ ਤਹਿਤ ਕੁੱਲ 23 ਵਿਸ਼ਿਆਂ ਦੀਆਂ 366 ਸੀਟਾਂ ਵਿਚ ਦਾਖਲਾ ਦਿੱਤਾ ਜਾਵੇਗਾ। ਇਸ ਯੂਨੀਵਰਸਿਟੀ ਵਿਖੇ ਪੰਜਾਬੀ ਵਿਸ਼ੇ ਦੇ ਕਨਵੀਨਰ ਅਤੇ ਗੁਰੂ ਹਰਗੋਬਿੰਦ ਸਾਹਿਬ ਪੀ.ਜੀ. ਕਾਲਜ, ਸੀ.ਸੀ. ਹੈਡ ਦੇ ਪ੍ਰਿੰਸੀਪਲ ਡਾ. ਸੰਦੀਪ ਸਿੰਘ ਮੁੰਡੇ ਨੇ ਜਾਣਕਾਰੀ ਦਿੰਦਿਆਂ ਕਿਹਾ ਕਿ ਇਸ ਵਾਰ ਪੰਜਾਬੀ ਵਿਸ਼ੇ ਵਿੱਚ ਪੀਐਚ.ਡੀ. ਲਈ 4 ਸੀਟਾਂ ਨਿਰਧਾਰਤ ਕੀਤੀਆਂ ਗਈਆਂ ਹਨ। ਇਹ ਉਨ੍ਹਾਂ ਖੋਜਰਥੀਆਂ ਲਈ ਇੱਕ ਸੁਨਿਹਰਾ ਅਵਸਰ ਹੈ, ਜੋ ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਦੇ ਖੇਤਰ ਵਿੱਚ ਉੱਚ ਪੱਧਰੀ ਅਕਾਦਮਿਕ ਖੋਜ ਕਰਨ ਦੀ ਇੱਛਾ ਰੱਖਦੇ ਹਨ। ਯੂਨੀਵਰਸਿਟੀ ਵੱਲੋਂ ਜਾਰੀ ਨੋਟੀਫਿਕੇਸ਼ਨ ਅਨੁਸਾਰ ਆਨਲਾਈਨ ਫ਼ਾਰਮ ਭਰਨ ਦੀ ਪ੍ਰਕਿਰਿਆ 5 ਜੁਲਾਈ ਤੋਂ ਸ਼ੁਰੂ ਹੋ ਕੇ 18 ਜੁਲਾਈ 2025 ਤੱਕ ਚਲੇਗੀ। ਆਨਲਾਈਨ ਫ਼ਾਰਮ ਭਰਨ ਤੋਂ ਬਾਅਦ ਉਮੀਦਵਾਰਾਂ ਨੂੰ 25 ਜੁਲਾਈ 2025 ਤੱਕ ਆਪਣੇ ਆਵੇਦਨ ਫ਼ਾਰਮ ਦੀ ਹਾਰਡ ਕਾਪੀ ਯੂਨੀਵਰਸਿਟੀ ਵਿਚ ਜਮ੍ਹਾਂ ਕਰਵਾਣੀ ਲਾਜ਼ਮੀ ਹੋਵੇਗੀ। ਯੋਗਤਾਧਾਰੀ ਉਮੀਦਵਾਰ ਯੂਨੀਵਰਸਿਟੀ ਦੀਆਂ ਅਧਿਕਾਰਕ ਵੈੱਬਸਾਈਟਾਂ www.mgsubikaner.ac.in ਅਤੇ wwwunivindia.net 'ਤੇ ਜਾ ਕੇ ਵਿਸਥਾਰਪੂਰਕ ਨੋਟੀਫਿਕੇਸ਼ਨ ਦੇਖ ਸਕਦੇ ਹਨ ਅਤੇ ਆਨਲਾਈਨ ਆਵੇਦਨ ਕਰ ਸਕਦੇ ਹਨ। ਜ਼ਿਕਰਯੋਗ ਹੈ ਕਿ ਡਾ. ਸੰਦੀਪ ਸਿੰਘ ਮੁੰਡੇ ਰਾਜਸਥਾਨ ਦੀ ਕਿਸੇ ਵੀ ਸਰਕਾਰੀ (ਸਟੇਟ) ਯੂਨੀਵਰਸਿਟੀ ਵਿਚ ਪੰਜਾਬੀ ਵਿਸ਼ੇ ਨਾਲ ਸੰਬੰਧਤ ਪੀਐਚ.ਡੀ. ਖੋਜ ਨਿਗਰਾਨ ਵਜੋਂ ਰਜਿਸਟਰਡ ਹੋਣ ਵਾਲੇ ਪਹਿਲੇ ਵਿਦਵਾਨ ਹਨ। ਡਾ. ਮੁੰਡੇ ਦੀ ਇਸ ਅਕਾਦਮਿਕ ਪ੍ਰਾਪਤੀ ਨਾਲ ਰਾਜਸਥਾਨ ਦੇ ਉੱਚ ਸਿੱਖਿਆ ਖੇਤਰ ਵਿੱਚ ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਦੇ ਅਧਿਐਨ ਨੂੰ ਇੱਕ ਨਵੀਂ ਪਛਾਣ ਅਤੇ ਗਤੀਵਿਧਾਨ ਪ੍ਰਾਪਤ ਹੋਇਆ ਹੈ, ਜੋ ਕਿ ਰਾਜਸਥਾਨ ਵਿਚ ਪੰਜਾਬੀ ਦੀ ਹੋਂਦ ਅਤੇ ਮਹੱਤਤਾ ਨੂੰ ਮਜ਼ਬੂਤੀ ਦੇਣ ਵੱਲ ਇੱਕ ਠੋਸ ਕਦਮ ਹੈ।

# ਹਾਜ਼ਰ-ਗ਼ੈਰਹਾਜ਼ਰ

***ਅਨੇਕਾਂ ਮਿਆਰੀ ਪੁਸਤਕਾਂ ਦੇ ਰਚਨਹਾਰ ਲਖਵਿੰਦਰ ਸਿੰਘ ਜੌਹਲ ਦੁਆਰਾ ਰਚਿਤ ਅਤੇ ਕੁਝ ਸਮਾਂ ਪਹਿਲਾਂ ਛਪੀ ਪੁਸਤਕ 'ਹਾਜ਼ਰ-ਗ਼ੈਰਹਾਜ਼ਰ' ਨੂੰ ਪੜ੍ਹਨ ਦਾ ਮੌਕਾ ਮਿਲਿਆ। ਓਪਰੀ ਨਜ਼ਰੇ ਕੁਝ ਭੁਲੇਖਾ ਵੀ ਪਿਆ, ਇਹ ਸੋਚਦਿਆਂ ਕਿ 'ਹਾਜ਼ਰ-ਗ਼ੈਰਹਾਜ਼ਰ' ਅਤੇ 'ਗ਼ੈਰਹਾਜ਼ਰ-ਹਾਜ਼ਰ' ਕਿਵੇਂ ਹੋ ਸਕਦਾ ਹੈ? ਪਰ ਪੁਸਤਕ ਨੂੰ ਪੜ੍ਹਦਿਆਂ, ਜਾਣਦਿਆਂ ਅਤੇ ਮਾਣਦਿਆਂ ਮਨ ਦੇ ਭੁਲੇਖੇ ਵੀ ਨਿਕਲਦੇ ਗਏ...।***

**ਲਖਵਿੰਦਰ ਸਿੰਘ ਜੌਹਲ...**

ਦੋ-ਆਬਾਂ ਦੀ ਧਰਤੀ 'ਤੇ ਘੁੱਗ ਵੱਸਦੇ ਸ਼ਹਿਰਨੁਮਾ ਪਿੰਡ ਜੰਡਿਆਲਾ ਮੰਜਕੀ ਵਿਚ ਜਨਮਿਆ ਅਤੇ ਜਵਾਨ ਹੋਇਆ ਲਖਵਿੰਦਰ ਜੌਹਲ ਪੰਜਾਬੀ ਸਾਹਿਤ, ਕਲਾ ਅਤੇ ਸੱਭਿਆਚਾਰ ਦੇ ਖੇਤਰ ਦਾ ਉਹ ਨਾਂਅ ਹੈ ਜਿਸ ਦੀ ਜਾਣ-ਪਛਾਣ ਕਰਾਉਣ ਦੀ ਬਹੁਤੀ ਜ਼ਰੂਰਤ ਰਹਿ ਨਹੀਂ ਜਾਂਦੀ। ਤੇਰਾਂ ਕੁ ਕਾਵਿ ਸੰਗ੍ਰਹਿ ਅਤੇ ਬਹੁਤ ਸਾਰੀਆਂ ਹੋਰ ਖ਼ੂਬਸੂਰਤ ਪੰਜਾਬੀ ਰਚਨਾਵਾਂ ਦਾ ਇਹ ਰਚਣਹਾਰਾ, ਸਾਹਿਤ ਅਤੇ ਸੱਭਿਆਚਾਰ ਦੇ ਖੇਤਰ ਵਿਚ ਅੱਜ ਵੀ ਪੂਰੇ ਜੋਸ਼ ਨਾਲ ਸਰਗਰਮ ਹੈ। ਪੰਜਾਬੀ ਸਾਹਿਤ ਅਕਾਦਮੀ ਦੇ ਪ੍ਰਧਾਨ ਵਜੋਂ ਵੀ ਆਪਣਾ ਬਣਦਾ ਯੋਗਦਾਨ ਪਾ ਚੁੱਕਾ ਹੈ। ਲਫ਼ਜ਼ਾਂ ਨਾਲ ਖੇਡਣ ਅਤੇ ਸ਼ਬਦਾਂ ਨੂੰ ਲਿਖਤਾਂ ਵਿਚ ਖ਼ੂਬਸੂਰਤੀ ਨਾਲ ਪ੍ਰੋਣ ਦੀ ਜਾਦੂਗਰੀ ਵਿਚ ਵੀ ਪੂਰਾ ਨਿਪੁੰਨ ਹੈ। ਇਸ ਦੀਆਂ ਸ਼ਬਦੀ-ਸਾਂਝਾਂ ਜ਼ਿੰਦਗੀ ਦੇ ਸਫ਼ਰ 'ਤੇ ਪਾਠਕਾਂ ਦਾ ਮਾਰਗ ਦਰਸ਼ਨ ਵੀ ਕਰਦੀਆਂ ਹਨ। ਕਵਿਤਾ ਲਿਖਣ ਦੇ ਸੰਗ-ਸੰਗ ਕਵਿਤਾ ਨੂੰ ਜਿਉਂਦਾ ਵੀ ਹੈ। ਨਿਰਸੰਦੇਹ ਹੀ ਇਸ ਦੇ ਪਾਠਕਾਂ ਦਾ ਘੇਰਾ ਵੀ ਵਿਸ਼ਾਲ ਹੈ।

**ਹਾਜ਼ਰ-ਗ਼ੈਰਹਾਜ਼ਰ...**

ਜੀਵਨ ਦੇ ਪਲ ਪਲ ਬੀਤਦੇ ਪਲਾਂ ਦਰਮਿਆਨ ਜਦ ਕੱਲ੍ਹ ਦੇ ਕੁਝ ਕੁ ਹੁਸੀਨ ਪਲ ਅੱਜ ਦੀਆਂ ਖ਼ੂਬਸੂਰਤ ਯਾਦਾਂ ਬਣ ਜਾਣ ਤਾਂ ਭਲਾ ਕੌਣ ਉਨ੍ਹਾਂ ਨੂੰ ਜਾਨਣਾ ਜਾਂ ਮਾਣਨਾ ਨਹੀਂ ਚਾਹੇਗਾ? ਲਖਵਿੰਦਰ ਜੌਹਲ ਦੇ ਮਨ ਦੇ ਇਨ੍ਹਾਂ ਵਲਵਲਿਆਂ, ਅਹਿਸਾਸਾਂ ਅਤੇ ਖਿਆਲਾਂ ਨੇ ਇੱਕ ਖ਼ੂਬਸੂਰਤ ਅਤੇ ਸ਼ਾਹਕਾਰ ਰਚਨਾ ਬਣਦਿਆਂ ਸੁਹਿਰਦ ਪਾਠਕਾਂ ਦੇ ਦਰਵਾਜ਼ੇ ਤੇ ਆ ਦਸਤਕ ਦਿੱਤੀ। ਲਖਵਿੰਦਰ ਦੀ ਰੂਹ ਅਤੇ ਦਿਲ ਦੀਆਂ ਗੱਲਾਂ ਕਰਦੀ ਇਸ ਕਿਤਾਬ ਦੀਆਂ ਕਈ ਹੋਰ ਵਿਸ਼ੇਸ਼ਤਾਵਾਂ ਤੋਂ ਇਲਾਵਾ



**ਕੁਲਵਿੰਦਰ ਬਾਠ**
**ਫੋਨ:209 600 2897**

'ਸਿਮਰਤੀਆਂ ਵਿਚ ਸਮਾਏ ਹੋਏ ਸੱਚ' ਨੂੰ ਰੂਹ ਨਾਲ ਲਫ਼ਜ਼ਾਂ ਵਿਚ ਪ੍ਰੋਣ ਦੀ ਪ੍ਰਕਿਰਿਆ ਵੀ ਉੱਭਰ ਕੇ ਸਾਹਮਣੇ ਆਉਂਦੀ ਹੈ- ਅਸਲੀ ਪਾਤਰਾਂ ਦੀਆਂ ਅਸਲੀ ਕਹਾਣੀਆਂ ਅਤੇ ਸ਼ਬਦ-ਚਿਤਰ!

ਦੋਸਤੋ,...ਭਰ ਚਾਨਣੀ ਰਾਤ ਵਿਚ ਖੁੱਲ੍ਹੇ ਅਸਮਾਨ ਵੱਲ ਨਿਗ੍ਹਾ ਮਾਰੀਏ ਤਾਂ ਕਦੇ-ਕਦੇ ਇੰਜ ਮਹਿਸੂਸ ਹੁੰਦਾ ਹੈ ਜਿਵੇਂ ਚੰਨ ਅਤੇ ਤਾਰਿਆਂ ਨਾਲ ਭਰੇ ਆਕਾਸ਼ ਦਾ ਚੰਦੋਆ ਪੂਰੀ ਕਾਇਨਾਤ ਨੂੰ ਲਿਸ਼ਕਦੇ ਮੋਤੀਆਂ ਨਾਲ ਸ਼ਿੰਗਾਰ ਰਿਹਾ ਹੋਵੇ। ਜ਼ਰਾ ਕੁ ਹੋਰ ਗਹੁ ਨਾਲ ਦੇਖੀਏ ਤਾਂ ਇਨ੍ਹਾਂ ਅਣਗਿਣਤ ਟਿਮ-ਟਿਮਾਉਂਦੇ ਤਾਰਿਆਂ ਦੇ ਝੁਰਮਟ ਦਰਮਿਆਨ ਕੁਝ ਸਿਤਾਰੇ ਕੁਝ ਕੁ ਅਲੱਗ ਅਤੇ ਨਿਵੇਕਲੀਆਂ ਰੌਸ਼ਨੀਆਂ ਬਖੇਰਦੇ ਨਜ਼ਰੀਂ ਪੈਂਦੇ ਹਨ। ਇੰਜ ਹੀ...ਆਪਣੇ ਜੀਵਨ ਵਿਚ ਪਿਛਲ-ਝਾਤ ਮਾਰਦਿਆਂ, ਲਖਵਿੰਦਰ ਸਿੰਘ ਜੌਹਲ ਨੇ ਸਮਾਜ ਦੇ ਮੋਤੀਆਂ ਵਿਚੋਂ ਚੌਦਾਂ ਕੁ ਨਗੀਨਿਆਂ ਨੂੰ ਚੁਣਿਆ ਅਤੇ ਬੜੀ ਰੂਹ ਨਾਲ ਇਸ ਪੁਸਤਕ ਵਿਚ ਖ਼ੂਬਸੂਰਤ ਲਫ਼ਜ਼ਾਂ ਨਾਲ ਪਰੋ ਦਿੱਤਾ। ਲੇਖਕ ਇਨ੍ਹਾਂ 'ਹੀਰੇ ਸੱਜਣਾਂ' ਦੇ ਅੰਗ-ਸੰਗ ਵਿਚਰਨ ਦਾ ਨਿੱਘ ਮਾਣਦਾ ਰਿਹਾ ਹੈ...ਜਿਸ ਦਾ ਉਸ ਦੀ ਖੁਦ ਦੀ ਸ਼ਖ਼ਸੀਅਤ ਉੱਪਰ ਗਹਿਰਾ ਅਸਰ ਪਿਆ। ਇਹ ਵਿਲੱਖਣ ਸ਼ਖ਼ਸੀਅਤਾਂ ਭਾਵੇਂ ਸਰੀਰਕ ਤੌਰ 'ਤੇ ਤਾਂ ਅੱਗੜ-ਪਿੱਛੜ ਤੁਰ ਕੇ 'ਗ਼ੈਰ-ਹਾਜ਼ਰ' ਹੋ ਗਈਆਂ ਪਰ ਉਨ੍ਹਾਂ ਦੀ ਵਿਲੱਖਣਤਾ ਉਨਾਂ ਦੀ ਗ਼ੈਰ-ਹਾਜ਼ਰੀ ਨੂੰ ਅੱਜ ਵੀ 'ਹਾਜ਼ਰ' ਰੱਖ ਰਹੀ ਹੈ।

ਕੁਦਰਤ ਦੇ ਅਸੂਲ ਮੁਤਾਬਕ ਜੋ ਇਸ ਦੁਨੀਆਂ ਤੇ ਆਇਆ ਹੈ, ਉਹ ਇੱਕ ਦਿਨ ਜ਼ਰੂਰ ਚਲੇ ਵੀ ਜਾਵੇਗਾ। ਪਰ ਸੱਚ ਇਹ ਵੀ ਹੈ ਕਿ ਸੁਖ਼ਨਵਰ ਜਾ ਕੇ ਵੀ...ਕਦੇ ਨਹੀਂ ਜਾਂਦੇ। ਉਹ ਆਪਣੇ ਕੀਤੇ ਹੋਏ ਕੰਮਾਂ-ਕਾਜਾਂ, ਬੋਲਾਂ ਜਾਂ ਲਫ਼ਜ਼ਾਂ ਦੇ ਸੰਗ ਜਿਉਂਦੇ ਰਹਿੰਦੇ ਹਨ। ਲਖਵਿੰਦਰ ਜੌਹਲ ਦੀ 'ਹਾਜ਼ਰ-ਗ਼ੈਰਹਾਜ਼ਰ' ਪੁਸਤਕ ਉਨ੍ਹਾਂ ਮਹਾਨ ਸਪੂਤਾਂ ਦੇ ਮਨਾਂ ਵਿਚਲੀ ਮੁਹੱਬਤ ਅਤੇ ਉਨ੍ਹਾਂ ਦੀਆਂ ਰਮਣੀਕ ਅਤੇ ਸੰਦਲੀ ਪੈੜਾਂ ਨੂੰ ਸਲਾਮ ਵੀ ਹੈ! ਇਸ ਦਸਤਾਵੇਜ਼ੀ ਪੁਸਤਕ ਨੂੰ ਪੜ੍ਹਦਿਆਂ, ਪੰਜਾਬੀ ਕਵਿਤਾ ਦੇ ਹਸਤਾਖਰ ਅਤੇ ਵਿਲੱਖਣ ਸ਼ਖ਼ਸੀਅਤ ਸੁਰਜੀਤ ਪਾਤਰ ਦੀਆਂ ਸੁੰਦਰ ਲਾਈਨਾਂ ਯਾਦ ਆ ਗਈਆਂ...

ਜਦੋਂ ਤੱਕ ਲਫ਼ਜ਼ ਜਿਊਂਦੇ ਨੇ ਸੁਖਨਵਰ ਜਿਉਣ ਮਰ ਕੇ ਵੀ
ਉਹ ਕੇਵਲ ਜਿਸਮ ਹੁੰਦੇ ਨੇ ਜੋ ਸਿਵਿਆਂ ਵਿਚ ਸੁਆਹ ਬਣਦੇ। (ਸੁਰਜੀਤ ਪਾਤਰ)

ਪੁਸਤਕ ਦੀ ਸ਼ੁਰੂਆਤ ਪੰਜਾਬੀ ਸਾਹਿਤ ਦੇ ਬਹੁ-ਪੱਖੀ ਅਤੇ ਬਹੁ-ਵਿਧਾਵੀ ਲੇਖਕ, ਨਾਵਲ ਦੇ ਸਿਰਨਾਵੇਂ, ਅਤੇ ਦੂਰਅੰਦੇਸ਼ੀ ਸੋਚਣੀ ਦੇ ਮਾਲਕ ਜਸਵੰਤ ਸਿੰਘ ਕੰਵਲ ਨਾਲ ਕਰਦਿਆਂ ਲਖਵਿੰਦਰ ਜੌਹਲ ਨੇ ਲਿਖਿਆ, 'ਉਸ ਨੂੰ ਮਿਲਦਿਆਂ ਇਹ ਅਹਿਸਾਸ ਕਦੇ ਨਹੀਂ ਸੀ ਹੁੰਦਾ ਕਿ ਅਸੀਂ ਇੱਕ ਯੁੱਗ ਪੁਰਸ਼ ਨੂੰ ਮਿਲ ਰਹੇ ਹਾਂ! ਜਮਾਤਾਂ ਦੇ ਨਜ਼ਰੀਏ ਤੋਂ ਘੱਟ ਪੜ੍ਹੇ-ਲਿਖੇ ਹੋਣ ਦੇ ਬਾਵਜੂਦ, ਅਜਿਹਾ ਦੂਰਅੰਦੇਸ਼ੀ ਵਾਲਾ ਅਕਾਦਮਿਕ ਅਮਲ ਜਸਵੰਤ ਸਿੰਘ ਕੰਵਲ ਦਾ ਉਹ ਹਾਸਲ ਹੈ, ਜਿਹੜਾ ਉਸ ਨੂੰ, ਉਨ੍ਹਾਂ ਪੰਜਾਬੀ ਲੇਖਕਾਂ ਨਾਲੋਂ ਨਿਖੇੜ ਦਿੰਦਾ ਹੈ, ਜਿਹੜੇ ਖੋਪੇ ਲੱਗੇ ਬਲਦ ਵਾਂਗੂੰ, ਸਾਊ ਬਣੇ ਹੋਏ, ਪਹਿਲੀਆਂ ਪੈੜਾਂ ਨੂੰ ਹੀ ਹੋਰ ਗੂੜ੍ਹਾ ਕਰੀ ਜਾਣ ਵਿਚ ਵਿਸ਼ਵਾਸ ਰੱਖਦੇ ਸਨ ਅਤੇ ਅਜਿਹਾ ਕਰਨ ਵਿਚ ਹੀ ਆਨੰਦ ਪ੍ਰਾਪਤ ਕਰਦੇ ਸਨ। ਪੰਜਾਬੀਅਤ ਦੀ ਰੂਹ ਜਸਵੰਤ ਸਿੰਘ ਕੰਵਲ ਦੀ ਰੂਹ ਵਿਚ ਇਸ ਕਦਰ ਰਮ ਚੁੱਕੀ ਸੀ ਕਿ ਦੋਹਾਂ ਨੂੰ ਇੱਕ ਦੂਸਰੇ ਤੋਂ ਵਿਛੁੰਨਣਾ ਮੁਸ਼ਕਲ ਸੀ। ਉਸ ਦੀ ਜੀਵਨ-ਕਥਾ, ਦੰਦ-ਕਥਾ, ਲੋਕ-ਕਥਾ ਅਤੇ ਅਸਧਾਰਨ ਲੋਹ-ਕਥਾ ਨੂੰ ਸੌ-ਸੌ ਸਲਾਮਾਂ।'

ਗੁਰੂ ਨਾਨਕ ਦੇ ਸਿੱਖ ਅਤੇ ਲੈਨਿਨ ਦੇ ਸਿਪਾਹੀ, ਸ. ਸੰਤੋਖ ਸਿੰਘ ਧੀਰ ਦਾ ਪੰਜਾਬੀ ਸਾਹਿਤ ਵਿਚ ਵਿਸ਼ੇਸ਼ ਸਥਾਨ ਹੈ। ਉੱਚਕੋਟੀ ਦਾ ਸ਼੍ਰੋਮਣੀ ਸਾਹਿਤਕਾਰ ਅਤੇ ਕਹਾਣੀਕਾਰ ਜਿਸਦੀਆਂ ਅਨੇਕਾਂ ਰਚਨਾਵਾਂ ਉਸ ਨੂੰ ਅਮਰ ਕਰ ਗਈਆਂ। ਉਹ ਸਾਹਿਤ, ਜ਼ਿੰਦਗੀ ਅਤੇ ਮਨੁੱਖਤਾ ਪ੍ਰਤੀ ਇੱਕੋ ਜਿੰਨਾ ਪ੍ਰਤੀਬੱਧ ਸੀ। ਉਸ ਦੇ ਜ਼ਿੰਦਗੀ ਨੂੰ ਜਿਉਣ ਦੇ ਆਪਣੇ ਅਸੂਲ ਸਨ ਜਿਨ੍ਹਾਂ ਨੂੰ ਨਿਭਾਉਣ ਲਈ ਉਹ ਜਨੂਨ ਦੀ ਹੱਦ ਤੱਕ ਲੜਾਈ ਲੜਦਾ ਸੀ। ਉਸ ਦੀ ਅਸੂਲਾਂ ਪ੍ਰਤੀ ਲੜਾਈ ਨੂੰ ਲਖਵਿੰਦਰ ਜੌਹਲ ਨੇ ਬਹੁਤ ਸੁੰਦਰ ਸ਼ਬਦਾਂ ਵਿਚ ਇੰਜ ਬਿਆਨਿਆ ਹੈ, ਜਾਗ੍ਰਿਤੀ ਰਸਾਲੇ ਉਤੇ ਉਸ ਨੇ ਆਪਣੀਆਂ ਰਚਨਾਵਾਂ ਨੂੰ ਤੋੜ-ਮਰੋੜ ਕੇ ਛਾਪਣ ਦਾ ਮੁਕੱਦਮਾ ਕਰ ਦਿੱਤਾ। ਪਹਿਲੀ ਵਾਰ ਹਾਰਨ ਬਾਅਦ ਉਸ ਨੇ ਫੇਰ ਸਿਰਫ ਇੱਕ ਰੁਪਏ ਦੇ ਹਰਜਾਨੇ ਲਈ ਮੁਕੱਦਮਾ ਕੀਤਾ। ਉਸ ਨੇ ਉਂਗਲੀ ਖੜ੍ਹੀ ਕਰਕੇ ਕਿਹਾ 'ਗੱਲ ਪੈਸੇ ਦੀ ਨਹੀਂ ਅਸੂਲ ਦੀ ਹੈ। ਇਹ ਲੇਖਕ ਦੀ ਖ਼ੁਦਦਾਰੀ ਦਾ ਸਵਾਲ ਹੈ, ਮੈਂ ਪਿੱਛੇ ਨਹੀਂ ਹਟਾਂਗਾ।' ਸਾਲਾਂ ਤੱਕ ਮੁਕੱਦਮਾ ਚੱਲਿਆ ਤੇ ਆਖ਼ਰ ਸਰਕਾਰ ਹਾਰ ਗਈ। ਧੀਰ ਸਾਹਿਬ ਜਿੱਤ ਗਏ। ਇਹ ਜਿੱਤ ਬੇਅਸੂਲੀ ਉੱਤੇ ਅਸੂਲ ਦੀ ਜਿੱਤ ਸੀ। ਸਾਹਿਤ ਦੇ ਸੰਤੋਖ ਸਿੰਘ ਧੀਰ ਅਤੇ ਜ਼ਿੰਦਗੀ ਦੇ 'ਬੀਰੂ ਤਾਂਗੇ ਵਾਲੇ', 'ਸਵੇਰ ਹੋਣ ਤੱਕ' ਮੁੜ-ਮੁੜ ਜੰਮਦੇ ਰਹਿਣਗੇ।'

ਸਖ਼ਤ ਸੁਭਾਅ ਵਾਲੇ ਨਰਮ ਦਿਲ ਇਨਸਾਨ ਜਗਜੀਤ ਸਿੰਘ ਆਨੰਦ ਤੋਂ ਭਲਾ ਕੌਣ ਵਾਕਿਫ ਨਹੀਂ? ਪੰਜਾਬੀ ਪੱਤਰਕਾਰੀ ਦਾ ਨਿਵੇਕਲਾ ਹਸਤਾਖ਼ਰ ਹੈ। ਉਸ ਦੇ ਗੁੱਸੇ ਬਾਰੇ ਕਾਮਰੇਡ ਸੋਹਣ ਸਿੰਘ ਜੋਸ਼ ਦੇ ਬੋਲਾਂ ਨੂੰ ਲਖਵਿੰਦਰ ਜੌਹਲ ਨੇ ਇੰਜ ਲਫ਼ਜ਼ਾਂ ਵਿਚ ਪ੍ਰੋਇਆ ਹੈ...'ਜੇਕਰ ਆਨੰਦ ਨੂੰ ਆਪਣੇ ਗੁੱਸੇ ਉੱਤੇ ਕਾਬੂ ਪਾ ਲੈਣ ਦੀ ਮੁਹਾਰਤ ਹੁੰਦੀ ਤਾਂ ਪੰਡਤ ਨਹਿਰੂ ਤੋਂ ਬਾਅਦ ਦੇਸ਼ ਦੀ ਸੱਭ ਤੋਂ ਵੱਡੀ ਰਾਜਨੀਤਕ ਸ਼ਖ਼ਸੀਅਤ ਹੁੰਦੀ ਅਤੇ ਇਸ ਦਾ ਪ੍ਰਧਾਨ ਮੰਤਰੀ ਦੀ ਕੁਰਸੀ ਤੱਕ ਪਹੁੰਚਣਾ ਸੰਭਵ ਸੀ।' ਕਾਮਰੇਡ ਆਨੰਦ ਦਾ ਲੇਖਕ ਦੀ ਸ਼ਖ਼ਸੀਅਤ ਦੇ ਵਿਕਾਸ ਅਤੇ ਨਿਖਾਰਨ ਵਿਚ ਵੱਡਾ ਯੋਗਦਾਨ ਸੀ ਜਿਸ ਬਾਰੇ ਲਖਵਿੰਦਰ ਨੇ ਲਿਖਿਆ ਕਿ 'ਮੇਰੀ ਸ਼ਖ਼ਸੀਅਤ ਦੇ ਵਿਕਾਸ ਵਿਚ ਕਾਮਰੇਡ ਆਨੰਦ ਦੇ ਯੋਗਦਾਨ ਦਾ ਲੇਖਾ-ਜੋਖਾ ਕਰਨਾ ਹੋਵੇ ਤਾਂ ਮੇਰੀ ਵਿਚਰਨ ਕਲਾ ਅਤੇ ਲਿਖਣ ਕਲਾ, ਮੈਨੂੰ ਉਨ੍ਹਾਂ ਦੀ ਹੀ ਦੇਣ ਦਿਸਦਾ ਹੈ।'

ਸੁਰਜਨ ਸਿੰਘ ਜ਼ੀਰਵੀ ਨਾਲ ਬਿਤਾਏ ਪਲਾਂ ਨੂੰ ਲੇਖਕ ਨੇ ਖੁੱਲ੍ਹ ਕੇ ਅਤੇ ਬਾਖੂਬੀ ਨਾਲ ਬਿਆਨਿਆ ਹੈ- ਚਿਹਰੇ 'ਤੇ ਮੁਸਕਾਨ, ਜ਼ੁਬਾਨ ਉੱਤੇ ਹਾਸੇ-ਮਜ਼ਾਕ ਨਾਲ ਭਰਪੂਰ ਚੁਟਕਲੇ, ਦਿਮਾਗ਼ ਵਿਚ ਦਗਦੇ ਵਿਚਾਰ ਅਤੇ ਦਿਲ ਵਿਚ ਦੇਸ਼, ਦੁਨੀਆ,




*ਕਿਤਾਬ 'ਹਾਜ਼ਰ-ਗ਼ੈਰਹਾਜ਼ਰ' ਦਾ ਸਰਵਰਕ।*

ਦੋਸਤਾਂ ਦਾ ਦਰਦ। ਇਹੀ ਸੀ- ਸੁਰਜਨ ਜ਼ੀਰਵੀ...ਜੋ ਮਹਿਜ਼ ਮੁਸਕਰਾ ਕੇ ਹੀ ਜ਼ਿੰਦਗੀ ਦੇ ਗ਼ਮ ਨਿਖਾਰ ਲੈਂਦਾ ਸੀ।'

ਲਖਵਿੰਦਰ ਜੌਹਲ ਖੁਦ ਇੱਕ ਬਹੁਤ ਵਧੀਆ ਕਵੀ ਹੈ। ਉਸ ਦੀਆਂ ਰਚਨਾਵਾਂ ਵਿਚੋਂ ਆਸ ਅਤੇ ਸਾਕਰਾਤਮਕਤਾ ਗਾਇਬ ਨਹੀਂ ਹੁੰਦੀ। ਉਹ ਬਾਖੂਬੀ ਇਹ ਵੀ ਜਾਣਦਾ ਹੈ ਕਿ ਜੀਵਨ ਜਿਉਂਦਿਆਂ ਹਰ ਪਲ ਦਾ ਆਪਣਾ ਰੰਗ ਹੁੰਦਾ ਹੈ, ਜਿਸ ਨੂੰ ਮਾਣਨਾ ਹੀ ਜ਼ਿੰਦਗੀ ਦਾ ਜਸ਼ਨ ਹੁੰਦਾ ਹੈ। 'ਕਾਮਰੇਡ ਕਵੀ ਬਾਰੇ ਮੇਰਾ ਹਲਫ਼ੀਆ ਬਿਆਨ' ਦੇ ਲੇਖ ਵਿਚ ਉਹ ਉੱਘੇ ਕਵੀ ਹਰਭਜਨ ਸਿੰਘ ਹੁੰਦਲ ਨਾਲ ਬਿਤਾਏ ਕਈ ਪਲਾਂ ਵਿਚੋਂ ਇੱਕ ਪਲ ਨੂੰ ਇੰਜ ਬਿਆਨ ਕਰਦਾ ਹੈ, 'ਮੇਰੀ ਕਵਿਤਾ ਦੀ ਨਵੀਂ ਕਿਤਾਬ ਛਪੀ...ਜਲੰਧਰ ਵਿਚ ਗੋਸ਼ਟੀ ਹੋਈ। ਹਰਭਜਨ ਸਿੰਘ ਹੁੰਦਲ ਨੇ ਇਸ ਗੋਸ਼ਟੀ ਵਿਚ ਆਪਣੇ ਵਿਚਾਰ ਪ੍ਰਗਟ ਕਰਦਿਆਂ ਕਿਹਾ, 'ਜੌਹਲ ਦੀ ਕਵਿਤਾ ਮੇਰੇ ਮਨ ਨੂੰ ਧੂ ਪਾਉਣ ਵਾਲੀ ਕਵਿਤਾ ਨਹੀਂ ਹੈ।' ਲਖਵਿੰਦਰ ਜੌਹਲ ਅੱਗੇ ਲਿਖਦੇ ਹਨ ਕਿ 'ਉਸ ਦੇ ਇਸ ਬਿਆਨ ਉੱਤੇ ਮੈਂ ਉਦੋਂ ਵੀ ਕੋਈ ਟਿੱਪਣੀ ਨਾ ਕੀਤੀ, ਅਤੇ ਉਸ ਦੇ ਜਿਉਂਦੇ ਰਹਿਣ ਤੱਕ ਵੀ, ਮੈਂ ਉਸ ਦੇ ਮਨ ਨੂੰ ਧੂ ਪਾਉਣ ਵਾਲੀ ਆਪਣੀ ਕਿਸੇ ਕਵਿਤਾ ਦੀ ਨਿਸ਼ਾਨਦੇਹੀ ਨਹੀਂ ਕਰ ਸਕਿਆ...।' ਇਹ ਲਖਵਿੰਦਰ ਜੌਹਲ ਦੇ ਵਿਸ਼ਾਲ ਹਿਰਦੇ ਅਤੇ ਵਡੱਪਣ ਦਾ ਪ੍ਰਮਾਣ ਹੈ।

ਸੋਹਣ ਸਿੰਘ ਮੀਸ਼ੇ ਨੂੰ ਲਖਵਿੰਦਰ ਜੌਹਲ ਨੇ ਆਪਣਾ ਆਦਰਸ਼ ਐਲਾਨਿਆ। ਕਵਿਤਾ ਵਿਚ ਅਤੇ ਕਿੱਤੇ ਵਿਚ ਵੀ। ਉਸ ਬਾਰੇ ਲਿਖੇ ਇਹ ਸ਼ਬਦ ਖੁਦ ਬੋਲ ਰਹੇ ਨੇ: ਮੇਰੇ ਕੰਨਾਂ ਵਿਚ ਧੀਮਾ ਧੀਮਾ ਮੀਸ਼ਾ ਬੋਲੇ...

'ਧੀਮੇ ਬੋਲਾਂ ਦਾ ਬੁਲੰਦ ਕਵੀ' ਲੇਖ ਵਿਚ ਲਖਵਿੰਦਰ ਨੇ ਮੀਸ਼ੇ ਬਾਰੇ ਅਤੇ ਉਸ ਨਾਲ ਬਿਤਾਏ ਯਾਦਗਾਰੀ ਪਲਾਂ ਨੂੰ ਸੁਰਜੀਤ ਕੀਤਾ ਹੈ- ਬੜੀ ਰੂਹ ਅਤੇ ਖ਼ੂਬਸੂਰਤੀ ਨਾਲ! ਸਮੇਂ ਦਾ ਮਹਾਨ ਕਵੀ, ਬੇਸ਼ੁਮਾਰ ਕਾਵਿ-ਝੀਲਾਂ ਦਾ ਤਾਰੂ ਮੀਸ਼ਾ ਆਖਰ ਕਾਂਜਲੀ ਝੀਲ ਵਿਚ ਕਿਵੇਂ ਡੁੱਬ ਗਿਆ? ਇਹ ਸਵਾਲ ਲੇਖਕ ਦੇ ਕੋਮਲ ਮਨ ਨੂੰ ਅੱਜ ਵੀ ਹੈਰਾਨ ਤੇ ਪਰੇਸ਼ਾਨ ਕਰਦਾ ਹੈ!

ਆਪਣੇ ਪਿਤਾ ਦੇ ਕਰੀਬੀ ਦੋਸਤ, ਇਨਕਲਾਬੀ ਕਵੀ ਡਾ. ਜਗਤਾਰ ਬਾਰੇ ਲਖਵਿੰਦਰ ਜੌਹਲ ਲਿਖਦਾ ਹੈ ਕਿ ਉਸ ਦੀ ਸਮੁੱਚੀ ਦਿਖ ਇੱਕ ਖਿਝੇ ਹੋਏ ਆਦਮੀ ਵਰਗੀ ਸੀ। ਉਹ ਮੁਸਕਰਾਉਂਦਾ ਜਾਂ ਹੱਸਦਾ ਵੀ, ਆਪਣੇ ਚਿਹਰੇ ਤੋਂ ਗੰਭੀਰਤਾ ਨੂੰ ਉਰੇ ਪਰ੍ਹੇ ਨਹੀਂ ਸੀ ਹੋਣ ਦਿੰਦਾ। 32 ਤੋਂ ਵੱਧ ਕਿਤਾਬਾਂ ਦੇ ਰਚਨਹਾਰੇ ਡਾ. ਜਗਤਾਰ ਦੀ ਜ਼ਿੰਦਗੀ ਦੇ ਚੰਗੇ-ਮਾੜੇ ਅਤੇ ਰੰਗ-ਬਰੰਗੇ ਪਲਾਂ ਨੂੰ ਸੁੰਦਰ ਸ਼ਬਦਾਂ ਵਿਚ ਉਤਾਰਦਾ ਜਾਂਦਾ ਹੈ...ਜ਼ਿੰਦਗੀ ਦੇ ਸੱਚ ਨੂੰ ਲਿਖਣਾ ਅਤੇ ਅਜੇਹੀ ਲੇਖਣੀ ਦੀ ਪਰਚਮ ਹੱਥਾਂ ਵਿਚ ਲੈ ਕੇ ਅਡੋਲ ਖੜ੍ਹੇ ਹੋਣ ਤੇ ਮਾਣ ਮਹਿਸੂਸ ਕਰਨਾ, ਜਗਤਾਰ ਦਾ ਹਾਸਿਲ ਹੈ...।

ਰਸੂਲ ਹਮਜ਼ਾਤੋਵ ਦੁਆਰਾ ਅਵਾਰ ਬੋਲੀ ਵਿਚ ਲਿਖੀ ਸੰਸਾਰ ਪ੍ਰਸਿੱਧ ਕਿਤਾਬ ਮੇਰਾ ਦਾਗ਼ਿਸਤਾਨ ਨੂੰ ਪੰਜਾਬੀ ਵਿਚ ਅਨੁਵਾਦ ਕਰਨ ਵਾਲੀ ਵਿਲੱਖਣ ਸ਼ਖ਼ਸੀਅਤ ਗੁਰਬਖ਼ਸ਼ ਸਿੰਘ ਫਰੈਂਕ ਨਾਲ ਬਿਤਾਏ ਵਕਤ ਨੂੰ 'ਸੁਹਜ, ਸਹਿਜ ਅਤੇ ਸਿਰੜ ਦੀ ਤ੍ਰਿਲੈਣੀ' ਲੇਖ ਅੰਦਰ ਬਾਖ਼ੂਬੀ ਨਾਲ ਪਾਠਕਾਂ ਅੱਗੇ ਪਰੋਸਿਆ ਹੈ।

ਪੁਸਤਕ ਵਿਚ ਅੱਗੇ ਚੱਲਦਿਆਂ ਜਗਦੀਸ਼ ਸਿੰਘ ਵਰਿਆਮ, ਪ੍ਰਮਿੰਦਰਜੀਤ, ਅਮਿਤੋਜ, ਅਤੇ ਪ੍ਰੇਮ ਗੋਰਖੀ ਦੇ ਸ਼ਬਦ-ਚਿਤਰ ਉਲੀਕਦਿਆਂ ਇਨ੍ਹਾਂ ਖ਼ੂਬਸੂਰਤ ਰੂਹਾਂ ਨਾਲ ਬਿਤਾਏ ਪਲਾਂ ਨੂੰ ਮੁੜ ਚਿਤਵਣ ਦਾ ਬਹੁਤ ਚੰਗਾ ਉਪਰਾਲਾ ਕੀਤਾ ਹੈ, ਲਖਵਿੰਦਰ ਜੌਹਲ ਨੇ!

ਆਪਣੇ ਇਲਾਕੇ ਦੇ ਕਵੀ ਡਾ. ਰਣਧੀਰ ਸਿੰਘ ਚੰਦ ਨੂੰ ਯਾਦ ਕਰਦਿਆਂ ਲਖਵਿੰਦਰ ਜੌਹਲ ਲਿਖਦੇ ਹਨ ਕਿ 'ਰਣਧੀਰ ਸਿੰਘ ਚੰਦ ਉਨਾਂ ਕਵੀਆਂ ਵਿਚੋਂ ਸੀ, ਜਿਨ੍ਹਾਂ ਦੇ ਮੈਂ ਆਪਣੀ ਚੜ੍ਹਦੀ ਉਮਰ ਵਿਚ ਹੀ, ਬਹੁਤ ਨੇੜੇ ਹੋ ਗਿਆ ਸਾਂ। ਇਹ ਇਲਾਕੇ ਦਾ ਮੋਹ ਸੀ? ਉਸ ਦੀ ਸ਼ਖ਼ਸੀਅਤ ਦਾ ਤਲਿਸਮ ਸੀ? ਜਾਂ ਉਸ ਦੀ ਗ਼ਜ਼ਲਗੋਈ ਦਾ ਕਮਾਲ? ਇਸ ਦਾ ਫ਼ੈਸਲਾ ਕਰਨਾ ਮੁਸ਼ਕਿਲ ਹੈ।' ਅੱਗੇ ਚੱਲ ਕੇ ਲਿਖਦੇ ਨੇ ਕਿ 'ਡਾ. ਚੰਦ ਨੂੰ ਦੋਸਤ ਅਤੇ ਦੁਸ਼ਮਣ ਬਣਾਉਣ ਦੀ ਇੱਕੋ ਜਿੰਨੀ ਮੁਹਾਰਤ ਹਾਸਲ ਸੀ। ਉਹ ਜਿਸ ਦੇ ਨੇੜੇ ਹੁੰਦਾ, ਪੂਰੀ ਤਰਾਂ ਹੁੰਦਾ, ਜਿਸ ਤੋਂ ਦੂਰ ਹੁੰਦਾ ਤਾਂ ਵੀ ਪੂਰੀ ਤਰ੍ਹਾਂ ਹੁੰਦਾ। ਫਿਰ ਵੀ ਸਾਡਾ 'ਦਿਲ-ਦਰਿਆ' ਰਣਧੀਰ ਸਿੰਘ ਚੰਦ 'ਕਤਰੇ ਵਿਚ ਸਮੁੰਦਰ' ਸੀ...।'

ਪਾਸ਼ ਨਾਲ ਬਿਤਾਏ ਕੁਝ ਪਲਾਂ ਦੀਆਂ ਯਾਦਾਂ ਨੂੰ ਬਹੁਤ ਭਾਵਪੂਰਤੀ ਨਾਲ ਇੰਜ ਬਿਆਨਿਆ: 'ਪਾਸ਼ ਇੱਕ ਵਰਤਾਰੇ ਦਾ ਨਾਮ ਹੈ, ਜੋ ਪੰਜਾਬੀ ਕਵਿਤਾ ਵਿਚ ਵਾਵਰੋਲੇ ਵਾਂਗ ਆਇਆ ਅਤੇ ਆਪਣੇ ਪਿੱਛੇ ਬਹੁਤ ਕੁਝ ਅਜਿਹਾ ਛੱਡ ਗਿਆ, ਜਿਸ ਨੂੰ ਸਮਝਣਾ, ਉਸ ਦੇ ਵਿਛੜ ਜਾਣ ਤੋਂ ਏਨੇ ਸਾਲਾਂ ਬਾਅਦ ਵੀ ਇੱਕ ਰਹੱਸ ਬਣਿਆ ਹੋਇਆ ਹੈ। ਉਹ ਨਕਸਲੀ ਕਾਰਕੁਨ ਸੀ? ਕਵੀ ਸੀ? ਸਮਾਜ ਸੁਧਾਰਕ ਸੀ? ਇਨਕਲਾਬੀ ਯੋਧਾ ਸੀ? ਜਾਂ ਫਿਰ ਇੱਕ ਤਿੱਖਾ ਸ਼ਰਾਰਤੀ-ਸ਼ਿੰਦਰੀ ਨੌਜਵਾਨ ਸੀ, ਜੋ ਪੈਰ ਪੈਰ ਉੱਤੇ ਬਦਲਦਾ, ਪਲਾਇਨ ਕਰਦਾ ਅਤੇ ਆਪਣੇ ਆਸ਼ਿਆਂ ਵੱਲ ਅੱਗੇ ਵੱਧਦਾ ਜਾਂਦਾ ਸੀ? ਉਹ ਇੱਕੋ ਵੇਲੇ ਬੁਲੰਦ ਕਵੀ ਸੀ, ਅਤਿ ਦਰਜੇ ਦਾ ਗਹਿਰ ਗੰਭੀਰ ਚਿੰਤਕ ਸੀ ਤੇ ਬੇਹੱਦ ਲਚਕੀਲਾ ਅਤੇ ਚੁਲਬੁਲਾ ਵਿਅਕਤੀ ਵੀ ਸੀ। ਉਸ ਦੀ ਸ਼ਖ਼ਸੀਅਤ ਦੀ ਇਹੀ ਵਿਲੱਖਣਤਾ, ਬਹੁਤ ਸਾਰੀਆਂ ਵਿਰੋਧਤਾਈਆਂ ਦੇ ਬਾਵਜੂਦ, ਉਸ ਨੂੰ ਸਾਡਾ ਦੋਸਤ ਬਣਾਈ ਰੱਖਦੀ ਸੀ।'

ਦੋਸਤੋ, ਇਸ ਖ਼ੂਬਸੂਰਤ ਪੁਸਤਕ ਵਿਚ ਹੋਰ ਬਹੁਤ ਕੁਝ ਵੀ ਪੜ੍ਹ ਕੇ ਜਾਨਣ ਅਤੇ ਮਾਣਨ ਵਾਲਾ ਹੈ ਜੋ ਮੈਂ ਸਾਹਿਤ ਦੇ ਸੁਹਿਰਦ ਪਾਠਕਾਂ ਦੇ ਨਜ਼ਰੀਏ ਤੇ ਛੱਡਣਾ ਹੀ ਬਿਹਤਰ ਸਮਝਦਾ ਹਾਂ। ਮੈਨੂੰ ਉਮੀਦ ਹੀ ਨਹੀਂ ਬਲਕਿ ਪੂਰਾ ਯਕੀਨ ਵੀ ਹੈ ਕਿ ਪਾਠਕਾਂ ਨੂੰ ਇਹ ਵਿਲੱਖਣ ਅਤੇ ਸ਼ਾਹਕਾਰ ਰਚਨਾ ਜ਼ਰੂਰ ਪਸੰਦ ਆਵੇਗੀ। ਮੇਰੀ ਵੱਲੋਂ ਲਖਵਿੰਦਰ ਜੌਹਲ ਨੂੰ ਇਸ ਨਿਵੇਕਲੀ ਕੋਸ਼ਿਸ਼ ਅਤੇ ਕਾਮਯਾਬੀ ਲਈ ਢੇਰ ਸਾਰੀਆਂ ਮੁਬਾਰਕਾਂ ਅਤੇ ਅਗਲੇ ਸਾਹਿਤਿਕ ਸਫ਼ਰ ਲਈ ਸ਼ੁਭ ਕਾਮਨਾਵਾਂ ਵੀ!!

ਜ਼ਿੰਦਗੀ ਜ਼ਿੰਦਾਬਾਦ।

## ਅਮਰੀਕੀ ਯੂਨੀਵਰਸਿਟੀਆਂ ਵਿਚ ਸੁੰਗੜ ਰਹੀ ਜਮਹੂਰੀ ਸਪੇਸ

*(ਸਫਾ 11 ਦਾ ਬਾਕੀ)*

ਅਤੇ ਧਾੜਵੀ ਬਸਤੀਵਾਦ ਬੇਖ਼ੌਫ਼ ਦਣਦਣਾ ਰਿਹਾ ਹੈ ਤਾਂ ਅਕਾਦਮਿਕਾਂ ਦਾ ਫਰਜ਼ ਮਾਨਵਤਾ ਲਈ ਸੰਵੇਦਨਸ਼ੀਲ ਸਵਾਲਾਂ ਤੋਂ ਮੂੰਹ ਮੋੜਨਾ ਨਹੀਂ ਹੈ, ਸਗੋਂ ਇਖਲਾਕੀ ਦਲੇਰੀ ਨਾਲ ਨਿਆਂ ਦੇ ਸਵਾਲਾਂ ਉੱਪਰ ਸਟੈਂਡ ਲੈਣਾ, ਸੱਤਾ ਦੀਆਂ ਸੱਚਾਈਆਂ ਨੂੰ ਉਜਾਗਰ ਕਰਨਾ ਅਤੇ ਉਨ੍ਹਾਂ ਰੋਸ਼ਨ-ਖ਼ਿਆਲ ਵਿਦਵਾਨਾਂ ਦੇ ਨਾਲ ਡੱਟ ਕੇ ਖੜ੍ਹੇ ਹੋਣਾ ਹੈ ਜੋ ਅਜਿਹੀ ਆਵਾਜ਼ ਉਠਾਉਣ ਦਾ ਜੇਰਾ ਕਰਦੇ ਹਨ। ਦੁਨੀਆ ਭਰ 'ਚ ਘੋਰ ਸੱਜੇਪੱਖੀ ਵਿਚਾਰਧਾਰਾ ਦਾ ਸਟੇਟ ਉੱਪਰ ਕੰਟਰੋਲ ਵਧਦਾ ਜਾ ਰਿਹਾ ਹੈ। ਇਸਦਾ ਉਚੇਚਾ ਫੋਕਸ ਯੂਨੀਵਰਸਿਟੀ ਕੈਂਪਸਾਂ ਦੀ ਜਮਹੂਰੀ ਸਪੇਸ ਨੂੰ ਖ਼ਤਮ ਕਰਨ ਉੱਪਰ ਹੈ। ਭਾਰਤ ਵਿਚ ਵੀ ਆਰ.ਐੈਸ.ਐੈਸ.-ਭਾਜਪਾ ਨੇ ਸੱਤਾ ਵਿਚ ਆ ਕੇ ਕੇਂਦਰੀ ਯੂਨੀਵਰਸਿਟੀਆਂ ਉੱਪਰ ਸਿਲਸਿਲੇਵਾਰ ਤਰੀਕੇ ਨਾਲ ਹੱਲਾ ਬੋਲਿਆ ਅਤੇ ਜਮਹੂਰੀ ਸਪੇਸ ਬੁਰੀ ਤਰ੍ਹਾਂ ਸੁੰਗੇੜ ਦਿੱਤੀ ਗਈ ਹੈ। ਇਹ ਹਮਲਾ ਲਗਾਤਾਰ ਜਾਰੀ ਹੈ।

ਇਹ ਵੀ ਨੋਟ ਕਰਨਾ ਹੋਵੇਗਾ ਕਿ ਜ਼ਾਇ"ਨਵਾਦ-ਵਿਰੋਧੀ ਕਈ ਭਾਰਤੀ ਵਿਦਵਾਨ ਨਾਲ ਦੀ ਨਾਲ ਹਿੰਦੂਤਵ ਅਤੇ ਭਾਰਤੀ ਰਾਜ ਦੇ ਫਾਸ਼ੀਵਾਦ ਵੱਲ ਮੋੜਾ ਕੱਟਣ ਦੇ ਵੀ ਤਿੱਖੇ ਆਲੋਚਕ ਹਨ। ਉਹ ਦੋਵਾਂ ਨੂੰ ਨਸਲੀ-ਰਾਸ਼ਟਰਵਾਦੀ ਪ੍ਰੋਜੈਕਟਾਂ ਵਜੋਂ ਵੇਖਦੇ ਹੋਏ ਆਪਣੀਆਂ ਲਿਖਤਾਂ ਵਿਚ ਹਿੰਦੂਤਵ ਅਤੇ ਜ਼ਾਇ"ਨਵਾਦ ਵਿਚਕਾਰ ਸੰਬੰਧਾਂ ਨੂੰ ਦਰਸਾਉਂਦੇ ਹਨ ਭਾਵ ਦੋਵੇਂ ਮਜ਼ਲੂਮਾਂ ਨੂੰ ਉਜਾੜ ਕੇ ਉੱਥੇ ਧੱਕੇ ਨਾਲ ਵਸਣ, ਇਸਲਾਮੋਫੋਬੀਆ ਅਤੇ ਰਾਜ ਦੀ ਹਿੰਸਾ 'ਤੇ ਆਧਾਰਤ ਹਨ। ਇਹ ਅੰਤਰ-ਸੰਬੰਧਤ ਆਲੋਚਨਾ ਉਨ੍ਹਾਂ ਨੂੰ ਦੁੱਗਣਾ ਅਸੁਰੱਖਿਅਤ ਬਣਾਉਂਦੀ ਹੈ: ਇਕ ਪਾਸੇ ਹਿੰਦੂਤਵ ਹਮਾਇਤੀ ਉਨ੍ਹਾਂ ਉੱਤੇ ਹਮਲਾ ਕਰਦੇ ਹਨ, ਦੂਜੇ ਪਾਸੇ ਅਮਰੀਕਾ ਵਿਚ ਜ਼ਾਇ"ਨਵਾਦੀ ਨੈੱਟਵਰਕ ਵੀ ਉਨ੍ਹਾਂ ਨੂੰ ਨਿਸ਼ਾਨਾ ਬਣਾਉਂਦੇ ਹਨ, ਕਈ ਵਾਰੀ ਤਾਂ ਇਕ ਦੂਜੇ ਨੂੰ ਪੂਰਾ ਸਹਿਯੋਗ ਦਿੰਦੇ ਹੋਏ। ਅਕਾਦਮਿਕਾਂ ਨੂੰ ਨਿਸ਼ਾਨਾ ਬਣਾਉਣਾ ਸਿਰਫ਼ ਵਿਅਕਤੀਗਤ ਹੱਕਾਂ ਦੀ ਉਲੰਘਣਾ ਨਹੀਂ ਹੈ, ਦਰਅਸਲ ਇਹ ਬੌਧਿਕ ਵੰਨਸੁਵੰਨਤਾ, ਵਿਸ਼ਵੀ ਸਵਾਲਾਂ ਉੱਪਰ ਸਰਹੱਦ ਪਾਰ ਇਕਜੁੱਟਤਾ ਅਤੇ ਆਮ ਇਨਸਾਫ਼ ਲਈ ਵੀ ਵੱਡਾ ਖ਼ਤਰਾ ਹੈ।

ਗਾਜ਼ਾ ਵਿਚ ਸਮੁੱਚੇ ਸਿਹਤ ਸੇਵਾਵਾਂ ਦੇ ਢਾਂਚੇ/ਇਲਾਜ ਸੇਵਾਵਾਂ, ਡਾਕਟਰਾਂ ਅਤੇ ਹੋਰ ਮੈਡੀਕਲ ਸਟਾਫ਼ ਨੂੰ ਉਚੇਚੇ ਤੌਰ 'ਤੇ ਕਤਲ ਕੀਤਾ ਜਾ ਰਿਹਾ ਹੈ ਕਿਉਂਕਿ ਉਹ ਨਾਮਾਤਰ ਵਸੀਲਿਆਂ ਨਾਲ ਜ਼ਖਮੀਆਂ ਦਾ ਇਲਾਜ ਕਰਕੇ ਅਮਰੀਕੀ-ਇਜ਼ਰਾਇਲ ਗੱਠਜੋੜ ਦੇ ਫਲਸਤੀਨੀ ਆਵਾਮ ਦੀ ਮੁਕੰਮਲ ਨਸਲਕੁਸ਼ੀ ਦੇ ਪ੍ਰੋਜੈਕਟ ਵਿਚ ਅੜਿੱਕਾ ਬਣਦੇ ਹਨ। ਇਸ ਪ੍ਰਸੰਗ 'ਚ ਡਾ. ਮਾਰੀਆ ਦੀ ਬਰਖ਼ਾਸਤਗੀ ਨਸਲਕੁਸ਼ੀ ਦਾ ਵਿਰੋਧ ਕਰਨ ਵਾਲੇ ਸਿਹਤ ਕਾਮਿਆਂ ਨੂੰ ਕੁਚਲਣ ਲਈ ਵਿਆਪਕ ਹਮਲੇ ਦਾ ਹਿੱਸਾ ਹੈ। ਡਾ. ਮਾਰੀਆ ਵਰਗੇ ਲੋਕ ਖ਼ਾਮੋਸ਼ ਹੋਣ ਅਤੇ ਦਹਿਸ਼ਤਵਾਦੀ ਸਟੇਟ ਅੱਗੇ ਝੁਕਣ ਦੀ ਬਜਾਏ, ਨਿਆਂ ਅਤੇ ਆਜ਼ਾਦੀ 'ਤੇ ਅਧਾਰਤ ਮੈਡੀਸਨ ਖੇਤਰ ਦੀ ਲੋਕਪੱਖੀ ਪੁਨਰ-ਕਲਪਨਾ ਲਈ ਸੰਘਰਸ਼ਸ਼ੀਲ ਹਨ। ਆਓ, ਆਪਾਂ ਸਾਰੇ ਡਾ. ਰੂਪਾ ਮਾਰੀਆ ਵਰਗੀਆਂ ਨਿਆਂਪਸੰਦ ਆਵਾਜ਼ਾਂ ਨਾਲ ਇਕਮੁੱਠਤਾ ਪ੍ਰਗਟਾਉਂਦਿਆਂ ਅਮਰੀਕਨ-ਇਜ਼ਰਾਇਲੀ ਨਸਲਵਾਦ-ਦਹਿਸ਼ਤਵਾਦ ਦਾ ਡੱਟ ਕੇ ਵਿਰੋਧ ਕਰੀਏ।

## ਵਿਅੰਗ: ਗਿੰਨੀਜ਼ ਬੁੱਕ

ਵਿਆਹਾਂ ਦਾ ਸੀਜ਼ਨ ਸੀ ਵਧਾਈਆਂ ਦੇ ਵਾਹਵਾ ਨੋਟ ਮਿਲੇ ਹੋਣਗੇ ਸੋਚ ਕੇ ਮੀਰਜ਼ਾਦੇ (ਮਰਾਸੀ) ਦੇ ਘਰ ਚੋਰ ਪੈ ਗਏ, ਘਰ ਨੂੰ ਕੋਈ ਬੂਹਾ ਬਾਰੀ ਨਹੀਂ ਸੀ ਲੱਗੀ, ਪੁੰਨਿਆ ਦੀ ਰਾਤ ਸੀ ਚੋਰ ਬੂਹੇ ਬਾਰੀਆਂ ਦੇ ਪਰਦੇ ਹਟਾ-ਹਟਾ ਕੇ ਚੰਨ ਦੀ ਲੋਅ ਨਾਲ ਮੰਜਿਆਂ ਹੇਠ ਵੜ-ਵੜ ਕੇ ਜੁੱਲੀਆਂ ਫਰੋਲਣ ਕਿ ਕੋਈ ਪੈਸਾ ਟਕਾ ਲੱਭ ਜਾਵੇ, ਮਚਲਾ ਹੋਇਆ ਮਰਾਸੀ ਖੰਘ ਖੰਘ ਕੇ ਚੋਰਾਂ ਉੱਪਰ ਖੰਘਾਰ ਸੁੱਟੀ ਜਾਵੇ ਨਾਲੇ ਆਖੇ ਕਹਿੰਦਾ ਪੀਰਾਂ ਮਾਰਿਉ ਸਾਨੂੰ ਏਥੇ ਸੂਰਜ ਦੀ ਲੋਅ ਵਿਚ ਕੁਝ ਨਹੀਂ ਲੱਭਦਾ ਤੁਸੀਂ ਚੰਦਰਮਾ ਦੀ ਲੋਅ ਵਿਚ ਕੀ ਭਾਲਦੇ ਹੋ? ਵਿਚਾਰੇ ਚੋਰ ਸ਼ਰਮਿੰਦਗੀ ਨਾਲ ਮੂੰਹ ਲਪੇਟਦੇ ਹੋਏ ਆਪਸ ਵਿਚ ਗੱਲਾਂ ਕਰਦੇ ਜਾਣ ਕਿ 'ਗਿੰਨੀਜ਼ ਬੁੱਕ' ਵਿਚ ਦਰਜ ਕਰਾਉਣ ਵਾਲੀ ਵਾਰਦਾਤ ਕਰ ਕੇ ਚੱਲੇ ਹਾਂ ਆਪਾਂ ਅੱਜ।

*-ਹਰਦੀਪ ਸਿੰਘ "ਸੋਢੀ"ਨਡਾਲਾ*
*ਫੋਨ: 480 794 0325*

# ਵਾਸ-ਪਰਵਾਸ ਨਾਲ ਜੁੜੇ ਮਨੋ-ਸਮਾਜਿਕ ਮਸਲਿਆਂ ਬਾਰੇ ਸੰਵਾਦ ਸਿਰਜਦੀਆਂ ਕਹਾਣੀਆਂ

**ਸਤਨਾਜਾ (ਕਹਾਣੀ ਸੰਗ੍ਰਹਿ)**
**ਲੇਖਲ: ਚਰਨਜੀਤ ਸਿੰਘ ਪੰਨੂ**

ਚਰਨਜੀਤ ਸਿੰਘ ਪੰਨੂ ਪੰਜਾਬੀ ਨਾਵਲ, ਕਹਾਣੀ, ਕਵਿਤਾ ਤੇ ਸਫ਼ਰਨਾਮਾ ਸਾਹਿਤ ਦੇ ਖੇਤਰ ਵਿਚ 27 ਪੁਸਤਕਾਂ ਦਾ ਮੁੱਲਵਾਨ ਯੋਗਦਾਨ ਪਾ ਕੇ ਹੰਢੇ ਵਰਤੇ ਤੇ ਪਾਠਕਾਂ ਵੱਲੋਂ ਸਵੀਕਾਰੇ ਸਰਬਾਂਗੀ ਲੇਖਕ ਵਜੋਂ ਆਪਣੀ ਉਘੜਵੀਂ ਪਛਾਣ ਬਣਾ ਚੁੱਕਾ ਹੈ। 'ਸਤਨਾਜਾ' ਪੰਜਾਬੀ ਕਹਾਣੀ ਦੇ ਖੇਤਰ ਵਿਚ ਉਸ ਵੱਲੋਂ ਛਪਵਾਈ ਅੱਠਵੀਂ ਪੁਸਤਕ ਹੈ। ਇਹ ਗੱਲ ਪੁਸਤਕ ਦਾ ਨਾਂ ਹੀ ਸਪਸ਼ਟ ਕਰ ਦਿੰਦਾ ਹੈ ਕਿ ਇਸ ਵਿਚ ਲੇਖਕ ਨੇ ਵੱਖੋ-ਵੱਖ ਵਿਸ਼ਿਆਂ ਨਾਲ ਸਬੰਧਤ ਆਪਣੀਆਂ ਸੱਤ ਕਹਾਣੀਆਂ ਸ਼ਾਮਿਲ ਕੀਤੀਆਂ ਹਨ। ਇਹ ਕਹਾਣੀਆਂ ਵਾਸ-ਪਰਵਾਸ ਨਾਲ ਜੁੜੇ ਮਨੋ-ਸਮਾਜਿਕ ਮਸੱਲਿਆ ਬਾਰੇ ਬਹੁ-ਮੰਤਵੀ ਸੰਵਾਦ ਵੀ ਸਿਰਜਦੀਆਂ ਹਨ ਅਤੇ ਇਨ੍ਹਾਂ ਨੂੰ ਸੁਲਝਾਉਣ ਦੀਆਂ ਮਨੋਵਿਗਿਆਨਕ ਜੁਗਤਾਂ ਵੱਲ ਵੀ ਇਸ਼ਾਰੇ ਕਰਦੀਆਂ ਹਨ। ਇਹ ਕਹਾਣੀਆਂ ਪੰਜਾਬੀਆ ਦੇ ਮਨ ਅੰਦਰਲੇ ਸੁਪਨਮਈ ਯਥਾਰਥ ਅਤੇ ਪਰਵਾਸੀ ਜੀਵਨ ਦੇ ਅਸਲ ਯਥਾਰਥ ਵਿਚਲੇ ਤਣਾਅ ਨੂੰ ਉਭਾਰ ਕੇ ਇਸ ਸਿੱਟੇ ਦੀ ਨਿਸ਼ਾਨਦੇਹੀ ਕਰਦੀਆਂ ਹਨ ਕਿ ਸਿਰਫ ਦੂਰ ਵਜਦੇ ਢੋਲ ਹੀ ਸੁਹਾਵਨੇ ਲੱਗਦੇ ਨੇ, ਪਰ ਨੇੜੇ ਪਹੁੰਚ ਕੇ ਇਨ੍ਹਾਂ ਦੀ ਅਵਾਜ਼ ਕੰਨ-ਖਾਊ ਸ਼ੋਰ ਬਣ ਜਾਂਦੀ ਹੈ। ਇਹ ਕਹਾਣੀਆਂ ਵਾਸ ਛੱਡ ਕੇ ਪਰਵਾਸ ਧਾਰਨ ਕਰਨ ਲਈ ਉਤਾਵਲੇ ਹੋਏ ਪੰਜਾਬੀਆਂ ਨੂੰ ਇਸ ਗੱਲ ਦਾ ਤੀਬਰ ਅਹਿਸਾਸ ਕਰਵਾਉਂਦੀਆਂ ਹਨ ਕਿ ਆਪਣੀ ਸਭਿਆਚਾਰਕ ਜੜ੍ਹਾਂ ਨਾਲੋ ਟੁੱਟ ਕੇ ਦੂਜੇ ਸਭਿਆਚਾਰ ਦੀ ਜ਼ਮੀਨ ਵਿਚ ਜੜ੍ਹਾਂ ਲਾਉਣ ਦਾ ਕੰਮ ਏਨਾ ਅਸਾਨ ਨਹੀਂ, ਜਿਨਾਂ ਉਹ ਆਪਣੇ ਸੁਪਨਿਆਂ ਵਿਚ ਚਿਤਵਦੇ ਹਨ।


**ਨਿਰੰਜਣ ਬੋਹਾ**
**ਫੋਨ: 89662-82700**

ਸੰਗ੍ਰਹਿ ਦੀ ਪਹਿਲੀ ਕਹਾਣੀ 'ਆਖਿਰੀ ਚੀਕ' ਇਸ ਕੌੜੇ ਸੱਚ ਦੀ ਨਿਸ਼ਾਨਦੇਹੀ ਕਰਦੀ ਕਿ ਅਜੋਕੇ ਨਿੱਜਪ੍ਰਸਤੀ ਦੇ ਯੁੱਗ ਵਿਚ ਮਾਨਵੀ ਸੰਵੇਦਨਾ ਦੀ ਪ੍ਰਤੀਕ ਸਮਝੀ ਜਾਂਦੀ ਚੀਕ ਵੀ ਆਪਣੇ ਸੰਵੇਦਨਾਤਮਕ ਅਰਥ ਗੁਆ ਕੇ ਵਿਖਾਵਾ ਹੀ ਬਣਦੀ ਜਾ ਰਹੀ ਹੈ। ਕਹਾਣੀ ਦੀ ਪਾਤਰ ਇੰਦੂ ਆਪਣੇ ਮਰ ਚੁੱਕੇ ਪਤੀ ਦੇ ਤਾਬੂਤ ਕੋਲ ਆਖਿਰੀ ਚੀਕ ਮਾਰਨ ਦੀ ਰਸਮ ਨਿਭਾਉਣ ਤੋਂ ਬਾਅਦ ਆਪਣੇ ਨਵੇਂ ਪਰੇਮੀ ਨਿਹਾਲੇ ਦੀਆਂ ਬਾਹਾਂ ਵਿਚ ਸਮੋ ਜਾਂਦੀ ਹੈ ਤਾਂ ਪਾਠਕ ਉਸਦੀ ਚੀਕ ਦੇ ਅਰਥ ਸੋਚਦਾ ਹੀ ਰਹਿ ਜਾਂਦਾ ਹੈ? ਕਹਾਣੀ ਆਪਣੇ ਇੱਕ ਵੱਖਰੇ ਸਿੱਟੇ ਰਾਹੀ ਇਹ ਸਮਝ ਵੀ ਪੈਦਾ ਕਰਦੀ ਹੈ ਕਿ ਜੀਵਨ ਵਿਚ ਆਉਣ ਵਾਲੀਆਂ ਵਧੇਰੇ ਸਮੱਸਿਆਵਾਂ ਲਈ ਮਨੁੱਖ ਆਪ ਹੀ ਜ਼ਿੰਮੇਵਾਰ ਹੁੰਦਾ ਹੈ। ਜੇ ਕਹਾਣੀ ਦੇ ਮੁੱਖ ਪਾਤਰ ਭਾਰਗੋ ਨੂੰ ਆਪਣੇ ਅੰਤਲੇ ਸਮੇ ਦੌਰਾਨ ਮਾਨਸਿਕ ਤੇ ਸਰੀਰਕ ਤਸੀਹੇ ਭੋਗਣੇ ਪੈਂਦੇ ਹਨ ਤਾਂ ਇਸਦਾ ਦੋਸ਼ ਹੋਰ ਕਿਸੇ ਤੇ ਨਹੀਂ ਮੜ੍ਹਿਆ ਜਾ ਸਕਦਾ, ਸਗੋ ਉਸਦੀਆਂ ਲਾਲਚੀ ਤੇ ਸਵਾਰਥੀ ਪ੍ਰਵਿਰਤੀ ਹੀ ਇਸ ਲਈ ਜ਼ਿੰਮੇਵਾਰ ਹਨ। ਨਕਲੀ ਦਸਤਾਵੇਜ਼ ਤਿਆਰ ਕਰਕੇ ਸਰਕਾਰੀ ਨੌਕਰੀ ਹਾਸਲ ਕਰਨ ਵਾਲਾ ਇਹ ਕਰਮਚਾਰੀ ਪੈਸੇ ਨੂੰ ਏਨੀਂ ਅਹਿਮੀਅਤ ਦਿੰਦਾ ਰਿਹਾ ਹੈ ਕਿ ਸਮਾਜਿਕ ਰਿਸ਼ਤੇ ਉਸ ਲਈ ਵਰਤੋ ਤੇ ਸੁੱਟੋ ਵਰਗੇ ਅਰਥ ਹੀ ਰੱਖਦੇ ਨੇ ਤੇ ਉਹ ਹਮੇਸ਼ਾਂ ਰਿਸ਼ਤਿਆਂ ਨੂੰ ਵਰਤਦਾ ਹੀ ਰਿਹਾ ਹੈ। ਸਾਰੀ ਉਮਰ ਕਿਸੇ ਦੇ ਕੰਮ ਨਾ ਆਉਣ ਵਾਲੇ ਇਸ ਸਖਸ਼ ਦੇ ਅੰਤਲੇ ਸਮੇਂ ਵਿਚ ਕੋਈ ਵੀ ਉਸਦੇ ਕੰਮ ਨਹੀ ਆਉਂਦਾ ਤਾਂ ਉਸ ਅੰਦਰ ਪੈਦਾ ਹੋਏ ਪਛਤਾਵੇ ਦੀ ਭਾਵਨਾ ਵੀ ਉਸਦਾ ਕੁਝ ਸੰਵਾਰ ਨਹੀਂ ਸਕਦੀ।

ਕਹਾਣੀ 'ਕਿਸਮਤ ਪੁੜੀ' ਔਰਤ ਲਈ 'ਕਿਸਮਤ ਪੁੜੀ ਦਾ ਰੂਪ ਧਾਰਨ ਕਰਦੀ ਵਿਆਹ ਸੰਸਥਾ ਬਾਰੇ ਬਹੁ-ਪਰਤੀ ਸੰਵਾਦ ਰਚਾਉਂਦੀ ਹੈ। ਕਹਾਣੀ ਦੀ ਪਾਤਰ ਲਾਡੀ ਦੇਸ਼ ਵਿਚ ਰਹਿੰਦਿਆਂ ਕਰਵਾਏ ਵਿਆਹ ਦੀ ਕਿਸਮਤ ਪੁੜੀ ਖੋਲ੍ਹਦੀ ਹੈ ਤਾਂ ਉਸਦੇ ਹਿੱਸੇ ਅਜਿਹਾ ਲਾਈਲੱਗ ਤੇ ਮਾਪਿਆਂ ਦਾ ਲੋੜੋਂ ਵੱਧ ਹੇਜਲਾ ਪਤੀ ਆਉਂਦਾ ਹੈ ਜੋ ਉਸਦੇ ਜੀਵਨ ਨੂੰ ਨਰਕ ਬਣਾ ਦਿੰਦਾ ਹੈ। ਕਮਾਊ ਹੋਣ ਦੇ ਬਾਵਜੂਦ ਉਹ ਆਪਣੀ ਮਰਜ਼ੀ ਨਾਲ ਆਪਣੀਆਂ ਛੋਟੀਆਂ ਛੋਟੀਆਂ ਇਛਾਵਾਂ ਵੀ ਪੂਰੀਆਂ ਨਹੀਂ ਕਰ ਸਕਦੀ ਤਾਂ ਨਤੀਜਾ ਤਲਾਕ ਦੇ ਰੂਪ ਵਿਚ ਸਾਹਮਣੇ ਆਉਂਦਾ ਹੈ। ਪਹਿਲੇ ਪਤੀ ਦੇ ਬੱਚਿਆਂ ਦਾ ਭਵਿੱਖ ਸੁਆਰਣ ਲਈ ਉਹ ਵਿਦੇਸ਼ ਤੋਂ ਆਏ ਲਾੜੇ ਰਾਬਰਟ ਨਾਲ ਵਿਆਹ ਕਰਾਉਣ ਦਾ ਦਾਅ ਖੇਡਦੀ ਹੈ ਤਾਂ ਇਹ ਦਾਅ ਵੀ ਉਸਨੂੰ ਪੁੱਠਾ ਹੀ ਪੈ ਜਾਂਦਾ ਹੈ। ਵਿਦੇਸ਼ੀ ਧਰਤੀ 'ਤੇ ਪਹੁੰਚ ਕੇ ਇਕ ਵਾਰ ਤਾਂ ਉਸ ਨੂੰ ਲੱਗਦਾ ਹੈ ਕਿ ਇਸ ਵਾਰ ਕਿਸਮਤ ਨੇ ਉਸਦਾ ਸਾਥ ਦਿੱਤਾ ਹੈ ਪਰ ਬਜ਼ੁਰਗ ਮਾਪਿਆਂ ਦੀ ਸੰਭਾਲ ਲਈ ਵਾਪਸ ਦੇਸ਼ ਪਰਤਣ 'ਤੇ ਉਸਦੀ ਬਾਜ਼ੀ ਫਿਰ ਪੁੱਠੀ ਪੈ ਜਾਂਦੀ ਹੈ। ਮਾਪਿਆਂ ਨੂੰ ਇੱਕਲਾ ਨਾ ਛੱਡਣ ਦੀ ਮਜਬੂਰੀ ਕਾਰਨ ਉਹ ਕੁਝ ਸਮਾਂ ਵਾਪਸ ਆਪਣੇ ਪਤੀ ਕੋਲ ਨਹੀਂ ਜਾ ਸਕਦੀ ਤਾਂ ਨੌਬਤ ਇਕ ਵਾਰ ਫਿਰ ਤਲਾਕ ਤੱਕ ਪਹੁੰਚ ਜਾਂਦੀ ਹੈ। ਮਾਂ ਦੀ ਮੌਤ ਤੋਂ ਬਾਅਦ ਜਦੋਂ ਉਹ ਆਪਣੇ ਭਵਿੱਖ ਸਬੰਧੀ ਵੱਡੇ ਸੁਪਨੇ ਵੇਖ ਰਹੀ ਹੁੰਦੀ ਹੈ ਤਾਂ ਪਤੀ ਦੇ ਵਕੀਲ ਵੱਲੋਂ ਮਿਲਿਆ ਨੋਟਿਸ ਉਸਨੂੰ ਅਹਿਸਾਸ ਕਰਾਉਂਦਾ ਹੈ ਕਿ ਉਸ ਵੱਲੋਂ ਦੂਜੀ ਵਾਰ ਖੋਲ੍ਹੀ ਗਈ ਕਿਸਮਤ ਦੀ ਪੁੜੀ ਵੀ ਖਾਲੀ ਹੀ ਨਿਕਲੀ ਹੈ। ਆਪਣੇ ਦੇਸ਼ ਵਿਚ ਚੰਗੀ ਨੌਕਰੀ ਦੇ ਹੁੰਦਿਆਂ ਤੇ ਇਕ ਹੱਦ ਤੱਕ ਨਾ ਪਸੰਦ ਵਿਦੇਸ਼ੀ ਲਾੜੇ ਨਾਲ ਵਿਆਹ ਕਰਾਉਣ ਦਾ ਉਸਦਾ ਫੈਸਲਾ ਭਾਵੇਂ ਤਰਕ ਦੀ ਕਸਵੱਟੀ ਤੇ ਪੂਰਾ ਨਹੀਂ ਉਤਰਦਾ, ਫਿਰ ਵੀ ਇਹ ਕਹਾਣੀ ਵਿਆਹ ਸੰਸਥਾ ਵੱਲੋਂ ਔਰਤ ਨਾਲ ਪੈਰ ਪੈਰ 'ਤੇ ਕੀਤੇ ਵਿਤਕਰੇ ਨੂੰ ਦਰਸਾਉਣ ਵਾਲੀ ਭਾਵਪੂਰਤ ਕਹਾਣੀ ਹੋ ਨਿਬੜੀ ਹੈ।

ਕਹਾਣੀ 'ਵਸੀਅਤਨਾਮਾ' ਦੇ ਵਿਸ਼ਲੇਸ਼ਣੀ ਬੋਧ ਅਨੁਸਾਰ ਸਮਝਦਾਰ ਮਾਪੇ ਸਿਰਫ਼ ਚੱਲ ਤੇ ਅਚੱਲ ਜਾਇਦਾਦ ਦੀ ਵਸੀਅਤ ਹੀ ਆਪਣੀ ਔਲਾਦ ਦੇ ਨਾਂ ਨਹੀਂ ਕਰਦੇ ਸਗੋਂ ਉਹ ਆਪਣੇ ਵਸੀਅਤਨਾਮੇ ਰਾਹੀਂ ਉਨ੍ਹਾਂ ਨੂੰ ਅਜਿਹੇ ਸੰਸਕਾਰ ਵੀ ਦੇ ਕੇ ਜਾਂਦੇ ਹਨ ਜੋ ਖਾਨਦਾਨੀ ਅਸੂਲਾਂ ਤੇ ਆਦਰਸ਼ਾਂ ਨੂੰ ਅੱਗੇ ਲਿਜਾਣ ਵਾਲੇ ਹੋਣ। ਕਹਾਣੀ ਵਿਚਲਾ ਫੌਜੀ ਪਿਤਾ ਆਪਣੀ ਵਸੀਅਤ ਵਿਚ ਅਜਿਹੇ ਸੰਸਕਾਰਾਂ ਦੀ ਗੱਲ ਕਰਦਾ ਹੈ ਜੋ ਪਰਿਵਾਰਕ ਏਕਤਾ ਦਾ ਪਾਠ ਪੜ੍ਹਾਉਣ ਦੇ ਨਾਲ ਨਾਲ ਉਸਦੀ ਮੌਤ ਤੋਂ ਬਾਅਦ ਕੀਤੀ ਜਾ ਸਕਦੀ ਧਾਰਮਿਕ ਅੰਡਬਰਬਾਜ਼ੀ ਦੇ ਵਿਰੋਧ ਵਿਚ ਵੀ ਭੁਗਤਦੇ ਹਨ। ਉਸਦੇ ਪਰਿਵਾਰ ਮੈਂਬਰ ਆਪਣੀ ਅਮੀਰੀ ਦੇ ਅਹੰਮ ਅਧੀਨ ਉਸਦੇ ਅੰਤਿਮ ਸੰਸਕਾਰ ਸਮੇ ਲੋੜੋਂ ਵੱਧ ਵਿਖਾਵਾ ਕਰਦੇ ਹਨ, ਪਰ ਭੋਗ ਤੋਂ ਇਕ ਦਿਨ ਪਹਿਲਾਂ ਵਸੀਅਤਨਾਮਾ ਪੜ੍ਹ ਲਏ ਜਾਣ ਦੇ ਸਾਰਿਆਂ ਦੀਆਂ ਅੱਖਾਂ ਵਿਚ ਪਛਤਾਵੇ ਦੇ ਹੰਝੂ ਵਹਿਣ ਲੱਗਦੇ ਹਨ। ਇਸ ਤਰ੍ਹਾਂ ਇਹ ਕਹਾਣੀ ਬੜੇ ਸਹਿਜ ਤੇ ਸੁਖਾਲੇ ਢੰਗ ਨਾਲ ਅੰਡਬਰਮੁਕਤ ਸਮਾਜ ਦੀ ਸਿਰਜਣਾ ਵਿਚ ਆਪਣਾ ਚੰਗਾ ਯੋਗਦਾਨ ਪਾ ਜਾਂਦੀ ਹੈ।






*ਲੇਖਕ ਚਰਨਜੀਤ ਸਿੰਘ ਪੰਨੂ ਅਤੇ ਕਿਤਾਬ 'ਸਤਨਾਜਾ' ਦਾ ਸਰਵਰਕ।*

ਕਹਾਣੀ 'ਹੱਦ ਹੋ ਗਈ' ਪਰਵਾਸ ਵਿਚ ਆਪਣੀਆਂ ਆਰਥਿਕ ਜੜ੍ਹਾਂ ਲਾਉਣ ਲਈ ਟੱਪੀ ਜਾ ਰਹੀ ਹੱਦ ਬਾਰੇ ਜਿਹੜਾ ਸੰਵਾਦ ਸਿਰਜਦੀ ਹੈ ਉਹ ਪੰਜਾਬੀਆਂ ਨੂੰ ਬਹੁਤ ਕੁਝ ਸੋਚਣ ਤੇ ਵਿਚਾਰਣ ਲਈ ਪ੍ਰੇਰਿਤ ਕਰਨ ਵਾਲਾ ਹੈ। ਪੰਜਾਬ ਵਿਚ ਚੰਗੀ ਸਮਾਜਿਕ ਤੇ ਆਰਥਿਕ ਹੈਸੀਅਤ ਰੱਖਦਾ ਬਿੱਕਰ ਸਿੰਘ ਧੀ ਦੇ ਵਿਦੇਸ਼ ਜਾਣ ਦੀ ਇੱਛਾ ਪੂਰੀ ਕਰਨ ਵੇਲੇ ਲੰਮੀ ਸੋਚ-ਵਿਚਾਰ ਨਹੀਂ ਕਰਦਾ ਤਾਂ ਉਸਦੀਆਂ ਅੱਖਾਂ ਨੂੰ ਰਿਸਤਿਆਂ ਦੀ ਮਰਿਆਦਾ ਦੇ ਹੋ ਰਹੇ ਘਾਣ ਦੇ ਅਜਿਹੇ ਦ੍ਰਿਸ਼ ਵੀ ਵੇਖਣੇ ਪੈਂਦੇ ਹਨ, ਜੋ ਇਕ ਗੈਰਤਮੰਦ ਬਾਪ ਲਈ ਬੇਹੱਦ ਸ਼ਰਮਨਾਕ ਹੁੰਦੇ ਹਨ। ਧੀ ਵਿਦੇਸ਼ ਵਿਚ ਜਾਣ ਦੀ ਅੰਨ੍ਹੀ ਦੌੜ ਵਿਚ ਸ਼ਾਮਿਲ ਹੋ ਕੇ ਅਪਾਹਜ ਤੇ ਨਿਖੱਟੂ ਪਤੀ ਨਾਲ ਵਿਆਹ ਕਰਵਾ ਲੈਂਦੀ ਹੈ ਤੇ ਪਿਉ ਆਪਣੇ ਪੁੱਤਰ ਨੂੰ ਗਰੀਨ ਕਾਰਡ ਦਿਵਾਉਣ ਦੀ ਝਾਕ ਵਿਚ ਉਸਦੇ ਮਗਰ ਪਹੁੰਚ ਜਾਂਦਾ ਹੈ। ਜਦੋਂ ਉੱਥੇ ਪਹੁੰਚ ਕੇ ਉਸ ਨੂੰ ਆਪਣੇ ਕੁੜਮ ਦੀ ਗੁਲਾਮੀ ਕਰਨੀ ਪੈਂਦੀ ਹੈ ਤੇ ਆਪਣੀ ਧੀ ਨੂੰ ਉਸਦੀਆਂ ਆਰਥਿਕ ਮਜਬੂਰੀਆਂ ਕਾਰਨ ਪਰ ਪੁਰਸ਼ਾ ਦੀਆਂ ਬਾਹਾਂ ਵਿਚ ਜਾਂਦਿਆਂ ਵੇਖਣਾ ਪੈਂਦਾ ਹੈ ਤਾਂ ਉਸਦੀ ਸਥਿਤੀ ਜਿਉਂਦੇ ਜੀਅ ਮਰਨ ਵਰਗੀ ਬਣ ਜਾਂਦੀ ਹੈ। ਆਪਣੀਆਂ ਜੜ੍ਹਾਂ ਨਾਲੋਂ ਟੁੱਟ ਕੇ ਨਾਂ ਤਾਂ ਬਿਗਾਨੇ ਮੁਲਕ ਵਿਚ ਆਪਣੀਆਂ ਜੜ੍ਹਾਂ ਲਾ ਸਕਦਾ ਹੈ ਤੇ ਨਾਂ ਹੀ ਪਾਠਕੀ ਹਮਦਰਦੀ ਦਾ ਹੱਕਦਾਰ ਬਣਦਾ ਹੈ। ਅਜਿਹੀ ਸਥਿਤੀ ਵਿਚ ਆਪੇ ਫਾਥੜੀਏ ਤੈਨੂੰ ਕੌਣ ਛੁਡਾਵੇ ਕਹਾਵਤ ਉਸ 'ਤੇ ਪੂਰੀ ਤਰ੍ਹਾਂ ਢੁੱਕਦੀ ਹੈ।

ਕਹਾਣੀ 'ਚਮਤਕਾਰੀ ਫ਼ਰਿਸ਼ਤਾ' ਲੋਕਾਂ ਨੂੰ ਚਮਤਕਾਰ (ਵਿਗਿਆਨਕ ਟ੍ਰਿਕ) ਵਿਖਾ ਕੇ ਦੋਵੇਂ ਹੱਥੀਂ ਲੁੱਟਣ ਵਾਲੇ ਢੌਂਗੀ ਬਾਬਿਆਂ ਦਾ ਪਰਦਾਫਾਸ ਕਰਦੀ ਹੈ। ਕਹਾਣੀ ਅਨੁਸਾਰ ਇਹ ਬਾਬੇ ਆਪਣੀ ਵਾਕ ਚਤੁਰਤਾ ਰਾਹੀਂ ਅਨਪੜ੍ਹਾਂ ਨੂੰ ਹੀ ਨਹੀਂ ਸਗੋ ਪੜ੍ਹੇ-ਲਿਖੇ ਲੋਕਾਂ ਨੂੰ ਵੀ ਆਪਣੇ ਜਾਲ ਵਿਚ ਫਸਾ ਲੈਂਦੇ ਹਨ ਤੇ ਫਿਰ ਉਨ੍ਹਾਂ ਨੂੰ ਆਪਣਾ ਅੰਧ ਭਗਤ ਬਣਾ ਕੇ ਦੁਨੀਆਂ ਭਰ ਦੀ ਐਸ਼ਪ੍ਰਸਤੀ ਕਰਦੇ ਹਨ। ਵਿਚਲੀ ਸਭ ਤੋਂ ਕੌੜੀ ਸਚਾਈ ਇਹ ਹੈ ਕਿ ਬੀ.ਐੱਸ.ਸੀ ਐਗਰੀਕਲਚਰ ਦੀ ਪੜ੍ਹਾਈ ਕਰਨ ਦਾ ਇਰਾਦਾ ਰੱਖਦਾ ਵਿਦਿਆਰਥੀ ਵੀ ਇਕ ਬਾਬੇ ਵੱਲੋਂ ਦੁਨੀਆਂ ਦੇ ਇਕ ਨਿਸਚਿਤ ਤਾਰੀਖ ਨੂੰ ਖਤਮ ਹੋਣ ਬਾਰੇ ਕੀਤੀ ਝੂਠੀ ਭਵਿੱਖ ਬਾਣੀ ਤੇ ਵਿਸ਼ਵਾਸ ਕਰਕੇ ਆਪਣੀ ਪੜ੍ਹਾਈ ਤੇ ਕੁੜਮਾਈ ਦੋਵਾਂ ਨੂੰ ਦਾਅ 'ਤੇ ਲਾ ਬੈਠਦਾ ਹੈ। ਭਾਵੇਂ ਕਹਾਣੀ ਦੇ ਅੰਤ 'ਤੇ ਪੁੱਜਣ ਤੋਂ ਪਹਿਲਾਂ ਉਸਨੂੰ ਆਪਣੀ ਕੀਤੀ ਗਲਤੀ ਦਾ ਅਹਿਸਾਸ ਹੋਣ ਲੱਗਦਾ ਹੈ ਪਰ ਤੱਦ ਤੱਕ ਬਹੁਤ ਦੇਰ ਹੋ ਚੁੱਕੀ ਹੁੰਦੀ ਹੈ। ਇਸ ਕਹਾਣੀ ਦਾ ਇਹ ਕਮਜੋਰ ਪੱਖ ਹੈ ਕਿ ਇਕ ਪੜ੍ਹੇ ਲਿਖੇ ਨੌਜਵਾਨ ਪਾਤਰ ਦੇ ਇਸ ਹੱਦ ਤੱਕ ਅੰਧ-ਵਿਸ਼ਵਾਸੀ ਬਨਣ ਦੀ ਗੱਲ ਪਾਠਕਾਂ ਨੂੰ ਅਸਾਨੀ ਨਾਲ ਹਜ਼ਮ ਨਹੀਂ ਹੁੰਦੀ।

ਕਹਾਣੀ 'ਜ਼ਾਬਤਾ' ਪੱਛਮੀ ਜੀਵਨ ਜਾਂਚ ਵਿਚ 'ਜ਼ਾਬਤੇ' ਦੀ ਮਹੱਤਤਾ ਨੂੰ ਉਜਾਗਰ ਕਰਦੀ ਕਹਾਣੀ ਹੈ। ਇਹ ਜ਼ਾਬਤਾ ਮਨੁੱਖ ਦੇ ਨਾਲ ਜਾਨਵਰਾਂ ਦੇ ਅਧਿਕਾਰਾਂ ਦੀ ਰਾਖੀ ਕਰਨ ਲਈ ਵਚਨਬੱਧ ਹੈ। ਪੱਛਮੀ ਸਮਾਜ ਜਾਨਵਰ ਬੇ-ਰਹਿਮੀ ਕਾਨੂੰਨ ਨੂੰ ਵੀ ਏਨੀ ਹੀ ਸਖਤੀ ਨਾਲ ਲਾਗੂ ਕੀਤਾ ਜਾਦਾ ਹੈ ਜਿੰਨੀ ਸਖਤੀ ਮਨੁੱਖੀ ਅਧਿਕਾਰਾਂ ਦੀ ਰਾਖੀ ਕਰਨ ਵਾਲੇ ਕਾਨੂੰਨਾਂ ਨੂੰ ਲਾਗੂ ਕਰਨ ਵੇਲੇ ਵਿਖਾਈ ਜਾਂਦੀ ਹੈ। ਇਸ ਲਈ ਜਾਨਵਰ ਦੇ ਅਧਿਕਾਰਾਂ ਦੀ ਰਾਖੀ ਕਰਨ ਵਾਲੀ ਪੁਲਿਸ ਕਰਮਚਾਰੀ ਆਖਦੀ ਹੈ, 'ਤੁਹਾਡਾ ਕਹਿਣਾ ਠੀਕ ਹੈ ਕਿ ਇਸ ਕੁੱਤੇ ਕੋਲੋਂ ਤੁਹਾਨੂੰ ਕੋਈ ਖਤਰਾ ਨਹੀਂ, ਪਰ ਤੁਹਾਡੇ ਕੋਲੋ ਵੀ ਤਾਂ ਇਨਫੈਕਸਨ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਤੁਹਾਡੇ ਕੋਲੋਂ ਇਸਨੂੰ ਤੇ ਹੋਰਾਂ ਨੂੰ ਵੀ ਲਾਗ ਲੱਗ ਸਕਦੀ ਹੈ'

ਕਹਾਣੀ 'ਕੈਂਸਰ ਦੇ ਛਿੱਟੇ' ਕੈਂਸਰ ਵਰਗੀ ਨਾ-ਮੁਰਾਦ ਬਿਮਾਰੀ ਦੀ ਪੈਦਾਇਸ਼ ਨੂੰ ਰੋਕਣ ਲਈ ਜਿਹੜੇ ਹੀਲੇ ਵਸੀਲਿਆਂ ਦੀ ਗੱਲ ਕਰਦੀ ਹੈ ਉਨ੍ਹਾਂ ਵਿਚੋ ਸਭ ਤੋਂ ਮਹੱਤਵਪੂਰਨ ਵਸੀਲਾ ਹੈ, ਮਨੁੱਖੀ ਆਤਮ ਬੱਲ। ਐਕਸਰੇ ਕਰਨ ਵੇਲੇ ਹੋਈ ਮਨੁੱਖੀ ਗਲਤੀ ਕਾਰਨ ਕਹਾਣੀ ਦੇ ਬਿਰਤਾਂਤਕਾਰ ਪਾਤਰ ਨੂੰ ਇਹ ਵਹਿਮ ਹੋ ਜਾਂਦਾ ਹੈ ਕਿ ਉਸਦੇ ਫੇਫੜੇ ਖਰਾਬ ਹੋ ਚੁੱਕੇ ਹਨ ਤੇ ਉਸਦੀ ਮੌਤ ਹੁਣ ਨਿਸਚਿਤ ਹੈ। ਇਹ ਵਹਿਮ ਉਸਨੂੰ ਜੀਵਨ ਪ੍ਰਤੀ ਉਦਾਸਸੀਨ ਕਰ ਦਿੰਦਾ ਹੈ ਤਾਂ ਉਹ ਵੱਧ ਸ਼ਰਾਬ ਪੀ ਕੇ ਮੌਤ ਦਾ ਡਰ ਭੁਲਾਉਣ ਦੀ ਕੋਸਿਸ਼ ਕਰਨ ਲੱਗਦਾ ਹੈ। ਕਹਾਣੀ ਵਿਚ ਨਵਾਂ ਮੋੜ ਆਓਂਦਾ ਹੈ। ਉਸਦਾ ਦੋਸਤ ਡਾਕਟਰ ਨੀਲਾ ਐਕਸਰੇ ਰਿਪਰੋਟ ਨੂੰ ਗਲਤ ਠਹਿਰਾ ਕੇ ਉਸਦੇ ਆਤਮਕ ਬਲ ਨੂੰ ਏਨਾ ਵਧਾ ਦਿੰਦਾ ਹੈ ਕਿ ਉਹ ਨਾ ਸਿਰਫ ਸ਼ਰਾਬ ਪੀਣ ਤੋਂ ਤੋਬਾ ਕਰ ਲੈਂਦਾ ਹੈ ਸਗੋ ਉਸ ਅੰਦਰ ਫਿਰ ਤੋਂ ਜੀਵਨ ਦੀਆਂ ਨਵੀਆਂ ਉਮੰਗਾਂ ਅੰਗੜਾਈ ਲੈਣ ਲੱਗਦੀਆਂ ਹਨ। ਕਹਾਣੀ ਵਿਚ ਨਸ਼ਿਆਂ ਦੇ ਵਿਰੋਧ ਵਿਚ ਕੀਤੇ ਲੰਮੇ ਪ੍ਰਵਾਚਨ ਇਸਦੇ ਕਲਾਤਮਕ ਸੁਹਜ ਨੂੰ ਘਟਾਉਂਦੇ ਹਨ।

ਸੰਗ੍ਰਿਹ ਦੀਆਂ ਕਹਾਣੀਆਂ ਦੀਆਂ ਕਥਾਨਕੀ ਜੁਗਤਾਂ ਰਵਾਇਤੀ ਕਹਾਣੀ ਤੇ ਨਵੀ ਕਹਾਣੀ ਦੇ ਵਿਚ ਵਰਤੀਆਂ ਜਾਂਦੀਆਂ ਜੁਗਤਾਂ ਦੇ ਵਿਚ-ਵਿਚਕਾਰ ਦੀਆਂ ਹਨ। ਕਹਾਣੀਆਂ ਦੀ ਬਿਰਤਾਂਤ ਸਿਰਜਕ ਭਾਸ਼ਾ ਵੀ ਸਰਲ ਮੁਹਾਂਦਰੇ ਵਾਲੀ ਹੈ। ਇਹ ਕਹਾਣੀਆਂ ਆਪਣੇ ਕਥਾ ਤੱਤ ਤੇ ਗਲਪੀ ਬਿੰਬ ਨੂੰ ਉਭਾਰਣ ਵਿਚ ਪੂਰੀ ਤਰ੍ਹਾਂ ਸਫਲ ਰਹੀਆਂ ਹਨ। ਜਿਵੇਂ ਸਤਨਾਜੇ ਵਿਚ ਸ਼ਾਮਿਲ ਸੱਤੇ ਅਨਾਜ਼ਾਂ ਦੀ ਤਾਸੀਰ ਵੱਖੋ-ਵੱਖਰੀ ਹੁੰਦੀ ਹੈ ਉਵੇਂ ਇਨ੍ਹਾਂ ਸੱਤੇ ਕਹਾਣੀਆਂ ਵਿਸ਼ੇ ਤੇ ਨਿਭਾਅ ਪੱਖੋ ਵੱਖੋ-ਵੱਖਰੀ ਤਾਸੀਰ ਰੱਖਣ ਦੇ ਬਾਵਜੂਦ 'ਸਤਨਾਜੇ' ਵਾਂਗ ਸਾਂਝੀ ਤਾਸੀਰ ਵੀ ਰੱਖਦੀਆਂ ਹਨ। ਇਨ੍ਹਾਂ ਵਿਚਲਾ ਕਥਾ ਰਸ ਪਾਠਕ ਦਾ ਧਿਆਨ ਕਹਾਣੀ ਤੋਂ ਬਾਹਰ ਨਹੀਂ ਜਾਣ ਦੇਂਦਾ। ਵੱਡੀ ਗੱਲ ਕਿ ਇਹ ਕਹਾਣੀਆਂ ਆਪਣੇ ਪਾਠ ਦੀ ਸਮਾਪਤੀ ਤੋਂ ਬਾਅਦ ਵੀ ਪਾਠਕਾਂ ਦੇ ਸੋਚਣ ਲਈ ਬਹੁਤ ਕੁਝ ਛੱਡ ਜਾਂਦੀਆਂ ਹਨ।

---

# 'ਬਾਪੂ ਨੂੰ ਆਵਾਜ਼ ਮਾਰ'

ਕਈ ਦਹਾਕੇ ਪਹਿਲਾਂ ਪੰਜਾਬੀ ਦੇ ਸਵਰਗੀ ਲੇਖਕ ਸ਼ਿਵਦੇਵ ਸੰਧਾਵਾਲੀਆ ਨੇ ਇਕ ਬੜਾ ਹੀ ਦਰਦ ਭਰਿਆ ਤੇ ਰੂਹ ਨੂੰ ਹਲੂਣ ਦੇਣ ਵਾਲਾ ਅੱਖੀਂ ਡਿੱਠਾ ਸਾਕਾ ਲਿਖਿਆ ਸੀ। ਅਸੀਂ ਉਨ੍ਹਾਂ ਦੀ ਜ਼ਬਾਨ ਵਿਚ ਹੀ ਤੁਹਾਡੇ ਨਾਲ ਇਹ ਅੱਖੀਂ ਡਿੱਠਾ ਵੇਰਵਾ ਸਾਂਝਾ ਕਰ ਰਹੇ ਹਾਂ। ਉਨ੍ਹਾਂ ਦੀ ਮਾਤਾ ਦੀ ਮੌਤ ਹੋ ਗਈ। ਸੂਚਨਾ ਮਿਲਣ 'ਤੇ ਜਿਸ ਵਕਤ ਉਹ ਪਿੰਡ ਪਹੁੰਚਿਆ ਤਾਂ ਬੇਬੇ ਨੂੰ ਨੁਹਾ-ਧੁਆ ਕੇ ਫੱਟੇ ਉੱਤੇ ਪਾਇਆ ਹੋਇਆ ਸੀ। ਸਭ ਦੇ ਮੂੰਹੋਂ ਨਿਕਲਿਆ, 'ਕੱਲ੍ਹ ਆ ਜਾਂਦਾ ਤਾਂ ਮਾਂ ਦਾ ਮੂੰਹ ਦੇਖ ਲੈਂਦਾ। ਵਿਚਾਰੀ 'ਪੁੱਤਰ-ਪੁੱਤਰ' ਕਰਦੀ ਮਰ ਗਈ।' ਉਨ੍ਹਾਂ ਨੇ ਉਹਨੂੰ ਦੋ ਕੁ ਗੱਜ਼ ਕੋਰੇ ਲੱਠੇ ਦਾ ਟੁਕੜਾ ਦਿੱਤਾ। ਉਹਨੇ ਬੇਬੇ ਦੀ ਲਾਸ਼ ਵੱਲ ਵੇਖਿਆ, ਜੋ ਗੁੱਛਾ-ਮੁੱਛਾ ਹੋਈ ਗੰਢੜੀ ਵਾਂਗ ਪਈ ਸੀ। ਉਹਨੇ ਉਸ ਦੀਆਂ ਲੱਤਾਂ ਫੜ ਕੇ ਸਿੱਧੀਆਂ ਕੀਤੀਆਂ ਅਤੇ ਕੱਪੜਾ ਖਿੱਚ ਕੇ ਉਸ ਦੇ ਉੱਤੇ ਪਾ ਦਿੱਤਾ। ਜਿਉਂ ਹੀ ਉਹ ਉੱਠ ਕੇ ਖੜ੍ਹਾ ਹੋਇਆ ਤਾਂ ਆਕੜੀ ਹੋਈ ਲਾਸ਼ ਦੇ ਗੋਡੇ ਫੇਰ ਠੋਡੀ ਨੂੰ ਜਾ ਲੱਗੇ। ਲਾਸ਼ ਹਿੱਲਦੀ ਵੇਖ ਕੇ ਬਾਕੀ ਸਭ ਪਿੱਛੇ ਹਟ ਗਏ ਪਰ ਉਹ ਆਪਣਾ ਸਿਰ ਦੋਹਾਂ ਹੱਥਾਂ ਵਿਚ ਘੁੱਟ ਕੇ ਆਪਣੇ ਬੇਬੇ ਦੇ ਸਿਰਹਾਣੇ ਬੈਠ ਗਿਆ।

ਬੇਬੇ ਦੀਆਂ ਲੱਤਾਂ ਇਕੱਠੀਆਂ ਹੋ ਜਾਣ ਨੇ ਉਹਦੇ ਪੁੱਤ ਦੀ ਉਮਰ ਵਿਚੋਂ ਕਿਸੇ ਖ਼ਿਆਲ ਨੇ ਸੱਠ ਸਾਲ ਮਨਫ਼ੀ ਕਰ ਦਿੱਤੇ ਅਤੇ ਹੁਣ ਉਹ ਚਾਰ-ਪੰਜ ਸਾਲ ਦੇ ਬੱਚਿਆਂ ਵਾਂਗ ਧਾਹੀਂ ਮਾਰ-ਮਾਰ ਕੇ ਰੋ ਪਿਆ।

ਸੱਠ ਸਾਲ ਪਹਿਲਾਂ ਉਹਦੇ ਬਾਪੂ ਨੂੰ ਸ਼ਰੀਕਾਂ ਨੇ ਜ਼ਮੀਨ-ਭਾਂਡਾ ਖੋਹ ਕੇ ਘਰੋਂ ਕੱਢ ਦਿੱਤਾ, ਤਾਂ ਉਹ ਫ਼ੌਜ ਵਿਚ ਭਰਤੀ ਹੋ ਕੇ ਮਰਦਾਨ ਛਾਉਣੀ ਚਲਾ ਗਿਆ। ਘਰ ਵਿਚ ਗਰੀਬੀ ਸੀ। ਉਹਦੀ ਬੇਬੇ ਉਹਨੂੰ ਸਿਆਲਕੋਟ ਸ਼ਹਿਰ ਇਕ ਡਿਪਟੀ ਦੇ ਘਰ ਮੁੰਡੂ ਦਾ ਕੰਮ ਕਰਨ ਲਈ ਤਿੰਨ ਰੁਪਏ ਮਹੀਨੇ ਉੱਤੇ ਛੱਡਣ ਲਈ ਘਰੋਂ ਤੁਰ ਪਈ।

ਸਿਆਲਕੋਟ ਜਾਣ ਲਈ ਵਜ਼ੀਰਾਬਾਦ ਤੋਂ ਅਗਲੇ ਸਟੇਸ਼ਨ ਸੋਧਰੇ ਤੋਂ ਉਨ੍ਹਾਂ ਨੇ ਗੱਡੀ ਚੜ੍ਹਨਾ ਸੀ। ਰਾਹ ਵਿਚ ਇਕ ਨਿੱਕਾ ਜਿਹਾ ਪਿੰਡ ਪੈਂਦਾ ਸੀ- ਕਾਬਾਂ ਵਾਲਾ, ਜਿਸ ਦੇ ਨੀਵੇਂ-ਨੀਵੇਂ ਕੱਚੇ ਘਰਾਂ ਵਿਚ ਉੱਚੇ ਲੰਮੇ ਜਾਂਗਲੀ ਮੁਸਲਮਾਨ ਰਹਿੰਦੇ ਸਨ। ਇਕ ਢੱਠੇ ਜਿਹੇ ਪੁਲ ਤੋਂ ਸਟੇਸ਼ਨ ਨਜ਼ਰ ਆ ਰਿਹਾ ਸੀ ਪਰ ਹਾਲੇ ਗੱਡੀ ਆਉਣ ਵਿਚ ਦੇਰ ਸੀ, ਕਿ ਏਨੀਂ ਦੇਰ ਤਕ ਇਕ ਜਾਂਗਲੀ ਬੰਦੇ ਨੇ ਪੱਠਿਆਂ ਦੀ ਪੰਡ ਪੁਲ ਦੀ ਕੰਧ ਉੱਤੇ ਰੱਖ ਕੇ ਜਦੋਂ ਸਾਡੇ ਵੱਲ ਵੱਢ ਖਾਣੀਆਂ ਨਜ਼ਰਾਂ ਨਾਲ ਵੇਖਿਆ ਤਾਂ ਅਸੀਂ ਕੰਬ ਗਏ।

ਬੇਬੇ ਨੇ ਪੁੱਤ ਨੂੰ ਹੁੱਝ ਮਾਰ ਕੇ ਹੌਲੀ ਜਿਹੀ ਆਖਿਆ, 'ਬਾਪੂ ਨੂੰ ਆਵਾਜ਼ ਮਾਰ' ਪਰ ਬਾਪੂ ਤਾਂ ਡੇਢ-ਦੋ ਸੌ ਮੀਲ ਦੂਰ ਬੈਠੇ ਨੇ ਆਵਾਜ਼ ਕਿੱਥੇ ਸੁਣਨੀ ਸੀ, ਹਾਂ! ਉਸ ਜਾਂਗਲੀ ਨੇ ਸੁਣ ਲਈ। ਉਸ ਦੇ ਤੇੜ ਸਿਰਫ਼ ਇਕ ਮੈਲੀ ਜਿਹੀ ਚਾਦਰ ਬੱਧੀ ਹੋਈ ਸੀ। ਬਾਕੀ ਉਹ ਸਿਰੋਂ-ਪੈਰੋਂ ਨੰਗ-ਮੁਨੰਗਾ ਸੀ। ਉਸ ਨੇ ਅੱਗੇ-ਪਿੱਛੇ ਦੂਰ ਤਕ ਨਜ਼ਰਾਂ ਨਾਲ ਵੇਖਿਆ। ਬੰਦਾ ਛੱਡ ਕੇ ਉੱਥੇ ਪਰਿੰਦਾ ਤਕ ਵੀ ਕੋਈ ਨਹੀਂ ਸੀ। ਰੇਲਵੇ ਲਾਈਨ ਦੀਆਂ ਦੋ ਕਾਲੀਆਂ ਜਿਹੀਆਂ ਲਕੀਰਾਂ ਜ਼ਮੀਨ ਨਾਲ ਲੱਗ ਕੇ ਇਉਂ ਲੇਟੀਆਂ ਹੋਈਆਂ ਸਨ, ਜਿਵੇਂ ਉਨ੍ਹਾਂ ਨੂੰ ਇੰਜਣ ਕੁਚਲ ਕੇ ਲੰਘ ਗਿਆ ਹੋਵੇ ਅਤੇ ਹੁਣ ਉਹ ਠੰਡੀਆਂ ਹੋ ਗਈਆਂ ਹੋਣ।

ਉਸ ਬੰਦੇ ਨੇ ਬੱਚੇ ਦਾ ਨਿੱਕਾ ਜਿਹਾ ਹੱਥ ਬੇਬੇ ਦੀ ਜਕੜ ਵਿਚੋਂ ਝਟਕੇ ਨਾਲ ਖਿੱਚ ਕੇ ਛੁਡਾਇਆ ਅਤੇ ਬੇਬੇ ਦਾ ਗੁੱਟ ਫੜ ਕੇ ਬੋਲਿਆ, 'ਥੋੜ੍ਹੀ ਦੇਰ ਲਈ ਤੂੰ ਮੈਨੂੰ ਹੀ ਏਸ ਦਾ ਬਾਪੂ ਸਮਝ ਲੈ' ਅਤੇ ਫੇਰ ਉਹ ਘਸੀਟਦਾ ਹੋਇਆ ਉਹਦੀ ਬੇਬੇ ਨੂੰ ਲੈ ਕੇ ਪੱਠਿਆਂ ਵਾਲੀ ਪੈਲੀ ਵਿਚ ਵੜ ਗਿਆ। ਉਸ ਤੋਂ ਬਾਅਦ ਬੱਚੇ ਨੂੰ ਕੁਝ ਪਤਾ ਨਹੀਂ ਕੀ ਹੋਇਆ। ਉੱਚੇ-ਉੱਚੇ ਬਾਜ਼ਰੇ ਅਤੇ ਜਵਾਰ ਦੇ ਬੂਟੇ ਹਿੱਲਦੇ ਨਜ਼ਰ ਆ ਰਹੇ ਸਨ।

ਉਸ ਨੇ ਕੁੱਤੇ ਵਾਂਗ ਉਹਦੀ ਬੇਬੇ ਦੇ ਕੱਪੜੇ ਲੀਰਾਂ ਕਰ ਦਿੱਤੇ ਅਤੇ ਬੇਬੇ ਮੁਕਾਬਲਾ ਕਰਦੀ ਰਹੀ। ਜਿਵੇਂ ਬੱਕਰੀ ਨੂੰ ਬਘਿਆੜ ਨੇ ਧੌਣ ਤੋਂ ਫੜਿਆ ਹੁੰਦਾ ਹੈ। ਉਸ ਨੇ ਹਾਰ ਕੇ ਆਪਣੇ ਹੋਵੇਂ ਹੱਥ ਗੋਡਿਆਂ ਤੋਂ ਵਲਾ ਕੇ ਕੜਿੰਗੜੀ ਜਿਹੀ ਬਣਾ ਲਈ।

ਉਹ ਜਦੋਂ ਬਾਹਰ ਨਿਕਲੀ ਤਾਂ ਇਉਂ ਹੌਂਕ ਰਹੀ ਸੀ, ਜਿਵੇਂ ਦੌੜਦੀ ਆਈ ਹੋਵੇ। ਉਸ ਨੇ ਆਪਣੇ ਗਲ ਲਮਕਦੀਆਂ ਲੀਰਾਂ ਉੱਤੇ ਸਿਰ ਵਾਲਾ ਲੀੜਾ ਲਪੇਟ ਲਿਆ ਅਤੇ ਡੌਰ-ਭੌਰੀਆਂ ਅੱਖੀਆਂ ਨਾਲ ਮੈਨੂੰ ਉਂਗਲੀ ਲਾ ਕੇ ਸਟੇਸ਼ਨ 'ਤੇ ਜਾ ਬੈਠੀ। ਉਸ ਦਾ ਖੌਫ਼ ਅਤੇ ਘਬਰਾਹਟ ਦੇ ਨਾਲ ਥੋੜ੍ਹਾ ਜਿਹਾ ਮੂੰਹ ਖੁੱਲ੍ਹਾ ਹੋਇਆ ਸੀ ਅਤੇ ਗਲਾ ਖ਼ੁਸ਼ਕ ਸੀ। ਮੈਂ ਡਰਦੇ-ਡਰਦੇ ਨੇ ਪੁੱਛਿਆ ਸੀ, 'ਬੇਬੇ ਉਹ ਬੰਦਾ ਕੌਣ ਸੀ?' ਉਹ ਖਿਝ ਤੇ ਬੋਲੀ, 'ਤੇਰਾ ਪਿਓ ਸੀ, ਚੁੱਪ ਕਰ।'

ਪਰ ਹੁਣ ਉਹੋ ਮਾਂ ਫੱਟੇ ਉੱਤੇ ਅਹਿੱਲ ਪਈ ਸੀ। ਜਿਸ ਨੇ ਉਹਨੂੰ ਲੋਕਾਂ ਦੇ ਭਾਂਡੇ ਮਾਂਜ ਕੇ, ਸੂਤਰ ਕੱਤ ਕੇ ਅਤੇ ਚੱਕੀ ਪੀਹ ਕੇ ਪਾਲਿਆ ਸੀ। ਨੱਬੇ ਸਾਲ ਦੀ ਉਮਰ ਭੋਗ ਕੇ ਮੋਈ ਪਈ ਸੀ। ਬੁਢੇਪੇ ਨੇ ਉਸ ਦੇ ਹੱਥ-ਪੈਰ ਇਕੱਠੇ ਕਰ ਕੇ ਗੰਢੜੀ ਜਿਹੀ ਬਣਾ ਦਿੱਤਾ ਸੀ।

## ਪੁਰਾਣਾ ਸ਼ਹਿਦ

***ਹਜ਼ਾਰਾਂ ਗੁੰਮਨਾਮ ਸੂਰਮਿਆਂ ਦੀਆਂ ਬਹੁਤ ਹੀ ਦਿਲਚਸਪ ਅਣਲਿਖੀਆਂ ਕਹਾਣੀਆਂ (ਜਿਨ੍ਹਾਂ ਵਿਚ ਸਿੱਖਿਆ ਵੀ ਹੈ, ਇਤਿਹਾਸ ਵੀ ਤੇ ਸਾਹਿਤ ਵੀ) ਨੂੰ ਪਾਠਕਾਂ ਤਕ ਪੁਜਦਾ ਕਰਨ ਲਈ ਅਸੀਂ ਇਹ ਨਵਾਂ ਕਾਲਮ 'ਪੁਰਾਣਾ ਸ਼ਹਿਦ' ਸ਼ੁਰੂ ਕਰਨ ਜਾ ਰਹੇ ਹਾਂ। ਸਾਨੂੰ ਆਸ ਹੈ ਕਿ ਪਾਠਕਾਂ ਵਲੋਂ ਭਰਪੂਰ ਹੁੰਗਾਰਾ ਮਿਲੇਗਾ। -ਸੰਪਾਦਕ***

ਉਹਨੂੰ ਇਉਂ ਜਾਪਿਆ ਜਿਵੇਂ ਉਹ ਅੱਜ ਵੀ ਗੁੱਛਾ-ਮੁੱਛਾ ਹੋਈ ਆਪਣੀ ਪੱਤ ਬਚਾਉਂਦੀ ਲੜਦੀ ਮਰ ਗਈ ਹੋਵੇ। ਮੋਢਾ ਦੇਣ ਲੱਗਿਆਂ ਇਕ ਵਾਰ ਫੇਰ ਧਾਹ ਨਿਕਲ ਗਈ ਅਤੇ ਉਹ ਚਾਰ-ਪੰਜ ਸਾਲ ਦੇ ਬੱਚੇ ਵਾਂਗ 'ਬੇਬੇ-ਬੇਬੇ' ਆਖ ਕੇ ਰੋਂਦਾ ਹੋਇਆ ਲਾਸ਼ ਨੂੰ ਮੋਢਾ ਦੇ ਕੇ ਸ਼ਮਸ਼ਾਨ ਵਿਚ ਛੱਡ ਆਇਆ।

# ਖਾਲੀ ਬਟੂਏ ਦਾ ਡਰ

## ਜ਼ਿੰਦਗੀ ਨਾਮਾ



ਹਰਪ੍ਰੀਤ ਸਿੰਘ ਜਵੰਦਾ

*ਹਰਪ੍ਰੀਤ ਜਵੰਦਾ ਸੱਚਮੁੱਚ ਨਿੱਕੀ ਕਹਾਣੀ ਦਾ ਬਾਦਸ਼ਾਹ ਹੈ। ਆਪਣੇ ਆਲੇ-ਦੁਆਲੇ ਤੋਂ ਬੜੇ ਸੂਖਮ ਜਿਹੇ ਵਿਸ਼ੇ ਲੈ ਕੇ ਕਹਾਣੀ ਲਿਖਦਾ ਹੈ, ਜਿਸ ਵਿਚ ਕੋਈ ਸਾਰਥਕ ਸੁਨੇਹਾ ਵੀ ਹੁੰਦਾ ਹੈ। ਕਹਾਣੀ ਜਾਂ ਅਸਲੀ ਬਿਰਤਾਂਤ ਨੂੰ ਇੰਨੇ ਘੱਟ ਸ਼ਬਦਾਂ ਵਿਚ ਸਮੇਟਣਾ ਆਪਣੇ-ਆਪ ਵਿਚ ਲਾਜਵਾਬ ਹੈ। ਅਸੀਂ ਹਰਪ੍ਰੀਤ ਜਵੰਦਾ ਦਾ 'ਜ਼ਿੰਦਗੀ ਨਾਮਾ' ਕਾਲਮ ਸ਼ੁਰੂ ਕੀਤਾ ਹੈ। ਉਮੀਦ ਹੈ ਪਾਠਕਾਂ ਨੂੰ ਪਸੰਦ ਆ ਰਿਹਾ ਹੋਵੇਗਾ।*

ਬੱਸ ਕੁਕੜਾਂਵਾਲ ਅੱਡੇ 'ਤੇ ਆ ਕੇ ਰੁਕੀ ਹੀ ਸੀ ਕਿ ਕੰਡਕਟਰ ਦੀ ਨਜ਼ਰ ਭੁੰਜੇ ਡਿੱਗੇ ਪੁਰਾਣੇ ਜਿਹੇ ਬਟੂਏ 'ਤੇ ਜਾ ਪਈ...!

ਅੰਦਰ ਥੋੜਾ ਜਿਹਾ ਭਾਨ, ਇੱਕ ਪਰਚੀ ਤੇ ਦਰਬਾਰ ਸਾਹਿਬ ਦੀ ਫੋਟੋ ਤੋਂ ਇਲਾਵਾ ਹੋਰ ਕੁਝ ਨਾ ਨਿਕਲਿਆ...! ਉੱਚੀ ਸਾਰੀ ਆਵਾਜ਼ ਦਿੱਤੀ...!

ਬਈ ਕਿਸੇ ਦਾ ਡਿੱਗਾ ਹੋਇਆ ਬਟੂਆ ਲੱਭਾ ਏ ਨਿਸ਼ਾਨੀ ਦੱਸ ਕੇ ਲੈ ਜਾਵੋ!

ਡੰਡੇ ਦੇ ਆਸਰੇ ਤੁਰਦਾ ਹੋਇਆ ਇੱਕ ਬਾਪੂ ਜੀ ਅਗਾਂਹ ਨੂੰ ਆਇਆ ਤੇ ਆਖਣ ਲੱਗਾ, ਪੁੱਤ ਇਹ ਮੇਰਾ ਹੀ ਏ...ਪੈਸੇ ਤੇ ਥੋੜ੍ਹੇ ਹੀ ਨੇ ਪਰ ਅੰਦਰ ਦੀ ਜੇਬ ਵਿਚ ਦਰਬਾਰ ਸਾਹਿਬ ਦੀ ਇੱਕ ਫੋਟੋ ਜ਼ਰੂਰ ਲੱਗੀ ਹੋਈ ਹੈ...ਪੈਸਿਆਂ ਨਾਲੋਂ ਉਹ ਫੋਟੋ ਮੇਰੇ ਲਈ ਕਿਤੇ ਜ਼ਿਆਦਾ ਕੀਮਤੀ ਏ!

ਆਖਣ ਲੱਗਾ ਬਾਬਾ ਫੇਰ ਤੇ ਸਾਬਿਤ ਕਰਨਾ ਪਊ ਕਿ ਇਹ ਤੇਰਾ ਈ ਹੈ...ਇੰਝ ਦੀਆਂ ਫੋਟੋਆਂ ਤੇ ਅੱਜ ਕੱਲ੍ਹ ਹਰੇਕ ਦੇ ਬਟੂਏ ਵਿਚ ਲੱਗੀਆਂ ਮਿਲ ਜਾਣੀਆਂ...!

ਬਾਬੇ ਹੁਰਾਂ ਲੰਮਾ ਸਾਰਾ ਸਾਹ ਲਿਆ ਉਸਨੂੰ ਕੋਲ ਬਿਠਾ ਆਖਣਾ ਸ਼ੁਰੂ ਕੀਤਾ...ਪੁੱਤਰ ਗੱਲ ਥੋੜੀ ਲੰਮੀ ਹੈ, ਧਿਆਨ ਨਾਲ ਸੁਣੀ...ਨਿੱਕੇ ਹੁੰਦਿਆਂ ਇਹ ਬਟੂਆ ਇੱਕ ਵੇਰ ਮੇਰੇ ਬਾਪੂ ਜੀ ਨੇ ਮੱਸਿਆ ਦੇ ਮੇਲੇ ਵਿਚੋਂ ਲੈ ਕੇ ਦਿੱਤਾ ਸੀ...ਆਖਣ ਲੱਗੇ ਪੁੱਤ ਇਹ ਨਿਸ਼ਾਨੀ ਏ ਮੇਰੀ...ਇਸਨੂੰ ਕਦੇ ਗਵਾਈਂ ਨਾ...ਉਹ ਹਰ ਰੋਜ਼ ਪੈਸੇ ਦਿੰਦੇ ਸੀ ਖਰਚਣ ਜੋਗੇ...ਮੈਨੂੰ ਬੜਾ ਚੰਗਾ ਲੱਗਦਾ...ਇੱਕ ਦਿਨ ਮੈਂ ਮੰਗ ਕੇ ਉਨ੍ਹਾਂ ਦੀ ਫੋਟੋ ਇਸ ਬਟੂਏ ਵਿਚ ਲਾ ਲਈ!

ਫੇਰ ਜੁਆਨ ਹੋਇਆ...ਖੁੱਲ੍ਹੀ ਖੁਰਾਕ...ਲਾਲ ਸੂਹਾ ਰੰਗ...ਫੜਕਦੇ ਡੌਲੇ...ਜੁਆਨੀ ਵਾਲਾ ਜ਼ੋਰ...ਘੰਟਿਆਂਬੱਧੀ ਸ਼ੀਸ਼ੇ ਅੱਗੇ ਖੜ੍ਹ ਬੱਸ ਆਪਣੇ ਆਪ ਨੂੰ ਹੀ ਦੇਖਦਾ ਰਹਿੰਦਾ ਸੀ...ਭੁਲੇਖਾ ਜਿਹਾ ਪੈ ਗਿਆ ਸੀ ਕਿ ਦੁਨੀਆ ਦਾ ਸਭ ਤੋਂ ਖੂਬਸੂਰਤ ਤੇ ਤਾਕਤਵਰ ਇਨਸਾਨ ਸ਼ਾਇਦ ਮੈਂ ਹੀ ਸਾਂ...! ਜੁਆਨੀ ਦੇ ਲੋਰ ਵਿਚ ਇੱਕ ਦਿਨ ਬਾਪੂ ਜੀ ਦੀ ਫੋਟੋ ਕੱਢੀ ਤੇ ਆਪਣੇ-ਆਪ ਦੀ ਲਾ ਲਈ...!

ਘਰਦਿਆਂ ਵਿਆਹ ਕਰ ਦਿੱਤਾ...ਚੰਨ ਵਾਂਙ ਸੋਹਣੀ ਵਹੁਟੀ ਵੇਖ ਸਰੂਰ ਜਿਹਾ ਚੜ੍ਹਿਆ ਰਿਹਾ ਕਰੇ...ਇੱਕ ਦਿਨ ਆਪਣੀ ਫੋਟੋ ਕੱਢੀ ਤੇ ਉਸਦੀ ਲਾ ਲਈ...! ਫੇਰ ਸੋਹਣੇ ਪੁੱਤ ਦਾ ਜਨਮ ਹੋਇਆ...ਗਿੱਠ-ਗਿੱਠ ਭੋਇੰ ਤੋਂ ਉਚਾ ਹੋ-ਹੋ ਤੁਰਨ ਲੱਗਿਆ...ਜੁਆਨ ਹੁੰਦਾ ਪੁੱਤ ਦੇਖ ਇੱਕ ਦਿਨ ਵਹੁਟੀ ਦੀ ਫੋਟੋ ਵੀ ਕੱਢ ਦਿੱਤੀ ਤੇ ਪੁੱਤ ਦੀ ਲਾ ਲਈ...!

ਫੇਰ ਸਮੇਂ ਦਾ ਚੱਕਰ ਚਲਿਆ...ਜੁਆਨੀ ਵਾਲਾ ਜ਼ੋਰ ਜਾਂਦਾ ਰਿਹਾ...ਬਾਪੂ-ਬੇਬੇ ਤੁਰ ਗਏ...ਵਹੁਟੀ ਵੀ ਇੱਕ ਨਾਮੁਰਾਦ ਬਿਮਾਰੀ ਕਰਕੇ ਸਦਾ ਲਈ ਫਤਹਿ ਬੁਲਾ ਗਈ...!

ਫੇਰ ਹਾਲਾਤ ਨੇ ਮੋੜਾ ਕੱਟਿਆ...ਜਿਹੜੇ ਪੁੱਤ ਤੇ ਇੰਨਾ ਮਾਣ ਸੀ, ਇੱਕ ਦਿਨ ਸਾਰਾ ਕੁਝ ਆਪਣੇ ਨਾਮ ਲਵਾ ਮੈਨੂੰ ਕੱਲਾ ਛੱਡ ਟੱਬਰ ਲੈ ਕੇ ਦੂਰ ਦੂਜੇ ਸ਼ਹਿਰ ਚਲਿਆ ਗਿਆ...ਜਾਂਦਿਆਂ ਆਖ ਗਿਆ ਮਗਰੇ ਨਾ ਆਵੀਂ...ਘਰੇ ਕਲੇਸ਼ ਪੈਂਦਾ!

ਇਕ ਦਿਨ ਸਾਰਾ ਕੁਝ ਗੁਆ ਕੇ ਜਥੇ ਨਾਲ ਦਰਬਾਰ ਸਾਹਿਬ ਆ ਗਿਆ...ਆਸਰਾ ਮਿਲ ਗਿਆ...ਦਿਨੇ ਮੰਜੀ ਸਾਹਿਬ ਤੀਰ ਵਾਲੇ ਦਾ ਭਾਸ਼ਣ ਸੁਣਦਾ...ਬਾਕੀ ਟਾਈਮ ਸੇਵਾ ਕਰਦਾ



ਰਹਿੰਦਾ ਤੇ ਸ਼ਾਮੀਂ ਇਥੇ ਹੀ ਕਿਧਰੇ ਲੰਮਾ ਪੈ ਜਾਇਆ ਕਰਦਾ...!

ਗੁਰੂ ਰਾਮਦਾਸ ਦੇ ਘਰ ਗਵਾਚਿਆ ਹੋਇਆ ਸਕੂਨ ਮਿਲ ਗਿਆ...ਇੱਕ ਦਿਨ ਬਟੂਆ ਖਾਲੀ ਕਰ ਸਭ ਕੁਝ ਕੂੜੇਦਾਨ ਵਿਚ ਸੁੱਟ ਅੰਦਰ ਦਰਬਾਰ ਸਾਹਿਬ ਦੀ ਇਹੋ ਫੋਟੋ ਲਾ ਲਈ...!

ਉਸ ਦਿਨ ਮਗਰੋਂ ਮੈਂ ਤੇ ਮੇਰਾ ਦਰਬਾਰ ਸਾਹਿਬ...ਜ਼ਿੰਦਗੀ ਦੀ ਗੱਡੀ ਬੱਸ ਇੰਝ ਹੀ ਤੁਰੀ ਜਾਂਦੀ ਏ...ਹੁਣ ਇਹੋ ਮੇਰੀ ਵਸੀਹਤ ਏ...ਅੰਦਰ ਇੱਕ ਪਰਚੀ ਵੀ ਲਿਖ ਕੇ ਪਾਈ ਕਿ ਜਿਸ ਦਿਨ ਪੰਜ ਭੂਤਕ ਭੇਟ ਕਰਨ ਦਾ ਵੇਲਾ ਆਵੇ ਤਾਂ ਇਹ ਬਟੂਆ ਵੀ ਸਣੇ ਫੋਟੋ ਮੇਰੇ ਨਾਲ ਹੀ ਅਗਨ ਭੇਟ ਕੀਤਾ ਜਾਵੇ...ਕਈ ਵਾਰੀ ਪਿੰਡ ਗੇੜਾ ਮਾਰ ਜਾਈਦਾ...ਅਤੀਤ ਅਤੇ ਯਾਰਾਂ ਦੋਸਤਾਂ ਨਾਲ ਦਿਲ ਹੌਲਾ ਕਰ ਲਈਦਾ...ਕਈ ਵੇਰ ਦੂਰ ਨੇੜੇ ਗਏ ਦਾ ਜੀ ਕਰੇ ਤਾਂ ਇਹ ਫੋਟੋ ਕੱਢ ਦਰਸ਼ਨ ਕਰ ਲਈਦੇ ਨੇ...!

ਬੁੱਤ ਬਣੇ ਕੰਡਕਟਰ ਨੇ ਸਾਰੀ ਵਿਥਿਆ ਸੁਣ ਬਟੂਆ ਮੋੜ ਦਿੱਤਾ...! ਬਾਪੂ ਹੁਰਾਂ ਨੂੰ ਕਲਾਵੇ ਵਿਚ ਲੈ ਕੇ ਚੋਰੀ-ਚੋਰੀ ਆਪਣੇ ਹੰਜੂ ਪੂੰਝੇ ਤੇ ਫਤਹਿ ਬੁਲਾ ਦਿੱਤੀ...ਦੁਆਵਾਂ ਦਿੰਦੇ ਬਾਪੂ ਹੁਰੀਂ ਆਪਣੇ ਪਿੰਡ ਵਾਲੇ ਰਾਹ ਨੂੰ ਹੋ ਤੁਰੇ!

ਥੋੜ੍ਹੀ ਦੇਰ ਬਾਅਦ ਡਰਾਈਵਰ ਦੀ ਨਜ਼ਰ ਜਦੋਂ ਕਲੰਡਰਾਂ ਕਾਪੀਆਂ ਦੀ ਰੇਹੜੀ 'ਤੇ ਪਈ ਤਾਂ ਭਰਿਆ ਭੀਤਾ ਕੋਲ ਖਲੋਤੇ ਕੰਡਕਟਰ ਦੇ ਗਲ ਪੈ ਗਿਆ...ਆਖਣ ਲੱਗਾ ਭਾਊ ਭਰੀ ਬੱਸ ਦੀਆਂ ਸਵਾਰੀਆਂ ਕਦੇ ਦੀਆਂ ਉਡੀਕੀ ਜਾਂਦੀਆਂ ਤੇ ਤੂੰ ਇਥੇ ਪਤਾ ਨੀ ਕਿਹੜੀ ਗਵਾਚੀ ਸ਼ੈਅ ਲੱਭੀ ਜਾਂਦਾਂ ਏਂ...!

ਉਸਦੀ ਗੱਲ ਨੂੰ ਨਜ਼ਰਅੰਦਾਜ਼ ਕਰਦਾ ਹੋਇਆ ਕੰਡਕਟਰ ਅਜੇ ਵੀ ਓਥੇ ਖਲੋਤਾ ਏਨੀ ਗੱਲ ਆਖੀ ਜਾ ਰਿਹਾ ਸੀ...ਭਾਊ ਧਿਆਨ ਨਾਲ ਲੱਭ...ਦਰਬਾਰ ਸਾਹਿਬ ਦੀ ਕੋਈ ਇੱਕ ਫੋਟੋ ਤੇ ਹੋਣੀ ਹੀ ਏ ਤੇਰੇ ਕੋਲ...ਵੀਰ ਬਣ ਕੇ ਮੈਨੂੰ ਦੇ ਦੇ...ਪਤਾ ਨੀ ਕਿਓਂ...ਹੁਣ ਮੈਨੂੰ ਖਾਲੀ ਬਟੂਏ ਤੋਂ ਡਰ ਜਿਹਾ ਆਉਣ ਲੱਗ ਪਿਆ ਏ!

# 'ਪੰਜਾਬੀ ਸੱਭਿਆਚਾਰ ਦੀ ਨੁਹਾਰ ਬਾਪੂ-ਬੇਬੇ ਦਾ ਪਰਿਵਾਰ'

ਵਿਹੜੇ ਦੀ ਰੌਣਕ ਹੁੰਦੇ ਹਨ - ਬੇਬੇ ਬਾਪੂ

ਬੇਬੇ-ਬਾਪੂ ਦਾ ਨਾਮ ਸੁਣਦਿਆ ਹੀ ਮਮਤਾ ਦਾ ਸਮੁੰਦਰ ਵਹਿਣ ਲੱਗ ਪੈਂਦਾ ਹੈ। 'ਪੰਜਾਬੀ ਸੱਭਿਆਚਾਰ ਦੀ ਨੁਹਾਰ ਬਾਪੂ-ਬੇਬੇ ਦਾ ਪਰਿਵਾਰ' ਦੇ ਕਥਨ ਅਨੁਸਾਰ ਬੇਬੇ ਬਾਪੂ ਦੇ ਸ਼ਬਦ ਵਿਚੋਂ ਸਮਾਜ ਅਤੇ ਸੱਭਿਆਚਾਰ ਦੀ ਤਸਵੀਰ ਝਲਕਦੀ ਹੈ। ਇਨ੍ਹਾਂ ਦੀ ਹਾਜ਼ਰੀ ਵਿਚ ਸਮਾਜਿਕ ਸੁਰੱਖਿਆ ਯਕੀਨੀ ਬਣ ਜਾਂਦੀ ਹੈ। ਪੀੜ੍ਹੀ ਦੇ ਪਾੜ੍ਹੇ ਅਨੁਸਾਰ ਤੀਜੀ ਪੀੜ੍ਹੀ ਤੱਕ ਤਾਂ ਬੇਬੇ ਬਾਪੂ ਘਰ ਦੀ ਰੌਣਕ ਦੇ ਨਾਲ-ਨਾਲ ਘਰ ਅਤੇ ਸਮਾਜ ਵਿਚ ਵੱਧ ਸਤਿਕਾਰਤ ਹੋ ਜਾਂਦੇ ਹਨ। ਇਹ ਸਮਾਜਿਕ ਸਫਿਆਂ ਉੱਤੇ ਸਮਾਜੀ ਫੈਸਲੇ ਅਤੇ ਨੇਕ ਸਲਾਹ ਦੇ ਸਮੁੰਦਰ ਹੁੰਦੇ ਹਨ। ਇਨ੍ਹਾਂ ਦਾ ਦੋ-ਤਿੰਨ ਪੀੜ੍ਹੀਆਂ ਤੱਕ ਦਾ ਤਜ਼ਰਬਾ ਹੁੰਦਾ ਹੈ। ਬਿਤਾਈ

**ਸੁਖਪਾਲ ਸਿੰਘ ਗਿੱਲ**
**ਫੋਨ: 98781-11445**

ਜਿੰਦਗੀ ਵਿਚੋਂ ਹਾਸਲ ਗਿਆਨ ਨਾਲ ਹੀ ਇਹ ਸਿਆਣਪ ਦਾ ਮੁਜੱਸਮਾਂ ਬਣ ਜਾਂਦੇ ਹਨ। ਇਨ੍ਹਾਂ ਦਾ ਗਿਆਨ ਰਾਮ ਕ੍ਰਿਸ਼ਨ ਪਰਮਹੰਸ ਦੇ ਕਥਨ ਅਨੁਸਾਰ, 'ਗਿਆਨ ਏਕਤਾ ਪੈਦਾ ਕਰਦਾ ਹੈ ਅਤੇ ਅਗਿਆਨ ਵੱਖਰੇਪਣ ਨੂੰ ਜਨਮ ਦਿੰਦਾ ਹੈ। ਇਸ ਤੱਥ ਵਿਚੋਂ ਇਹ ਗੱਲ ਉੱਭਰ ਕੇ ਸਾਹਮਣੇ ਆਉਂਦੀ ਹੈ ਕਿ ਜਿਸ ਘਰ ਵਿਚ ਬਜ਼ੁਰਗ ਗਿਆਨਵਾਨ ਅਤੇ ਦਾਨਿਸ਼ਵੰਦ ਹੁੰਦੇ ਹਨ ਉੱਥੇ ਸਾਂਝਾ ਪਰਿਵਾਰ ਰਹਿਣ ਦੀ ਵੱਧ ਗੁਜਾਇਸ਼ ਹੁੰਦੀ ਹੈ ਅਜਿਹੇ ਪਰਿਵਾਰ ਖੁਸ਼ਹਾਲ ਵੀ ਹੁੰਦੇ ਹਨ।' ਇਹ ਬਜ਼ੁਰਗ ਤੇ ਨਿਰਭਰ ਕਰਦਾ ਹੈ ਕਿ ਬਜ਼ੁਰਗ ਕਿਹੋ ਜਿਹੇ ਹਨ। ਇਸੇ ਲਈ ਕਿਹਾ ਵੀ ਗਿਆ ਹੈ ਕਿ, ' ਸਿਆਣਾ ਮੱਤ ਦਾ ਅਤੇ ਮੀਂਹ ਵੱਤ ਦਾ'।

ਘਰ ਪਰਿਵਾਰ ਵਿਚ ਸੰਗ, ਸ਼ਰਮ ਅਤੇ ਸਤਿਕਾਰ ਸੱਭਿਅਤਾ ਅਤੇ ਸੱਭਿਆਚਾਰ ਨਾਲ ਜੁੜੇ ਹੋਏ ਹਨ। ਇਹ ਬੇਬੇ-ਬਾਪੂ ਦੇ ਸਮਾਜਿਕ ਰੁਤਬੇ ਨੂੰ ਬਹਾਲ ਰੱਖਦੇ ਹਨ। ਇਬਰਾਹੀਮ ਲਿੰਕਨ ਨੇ ਕਿਹਾ ਸੀ ਮੈਂ ਜੋ ਵੀ ਹਾਂ ਮਾਂ ਦੀ ਬਦੌਲਤ ਹਾਂ। ਉੱਧਰ ਬਾਪੂ ਬਾਰੇ ਚਾਣਕੀਆ ਨੀਤੀ ਦੱਸਦੀ ਹੈ ਕਿ ਪਿਤਾ ਦਾ ਫਰਜ਼ ਹੈ ਕਿ ਔਲਾਦ ਨਾਲ ਬਹੁਤਾ ਪਿਆਰ ਨਾ ਕਰੇ ਕਿਉਂਕਿ ਪਿਆਰ ਬੱਚੇ ਨੂੰ ਵਿਗਾੜ ਦਿੰਦਾ ਹੈ। ਬੇਬੇ-ਬਾਪੂ ਆਪਣੇ ਬੱਚਿਆਂ ਨੂੰ ਆਪਣੀ ਆਗਿਆ ਜਾਂ ਸਖਤ ਅਨੁਸ਼ਾਸਨ ਵਿਚ ਰੱਖੇ ਤਾਂ ਕਿ ਉਹ ਸਮਾਜ ਦਾ ਮੁੱਖ ਅੰਗ ਬਣ ਸਕਣ। ਉੱਧਰ ਬੇਬੇ-ਬਾਪੂ ਚੱਲਦਾ ਫਿਰਦਾ ਬੈਂਕ ਹੁੰਦੇ ਹਨ ਜਿਨ੍ਹਾਂ ਵਿਚੋਂ ਪੈਸਾ ਕਢਾਇਆ ਜਾਂਦਾ ਹੈ ਜਮਾਂ ਨਹੀਂ ਕਰਵਾਇਆ ਜਾਂਦਾ। ਛੋਟੇ ਹੁੰਦੇ ਦੇਖਿਆ ਵੀ ਹੈ ਕਿ ਬਾਪੂ ਦੇ ਘਸੇ ਹੋਏ ਗੀਜੇ (ਜੇਬ) ਵਿਚੋਂ ਅਤੇ ਅੰਮੜੀ ਦੀ ਚੁੰਨੀ ਦੀ ਗੱਠੀ ਬੰਨੇ ਹੋਏ ਪੈਸੇ ਮਿਲ ਜਾਂਦੇ ਸਨ। ਔਲਾਦ ਤੋਂ ਮਾਂ ਪਿਉ, ਮਾਪਿਆਂ ਤੋਂ ਦਾਦਾ-ਦਾਦੀ, ਨਾਨਾ-ਨਾਨੀ ਬਜ਼ੁਰਗ ਬਣ ਜਾਂਦੇ ਹਨ। ਇਹ ਸਮਾਂ ਬਹੁਤ ਹੀ ਰੱਬੀ ਮਿਹਰਬਾਨੀ ਨਾਲ ਮਿਲਦਾ ਹੈ ਅਤੇ ਮਨੁੱਖੀ ਜੀਵਨ ਦਾ ਸੁਨਹਿਰੀ ਮੌਕਾ ਹੁੰਦਾ ਹੈ ਜਿਸ ਨੂੰ ਬਜ਼ੁਰਗ ਬੇਬੇ-ਬਾਪੂ, ਦਾਦਾ-ਦਾਦੀ ਅਤੇ ਨਾਨਾ-ਨਾਨੀ ਦਾ ਪਿਆਰ ਮਿਲਦਾ ਹੈ। ਬੇਬੇ ਬਾਪੂ ਜੀਵਨ ਜਾਂਚ ਲਈ ਕੋਈ ਸਪੈਸ਼ਲ ਸਮਾਂ ਨਹੀਂ ਦਿੰਦੇ ਪਰ ਇਨ੍ਹਾਂ ਦਾ ਹਰ ਪਲ ਹਰ ਕਦਮ ਬੱਚਿਆਂ ਨੂੰ ਜੀਵਨ-ਜਾਚ ਸਿਖਾਉਂਦਾ ਹੈ। ਅੱਜ ਦੇ ਸਮੇਂ ਸੱਚੀ ਸਲਾਹ ਅਤੇ ਸੱਚੀ ਸਿੱਖਿਆ ਸਿਰਫ ਤੇ ਸਿਰਫ ਬੇਬੇ-ਬਾਪੂ ਹੀ ਦਿੰਦੇ ਹਨ। ਇਹੀ ਗਲਤ ਕੰਮ ਤੋਂ ਰੋਕਦੇ ਹਨ। ਝਿੜਕ ਕੇ ਵੀ ਗਲ ਲਾਉਂਦੇ ਹਨ। ਗੁਰਬਾਣੀ ਦਾ ਫੁਰਮਾਨ ਹੈ, 'ਕਰਿ ਉਪਦੇਸ਼ ਝਿੜਕੇ ਬਹੁ ਭਾਤੀ ਬਹੁੜਿ ਪਿਤਾ ਗਲਿ ਲਾਵੈ'।

ਪੀੜ੍ਹੀ ਦੇ ਵੱਧਦੇ ਪਾੜ੍ਹੇ ਨਾਲ ਬੱਚੇ, ਬੇਬੇ ਬਾਪੂ ਮਾਂ ਪਿਉ ਤੋਂ ਦਾਦਾ-ਦਾਦੀ ਅਤੇ ਨਾਨਾ-ਨਾਨੀ ਬਣ ਜਾਂਦੇ ਹਨ। ਇਨ੍ਹਾਂ ਨੂੰ ਹਰ ਤਰ੍ਹਾਂ ਦੀ ਜਿੰਮੇਵਾਰੀ ਦਾ ਅਹਿਸਾਸ ਹੁੰਦਾ ਹੈ। ਟੱਬਰ ਵਿਚ ਇਹ ਦੋਵੇਂ ਸਤਿਕਾਰ ਦੇ ਪਾਤਰ ਹੁੰਦੇ ਹਨ। ਇਨ੍ਹਾਂ ਦੇ ਸ਼ਬਦ ਸਿਰੇ ਦਾ ਫੁਰਮਾਨ ਹੁੰਦੇ ਹਨ। ਪੰਜਾਬੀ ਸੱਭਿਆਚਾਰ ਵਿਚ ਬਾਪੂ ਸਮਾਜਿਕ ਸੁਰੱਖਿਆ ਲਈ ਵਿਹੜੇ ਅਤੇ ਬੈਠਕ ਵਿਚ ਬੈਠਦੇ ਰੁਤਬਾ ਨਿਖਾਰਦੇ ਹਨ॥ ਬੈਠਕ ਬਜ਼ੁਰਗਾਂ ਦੀ ਮਹਿਫਲ ਦੀ ਪ੍ਰਤੀਕ ਹੁੰਦੀ ਹੈ। ਇਸੇ ਲਈ ਬਾਪੂ ਦੇ ਹਮਸਾਥੀ ਬੈਠਕ ਵਿਚ ਹੀ ਬੈਠਦੇ ਹਨ। ਸਾਰਾ ਦਿਨ ਬਾਪੂ ਮਿਹਨਤ ਅਤੇ ਮੁਸ਼ੱਕਤ ਕਰਕੇ ਸ਼ਾਮ ਨੂੰ ਘਰ ਆਉਂਦਾ ਹੈ ਤਾਂ ਉਹ ਘਰ ਆਉਂਦੇ ਸਾਰ ਹੀ ਖੰਘੂਰਾ ਮਾਰਦਾ ਹੈ ਤਾਂ ਕਿ ਕੁੜੀ ਕਤਰੀ ਅਤੇ ਬਹੂਆਂ ਸਿਰ ਤੇ ਚੁੰਨੀ ਅਤੇ ਘੁੰਡ ਕੱਢ ਲੈਣ। ਖੰਘੂਰਾ ਦੋ ਤਰ੍ਹਾਂ ਦਾ ਹੁੰਦਾ ਹੈ ਇਕ ਅਸਲੀ ਇਕ ਨਕਲੀ ਖੰਘੂਰਾ। ਅਸਲੀ ਖੰਘੂਰਾ ਗਲ ਵਗੈਰਾ ਸਾਫ ਕਰਨ ਲਈ ਮਾਰਿਆ ਜਾਂਦਾ ਹੈ ਜਦਕਿ ਨਕਲੀ ਖੰਘੂਰਾ ਬਜ਼ੁਰਗਾਂ ਦੀ ਪਹਿਚਾਣ ਹੁੰਦਾ ਹੈ। ਬਾਪੂ ਵੱਲੋਂ ਵਿਹੜੇ ਵੜਨ ਤੋਂ ਪਹਿਲਾ ਖੰਘੂਰਾ ਇਸ ਲਈ ਮਾਰਿਆ ਜਾਂਦਾ ਹੈ ਕਿ ਘਰ ਦੀਆਂ ਔਰਤਾਂ ਸੁਚੇਤ ਹੋ ਜਾਣ। ਉੱਧਰ ਬਾਪੂ ਦੀ ਵੀ ਹਿੰਮਤ ਨਹੀਂ ਪੈਂਦੀ ਸੀ ਕਿ ਬਿਨ੍ਹਾਂ ਖੰਘੂਰਾ ਮਾਰੇ ਵਿਹੜੇ ਵਿਚ ਵੜ ਜਾਵੇ। ਇਸ ਲਈ ਇਕ ਸੱਭਿਅਤਾ ਵੰਨਗੀ ਰਾਹੀਂ ਬਾਪੂ ਨੂੰ ਘਰ ਆਉਣ ਦੀ ਖਬਰ ਵਜੋਂ ਖੰਘੂਰਾ ਮਾਰਨ ਦਾ ਇਲਮ ਹੁੰਦਾ ਸੀ। ਬਾਪੂ ਦਾ ਸਮਾਜਿਕ ਫਰਜ਼ ਵੀ ਖੰਘੂਰਾ ਮਾਰਨਾ ਹੈ। ਸਾਡੀ ਸੱਭਿਆਚਾਰਕ ਵਿਰਾਸਤ ਵਿਚ ਖੰਘੂਰੇ ਦਾ ਬਾਪੂ ਨਾਲ ਇਉਂ ਮੇਲ ਕਰਾਇਆ ਗਿਆ ਹੈ, 'ਵਿਹੜੇ ਵੜਦਾ ਖਬਰ ਨਹੀਂ ਕਰਦਾ ਬਾਪੂ ਗਲ ਟੱਲ ਪਾ ਦਿਓ।'

ਬੇਬੇ ਘਰ ਦੀਆਂ ਔਰਤਾਂ ਦਾ ਮਾਰਗ ਦਰਸ਼ਨ ਕਰਦੀਆਂ ਹਨ। ਘਰ ਆਉਂਦੀ ਨੂੰਹ ਦਾ ਸਮਾਜੀਕਰਨ ਵੀ ਬੇਬੇ ਹੀ ਕਰਦੀ ਹੈ। ਇਸ ਲਈ 'ਸਾਸ ਵੀ ਕਭੀ ਬਹੂ ਥੀ' ਦਾ ਪੈਂਡਾ ਤੈਅ ਕਰਦੀ



ਹੋਈ ਬੇਬੇ ਸੱਸ ਦੇ ਰੂਪ ਵਿਚ ਸੁਰਿੰਦਰ ਕੌਰ ਦੀ ਜ਼ੁਬਾਨੀ ਸੱਭਿਆਚਾਰਕ ਵੰਨਗੀ ਇਉਂ ਪੇਸ਼ ਕਰਦੀ ਹੈ, 'ਮਾਵਾਂ ਲਾਡ ਲਡਾਵਣ ਧੀ ਵਿਗਾੜਨ ਲਈ, ਸੱਸਾਂ ਦੇਵਣ ਮੱਤਾਂ ਉਮਰ ਸੰਵਾਰਨ ਲਈ'। ਨਵੀਂ ਬਹੂ ਨੂੰ ਘਰ ਦੀ ਚਾਲ-ਢਾਲ ਵੀ ਬੇਬੇ ਹੀ ਸਿਖਾਉਂਦੀ ਹੈ। ਖੇਤ-ਬੰਨੇ ਦਾ ਗੇੜਾ ਲਗਵਾਉਂਦੀ ਹੈ। ਰਸੋਈ ਦਾ ਚੁੱਲ੍ਹਾ-ਚੌਕਾ, ਚੱਜ-ਅਚਾਰ ਅਤੇ ਵਿਵਹਾਰ ਵੀ ਬੇਬੇ ਹੀ ਸਿਖਾਉਂਦੀ ਹੈ। ਬੇਬੇ ਤਜ਼ਰਬੇ ਵਿਚੋਂ ਪ੍ਰਤਿਭਾ ਵੀ ਸਿਖਾਉਂਦੀ ਹੈ ਕਿ ਰੀਸ ਨਹੀਂ ਮਿਹਨਤ ਕਰੋ ਇਹ ਵੀ ਦੱਸਦੀ ਹੈ ਕਿ, 'ਪ੍ਰਤਿੱਭਾ ਇੱਕ ਪ੍ਰਤੀਸ਼ਤ ਪ੍ਰੇਰਨਾ ਹੁੰਦੀ ਹੈ, ਨੜਿੰਨਵੇਂ ਪ੍ਰਤੀਸ਼ਤ ਮਿਹਨਤ ਹੁੰਦੀ ਹੈ'। ਬੇਬੇ ਘਰ ਪ੍ਰਤੀ ਆਪਣੀ ਮਿਹਨਤ ਦੀ ਗਾਥਾ ਸੁਣਾ ਕੇ ਬੱਚਿਆਂ ਨੂੰ ਪ੍ਰਭਾਵਿਤ ਵੀ ਕਰਦੀ ਹੈ। ਇੱਕ ਗੱਲ ਹੋਰ ਹੈ ਕਿ ਘਰ ਜਦੋਂ ਵੀ ਕੋਈ ਆਵਾਜ਼ ਮਾਰਦਾ ਹੈ ਤਾਂ ਬੇਬੇ ਬਾਪੂ ਦਾ ਨਾਮ ਲੈ ਕੇ ਬੁਲਾਉਂਦਾ ਹੈ। ਇੱਥੇ ਉਨ੍ਹਾਂ ਦਾ ਰੁਤਬਾ ਉੱਭਰਦਾ ਹੈ। ਇਸੇ ਪ੍ਰਸੰਗ ਵਿਚ ਨਰਿੰਦਰ ਸਿੰਘ ਕਪੂਰ ਕਹਿੰਦੇ ਹਨ ਕਿ, 'ਬਾਪੂ ਦੀ ਗੈਰ ਹਾਜ਼ਰੀ ਵਿਚ ਘਰ ਖਾਲੀ ਲੱਗਦਾ ਹੈ ਪਰ ਬੇਬੇ ਦੀ ਗੈਰ ਹਾਜ਼ਰੀ ਵਿਚ ਉਲਟਿਆ ਪੁਲਟਿਆ ਲੱਗਦਾ ਹੈ। ਬੇਬੇ ਸਾਨੂੰ ਸਿੱਖਾਉਂਦੀ ਹੈ ਕਿ ਬੋਲਣਾ ਕਿਵੇਂ ਹੈ ਜਦੋਂ ਕਿ ਬਾਪੂ ਸਾਨੂੰ ਸਿਖਾਉਂਦਾ ਹੈ ਕਿ ਚੁੱਪ ਕਿਵੇ ਰਹਿਣਾ'। ਬੇਬੇ ਬਾਪੂ ਨੂੰ ਘਰ ਦੀ ਕਿਸੇ ਵੀ ਚੀਜ਼ ਦੇ ਲੈਣ ਦੇਣ ਦਾ ਇਲਮ ਹੁੰਦਾ ਹੈ। ਚੰਗਾ ਗੁਆਂਢ ਵੀ ਬੇਬੇ ਬਾਪੂ ਦੇ ਸਿਰ ਤੇ ਹੁੰਦਾ ਹੈ। ਇਹ ਰੌਣਕ ਦੇ ਮੁਜੱਸਮਿਆਂ ਨੂੰ ਹੀ ਪਤਾ ਹੁੰਦਾ ਹੈ ਕਿ ਕਿਹੜੀ ਚੀਜ਼ ਕਿਸੇ ਨੂੰ ਕਦੋਂ ਦੇਣੀ ਅਤੇ ਕਦੋਂ ਵਾਪਿਸ ਲੈਣੀ। ਬੇਬੇ ਬਾਪੂ ਦੀ ਘਰ ਵਿਚ ਇੱਕ-ਮਿਕਤਾ ਇਸ ਕਦਰ ਤੱਕ ਵੱਧ ਜਾਂਦੀ ਹੈ ਕਿ ਘਰ ਪ੍ਰਤੀ ਹਰ ਚੀਜ਼ ਹਰ ਗੱਲ ਪ੍ਰਤੀ ਮੋਹ ਭਿੱਜੇ ਹੋ ਕੇ ਬੇਵੱਸ ਹੋ ਜਾਂਦੇ ਹਨ। ਬੇਵੱਸੀ ਵਿਚ ਘਰ ਅਤੇ ਪਰਿਵਾਰ ਦਾ ਮੋਹ ਕੁੱਟ-ਕੁੱਟ ਕੇ ਭਰਿਆ ਨਜ਼ਰ ਆਉਂਦਾ ਹੈ ਕਿ ਦੋਵੇਂ ਮੱਲੋ-ਮੱਲੀ ਇਸ ਕਥਨ ਤੇ ਚੱਲ ਪੈਂਦੇ ਹਨ, 'ਜੋ ਚੇਤੇ ਨਹੀਂ ਰੱਖਣਾ ਹੁੰਦਾ ਉਹ ਚੇਤੇ ਰਹਿ ਜਾਂਦਾ ਹੈ, ਜੋ ਭੁੱਲਣਾ ਚਾਹੁੰਦਾ ਹੈ ਉਸ ਨੂੰ ਭੁੱਲ ਨਹੀਂ ਸਕਦੇ'। ਘਰ ਪ੍ਰਤੀ ਛੋਟੀਆਂ-ਮੋਟੀਆਂ ਗੱਲਾਂ ਵਿਚ ਆਦਤ ਅਨੁਸਾਰ ਹੀ ਇਨ੍ਹਾਂ ਦੀ ਦਿਲਚਸਪੀ ਬਣੀ ਰਹਿੰਦੀ ਹੈ। ਘਰ ਦੇ ਅੰਦਰ ਹੀ ਸਬਜ਼ੀ-ਭਾਜੀ ਅਤੇ ਫਲ-ਫਰੂਟ ਉਗਾ ਕੇ ਦੇਖ ਰੇਖ ਕਰੀ ਜਾਂਦੇ ਹਨ। ਆਏ-ਗਏ ਰਿਸ਼ਤੇਦਾਰ ਦੀ ਮਹਿਮਾਨ ਨਿਵਾਜ਼ੀ ਵੀ ਬੇਬੇ ਬਾਪੂ ਕੋਲੋ ਸ਼ੁਰੂ ਹੁੰਦੀ ਹੈ। ਇਸ ਤੋਂ ਬਾਅਦ ਹੀ ਬਾਕੀ ਮੈਂਬਰਾਂ ਦਾ ਵਰਕਾ ਖੁੱਲਦਾ ਹੈ। ਦਰਾਣੀ-ਜਠਾਣੀ ਬਾਲ ਬੱਚੇ ਦੀ ਹਰ ਸ਼ਿਕਾਇਤ ਨੂੰ ਬੇਬੇ ਬਾਪੂ ਹੀ ਨਿਬੇੜਦੇ ਹਨ। ਹਾਂ ਪਰ ਜਿੱਥੇ ਬੇਬੇ ਬਾਪੂ ਨਿਰਪੱਖ ਨਾ ਹੋਣ ਉੱਥੇ ਉਲਟਾ-ਪੁਲਟਾ ਹੋ ਜਾਂਦਾ ਹੈ।

ਕਬੀਲਦਾਰੀ ਬਾਰੇ ਬੇਬੇ-ਬਾਪੂ ਨੂੰ ਸਭ ਕੁੱਝ ਉਂਗਲਾਂ ਤੇ ਪਤਾ ਹੁੰਦਾ ਹੈ। ਵਿਹੜੇ ਵਿਚ ਬੈਠੇ ਬੇਬੇ-ਬਾਪੂ ਬਿੜਕ ਨਾਲ ਹੀ ਸਭ ਕਾਸੇ ਦਾ ਅੰਦਾਜ਼ਾ ਲਗਾ ਲੈਂਦੇ ਹਨ। ਇਹ ਆਏ-ਗਏ ਦੀ ਪੈੜ ਪੜ੍ਹਨ ਲਈ ਸਮਰੱਥ ਵੀ ਹੁੰਦੇ ਹਨ। ਕੋਈ ਵੀ ਮਸਲਾ ਹੋਵੇ ਇਸ਼ਾਰੇ ਵਿਚ ਹੀ ਥਾਂ ਦੀ ਥਾਂ ਹੱਲ ਕਰ ਦਿੰਦੇ ਹਨ। ਕਈ ਕੁੜੀਆਂ ਜਿਨ੍ਹਾਂ ਨੂੰ ਘਰ ਦੇ ਕੰਮ ਦੀ ਚੂੰਹਡ ਨਹੀਂ ਹੁੰਦੀ, ਉਹ ਬਜ਼ੁਰਗਾਂ ਦੀਆਂ ਸਿੱਖਿਆਵਾਂ ਨੂੰ ਗ੍ਰਹਿਣ ਕਰ ਲੈਣ ਤਾਂ ਸੋਨੇ ਤੇ ਸੁਹਾਗਾ ਹੋ ਜਾਂਦਾ ਹੈ। ਜੋ ਬਹੂ ਬੇਬੇ ਦੀ ਥੋੜ੍ਹੀ ਜਿਹੀ ਸ਼ਖਤੀ ਸਹਿਣ ਕਰ ਲਵੇ ਉਹ ਭੱਵਿਖ ਦੀਆਂ ਵੰਗਾਰਾਂ ਦਾ ਸਾਹਮਣਾ ਕਰ ਸਕਦੀ ਹੈ। ਜੋ ਬਹੂਆਂ ਸਮਾਜੀਕਰਨ ਤੋਂ ਸੱਖਣੀਆਂ ਹੁੰਦੀਆਂ ਹਨ, ਉਹ ਹਮੇਸ਼ਾਂ ਸੱਸ ਨੂੰ ਹੀ ਬੁਰਾ ਸਮਝਦੀਆਂ ਹਨ ਇਸ ਪ੍ਰਤੀ ਸਾਡੇ ਸੱਭਿਆਚਾਰ ਵਿਚ ਇਹ ਵੰਨਗੀ ਬਹੁਤਾ ਵਾਰੀ ਸੁਣਨ ਨੂੰ ਮਿਲ ਜਾਂਦੀ ਹੈ, 'ਅੱਗੋਂ ਸੱਸ ਬਘਿਆੜੀ ਟੱਕਰੀ ਮਾਪਿਆਂ ਨੇ ਰੱਖੀ ਲਾਡਲੀ'। ਭੇਬੇ-ਬਾਪੂ ਚੱਲਦੀ-ਫਿਰਦੀ ਲਾਇਬ੍ਰੇਰੀ ਅਤੇ ਚੱਲਦਾ-ਫਰਦਾ ਖਜ਼ਾਨਾ ਹੋਣ ਦੇ ਨਾਲ ਨਾਲ ਸੱਭਿਅਤਾ ਅਤੇ ਸੱਭਿਆਚਾਰ ਦਾ ਸ਼ੀਸਾ ਹੁੰਦੇ ਹਨ। ਧੀਆਂ, ਪੁੱਤ, ਬੱਚੇ ਅਤੇ ਨੂੰਹਾਂ ਜੇ ਬਾਬੂ-ਬੇਬੇ ਦੀ ਗੱਲ ਸੁਣ ਲੈਣ ਤਾਂ ਉਹ 25-30 ਸਾਲ ਆਮ ਲੋਕਾਂ ਤੋਂ ਅੱਗੇ ਹੋ ਸਕਦੇ ਹਨ। ਕਿਉਂਕਿ ਉਨ੍ਹਾਂ ਨੂੰ ਬੇਬੇ-ਬਾਪੂ ਦਾ ਤਜ਼ਰਬਾ ਮਿਲ ਜਾਂਦਾ ਹੈ।

ਬੇਬੇ-ਬਾਪੂ ਬਚਪਨ ਅਤੇ ਜਵਾਨੀ ਤੋਂ ਬਾਅਦ ਬਣਦੇ ਹਨ ਅਸਲ ਅਰਥਾਂ ਵਿਚ ਬੇਬੇ-ਬਾਪੂ, 'ਮਨੁੱਖ ਇੱਕ ਸਮਾਜਿਕ ਪ੍ਰਾਣੀ ਹੈ' ਨੂੰ ਪ੍ਰਕਾਸ਼ਮਾਨ ਕਰਕੇ ਘਰ ਦਾ ਸਹੀ ਤੌਰ ਤੇ ਮਾਨਵੀਕਰਨ ਕਰਦੇ ਹਨ, ਕਿਉਂਕਿ ਆਉਂਦੇ-ਜਾਂਦੇ ਜੀਅ ਆਪਣੇ ਤਜ਼ਰਬੇ ਨਾਲ ਹੀ ਘਰ ਦੇ ਜੀਆਂ ਨੂੰ ਸਮਝਾਉਂਦੇ ਹਨ। ਜੋ ਜੀਵਨ ਵਿਚ ਸਿੱਖਿਆ ਹੁੰਦਾ ਹੈ ਉਹੀ ਅੱਗੇ ਦਿੰਦੇ ਹਨ। ਪਰਿਵਾਰ, ਔਲਾਦ ਲਈ ਬੇਬੇ-ਬਾਪੂ ਆਪਣਾ ਸਭ ਕੁੱਝ ਦਾਅ ਤੇ ਲਾ ਕੇ ਹੱਡ-ਭੰਨਵੀਂ ਮਿਹਨਤ ਕਰਦੇ ਹਨ। ਘਰ ਦੀਆਂ ਮੁਸ਼ਕਲਾਂ ਅਤੇ ਖਰਚੇ ਪੂਰੇ ਕਰਦੇ ਹਨ। ਆਪਣੀ ਤੰਗੀ ਝੱਲ ਲੈਂਦੇ ਹਨ ਪਰ ਪਰਿਵਾਰ ਨੂੰ ਤੰਗੀ ਤੋਂ ਬਚਾ ਕੇ ਰੱਖਦੇ ਹਨ। ਬੇਬੇ-ਬਾਪੂ ਸੱਭਿਅਤ ਇਤਿਹਾਸ ਸਿਰਜਦੇ ਹੋਏ ਔਲਾਦ ਨੂੰ ਹੌਸਲਾ ਤੇ ਸਹਾਰਾ ਦਿੰਦੇ ਹਨ। ਇਸ ਨਾਲ ਪਰਿਵਾਰ ਨੂੰ ਵੀ ਸਕੂਨ ਹਾਸਲ ਹੁੰਦਾ ਹੈ। ਬੇਬੇ-ਬਾਪੂ ਹੱਥੀਂ ਮਿਹਨਤ ਨਾਲ ਤਿਆਰ ਕੀਤੇ ਤਾਣੇ-ਬਾਣੇ ਨੂੰ ਆਪਣੇ ਬੱਚਿਆਂ ਦੇ ਸਪੁਰਦ ਕਰਦੇ ਹਨ, ਇਸ ਦਾ ਖਟਿਆ ਹੀ ਖਾਂਦੇ ਹਨ। ਬੇਬੇ-ਬਾਪੂ ਦੀ ਸੂਝ-ਬੂਝ ਦਾ ਫ਼ਾਇਦਾ ਲੈਣ ਵਾਲੀ ਔਲਾਦ ਲਈ ਬਜ਼ੁਰਗ ਸਹੀ ਅਰਥਾਂ ਵਿਚ ਵਿਹੜੇ ਦੀ ਰੌਣਕ ਬਣ ਜਾਂਦੇ ਹਨ। ਗੁਰਬਾਣੀ ਵਿਚ ਫੁਰਮਾਨ ਮਿਲਦਾ ਹੈ, 'ਅਕਲੀ ਸਾਹਿਬ ਸੇਵੀਐ, ਅਕਲੀ ਕੀਚੈ ਦਾਨੁ, ਅਕਲੀ ਪੜ ਕੈ ਬੁਝੀਐ ਅਕਲੀ ਪਾਈਏ ਮਾਨ, ਨਾਨਕ ਆਖੇ ਰਾਹ ਇਹੋ ਹੋਰ ਗਲਾ ਸੈਤਾਨ'।

ਭੇਬੇ-ਬਾਪੂ ਕਿਰਤ ਅਤੇ ਸਬਰ ਦਾ ਅਧਿਆਏ ਹੁੰਦੇ ਹਨ ਇਹ ਵਿਹੜੇ ਦੀ ਰੌਣਕ ਬਣਨ ਤੋਂ ਪਹਿਲਾਂ ਬਿਖੜੇ ਪੈਂਡਿਆਂ ਦੇ ਰਾਹਾਂ ਤੋਂ ਰਸਤਾ ਤੈਅ ਕਰਦੇ ਹਨ ਤਾਂ ਜਾ ਕੇ ਬੇਬੇ-ਬਾਪੂ ਦੀ ਮੰਜ਼ਿਲ ਪ੍ਰਾਪਤ ਕਰਦੇ ਹਨ। ਬੇਬੇ-ਬਾਪੂ ਜੀਉਂਦੀ ਜਿੰਦਗਾਨੀ ਦਾ ਅਜਿਹਾ ਵਰਕਾ ਹੈ ਕਿ ਇਹ ਖਿਤਾਬ ਬੁਢਾਪੇ ਵਿਚ ਮਿਲਦਾ ਹੈ, ਅਫ਼ਸੋਸ ਬੁਢਾਪਾ ਆਉਂਦਾ ਹੈ ਪਰ ਜਾਂਦਾ ਨਹੀਂ। ਬੇਬੇ-ਬਾਪੂ ਘਰ ਦੀ ਰੌਣਕ ਅਤੇ ਚਿਰਾਗ ਵਾਂਗ ਵਿਹੜੇ ਵਿਚ ਰੋਸ਼ਨੀ ਦਿੰਦੇ ਹਨ ਇਸ ਲਈ ਬਜ਼ੁਰਗ ਬੇਬੇ-ਬਾਪੂ ਦੀ ਸੁੰਦਰਤਾ ਕਿਸੇ ਪਵਿੱਤਰ ਸਥਾਨ ਅੰਦਰ ਜਗਦੀ ਹੋਈ ਚਿੱਟੀ ਮੋਮਬੱਤੀ ਵਰਗੀ ਹੁੰਦੀ ਹੈ। ਸਚਮੁੱਚ ਹੀ ਬੇਬੇ-ਬਾਪੂ ਸਮਾਜਿਕ ਢਾਂਚੇ ਵਿਚ ਪਰਿਵਾਰ ਦੇ ਵਿਹੜੇ ਦੀ ਇੱਕ ਪਵਿੱਤਰ ਰੌਣਕ ਹੁੰਦੇ ਹਨ।

# ਗੁਰੂ ਤੇਗ਼ ਬਹਾਦਰ ਜੀ ਦੀ ਪ੍ਰਸੰਗਤਾ ਅਤੇ ਅਸੀਂ

## ਸ਼ਬਦ ਜੋਤ



**ਡਾ. ਗੁਰਬਖਸ਼ ਸਿੰਘ ਭੰਡਾਲ**
**ਫੋਨ: 216-556-2080**

ਗੁਰੂ ਤੇਗ਼ ਬਹਾਦਰ ਜੀ ਨੂੰ ਹਿੰਦੂਆਂ ਦੀ ਧਾਰਮਿਕ ਆਜ਼ਾਦੀ ਖ਼ਾਤਰ 1675 ਵਿਚ ਔਰੰਗਜ਼ੇਬ ਵਲੋਂ ਦਿੱਲੀ ਵਿਚ ਸ਼ਹੀਦ ਕਰ ਦਿੱਤਾ ਗਿਆ ਸੀ। ਉਨ੍ਹਾਂ ਨੂੰ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਸੰਸਾਰ ਭਰ ਵਿਚ ਪਹਿਲੇ ਸ਼ਹੀਦ ਵਜੋਂ ਜਾਣਿਆ ਜਾਂਦਾ ਹੈ। ਉਨ੍ਹਾਂ ਦੀਆਂ ਸਿੱਖਿਆਵਾਂ, ਸਮੁੱਚੀ ਸ਼ਖ਼ਸੀਅਤ ਅਤੇ ਸ਼ਹਾਦਤ ਨੇ ਭਵਿੱਖ ਨੂੰ ਬਹੁਤ ਸਾਰੇ ਪੱਖਾਂ ਤੋਂ ਪ੍ਰਭਾਵਤ ਕੀਤਾ। ਦਰਅਸਲ ਮਹਾਨ ਵਿਅਕਤੀਆਂ ਦੀਆਂ ਸ਼ਹਾਦਤਾਂ ਹੀ ਵਕਤ ਨੂੰ ਨਵਾਂ ਮੋੜ, ਨਵੀਂ ਦਿਸ਼ਾ ਅਤੇ ਨਵੀਂ ਦਿੱਖ ਪ੍ਰਦਾਨ ਕਰਦੀਆਂ ਹਨ ਜਿਨ੍ਹਾਂ ਰਾਹੀਂ ਕਿਸੇ ਕੌਮ ਦੀ ਵਿਲੱਖਣ ਪਛਾਣ ਦੀ ਸਿਰਜਣਾ ਹੁੰਦੀ ਹੈ। ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ ਨੇ ਦੋ ਤਰੀਕਿਆਂ ਨਾਲ ਸਿੱਖ ਇਤਿਹਾਸ ਅਤੇ ਸਰੋਕਾਰਾਂ ਨੂੰ ਪ੍ਰਭਾਵਤ ਕੀਤਾ।

**ਖਾਲਸਾ ਪੰਥ ਦੀ ਸਿਰਜਣਾ:**

ਜਦ ਭਾਈ ਜੈਤਾ ਜੀ ਗੁਰੂ ਤੇਗ਼ ਬਹਾਦਰ ਜੀ ਦਾ ਸੀਸ ਅਨੰਦਪੁਰ ਸਾਹਿਬ ਲਿਆਏ ਤਾਂ ਉਸਨੂੰ ਦੇਖ ਕੇ 9 ਸਾਲ ਦੇ ਬਾਲ ਗੋਬਿੰਦ ਦੇ ਮਨ 'ਤੇ ਇਸ ਕਹਿਰ, ਕਤਲ ਅਤੇ ਜ਼ੁਲਮ ਦਾ ਡੂੰਘਾ ਅਸਰ ਹੋਇਆ ਹੋਵੇਗਾ। ਬਾਲਮਨ ਨੇ ਸੋਚਿਆ ਤਾਂ ਜ਼ਰੂਰ ਹੋਵੇਗਾ ਕਿ ਇਹ ਕਿਉਂ ਹੋਇਆ? ਕਿਸ ਨੇ ਕੀਤਾ? ਮੇਰੇ ਬਾਪ ਦਾ ਕੀ ਕਸੂਰ ਸੀ? ਇਹ ਜਬਰ-ਜ਼ੁਲਮ ਕਿਉਂ ਢਾਇਆ ਗਿਆ? ਬਾਪ ਦਾ ਸਾਇਆ ਸਿਰੋਂ ਉਠ ਜਾਵੇ ਤਾਂ ਬੱਚੇ ਲਈ ਸਾਰਾ ਜਹਾਨ ਹੀ ਬੇਗਾਨਾ ਹੋ ਜਾਂਦਾ ਹੈ। ਬਾਲ ਗੋਬਿੰਦ ਦੇ ਮਨ ਵਿਚ ਉਠੀ ਪੀੜਾ, ਗੁੱਸਾ ਤੇ ਵੇਦਨਾ ਨੇ ਹੌਲੀ-ਹੌਲੀ ਰੋਹ ਦਾ ਰੂਪ ਧਾਰਿਆ ਹੋਵੇਗਾ। ਤਾਂ ਹੀ ਗੁਰੂ ਜੀ ਬਚਿੱਤਰ ਨਾਟਕ ਵਿਚ ਆਪਣੇ ਬਾਪ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ ਦੇ ਸਮੇਂ ਨੂੰ ਯਾਦ ਕਰਦਿਆਂ ਉਚਾਰਦੇ ਹਨ;

"ਠੀਕਰਿ ਫੋਰਿ ਦਿਲੀਸ ਸਿਰਿ ਪ੍ਰਭ ਪੁਰ ਕੀਨਾ ਪਯਾਨ।
ਤੇਗ਼ ਬਹਾਦਰ ਸੀ ਕ੍ਰਿਆ ਕਰੀ ਨਾ ਕਿਨਹੂੰ ਆਨ।
ਤੇਗ਼ ਬਹਾਦਰ ਕੇ ਚਲਤ ਭਯੋ ਜਗਤ ਕੋ ਸੋਕ।
ਹੈ ਹੈ ਹੈ ਸਭ ਜਗ ਭਯੋ ਜੈ ਜੈ ਜੈ ਸੁਰ ਲੋਕ।

ਜਿਉਂ ਜਿਉਂ ਬਾਲ ਗੋਬਿੰਦ ਜੀ ਜਵਾਨ ਹੋਏ, ਉਨ੍ਹਾਂ ਨੇ ਜ਼ਾਲਮਾਨਾ ਸਥਿਤੀਆਂ ਦਾ ਟਾਕਰਾ ਕਰਨ ਲਈ ਇਕ ਸੰਗਠਿਤ ਜੰਗਜੂ ਕੌਮ ਨੂੰ ਤਿਆਰ ਕਰਨ ਦਾ ਮਨ ਵਿਚ ਧਾਰਿਆ ਜੋ ਧਰਮ, ਜਾਤ, ਰੰਗ, ਨਸਲ ਜਾਂ ਕੌਮ ਤੋਂ ਉਪਰ ਉਠ ਕੇ ਜ਼ੁਲਮ ਅਤੇ ਜਬਰ ਦਾ ਟਾਕਰਾ ਕਰ ਸਕੇ। ਸ਼ਹਾਦਤ ਤੋਂ ਪੂਰੇ 24 ਸਾਲ ਬਾਅਦ, 33 ਸਾਲ ਦੀ ਉਮਰ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੀ ਸਿਰਜਣਾ ਕਰਨ ਲਈ 1699 ਦੀ ਵਿਸਾਖੀ ਨੂੰ ਚੁਣਿਆ। ਦਰਅਸਲ ਗੁਰੂ ਗੋਬਿੰਦ ਸਿੰਘ ਜੀ ਨੂੰ ਅਹਿਸਾਸ ਹੋ ਗਿਆ ਸੀ ਕਿ;

"ਚੂੰ ਕਾਰ ਅਜ਼ ਹਮਾਂ ਹੀਲਤੇ ਦਰ ਗੁਜ਼ਸ਼ਤ
ਹਲਾਲ ਅਸਤਨ ਬੁਰਦਨ ਬ ਸ਼ਮਸ਼ੀਰ ਏ ਦਸਤ।"

ਸੋ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ ਨੇ ਗੁਰੂ ਗੋਬਿੰਦ ਸਿੰਘ ਜੀ ਦੀ ਸੋਚ, ਜਜ਼ਬੇ ਅਤੇ ਜਜ਼ਬਾਤਾਂ ਨੂੰ ਜਰਬ ਦਿੱਤੀ ਜੋ ਖਾਲਸਾ ਪੰਥ ਦੀ ਸਿਰਜਣਾ ਦਾ ਅਧਾਰ ਬਣੀ ਅਤੇ ਸਿੱਖ ਕੌਮ ਨੇ ਲਾਸਾਨੀ ਕੁਰਬਾਨੀਆਂ ਅਤੇ ਬੇਮਿਸਾਲ ਬਹਾਦਰੀ ਦਾ ਇਤਿਹਾਸ ਸਿਰਜਿਆ ਅਤੇ ਸਿਰਜ ਰਿਹਾ ਹੈ।

**ਜਬਰ ਤੇ ਜ਼ੁਲਮ ਦਾ ਸੰਗਠਿਤ ਰੂਪ ਵਿਚ ਟਾਕਰਾ;**

ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ ਤੋਂ ਪਹਿਲਾਂ ਉਨ੍ਹਾਂ ਦੇ ਦਾਦਾ ਜੀ ਗੁਰੂ ਅਰਜਨ ਦੇਵ ਜੀ ਨੇ ਸਮੇਂ ਦੇ ਹਾਕਮਾਂ ਦਾ ਤਸ਼ੱਦਦ ਸਹਿੰਦਿਆਂ, 'ਤੇਰਾ ਕੀਆ ਮੀਠਾ ਲਾਗੈ' ਅਨੁਸਾਰ ਸ਼ਹਾਦਤ ਦਿਤੀ। ਗੁਰੂ ਹਰਗੋਬਿੰਦ ਜੀ ਨੇ ਮੀਰੀ ਅਤੇ ਪੀਰੀ ਦੀਆਂ ਦੋ ਤਲਵਾਰਾਂ ਧਾਰਨ ਕਰ ਕੇ ਅਧਿਆਤਮਿਕਤਾ ਦੇ ਨਾਲ-ਨਾਲ, ਜ਼ੁਲਮ ਖ਼ਿਲਾਫ਼ ਤਲਵਾਰ ਉਠਾਉਣ ਦੀ ਲੋੜ 'ਤੇ ਜ਼ੋਰ ਦਿਤਾ। ਪਰ ਸਮੁੱਚੀ ਸਿੱਖੀ ਸੋਚ ਵਿਚ ਜ਼ੁਲਮ, ਅਨਿਆਂ, ਬੇਇਨਸਾਫ਼ੀ ਅਤੇ ਧਾਰਮਿਕ ਕੱਟੜਤਾ ਵਿਰੁੱਧ ਸੰਗਠਿਤ ਰੂਪ ਵਿਚ ਵਿਰੋਧ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ ਤੋਂ ਬਾਅਦ ਹੀ ਸ਼ੁਰੂ ਹੋਇਆ। ਯਾਦ ਰਹੇ ਕਿ ਗੁਰੂ ਤੇਗ਼ ਬਹਾਦਰ ਜੀ ਦੀ ਕੁਰਬਾਨੀ ਨਾ ਤਾਂ ਕਿਸੇ ਖਾਸ ਧਰਮ ਵਾਸਤੇ ਸੀ ਅਤੇ ਨਾ ਹੀ ਕਿਸੇ ਖਾਸ ਧਰਮ ਜਾਂ ਹਾਕਮ ਵਿਰੁੱਧ ਸੀ। ਦਰਅਸਲ ਗੁਰੂ ਜੀ ਦੀ ਕੁਰਬਾਨੀ ਤਾਂ ਧਾਰਮਿਕ ਆਜ਼ਾਦੀ ਲਈ ਸੀ ਅਤੇ ਹਰ ਉਸ ਧਰਮ ਵਿਰੁੱਧ ਸੀ ਜਿਹੜਾ ਕਿਸੇ ਨੂੰ ਜ਼ਬਰਦਸਤੀ ਧਰਮ ਪਰਿਵਰਤਨ ਲਈ ਮਜਬੂਰ ਕਰਦਾ ਹੈ। ਇਹ ਵਿਰੋਧ ਕਿਸੇ ਖਾਸ ਹਾਕਮ ਵਿਰੁੱਧ ਵੀ ਨਹੀਂ ਸੀ। ਸਿਰਫ਼ ਜ਼ਾਲਮ ਅਤੇ ਜਬਰ ਢਾਹੁਣ ਵਾਲੇ ਹਾਕਮ ਵਿਰੁੱਧ ਸੀ।

ਸੋਚਣ ਵਾਲੀ ਗੱਲ ਇਹ ਹੈ ਕਿ ਕੀ ਮੌਜੂਦਾ ਦੌਰ ਵਿਚ ਵੀ ਅਜੇਹਾ ਵਾਪਰ ਰਿਹੈ? ਕੌਣ ਜਬਰੀ ਧਰਮ ਪਰਿਵਰਤਨ ਕਰਵਾ ਰਿਹਾ ਅਤੇ ਕੌਣ ਧਾਰਮਿਕ ਨਫ਼ਰਤ ਫੈਲਾ ਰਿਹਾ ਹੈ? ਅਜੇਹੇ ਸਮਿਆਂ ਵਿਚ ਗੁਰੂ ਜੀ ਦੀਆਂ ਸਿੱਖਿਆਵਾਂ ਅਤੇ ਸ਼ਹਾਦਤ ਦੀ ਸਭ ਤੋਂ ਜ਼ਿਆਦਾ ਪ੍ਰਸੰਗਤਾ ਹੈ। ਕੀ ਅਸੀਂ ਸਿਰਫ਼ ਸ਼ਤਾਬਦੀਆਂ



ਮਨਾਉਣ ਤੀਕ ਹੀ ਸੀਮਤ ਹਾਂ? ਗੁਰੂ ਜੀ ਦੀਆਂ ਸਿੱਖਿਆਵਾਂ ਤੋਂ ਕਿਉਂ ਅਵੇਸਲੇ ਹੋ ਗਏ? ਇਹ ਸੋਚਣ ਦੀ ਲੋੜ ਹੈ।

ਗੁਰੂ ਤੇਗ਼ ਬਹਾਦਰ ਜੀ ਦੀਆਂ ਸਮੁੱਚੀਆਂ ਸਿੱਖਿਆਵਾਂ ਨੂੰ ਚਾਰ ਹਿੱਸਿਆਂ ਵਿਚ ਵੰਡਿਆ ਜਾ ਸਕਦਾ ਹੈ, ਜੋ ਅਜੋਕੇ ਦੌਰ ਵਿਚ ਬਹੁਤ ਪ੍ਰਸੰਗਕ ਹਨ। ਜੇ ਅਸੀਂ ਆਪਣੇ ਵਿਰਸੇ ਨੂੰ ਬਚਾਉਣਾ ਹੈ, ਧਰਮ ਦੀਆਂ ਮੂਲ ਧਾਰਨਾਵਾਂ ਦੇ ਪਹਿਰੇਦਾਰ ਬਣਨਾ ਹੈ ਅਤੇ ਆਪਣੀ ਵਿਰਾਸਤ ਨੂੰ ਅਗਲੀ ਪੀੜ੍ਹੀ ਦੇ ਨਾਮ ਲਾਉਣਾ ਹੈ ਤਾਂ ਸਾਨੂੰ ਆਪਣੇ ਅੰਦਰ ਝਾਤੀ ਜ਼ਰੂਰ ਮਾਰਨੀ ਪਵੇਗੀ ਕਿ ਕੀ ਅਸੀਂ ਗੁਰੂ ਜੀ ਦੇ ਸੱਚੇ ਸਿੱਖ ਹਾਂ ਜਾਂ ਸਿਰਫ਼ ਸਿੱਖ ਅਖਵਾਉਣ ਤੀਕ ਹੀ ਸੀਮਤ ਹਾਂ?

**• ਸਮਾਜਿਕ ਨਿਆਂ ਅਤੇ ਸਮਾਨਤਾ:**

ਗੁਰੂ ਤੇਗ਼ ਬਹਾਦਰ ਜੀ ਦਾ ਉਪਦੇਸ਼ ਹੈ ਕਿ ਸਾਰੇ ਮਨੁੱਖ ਬਰਾਬਰ ਹਨ ਅਤੇ ਕਿਸੇ ਨਾਲ ਵੀ ਜਾਤ, ਧਰਮ, ਰੰਗ, ਨਸਲ ਜਾਂ ਲਿੰਗ ਦੇ ਆਧਾਰ 'ਤੇ ਕਿਸੇ ਵੀ ਕਿਸਮ ਦਾ ਧਾਰਮਿਕ, ਸਮਾਜਿਕ, ਆਰਥਿਕ ਆਦਿ ਕੋਈ ਵਿਤਕਰਾ ਨਹੀਂ ਹੋਣਾ ਚਾਹੀਦਾ। ਕੀ ਦੁਨੀਆਂ ਭਰ ਵਿਚ ਅਜੇਹਾ ਅਸਾਵਾਂਪਣ ਖਤਮ ਹੋ ਗਿਆ ਹੈ? ਕੀ ਸੰਸਾਰ ਪੱਧਰ 'ਤੇ ਇਸ ਪ੍ਰਤੀ ਚੇਤਨਤਾ ਪੈਦਾ ਕਰਨ ਲਈ ਅਸੀਂ ਕੋਈ ਠੋਸ ਯਤਨ ਵੀ ਕੀਤੇ ਹਨ? ਕੀ ਸਿੱਖਾਂ ਵਿਚ ਵੀ ਅਜੇਹੀ ਅਸਮਾਨਤਾ ਬਰਕਰਾਰ ਹੈ ਜਿਸਨੂੰ ਸਾਡੇ ਗੁਰੂ ਸਾਹਿਬਾਨ ਨੇ ਖਤਮ ਕਰਨ 'ਤੇ ਜ਼ੋਰ ਦਿੱਤਾ ਸੀ? ਅਫ਼ਸੋਸ ਕਿ ਅਸੀਂ ਤਾਂ ਜਾਤਾਂ ਦੇ ਨਾਮ 'ਤੇ ਆਪਣੇ ਗੁਰਦਆਰੇ ਹੀ ਬਣਾ ਲਏ ਹਨ।

**• ਹਿੰਮਤ ਅਤੇ ਕੁਰਬਾਨੀ:**

ਗੁਰੂ ਜੀ ਦਾ ਮਹਾਂ ਵਾਕ,

"ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ।
ਕਹੁ ਨਾਨਕ ਸੁਨਿ ਰੇ ਮਨ ਗਿਆਨੀ ਤਾਹਿ ਬਖਾਨਿ।"

ਜੋ ਜ਼ਿੰਦਾਦਿਲੀ ਨਾਲ ਨਿਡਰ ਹੋ ਕੇ ਸਚਾਈ ਦਾ ਸਾਥ ਦੇਣ ਦੀ ਪ੍ਰੇਰਨਾ ਦਿੰਦਾ ਹੈ। ਗੁਰੂ ਤੇਗ਼ ਬਹਾਦਰ ਜੀ ਦਾ ਸਮੇਂ ਦੇ ਜ਼ੋਰਾਵਰ ਹਾਕਮਾਂ ਸਾਹਵੇਂ ਬੇਖ਼ੌਫ਼ ਹੋ ਕੇ ਸੱਚ ਕਹਿਣਾ, ਦਲੇਰੀ ਦਿਖਾਉਣਾ ਅਤੇ ਸ਼ਹਾਦਤ ਪ੍ਰਾਪਤ ਕਰਨਾ, ਇਕ ਅਜੇਹਾ ਜਜ਼ਬਾ ਸੀ ਜਿਸਨੂੰ ਬੇਦਰਦ ਹਾਕਮ ਵੀ ਦੇਖਦਾ ਰਹਿ ਗਿਆ। ਹਾਕਮ ਹੈਰਾਨ ਤੇ ਪਰੇਸ਼ਾਨ ਸੀ ਕਿ ਕੋਈ ਵਿਅਕਤੀ ਕਿਸੇ ਹੋਰ ਧਰਮ ਦੀ ਧਾਰਮਿਕ ਆਜ਼ਾਦੀ ਦੀ ਬਰਕਰਾਰੀ ਲਈ ਆਪਣੀ ਜਿੰਦ ਵੀ ਕੁਰਬਾਨ ਕਰ ਸਕਦੈ?

ਆਲੇ-ਦੁਆਲੇ ਝਾਤੀ ਮਾਰ ਕੇ ਦੇਖਣਾ ਕਿ ਕਿੰਨੇ ਕੁ ਲੋਕ ਨੇ ਜੋ ਸਮਾਜਿਕ ਤੇ ਧਾਰਮਿਕ ਬੇਇਨਸਾਫ਼ੀਆਂ ਦੇ ਸਾਹਮਣੇ ਹਿੱਕ ਡਾਹੁੰਦੇ। ਬਹੁਤੇ ਲੋਕ ਤਾਂ ਅਜੇਹੇ ਮੌਕਿਆਂ 'ਤੇ ਆਪਣੇ ਨਿੱਜੀ ਮੁਫ਼ਾਦ ਜਾਂ ਰਾਜਸੀ ਹਿੱਤਾਂ ਲਈ ਆਪਣੀ ਜ਼ਮੀਰ ਦਾ ਸੌਦਾ ਵੀ ਕਰ ਲੈਂਦੇ ਹਨ। ਗੁਰੂ ਜੀ ਦੀਆਂ ਸਿੱਖਿਆਵਾਂ ਤੋਂ ਸੇਧ ਲੈਣ ਦੀ ਬਜਾਏ ਅਸੀਂ ਤਾਂ ਸਗੋਂ ਕੁਰਾਹੇ ਪੈ ਚੁੱਕੇ ਹਾਂ।

**• ਅੰਤਰ-ਧਰਮ ਸਦਭਾਵਨਾ ਅਤੇ ਸਤਿਕਾਰ:**

ਗੁਰੂ ਤੇਗ਼ ਬਹਾਦਰ ਜੀ ਦਾ ਸਾਰੇ ਧਰਮਾਂ ਪ੍ਰਤੀ ਸਦਭਾਵਨਾ ਅਤੇ ਸਤਿਕਾਰ ਦਾ ਸਿਖਰ ਹੀ ਸੀ ਕਿ ਉਨ੍ਹਾਂ ਨੇ ਹਿੰਦੂ ਧਰਮ ਦੀ ਰਾਖੀ ਲਈ ਆਪਣੀ ਕੁਰਬਾਨੀ ਦਿੱਤੀ। ਗੁਰੂ ਜੀ ਦਾ ਮੰਨਣਾ ਸੀ ਕਿ ਧਰਮ ਨੂੰ ਮੰਨਣਾ, ਰਹੁਰੀਤਾਂ ਅਤੇ ਮਰਿਆਦਾਵਾਂ ਨੂੰ ਅਪਨਾਉਣਾ, ਹਰੇਕ ਦਾ ਨਿੱਜੀ ਹੱਕ ਹੈ। ਇਸ ਵਿਚ ਕਿਸੇ ਦੀ ਕੋਈ ਦਖ਼ਲ-ਅੰਦਾਜ਼ੀ ਨਹੀਂ ਹੋਣੀ ਚਾਹੀਦੀ ਅਤੇ ਹਰੇਕ ਧਰਮ ਦਾ ਸਤਿਕਾਰ ਕਰਨਾ ਚਾਹੀਦਾ ਹੈ, ਪਰ ਕੀ ਅਜੋਕੇ ਸਮਾਜਿਕ ਵਰਤਾਰੇ ਵਿਚ ਅਜੇਹਾ ਹੋ ਰਿਹਾ ਹੈ? ਧਾਰਮਿਕ ਸੰਕੀਰਨਤਾ ਅਤੇ ਕੱਟੜਤਾ ਨੇ ਸਾਨੂੰ ਨਿੱਕੇ-ਨਿੱਕੇ ਦਾਇਰਿਆਂ ਵਿਚ ਵੰਡ ਦਿਤਾ ਹੈ। ਅਸੀਂ ਵਸੀਹ ਹੋਣ ਦੀ ਬਜਾਏ ਸੁੰਘੜ ਗਏ ਹਾਂ ਅਤੇ ਇਹੀ ਸੁੰਘੜਨਾ ਸਾਨੂੰ ਅਸਹਿਣਸ਼ੀਲ ਅਤੇ ਤਰਕਹੀਣ ਬਣਾ ਰਿਹਾ ਹੈ। ਜਦ ਕਿਸੇ ਕੌਮ ਕੋਲੋਂ ਤਰਕ, ਦਲੀਲ ਅਤੇ ਸਹਿਚਾਰ ਗੁੰਮ ਹੋ ਜਾਵੇ ਤਾਂ ਅਜੇਹੀ ਕੌਮ ਦੀ ਗਰਕਣੀ ਨੂੰ ਕੋਈ ਨਹੀਂ ਰੋਕ ਸਕਦਾ? ਜਦ ਧਾਰਮਿਕ ਆਗੂ ਹੀ ਤੁਹਮਤਬਾਜ਼ੀ 'ਤੇ ਉਤਰ ਆਉਣ ਤਾਂ ਗੁਰੂ ਦੀਆਂ ਸਿੱਖਿਆਵਾਂ ਦੇ ਕੀ ਅਰਥ ਰਹਿ ਜਾਂਦੇ ਨੇ? ਅਸੀਂ ਕਿਸ ਤਰ੍ਹਾਂ ਦੇ ਸਿੱਖ ਹਾਂ? ਬਹੁਤ ਗੰਭੀਰ ਸਵਾਲ ਸਾਡੇ ਸਾਰਿਆਂ ਦੇ ਸਨਮੁੱਖ ਹੈ ਜਿਸਦਾ ਜਵਾਬ ਵੀ ਸਾਨੂੰ ਆਪਣੇ ਅੰਦਰੋਂ ਹੀ ਲੱਭਣਾ ਪਵੇਗਾ।

**ਮਾਨਸਿਕ ਸਕੂਨ ਅਤੇ ਅੰਤਰੀਵੀ ਸੁਖਨ**

ਗੁਰੂ ਤੇਗ਼ ਬਹਾਦਰ ਜੀ ਦੀਆਂ ਸਿੱਖਿਆਵਾਂ ਉਨ੍ਹਾਂ ਲੋਕਾਂ ਦਾ ਮਾਰਗ-ਦਰਸ਼ਨ ਕਰਦੀਆਂ ਹਨ ਜੋ ਭਟਕਣਾ ਨੂੰ ਤਿਆਗ, ਮਾਨਸਿਕ ਸ਼ਾਂਤੀ ਅਤੇ ਸੰਤੁਸ਼ਟਮਈ ਜੀਵਨ-ਜਾਚ ਦੇ ਢੂੰਡਾਊ ਹਨ। ਇਹ ਸਾਨੂੰ ਆਪਣੇ ਆਪ ਨਾਲ ਜੋੜਦੀਆਂ, ਆਪਣੇ ਅੰਦਰੋਂ ਹੀ ਸੁੱਖ ਅਤੇ ਸ਼ਾਂਤੀ ਨੂੰ ਪ੍ਰਾਪਤ ਕਰਨ ਦੀ ਤਰਕੀਬ ਦੱਸਦੀਆਂ ਹਨ। ਗੁਰੂ ਤੇਗ਼ ਬਹਾਦਰ ਜੀ ਦੇ ਆਦਿ-ਗ੍ਰੰਥ ਵਿਚ ਸ਼ਾਮਲ 59 ਸ਼ਬਦ ਅਤੇ ਸਲੋਕਾਂ ਨੂੰ ਪੜ੍ਹ, ਸਮਝ ਅਤੇ ਜੀਵਨ-ਜੁਗਤੀ ਦਾ ਹਿੱਸਾ ਬਣਾ ਕੇ ਅਸੀਂ ਆਪਣੇ ਜੀਵਨ ਨੂੰ ਸੁਖ਼ਨਮਈ, ਸਕੂਨਮਈ ਅਤੇ ਸਹਿਜਮਈ ਬਣਾ ਸਕਦੇ ਹਾਂ। ਗੁਰੂ ਜੀ ਬਾਣੀ ਵਿਚ ਫੁਰਮਾਉਂਦੇ ਹਨ:

"ਜੋ ਨਰ ਦੁਖ ਮੈ ਦੁਖ ਨਹੀ ਮਾਨੈ
ਸੁਖ ਸਨੇਹ ਅਰੁ ਭੈ ਨਹੀ ਜਾ ਕੇ ਕੰਚਨ ਮਾਟੀ ਮਾਨੈ। ਰਹਾਉ।
ਨਹ ਨਿੰਦਿਆ ਨਹ ਉਸਤਤਿ ਜਾ ਕੈ ਲੋਭੁ ਮੋਹੁ ਅਭਿਮਾਨਾ।
ਹਰਖ ਸੋਗ ਤੇ ਰਹੈ ਨਿਆਰਉ ਨਾਹਿ ਮਾਨ ਅਪਮਾਨਾ।
ਆਸਾ ਮਨਸਾ ਸਗਲ ਤਿਆਗੈ ਜਗ ਤੇ ਰਹੇ ਨਿਆਸਾ
ਕਾਮ ਕ੍ਰੋਧ ਜਿਹ ਪਰਸੈ ਨਾਹਨਿ ਤਿਹ ਘਟਿ ਬ੍ਰਹਮ ਨਿਵਾਸਾ।
ਜਾਂ
ਚਿੰਤਾ ਤਾ ਕੀ ਕੀਜੀਐ ਜੋ ਅਨਹੋਨੀ ਹੋਇ।
ਇਹ ਮਾਰਗੁ ਸੰਸਾਰ ਕੋ ਨਾਨਕ ਥਿਰ ਨਹੀ ਕੋਇ।

ਇਹ ਸ਼ਬਦ ਸੁੰਦਰ ਜੀਵਨ-ਸ਼ੈਲੀ ਦਾ ਸਾਰ ਹਨ। ਕੀ ਅਸੀਂ ਸ਼ਬਦ-ਜੋਤ ਨੂੰ ਸਿਰਫ਼ ਪੜ੍ਹਨ ਤੀਕ ਤਾਂ ਸੀਮਤ ਨਹੀਂ ਰਹੇ? ਕੀ ਕਦੇ ਅਸੀਂ ਇਸ ਸ਼ਬਦ-ਸੋਚ ਨੂੰ ਆਪਣੀ ਜੀਵਨ-ਜਾਚ ਦਾ ਹਿੱਸਾ ਬਣਾਇਆ ਹੈ? ਜ਼ਰਾ ਕੱਲੇ ਬਹਿ ਕੇ ਸੋਚਣਾ?

ਗੁਰੂ ਜੀ ਦੀ 1675 ਵਿਚ ਹੋਈ ਸ਼ਹਾਦਤ ਤੋਂ ਬਾਅਦ ਇਸ ਸ਼ਹਾਦਤ ਨੂੰ ਨਮਨ ਕਰਦਿਆਂ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਕਵੀ ਚੰਦਰ ਸੈਨ ਸੈਨਾਪਤੀ ਨੇ ਆਪਣੀ ਕਵਿਤਾ 'ਸ੍ਰੀ ਗੁਰ ਸੋਭਾ' ਵਿਚ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ ਬਾਰੇ ਲਿਖਿਆ ਸੀ;

"ਪ੍ਰਗਟ ਭਈ ਗੁਰ ਤੇਗ਼ ਬਹਾਦਰ ਸਗਲ ਸ੍ਰਿਸ਼ਟ ਪੈ ਧਾਪੀ ਚਾਦਰ"

ਯਾਨੀ ਗੁਰੂ ਤੇਗ਼ ਬਹਾਦਰ ਜੀ ਨੂੰ 'ਸ੍ਰਿਸ਼ਟੀ ਦੀ ਚਾਦਰ' ਕਹਿ ਕੇ ਉਚਤਮ ਮਾਣ ਬਖ਼ਸ਼ਿਆ ਸੀ। ਗੁਰੂ ਤੇਗ਼ ਬਹਾਦਰ ਜੀ ਦੀਆਂ ਸਿਖਿਆਵਾਂ ਅਤੇ ਸ਼ਹਾਦਤ ਸਮੁੱਚੀ ਲੋਕਾਈ ਲਈ ਹਨ। ਉਨ੍ਹਾਂ ਨੇ ਹਰ ਮਨੁੱਖ ਦੇ ਅਧਿਕਾਰਾਂ ਦੀ ਰਾਖੀ ਲਈ ਸ਼ਹਾਦਤ ਦਿੱਤੀ। ਉਹ ਸਮੁੱਚੀ ਮਾਨਵਤਾ ਦੇ ਰਹਿਬਰ ਹਨ ਅਤੇ ਦੁਨੀਆਂ ਦਾ ਹਰ ਮਨੁੱਖ ਉਨ੍ਹਾਂ ਦੀ ਸੋਚ ਅਤੇ ਸੰਵੇਦਨਾ ਵਿਚ ਸਮਾਇਆ ਹੋਇਆ ਹੈ।

ਫਿਰ ਅਸੀਂ ਗੁਰੂ ਤੇਗ਼ ਬਹਾਦਰ ਜੀ ਨੂੰ 'ਧਰਮ ਦੀ ਚਾਦਰ' ਕਹਿ, ਸਿਰਫ਼ ਇਕ ਧਰਮ ਤੀਕ ਹੀ ਸੀਮਤ ਕਰ ਦਿਤਾ ਜਦ ਕਿ ਉਨ੍ਹਾਂ ਦੀ ਸ਼ਹਾਦਤ ਸੰਸਾਰ ਦੇ ਸਾਰੇ ਧਰਮਾਂ ਲਈ ਸੀ ਕਿ ਹਰੇਕ ਨੂੰ ਆਪਣੀ ਇੱਛਾ ਅਨੁਸਾਰ ਧਰਮ ਅਪਨਾਉਣ ਦੀ ਆਜ਼ਾਦੀ ਹੋਣੀ ਚਾਹੀਦੀ ਹੈ। ਹੁਣ ਤਾਂ ਗੁਰੂ ਜੀ ਦੀ ਸ਼ਹਾਦਤ ਨੂੰ ਸਿਰਫ਼ ਇਕ ਖਿੱਤੇ ਤੀਕ ਸੀਮਤ ਕਰਦਿਆਂ 'ਹਿੰਦ ਦੀ ਚਾਦਰ' ਕਹਿਣ ਲੱਗ ਪਏ ਹਾਂ। ਬਹੁਤ ਫਰਕ ਹੈ, 'ਸ੍ਰਿਸ਼ਟੀ ਦੀ ਚਾਦਰ', 'ਧਰਮ ਦੀ ਚਾਦਰ' ਅਤੇ 'ਹਿੰਦ ਦੀ ਚਾਦਰ' ਵਿਚ। ਜਾਂ ਤਾਂ ਅਸੀਂ ਹੀ ਭੋਲੇ ਹਾਂ ਜਾਂ ਗੁਰੂ ਨੂੰ 'ਸ੍ਰਿਸ਼ਟੀ ਦੀ ਚਾਦਰ' ਤੋਂ 'ਧਰਮ ਦੀ ਚਾਦਰ' ਅਤੇ ਫਿਰ 'ਹਿੰਦ ਦੀ ਚਾਦਰ' ਕਹਿਣ ਵਾਲੇ ਬਹੁਤ ਚਲਾਕ ਹਨ। ਉਹ ਗੁਰੂ ਜੀ ਦੀ ਅਦੁੱਤੀ ਸ਼ਹਾਦਤ ਨੂੰ ਨੀਵਾਂ ਦਿਖਾਉਣ ਲਈ ਇਹ ਸਭ ਕੁਝ ਕਰਦੇ ਰਹੇ ਅਤੇ ਅਸੀਂ ਸਮਝ ਹੀ ਨਾ ਸਕੇ। ਇਹ ਕੌਣ ਕਰ ਰਿਹਾ ਹੈ? ਕਿਹੜੇ ਲੋਕ ਨੇ ਜੋ ਮਹਾਨ ਕੁਰਬਾਨੀ ਨੂੰ ਸੀਮਤ ਕਰ ਕੇ, ਇਸ ਕੁਰਬਾਨੀ ਦਾ ਸੰਦੇਸ਼ ਸਮੁੱਚੀ ਲੋਕਾਈ ਤੀਕ ਪਹੁੰਚਾਣ ਤੋਂ ਰੋਕਣ ਲਈ ਅਸਿੱਧੇ ਰੂਪ ਵਿਚ ਕੋਸ਼ਿਸ਼ ਕਰ ਰਹੇ ਹਨ? ਸਾਨੂੰ ਇਹ ਤਾਂ ਸਮਝਣਾ ਹੀ ਪਵੇਗਾ।

ਦਰਅਸਲ ਕੁਝ ਕੁ ਲੋਕਾਂ ਦੀ ਸੰਕੀਰਨਤਾ ਹੁੰਦੀ ਕਿ ਉਹ ਕਿਸੇ ਮਹਾਨ ਵਿਅਕਤੀ ਦੀ ਵਡਿਆਈ ਨੂੰ ਸੀਮਤ ਕਰ ਕੇ ਆਪਣੀ ਹਉਮੈਂ ਨੂੰ ਪੱਠੇ ਪਾਉਂਦੇ। ਅੰਗਰੇਜ਼ ਫ਼ਿਲਾਸਫ਼ਰ ਵਿਲਸਨ ਸਭਿਆਚਾਰਕ ਪ੍ਰਤੀਕਾਂ ਨੂੰ ਰਾਜਸੀ ਅਤੇ ਸਵਾਰਥੀ ਹਿੱਤਾਂ ਲਈ ਵਰਤਣ ਪ੍ਰਤੀ ਸੁਚੇਤ ਕਰਦਿਆਂ ਕਹਿੰਦਾ ਹੈ, "ਦੂਜਿਆਂ ਦੇ ਕੀਤੇ ਅਤਿਆਚਾਰਾਂ ਤੋਂ ਲਾਭ ਉਠਾਉਣਾ ਅਤੇ ਰਾਜਨੀਤਕ ਲੋਭ ਲਈ ਹੋਰ ਸਭਿਆਚਾਰਾਂ ਦਾ ਸ਼ੋਸ਼ਣ ਕਰਨਾ, ਸਮਾਨਤਾ ਅਤੇ ਮੁਕਤੀ ਲਈ ਕੀਤੇ ਜਾਣ ਵਾਲੇ ਲੋਕ-ਸੰਘਰਸ਼ਾਂ ਨੂੰ ਕਮਜ਼ੋਰ ਕਰਦਾ ਹੈ।"

ਕੀ ਗੁਰੂ ਤੇਗ਼ ਬਹਾਰਦਰ ਜੀ ਦੀ ਸ਼ਹਾਦਤ ਨੂੰ ਕਿਸੇ ਖ਼ਾਸ ਧਰਮ ਅਤੇ ਖਿੱਤੇ ਤੀਕ ਸੀਮਤ ਕਰ ਕੇ, ਕੋਈ ਧਿਰ ਆਪਣੇ ਮੁਫ਼ਾਦ ਦੀ ਪੂਰਤੀ ਤਾਂ ਨਹੀਂ ਕਰ ਰਹੀ? ਕੀ ਗੁਰੂ ਜੀ ਦੀ ਲਾਸਾਨੀ ਸ਼ਹਾਦਤ ਨੂੰ ਨਿੱਜੀ ਹਿੱਤਾਂ ਲਈ ਵਰਤਣਾ ਕਿਸੇ ਨੂੰ ਸ਼ੋਭਾ ਦਿੰਦਾ ਹੈ? ਇਸ ਪ੍ਰਤੀ ਤਾਂ ਸਾਨੂੰ ਹੀ ਫ਼ਿਕਰਮੰਦ ਅਤੇ ਸਾਵਧਾਨ ਹੋਣ ਦੀ ਲੋੜ ਹੈ। ਸ਼ਹਾਦਤਾਂ ਦੇ ਮਾਣਮੱਤੇ ਇਤਿਹਾਸ ਨੂੰ ਦੁਨੀਆਂ ਸਾਹਵੇਂ ਰੱਖੀਏ ਤਾਂ ਕਿ ਸਮੁੱਚੀ ਲੋਕਾਈ ਇਹ ਜਾਣ ਸਕੇ ਕਿ ਸਿੱਖ ਧਰਮ ਕਿਹੋ ਜਹੀਆਂ ਕੁਰਬਾਨੀਆਂ ਦਾ ਮੁਜੱਸਮਾ ਹੈ ਜਿਸ ਤੋਂ ਜ਼ਿਆਦਾਤਰ ਲੋਕ ਅਣਜਾਣ ਹਨ।

ਯਾਦ ਰੱਖਣਾ! ਆਪਣੀ ਗੌਰਵਮਈ ਵਿਰਾਸਤ ਨੂੰ ਭੁੱਲਣ ਵਾਲੀਆਂ ਕੌਮਾਂ ਬਹੁਤ ਜਲਦੀ ਇਤਿਹਾਸ ਦੇ ਵਰਕਿਆਂ ਤੋਂ ਮਿਟ ਜਾਂਦੀਆਂ ਹਨ ਜਦ ਕਿ ਆਪਣੇ ਵਿਰਸੇ ਨਾਲ ਜੁੜਨ ਅਤੇ ਇਸਦੀ ਮਾਣ ਮਰਿਆਦਾ ਨੂੰ ਹਰ ਦਮ ਅੱਗੇ ਤੋਰਨ ਵਾਲੀਆਂ ਕੌਮਾਂ ਹਰ ਯੁੱਗ ਦਾ ਮਾਣ ਹੁੰਦੀਆਂ ਹਨ।

ਸਾਡਾ ਭਵਿੱਖ ਬਹੁਤ ਰੌਸ਼ਨ ਹੋਵੇਗਾ ਜਦ ਅਸੀਂ ਗੁਰੂ ਜੀ ਦੀ ਸ਼ਹਾਦਤ ਨੂੰ ਨਤਮਸਤਕ ਹੁੰਦਿਆਂ, ਉਨ੍ਹਾਂ ਦੀਆਂ ਸਿੱਖਿਆਵਾਂ ਨੂੰ ਸੁਚਾਰੂ ਰੂਪ ਵਿਚ ਪ੍ਰਚਾਰਾਂਗੇ। ਇਸ ਨਾਲ ਅਸੀਂ ਮਾਣਮੱਤੀ ਵਿਰਾਸਤ ਨੂੰ ਜਿਉਂਦਾ ਰੱਖਣ ਅਤੇ ਆਪਣੀਆਂ ਜੜ੍ਹਾਂ ਨਾਲ ਜੁੜੇ ਰਹਿਣ ਦਾ ਅਹਿਦ ਵੀ ਪੂਰਾ ਕਰਾਂਗੇ।

'ਕੇਰਾਂ ਜ਼ਰੂਰ ਸੋਚਣਾ ਕਿ ਅਸੀਂ ਕਿਥੇ ਖੜ੍ਹੇ ਹਾਂ?

---

## ਸੁੱਖ-ਸ਼ਾਂਤੀ

ਨਿੱਕੀ ਮੋਟੀ ਹੋਵੇ ਜੇ ਕੋਈ ਗੱਲ ਸੱਜਣੋਂ
ਕੱਢ ਲਿਉ ਇਕੱਠੇ ਬਹਿ ਕੇ ਹੱਲ ਸੱਜਣੋਂ
ਆਂਢ ਤੇ ਗੁਆਂਢ ਵਾਲੇ ਰਿਸ਼ਤੇ ਨਿਭਾਓ
ਐਵੇਂ ਕਰੋ ਨਾ ਅਵਾਮ ਨੂੰ ਵੀ ਤੰਗ ਮਿੱਤਰੋ
ਵਾਸਤਾ ਖ਼ੁਦਾ ਦਾ ਦੋਹਾਂ ਮੁਲਕਾਂ ਨੂੰ ਮੇਰਾ
ਕਦੇ ਭੁੱਲ ਕੇ ਵੀ ਕਰਿਓ ਨਾ ਜੰਗ ਮਿੱਤਰੋ।

ਜੰਗਾਂ ਲੜ ਲੜ ਅਸਾਂ ਕੀ ਖੱਟਿਆ
ਇਕਾਨੋਮੀ ਦਾ ਬੂਟਾ ਗਿਆ ਜੜੋਂ ਪੁੱਟਿਆ
ਯੂਰਪ ਦੇ ਪੌਂਡਾਂ ਨਾਲੋਂ ਵੱਡਾ ਸੀ ਰੁਪਈਆ
ਕੀਤੀ ਕਦੇ ਵੀ ਨਾ ਡਾਲਰਾਂ ਦੀ ਮੰਗ ਮਿੱਤਰੋ
ਵਾਸਤਾ ਖ਼ੁਦਾ ਦਾ ਦੋਹਾਂ ਮੁਲਕਾਂ ਨੂੰ ਮੇਰਾ
ਕਦੇ ਭੁੱਲ ਕੇ ਵੀ ਕਰਿਓ ਨਾ ਜੰਗ ਮਿੱਤਰੋ

ਦੋਹਾਂ ਕੋ਼ਲ ਬੜੇ ਈ ਜ਼ਹਿਰੀਲੇ ਹਥਿਆਰ ਜੀ
ਇਕ ਪਲ ਵਿਚ ਦਿੰਦੇ ਸਭ ਕੁੱਝ ਮਾਰ ਜੀ
ਸੋਚਿਆ ਨਾ ਆਪਾਂ ਇਕ ਦੂਜੇ ਲਈ ਜੇ ਚੰਗਾ
ਲੋਕਾਂ ਅੱਗੇ ਜਾਣਾ ਸਾਥੋਂ ਲੰਘ ਮਿੱਤਰੋ
ਵਾਸਤਾ ਖ਼ੁਦਾ ਦਾ ਦੋਹਾਂ ਮੁਲਕਾਂ ਨੂੰ ਮੇਰਾ
ਕਦੇ ਭੁੱਲ ਕੇ ਵੀ ਕਰਿਓ ਨਾ ਜੰਗ ਮਿੱਤਰੋ।

ਮੁਗ਼ਲਾਂ, ਪਠਾਣਾਂ ਜਦੋਂ ਮੱਲਾਂ ਮਾਰੀਆਂ
ਆਪਣੇ ਵਡੇਰਿਆਂ ਸੀ ਜਾਨਾਂ ਵਾਰੀਆਂ
ਦੇਸ਼ ਤੇ ਆਜ਼ਾਦ ਸਾਡਾ ਹੋ ਗਿਆ ਏ ਭਾਵੇਂ
ਸਾਨੂੰ ਜੀਣ ਦਾ ਨਾ ਆਇਆ ਅਜੇ ਢੰਗ ਮਿੱਤਰੋ
ਵਾਸਤਾ ਖ਼ੁਦਾ ਦਾ ਦੋਹਾਂ ਮੁਲਕਾਂ ਨੂੰ ਮੇਰਾ
ਕਦੇ ਭੁੱਲ ਕੇ ਵੀ ਕਰਿਓ ਨਾ ਜੰਗ ਮਿੱਤਰੋ।

ਜੇ ਤੁਸੀ ਚਾਹੁੰਦੇ ਓ ਤਬਾਹੀ ਕੋਲੋਂ ਬਚਣਾ
ਲੋਕਾਂ ਦੀਆਂ ਉਂਗਲਾਂ ਤੇ ਛੱਡ ਦਿਓ ਨੱਚਣਾ
ਸੁਲਹਾ ਤੇ ਸਫ਼ਾਈ ਨਾ਼ਲ ਜ਼ਿੰਦਗੀ ਗੁਜ਼ਾਰੋ
ਵੇਖੋ ਲਗਦੇ ਤਰੱਕੀਆਂ ਨੂੰ ਰੰਗ ਮਿੱਤਰੋ
ਵਾਸਤਾ ਖ਼ੁਦਾ ਦਾ ਦੋਹਾਂ ਮੁਲਕਾਂ ਨੂੰ ਮੇਰਾ
ਕਦੇ ਭੁੱਲ ਕੇ ਵੀ ਕਰਿਓ ਨਾ ਜੰਗ ਮਿੱਤਰੋ

ਅੱਲ੍ਹਾ, ਭਗਵਾਨ, ਵਾਹਿਗੁਰੂ ਇਕ ਏ
ਸਾਡੇ ਦਿਲਾਂ ਵਿਚ ਕਿਉਂ ਪਈ ਫਿੱਕ ਏ
ਸਦਾ ਈ 'ਮੁਸਾਫ਼ਿਰਾ' ਨਈਂ ਰਾਜ ਕਿਸੇ ਦਾ
ਨਿਭਦੇ ਹਮੇਸ਼ਾ ਨਈਂ ਜੇ ਸੰਗ ਮਿੱਤਰੋ
ਵਾਸਤਾ ਖ਼ੁਦਾ ਦਾ ਦੋਹਾਂ ਮੁਲਕਾਂ ਨੂੰ ਮੇਰਾ
ਕਦੇ ਭੁੱਲ ਕੇ ਵੀ ਕਰਿਓ ਨਾ ਜੰਗ ਮਿੱਤਰੋ।

ਪ੍ਰੋਫ਼ੈਸਰ ਅਮਾਨਤ ਅਲੀ ਮੁਸਾਫ਼ਿਰ ਲਾਹੌਰ
ਫੋਨ: 00923004-969513

---

## ਸਤਿਗੁਰ ਪਿਆਰਾ ਮੇਰੇ ਨਾਲ ਹੈ!

ਦੁੱਖਾਂ-ਚਿੰਤਾਵਾਂ ਵਿੱਚੋਂ ਕੱਢ ਕੇ, ਖੜ੍ਹਦਾ ਮੇਰੇ ਨਾਲ ਹੈ।
ਮੱਧ-ਪੂਰਬ ਦੇ, ਮੂਰਖਾਂ ਦੀ ਲੜਾਈ ਵਿਚੋਂ,
ਬਚਾਵੇ ਮਜਬੂਰਾਂ ਨੂੰ, ਕਿਆ ਕਮਾਲ ਹੈ?
ਮੂਰਖ ਮਦਾਰੀ ਬੈਠਾ, ਵਿਚ ਅਮਰੀਕਾ ਦੇ,
ਐਟਮੀ-ਪਰਮਾਣੂ ਬੰਬਾਂ ਦੀ, ਚੱਲਦਾ ਚਾਲ ਹੈ।
ਡੂੰਘੇ ਸਮੁੰਦਰਾਂ ਵਿਚੋਂ, ਡੁੱਬਣ ਤੋਂ ਬਚਾਵੇ,
ਹਰ ਥਾਂ ਉਸ ਦੀ ਮੌਜੂਦਗੀ, ਵੀ ਬੇਮਿਸਾਲ ਹੈ।
ਮੌਤ ਵੀ ਕਈ ਵਾਰ, ਮੋੜਾ ਕੱਟ ਗਈ ਕੋਲੋਂ ਕੋਲੋਂ,
ਨਿਮਾਣੇ ਨੂੰ ਬਖਸ਼ ਕੇ, ਖੜ੍ਹਿਆ ਸਦਾ ਨਾਲ ਹੈ।
ਸਤਿਗੁਰ ਪਿਆਰਾ ਮੇਰੇ ਨਾਲ ਹੈ...........!
ਨਿਸ਼ਚਿੰਤ ਰਹੋ, ਗੁਣਗਾਨ ਕਰੋ ਪ੍ਰਭੂ ਦਾ,
ਸਾਹਾਂ ਦੀ ਪੂੰਜੀ, ਪੂਰੀ ਹੋਣ 'ਤੇ, ਕਰਦਾ ਨਿਢਾਲ ਹੈ।
ਮਹਾਰਿਸ਼ੀਆਂ, ਮਹਾਂਪੁਰਖਾਂ ਦੇ ਲੜ ਲਾਉਂਦਾ,
ਬੰਦਾ ਭਟਕ ਜਾਵੇ, ਕੀ ਮਜਾਲ ਹੈ।
ਹਮਸਫਰ ਵੀ ਸਾਥ ਦੇਵੇ, ਖੁਸ਼ੀਆਂ-ਖੇੜਿਆਂ ਚ,
ਲੰਘਦਾ ਸਾਲ-ਦਰ-ਸਾਲ ਹੈ।
ਮੈਂ-ਮੇਰੀ ਖਤਮ ਹੋ ਜਾਵੇ,
ਜਦੋਂ ਉਹ ਹੁੰਦਾ ਨਿਹਾਲ ਹੈ।
ਜੀਵਨ-ਸਾਥਣ ਨਾਲ, ਸਮਝ ਬਣਾਉਣ ਦੀ ਸੋਝੀ ਬਖ਼ਸ਼ੇ,
ਕਬੀਲਦਾਰੀ ਚਲਾਉਣ ਦੀ ਢਾਲ ਹੈ।
ਫੁੱਲਾਂ ਨਾਲ ਕੰਡਿਆਂ ਦੀ, ਕੰਧ ਬਣਾ ਕੇ,
ਸੁਰੱਖਿਆ ਵਧਾ ਕੇ, ਕਰਦਾ ਉਨ੍ਹਾਂ ਦੀ ਸੰਭਾਲ ਹੈ।
ਧੱਕੇਸ਼ਾਹੀ ਜਾਂ ਵਧੀਕੀ ਜਦੋਂ ਹੁੰਦੀ,
ਕਰਦਾ ਉਸ ਅੱਗੇ ਫਰਿਆਦ ਹੈ।
ਬੰਦੇ ਨੂੰ ਭੁਲੇਖਾ ਰਹਿੰਦਾ, ਰੱਬ ਕੁਝ ਨ੍ਹੀਂ ਕਰਦਾ,
ਮੁਸੀਬਤਾਂ 'ਚ ਫਸੇ ਨੂੰ, ਆਉਂਦਾ ਯਾਦ ਹੈ।
ਸਤਿਗੁਰ ਪਿਆਰਾ ਤੇਰੇ ਨਾਲ ਹੈ...!

***-ਅਮਰਜੀਤ ਸਿੰਘ ਤੂਰ***

# ਏਕਤਾ ਕਪੂਰ ਦੇ ਟੀ.ਵੀ. ਸ਼ੋਅ 'ਚੋਂ ਸ਼ਿਵਾਂਗੀ ਜੋਸ਼ੀ ਬਾਹਰ



ਟੀ.ਵੀ. ਸ਼ੋਅ 'ਯੇ ਰਿਸ਼ਤਾ ਕਿਆ ਕਹਿਲਾਤਾ ਹੈ' ਵਿਚ ਨਾਇਰਾ ਦੇ ਕਿਰਦਾਰ ਨਾਲ ਦਰਸ਼ਕਾਂ ਦਾ ਦਿਲ ਜਿੱਤਣ ਵਾਲੀ ਅਦਾਕਾਰਾ ਸ਼ਿਵਾਂਗੀ ਜੋਸ਼ੀ ਟੀ.ਵੀ. ਦੀਆਂ ਸਫਲ ਮਹਿਲਾ ਅਦਾਕਾਰਾਂ ਦੀ ਸੂਚੀ ਵਿਚ ਸ਼ੁਮਾਰ ਹੈ। ਸਾਲ 2018 ਵਿਚ ਸ਼ਿਵਾਂਗੀ ਜੋਸ਼ੀ ਨੂੰ ਇੰਗਲੈਂਡ ਦੇ ਸਮਾਚਾਰ ਪੱਤਰ ਨੇ 50 ਸਭ ਤੋਂ ਆਕਰਸ਼ਕ ਏਸ਼ਿਆਈ ਔਰਤਾਂ ਦੀ ਸੂਚੀ ਵਿਚ, 5ਵੇਂ ਸਾਲ 2019 ਵਿਚ 7ਵੇਂ ਅਤੇ ਸਾਲ 2020 ਵਿਚ 26ਵੇਂ ਸਥਾਨ 'ਤੇ ਥਾਂ ਦੇ ਕੇ ਉਸ ਦਾ ਮਾਣ ਵਧਾਇਆ ਸੀ। ਉਸ ਤੋਂ ਬਾਅਦ ਇਸੇ ਸਮਾਚਾਰ ਪੱਤਰ ਨੇ ਸਾਲ 2020 ਵਿਚ 30 ਗਲੋਬਲ ਏਸ਼ਿਆਈ ਸਟਾਰਾਂ ਦੀ ਸੂਚੀ ਵਿਚ ਸ਼ਿਵਾਂਗੀ ਨੂੰ 11ਵਾਂ ਸਥਾਨ ਦਿੱਤਾ ਸੀ।

2019 ਵਿਚ ਟਾਈਮਜ਼ ਆਫ਼ ਇੰਡੀਆ ਦੀ ਭਾਰਤੀ ਟੈਲੀਵਿਜ਼ਨ ਦੀ 20 ਸਭ ਤੋਂ ਪਸੰਦੀਦਾ ਔਰਤਾਂ ਦੀ ਸੂਚੀ ਵਿਚ ਸ਼ਿਵਾਂਗੀ ਨੂੰ 7ਵੇਂ ਅਤੇ 2020 ਵਿਚ 9ਵੇਂ ਸਥਾਨ 'ਤੇ ਥਾਂ



ਦਿੱਤੀ। ਪਿਛਲੀ ਵਾਰ ਸ਼ਿਵਾਂਗੀ ਜੋਸ਼ੀ ਨੂੰ ਏਕਤਾ ਕਪੂਰ ਦੇ ਪ੍ਰੋਡਕਸ਼ਨ ਹਾਊਸ ਵਲੋਂ ਬਣਾਏ ਸ਼ੋਅ 'ਬਰਸਾਤ' ਵਿਚ ਦੇਖਿਆ ਗਿਆ ਸੀ। ਇਸ ਸ਼ੋਅ ਵਿਚ ਕੁਸ਼ਲ ਟੰਡਨ ਮੁੱਖ ਭੂਮਿਕਾ ਵਿਚ ਸੀ। ਕੁਸ਼ਲ ਅਤੇ ਸ਼ਿਵਾਂਗੀ ਦੀ ਰੋਮਾਂਟਿਕ ਜੋੜੀ ਨੂੰ ਦਰਸ਼ਕਾਂ ਨੇ ਬਹੁਤ ਪਸੰਦ ਕੀਤਾ ਸੀ। ਉਸ ਦੌਰਾਨ ਖ਼ਬਰਾਂ ਆਉਣ ਲੱਗੀਆਂ ਸਨ ਕਿ ਅਸਲ ਜ਼ਿੰਦਗੀ ਵਿਚ ਦੋਵੇਂ ਇਕ-ਦੂਜੇ ਨੂੰ ਡੇਟ ਕਰ ਰਹੇ ਹਨ। ਸ਼ਿਵਾਂਗੀ ਜੋਸ਼ੀ ਸੋਨੀ ਟੀ.ਵੀ. 'ਤੇ ਪ੍ਰਸਾਰਿਤ ਹੋਣ ਵਾਲੇ ਏਕਤਾ ਕਪੂਰ ਦੇ ਆਉਣ ਵਾਲੇ ਰੋਮਾਂਟਿਕ ਸ਼ੋਅ ਵਿਚ ਹਰਸ਼ਦ ਚੋਪੜਾ ਨਾਲ ਨਜ਼ਰ ਆਉਣ ਵਾਲੀ ਸੀ ਪਰ ਹੁਣ ਉਸ ਦੇ ਬਦਲ ਜਾਣ ਦੀਆਂ ਖ਼ਬਰਾਂ ਆ ਰਹੀਆਂ ਹਨ।

ਰਿਪੋਰਟ ਅਨੁਸਾਰ ਏਕਤਾ ਕਪੂਰ ਦਾ ਪ੍ਰੋਡਕਸ਼ਨ ਹਾਊਸ ਸ਼ਿਵਾਂਗੀ ਤੋਂ ਫਾਲੋਅਪ ਨਹੀਂ ਲੈ ਪਾ ਰਿਹਾ ਸੀ, ਇਸੇ ਕਾਰਨ ਸ਼ਿਵਾਂਗੀ ਨੂੰ ਸ਼ੋਅ ਤੋਂ ਬਾਹਰ ਕਰਦੇ ਹੋਏ ਉਸ ਦੀ ਛੁੱਟੀ ਕੀਤੀ ਜਾ ਚੁੱਕੀ ਹੈ। ਇਸ ਦੇ ਨਾਲ ਅਦਾਕਾਰਾ ਪ੍ਰਨਾਲੀ ਰਾਠੌਰ ਨੂੰ ਸ਼ਿਵਾਂਗੀ ਜੋਸ਼ੀ ਦੀ ਥਾਂ ਇਸ ਭੂਮਿਕਾ ਲਈ ਲੈਣ ਦੀਆਂ ਖ਼ਬਰਾਂ ਸਾਹਮਣੇ ਆ ਰਹੀਆਂ ਹਨ। ਅਦਾਕਾਰਾ ਪ੍ਰਨਾਲੀ ਰਾਠੌਰ, ਹਰਸ਼ਦ ਚੋਪੜਾ ਦੇ ਨਾਲ ਟੀ.ਵੀ. ਸ਼ੋਅ 'ਜੇ ਰਿਸ਼ਤਾ ਕਿਆ ਕਹਿਲਾਤਾ ਹੈ' ਵਿਚ ਕੰਮ ਕਰ ਚੁੱਕੀ ਹੈ। ਦੋਵਾਂ ਦੀ ਜੋੜੀ ਨੂੰ ਦਰਸ਼ਕਾਂ ਨੇ ਬਹੁਤ ਪਸੰਦ ਕੀਤਾ ਸੀ। ਵਰਣਨਯੋਗ ਹੈ ਕਿ ਸ਼ੋਅ ਵਿਚ ਪ੍ਰਨਾਲੀ ਚਾਠੌਰ, ਸ਼ਿਵਾਂਗੀ ਜੋਸ਼ੀ ਦੀ ਬੇਟੀ ਦੀ ਭੂਮਿਕਾ ਵਿਚ ਸੀ।

**ਕਲਾ ਪਰਿਕਰਮਾ**

# ਤੂਫ਼ਾਨ ਲਿਆਉਣ ਦੀ ਤਿਆਰੀ ਵਿਚ ਹੈ ਲਿਸਾ ਮਿਸ਼ਰਾ



ਆਪਣੀ ਸੁਰੀਲੀ ਆਵਾਜ਼ ਨਾਲ ਸੰਗੀਤ ਪ੍ਰੇਮੀਆਂ ਦੇ ਦਿਲਾਂ 'ਤੇ ਰਾਜ ਕਰਨ ਬਾਅਦ 'ਇੰਡੋ- ਅਮਰੀਕੀ ਗਾਇਕਾ ਲਿਸਾ ਮਿਸ਼ਰਾ ਕਰਨ ਜੌਹਰ ਦੀ ਧਰਮਾ ਪ੍ਰੋਡਕਸ਼ਨ ਦੀ ਵੈੱਬ ਸੀਰੀਜ਼ 'ਕਾਲ ਮੀ ਬੇ' (2024) ਵਿਚ ਅਨੰਨਿਆ ਪਾਂਡੇ ਦੇ ਨਾਲ ਇਕ ਅਦਾਕਾਰਾ ਦੇ ਰੂਪ ਵਿਚ ਆਪਣੇ ਕਰੀਅਰ ਦੀ ਨਵੀਂ ਪਾਰੀ ਸ਼ੁਰੂ ਕਰ ਚੁੱਕੀ ਹੈ । ਹੁਣ ਲਿਸਾ ਮਿਸ਼ਰਾ ਨੇ ਇਕ ਹੋਰ ਸੀਰੀਜ਼ 'ਦ ਰਾਇਲਜ਼' ਵਿਚ ਅਦਾਕਾਰਾ ਜ਼ੀਨਤ ਅਮਾਨ ਦੇ ਨਾਲ ਸਕਰੀਨ ਸਾਂਝੀ ਕਰਦੇ ਹੋਏ ਓ.ਟੀ.ਟੀ. ਦੀ ਦੁਨੀਆ ਵਿਚ ਤੂਫ਼ਾਨ ਲਿਆਉਣ ਦੀ ਤਿਆਰੀ ਕਰ ਲਈ ਹੈ। ਇਕ ਉੱਚ ਵਰਗ ਸਮਾਜ ਦੇ ਅੰਦਰ ਸਮ੍ਰਿਧੀ, ਸਾਜਿਸ਼ ਅਤੇ ਸ਼ਕਤੀ ਸੰਘਰਸ਼ ਦੀ ਪੜਤਾਲ ਕਰਦੀ ਇਸ ਵੈੱਬ ਸੀਰੀਜ਼ ਵਿਚ ਈਸ਼ਾਨ ਖੋਟਰ, ਭੂਮੀ ਪੇਡਨੇਕਰ ਅਤੇ ਜ਼ੀਨਤ ਅਮਾਨ ਵਰਗੇ ਕਈ ਕਲਾਕਾਰ ਹਨ।

ਓਡੀਸ਼ਾ ਦੇ ਬੇਰਹਾਮਪੁਰ ਵਿਚ ਪੈਦਾ ਹੋਈ ਲਿਸਾ ਮਿਸ਼ਰਾ ਸ਼ਿਕਾਗੋ, ਅਮਰੀਕਾ ਵਿਚ ਪਲੀ ਹੈ। ਉਸ ਦੇ ਪਿਤਾ ਸ਼ਿਲ ਕੇ. ਮਿਸ਼ਰਾ, ਭਾਰਤੀ ਸਟੇਟ ਬੈਂਕ ਦੇ ਅਧਿਕਾਰੀ ਰਹੇ ਹਨ। ਲਿਸਾ ਨੇ ਚਾਰ ਸਾਲ ਦੀ ਉਮਰ ਵਿਚ ਘਰ 'ਚ ਸੰਗੀਤ ਸਿੱਖਣਾ ਸ਼ੁਰੂ ਕੀਤਾ ਸੀ । 2007 ਵਿਚ, 13 ਸਾਲ ਦੀ ਉਮਰ ਵਿਚ ਲਿਸਾ ਨੇ ਆਪਣਾ ਯੂ-ਟਿਊਬ ਚੈਨਲ ਸ਼ੁਰੂ ਕੀਤਾ ਸੀ, ਜਿਥੇ . ਉਸ ਨੇ ਗਾਣੇ ਦੇ ਕਵਰ ਅਪਲੋਡ ਕੀਤੇ। 2018 ਵਿਚ ਲਿਸਾ ਨੇ ਇੰਸਟਾਗ੍ਰਾਮ 'ਤੇ 'ਤਾਰੀਫਾਂ' (ਵੀਰੇ ਦੀ ਵੈਡਿੰਗ) ਅਤੇ 'ਲੈੱਟ ਮੀ. ਲਵ ਯੂ' ਦਾ ਮੈਸ਼ਅਪ ਅਪਲੋਡ ਕੀਤਾ, ਜਿਸ ਨੂੰ ਸੋਨਮ ਕਪੂਰ ਅਤੇ ਰੀਆ ਕਪੂਰ ਨੇ ਦੇਖਿਆ। ਇਸ ਤੋਂ ਬਾਅਦ ਉਸ ਨੂੰ 'ਵੀਰੇ ਦੀ ਵੈਡਿੰਗ' ਲਈ 'ਤਾਰੀਫ਼ਾ' ਦੇ ਰੀਪ੍ਰਾਈਜ਼ ਵਰਜਨ ਨੂੰ ਰਿਕਾਰਡ ਕਰਨ ਅਤੇ ਸ਼ੂਟ ਕਰਨ ਦਾ ਮੌਕਾ ਮਿਲਿਆ ਤੇ ਇਹ ਗਾਣਾ ਉਸ ਦੀ ਪਛਾਣ ਬਣਿਆ। ਉਸ ਦੇ ਹੋਰ ਪ੍ਰਸਿੱਧ ਗਾਣਿਆਂ ਵਿਚ 'ਜਜਮੈਂਟਲ ਹੈ ਕਿਆ', 2019 ਦਾ 'ਦ ਵਖਰਾ ਸਾਂਗ', 'ਦ ਸਕਾਈ ਇਜ ਪਿੰਕ' 2019 ਦਾ 'ਨਾਦਾਨੀਆਂ', 'ਗੁਡ ਨਿਊਜ਼', 2019 ਦਾ 'ਚੰਡੀਗੜ੍ਹ ਮੇਂ' ਸ਼ਾਮਿਲ ਹਨ। ਅਕਾਸ਼ ਦੇ ਨਾਲ 2022 ਵਿਚ 'ਬੈਲੇਂਸੀਆਗਾ' ਬਾਦਸ਼ਾਹ ਦੇ ਨਾਲ 'ਚ ਪਾਵਰ ਆਫ਼ ਡ੍ਰੀਮਜ਼' ਵਰਗੇ ਗ਼ੈਰ-ਫ਼ਿਲਮੀ ਗੀਤ ਵੀ ਉਸ ਨੇ ਗਾਏ।

2019 ਵਿਚ ਉਸ ਨੇ ਯੂਨੀਵਰਸਲ ਮਿਊਜ਼ਿਕ ਇੰਡੀਆ ਦੇ ਵੀ.ਵਾਈ.ਆਰ.ਐਲ. ਓਰੀਜਿਨਲਜ਼ ਦੇ ਨਾਲ ਗ਼ੈਰ- ਫ਼ਿਲਮੀ ਸੰਗੀਤ ਲਈ ਕਰਾਰ ਕੀਤਾ ਅਤੇ ਵਿਸ਼ਾਲ ਮਿਸ਼ਰਾ ਨਾਲ 'ਸਜਨਾ ਵੇ' ਗਾਇਆ। ਉਸ ਨੇ ਹਿੰਦੀ ਫ਼ਿਲਮਾਂ ਵਿਚ ਪਿੱਠਵਰਤੀ ਗਾਣੇ ਦੇ ਨਾਲ-ਨਾਲ ਅਭਿਨੈ ਵਿਚ ਵੀ ਆਪਣੀ ਪਛਾਣ ਬਣਾਈ ਹੈ। ਸਾਲ 2019 ਵਿਚ ਉਹ 'ਚ ਕਪਿਲ ਸ਼ਰਮਾ ਸ਼ੋਅ' ਵਿਚ ਬਾਦਸ਼ਾਹ, ਹਾਰਡੀ ਸੰਧੂ ਅਤੇ ਤਨਿਸ਼ਕ ਬਾਗਚੀ ਨਾਲ ਨਜ਼ਰ ਆਈ ਸੀ। ਉਸ ਨੇ ਕਈ ਲਾਈਵ ਪ੍ਰਦਰਸ਼ਨ ਵੀ ਕੀਤੇ। ਹੁਣ ਉਹ ਛੇਤੀ ਹੀ ਨੈਟਫ਼ਿਕਸ ਦੀ ਸੀਰੀਜ਼ 'ਦ ਰਾਇਲਜ਼' ਵਿਚ ਜੀਨਤ ਅਮਾਨ, ਭੂਮੀ ਪੇਡਨੇਕਰ ਅਤੇ ਈਸ਼ਾਨ ਖੱਟਰ ਨਾਲ ਨਿੱਕੀ ਦੀ ਭੂਮਿਕਾ ਵਿਚ ਨਜ਼ਰ ਆਵੇਗੀ। ਜ਼ੀਨਤ ਅਮਾਨ ਨਾਲ ਕੰਮ ਕਰਨਾ ਲਿਸਾ ਲਈ ਸੁਪਨੇ ਵਰਗਾ ਰਿਹਾ ਹੈ, ਕਿਉਂਕਿ ਲਿਸਾ ਦੇ ਪਿਤਾ ਉਸ ਦੇ ਬਹੁਤ ਵੱਡੇ ਪ੍ਰਸੰਸਕ ਰਹੇ ਹਨ।

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 19 ਜੁਲਾਈ 2025 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-699



*ਬੱਚੀਆਂ ਬੱਚੇ ਮੂਹਰੇ ਲੱਗੇ, ਚੁੱਕ ਚੁੱਕ ਮੁੱਕੇ ਨਾਹਰੇ ਲਾਵਣ।*
*ਬਾਪੂ ਬੇਬੇ ਪਿੱਛੇ ਤੁਰ ਪਏ, ਝੰਡੇ ਵਿਚ ਹਵਾ ਲਹਿਰਾਵਣ*
*ਚੁੱਲ੍ਹਿਆਂ 'ਤੇ ਹੁਣ ਗੱਲ ਚੱਲ ਪਈ, ਤੁਰ ਪਏ ਕਿਸਾਨ ਜ਼ਮੀਨ ਬਚਾਵਣ*
*ਲੜੇ ਬਿਨਾਂ ਨੀ ਸਰਨਾ ਲੋਕੋ, ਦੱਬੇ ਕੁਚਲ਼ਿਆਂ ਨੂੰ ਸਮਝਾਵਣ।*

## ਕੈਪਸ਼ਨ ਮੁਕਾਬਲਾ-697



ਕਿੰਨਾ ਹੈ ਨਿਰਦਈ ਹੋਇਆ,
ਜਾਨਵਰ ਨੂੰ ਢਾਹ ਕੇ ਲੰਬਾ ਪਾਵੇ,
ਯੋਗਾ ਦਾ ਆਸਨ ਲਾਇਆ,
ਦੁਨੀਆਂ ਤਾਈਂ ਢੁਕਵੰਜ ਦਿਖਾਵੇ।
ਕਿੱਥੋਂ ਭਲਾ ਹੋਏਗਾ ਓਏ ਬੰਦੇ,
ਝੂਠੇ ਹੰਕਾਰ ਹਉਮੈਂ ਫੱਸਦਾ ਜਾਵੇ,
ਮੁਕਤੀ ਲੱਭਦਾ ਲੱਭਦਾ ਭੈੜਾ,
ਆਪਣੇ ਲਈ ਨਰਕ ਸਹੇੜੀ ਜਾਵੇ।
***-ਸੇਵਾ ਸਿੰਘ "ਨੂਰਪੁਰੀ "***

---

ਬੇ-ਜੁਬਾਨ 'ਤੇ ਆਸਣ ਲਗਾ ਕੇ।
ਜਿਉਂਦੇ ਜੀਅ ਨੂੰ ਇੰਝ ਤੜਫਾ ਕੇ।
ਯੋਗ-ਸਾਧਨਾ ਕਲੰਕਿਤ ਕਰਤੀ।
ਸ਼ਰਮ ਦੀ ਲੋਈ ਲਾਹ ਕੇ ਧਰਤੀ।
ਹੈਵਾਨੀਅਤ ਦੀ ਹੱਦ ਕਰਤੀ ਪਾਰ।
ਰੱਬਾ ਕਦੇ ਤਾਂ ਝਾਤੀ ਮਾਰ।
***-ਗੁਰਦੇਵ ਸਿੰਘ ਢਪਾਲੀ (ਬਠਿੰਡਾ)***
***ਫੋਨ: 94176-49275***

---

ਨਵੇਂ ਨਵੇਂ ਜਿਹੇ ਢੌਂਗ ਰਚਾ ਕੇ
ਵਿਹਲੇ ਲੋਕੀਂ ਮਨ ਪ੍ਰਚਾਵਣ।
ਰੇਗਿਸਤਾਨ ਦੇ ਬਾਹੂ ਬਲੀ ਨੂੰ
ਢਾਹ ਕੇ ਉੱਪਰ ਆਸਣ ਲਾਵਣ।
ਬੇ-ਜੁਬਾਨ 'ਤੇ ਜ਼ੁਲਮ ਕਮਾ ਕੇ
ਤਨ ਤੇ ਮਨ ਨੂੰ ਸ਼ੁੱਧ ਕਰਾਵਣ।
***-ਜਗਮੀਤ ਸਿੰਘ ਪੰਧੇਰ***

---

ਯੋਗਾ ਕਰਦੇ ਯੋਗੀਆ,
ਅਰਥ ਜੋਗ ਦੇ ਦਿੱਤੇ ਵਿਗਾੜ।
ਚਾਪਲੂਸੀ ਦੇ ਤੂੰ ਕਾਰਨੇ,
ਅਨੇਕ ਜੀਵ ਤੂੰ ਦਿੱਤੇ ਲਤਾੜ।
ਯੋਗ ਤਾਂ, ਜੇ ਜੁੜਿਐਂ ਰੱਬ ਸੰਗ,
ਕਰੇਂ ਜੀਆਂ 'ਤੇ ਉਪਕਾਰ।
ਪਰ ਵਿੱਥ ਪਾਈ ਤੂੰ ਰੱਬ ਤੋਂ,
ਲਏ ਕਰਮ ਤੂੰ ਆਪਣੇ ਸਾੜ।
ਮੂਹੋਂ ਤਾਂ ਬੋਲੇਂ ਰਾਮ ਰਾਮ,
ਰੱਖੇਂ ਬਗਲ ਛੁਰੀ, ਤ੍ਰਿਸਕਾਰ।
ਅੱਲ੍ਹਾ ਸੁਣ ਨਾ ਸਹਿ ਸਕੇਂ,
ਦੇਵੇਂ ਕੁੱਟ-ਕੁੱਟ ਮੋਮਨ ਮਾਰ।
ਭਗਵੇਂ ਪਾਉਂਦਾ ਕੱਪੜੇ,
ਭਗਵਾਨ ਤੋਂ ਕੋਹਾਂ ਦੂਰ।
ਬੁਲਡੋਜ਼ਰ ਲਾਵੇਂ ਢਾਉਣ ਨੂੰ,
ਨਿਤਾਣਿਆਂ ਦੇ ਘਰ-ਬਾਰ।
ਸੁਣ ਰੱਬੋਂ ਟੁੱਟੇ ਯੋਗੀਆ,
ਕੁਝ ਹੱਥ ਅਕਲ ਨੂੰ ਮਾਰ।
'ਉਹ' ਕਰਮ-ਕਾਂਡ ਨਾ ਲੋੜਦਾ,
ਸੁੱਚਾ ਪਰ ਕਿਰਦਾਰ।
'ਉਥੇ' ਉੱਚਾ ਨੀਵਾਂ ਨਾ ਕੋਈ,
ਮਨੁੱਖ ਸਭੇ ਇੱਕੋਸਾਰ।
ਨਾ ਮੁੱਲਾਂ ਪੰਡਤ ਵੱਖਰੇ,
ਨਾ ਉਮਰਾਓ ਪੰਚ ਸਿਕਦਾਰ।
***-ਗੁਰਬਖਸ਼ ਸਿੰਘ 'ਨਾਕਾਮ'***
***ਫੋਨ:+1 864 318 5500***

---

ਯੋਗ ਕਰਦੇ ਹੋ ਕਿ ਫੋਟੋ ਖਿਚਵਾਉਂਦੇ ਹੋ
ਲੱਗਦਾ ਤੁਸੀਂ ਢਕਵੰਜ ਰਚਾਉਂਦੇ ਹੋ!
ਹੋਰ ਤੁਹਾਨੂੰ ਥਾਂ ਨਹੀਂ ਲੱਭੀ
ਵੱਡੇ ਕਲਾਕਾਰ ਅਖਵਾਉਂਦੇ ਹੋ!
ਸਮਝ ਨ੍ਹੀਂ ਆਉਂਦੀ ਇੱਦਾਂ ਕਰ ਕੇ
ਕਿਹੜਾ ਦਿਵਸ ਮਨਾਉਂਦੇ ਹੋ?
ਬੇਜ਼ੁਬਾਨਾਂ 'ਤੇ ਜ਼ੁਲਮ ਬੰਦ ਕਰੋ
ਕਿਉਂ ਮੱਥੇ ਕਲੰਕ ਲਗਵਾਉਂਦੇ ਹੋ?
***-ਲੋਕਨਾਥ ਸ਼ਰਮਾ***
***ਫੋਨ: 94171-76877***

---

ਸ਼ੈਤਾਨ ਦਾ ਧੰਦਾ
ਜਾਨਵਰਾਂ ਦੇ ਗਲ ਫੰਦਾ
ਕਰ ਹਾਰ ਸ਼ਿੰਗਾਰ ਊਠ ਨੂੰ
ਬੈਠ ਉਪਰ ਕਰਨ ਯੋਗਾ
ਅੜਿੰਗਦਾ ਤਾਂ ਹੈ ਜਦ ਨੂੜਦੇ
ਮਜ਼ਾ ਆਪਣਾ ਤੰਗੀ ਉਸ ਨੂੰ
ਭਗਵਾਨ ਦੇ ਨਾਂ 'ਤੇ
ਚੱਲਦਾ ਪਾਖੰਡੀ ਵਪਾਰ।
***-ਦਰਸ਼ਨ ਪਾਲ ਦੋਸਾਂਝ***

# ਅਮੋਲਕ ਨੂੰ ਉਸ ਦੇ ਜਨਮ ਦਿਨ 'ਤੇ ਯਾਦ ਕਰਦਿਆਂ...

## ਅਮੋਲਕ ਇਕ ਅਮੋਲਕ ਹੀਰਾ

ਮੇਰਾ ਇਹ ਅਜ਼ੀਜ 14 ਜੁਲਾਈ 1955 ਇਸ ਦੁਨੀਆ 'ਤੇ ਆਇਆ ਅਤੇ 20 ਅਪਰੈਲ 2021 ਨੂੰ ਸਦਾ ਲਈ ਕੂਚ ਕਰ ਗਿਆ। ਇਸ ਦੀ ਜੀਵਨ ਸਾਥਣ ਜਸਪ੍ਰੀਤ ਅਤੇ ਪੁਤਰ ਮਨਦੀਪ ਲਈ ਮੇਰੀਆਂ ਅਤੇ ਮੇਰੀ ਹਮਸਫਰ ਰਾਜਵੰਤ ਦੀਆਂ ਢੇਰ ਸਾਰੀਆਂ ਸ਼ੁਭ ਇਛਾਵਾਂ ਹਰ ਵੇਲੇ ਹਾਜ਼ਰ ਰਹਿੰਦੀਆਂ ਹਨ।

ਇਹ ਵੀ ਅਜੀਬ ਇਤਫਾਕ ਹੈ ਕਿ ਮੇਰਾ ਅਤੇ ਅਮੋਲਕ ਦਾ ਬਚਪਨ ਰੇਤਲੇ ਇਲਾਕਿਆਂ ਵਿਚ ਬੀਤਿਆ, ਜਿਥੋਂ ਦੀਆਂ ਤੱਤੀਆਂ ਹਵਾਵਾਂ ਤੇ ਕਾਲੀਆਂ-ਬੋਲੀਆਂ ਹਨੇਰੀਆਂ ਨੇ ਸਾਨੂੰ ਜੀਵਨ ਦੀਆਂ ਕਠਿਨਾਈਆਂ ਅਤੇ ਦੁਸ਼ਵਾਰੀਆਂ ਸਹਿਣ ਦੀ ਸਮਰੱਥਾ ਬਖਸ਼ੀ। ਮੁਕਾਬਲੇ ਵਿਚ ਇਸ ਵਿਛੜੀ ਰੂਹ ਦਾ ਸੰਘਰਸ਼ ਮੇਰੇ ਨਾਲੋਂ ਕਿਤੇ ਜ਼ਿਆਦਾ ਹੈ।

ਅਜੀਬ ਇਤਫਾਕ ਸੀ ਕਿ 1970ਵਿਆਂ ਵਿਚ ਮੈਂ ਚੰਡੀਗੜ੍ਹ ਦੇ ਸਰਕਾਰੀ ਕਾਲਜ ਵਿਚ ਭੌਤਿਕ ਵਿਗਿਆਨ ਦਾ ਅਧਿਆਪਕ ਸੀ ਤੇ ਅਮੋਲਕ ਵੀ ਉਥੇ ਗਰੈਜੂਏਸ਼ਨ ਕਰਨ ਲਈ ਪਹੁੰਚ ਗਿਆ। ਉਸਦੇ ਪੰਜਾਬੀ ਦੇ ਅਧਿਆਪਕ ਬਲਬੀਰ ਸਿੰਘ ਦਿਲ ਸਨ, ਜਿਨ੍ਹਾਂ ਉਸਨੂੰ ਸੰਖੇਪਤਾ, ਸਰਲਤਾ, ਸਾਦਗੀ, ਰਵਾਨਗੀ ਦੇ ਐਸੇ ਗੁਰ ਦੱਸੇ ਕਿ ਉਹ ਸਾਰੀ ਉਮਰ ਉਨ੍ਹਾਂ ਦੀ ਪਾਲਣਾ ਕਰਦਾ ਰਿਹਾ। ਉਹ ਇਕ ਸੁਚੱਜੀ ਸ਼ਖਸੀਅਤ ਦਾ ਮਾਲਕ ਸੀ।

ਅਮੋਲਕ ਨੇ ਮੇਰੇ ਕੋਲ ਬਹੁਤ ਵਾਰੀ ਆਪਣੀ ਖ਼ਾਹਿਸ਼ ਜ਼ਾਹਰ ਕੀਤੀ ਕਿ ਮੈਂ ਪ੍ਰੋ. ਦਿਲ ਦੇ ਜੀਵਨ ਬਾਰੇ 'ਪੰਜਾਬ ਟਾਈਮਜ਼' ਲਈ ਕੁਝ ਲਿਖਾਂ, ਜਿਸਦਾ ਮੈਨੂੰ ਅਜ ਤਕ ਅਫ਼ਸੋਸ ਹੈ ਕਿ ਮੈਂ ਉਸ ਦੀ ਇਹ ਸਾਧਾਰਨ ਜਿਹੀ ਇੱਛਾ ਵੀ ਪੂਰੀ ਨਾ ਕਰ ਸਕਿਆ। ਦਿਲ ਸਾਹਿਬ ਨਾਲ ਚੰਗੀ ਜਾਣ-ਪਛਾਣ ਦੇ ਬਾਵਜੂਦ ਉਹ ਆਪਣੀ ਨਿਜੀ ਜ਼ਿੰਦਗੀ ਵਿਚ ਮੈਨੂੰ ਮਾਮੂਲੀ ਜਿਹੀ ਵੀ ਝਾਤ ਪਾਉਣ ਦਾ ਮੌਕਾ ਨਾ ਦੇ ਸਕੇ। ਕਲਾਤਮਕ ਵੇਰਵੇ ਨਾਲ ਕਿਸੇ ਦੇ ਸੋਹਲੇ ਗਾਉਣਾ ਮੇਰੀ ਫਿਤਰਤ ਨਹੀਂ। ਮੇਰੀ ਇਸ ਊਣਤਾਈ ਦਾ ਮੈਨੂੰ ਕਈ ਵਾਰ ਝੋਰਾ ਮਹਿਸੂਸ ਹੁੰਦਾ ਹੈ, ਪ੍ਰੰਤੂ ਮੈਂ ਬੇਵੱਸ ਹਾਂ। ਪਿਆਰੇ ਅਮੋਲਕ ਲਈ ਮੈਂ ਖ਼ਿਮਾ ਦਾ ਜਾਚਕ ਰਹਾਂਗਾ।

ਅਧਿਆਪਕਾਂ ਦੀ ਪ੍ਰਸ਼ੰਸਾ ਦੇ ਸਿਲਸਿਲੇ ਵਿਚ ਮੇਰਾ ਆਪਣਾ ਅਨੁਭਵ ਲਿਖਣ ਨੂੰ ਜੀਅ ਕਰ ਆਇਆ ਹੈ। ਸਾਧਾਰਨ ਘਰਾਂ ਦੇ ਨਲਾਇਕ ਬੱਚੇ ਉਚੇ ਅਹੁਦਿਆਂ 'ਤੇ ਪਹੁੰਚ ਕੇ ਅਜ ਤਕ ਮੈਨੂੰ ਯਾਦ ਕਰਦੇ ਨੇ, ਪਰ ਚੰਡੀਗੜ੍ਹ ਲੰਮਾ ਸਮਾਂ



**2015 ਦੀ 'ਪੰਜਾਬ ਟਾਈਮਜ਼ ਨਾਈਟ' ਮੌਕੇ ਸ. ਅਮੋਲਕ ਸਿੰਘ ਜੰਮੂ ਨਾਲ ਤਸਵੀਰ ਖਿਚਵਾਉਂਦੇ ਹੋਏ ਪ੍ਰੋ. ਬ੍ਰਿਜਿੰਦਰ ਸਿੰਘ ਸਿੱਧੂ ਅਤੇ ਉਨ੍ਹਾਂ ਦੀ ਪਤਨੀ ਰਾਜਵੰਤ।**

ਰਹਿੰਦਿਆਂ ਰੱਜੇ-ਪੁਜੇ ਘਰਾਂ ਦੇ ਫਰਜ਼ੰਦ; ਜੋ ਬਾਅਦ ਵਿਚ ਆਈ.ਏ.ਐਸ., ਪੀ.ਸੀ.ਐਸ. ਅਤੇ ਆਈ.ਪੀ.ਐਸ. ਦੀਆਂ ਪਦਵੀਆਂ 'ਤੇ ਬਿਰਾਜਮਾਨ ਹੋਏ, ਦੀ ਸੋਚ ਕੁਝ ਵੱਖਰੀ ਵੇਖੀ। ਬਗੈਰ ਕਿਸੇ ਲਾਲਚ ਦੇ ਅਧਿਆਪਕਾਂ ਦੀ ਅਣਥੱਕ ਮਿਹਨਤ ਅਤੇ ਘਾਲਣਾ ਬਾਰੇ ਦੋ ਸ਼ਬਦ ਵੀ ਸ਼ੁਕਰਾਨੇ ਵਜੋਂ ਨਹੀਂ ਕਹਿ ਸਕਦੇ। ਯੂ.ਜੀ.ਸੀ. ਵਲੋਂ ਕਾਲਜਾਂ ਅਤੇ ਯੂਨੀਵਰਸਿਟੀਆਂ ਦੇ ਪੇਅ-ਸਕੇਲ ਚੰਗੇ ਕਰਨ ਨੂੰ ਸਲਾਹੁਣ ਦੀ ਥਾਂ ਅੜਿੱਕੇ ਲਾਉਂਦੇ ਰਹਿੰਦੇ ਹਨ।

ਉਸਤਾਦਾਂ ਪ੍ਰਤੀ ਅਮੋਲਕ ਦੀ ਗੂੜ੍ਹੀ ਸ਼ਰਧਾ, ਸਤਿਕਾਰ ਉਸਨੂੰ ਸਭਿਅਕ ਅਤੇ ਨਿਮਰਤਾ ਦਾ ਪੁੰਜ ਬਣਾਉਂਦੀ ਹੈ। ਮੈਂ ਮਹਿਸੂਸ ਕਰਦਾ ਹਾਂ ਕਿ ਅਧਿਆਪਕਾਂ ਨੂੰ ਬਣਦਾ ਸਨਮਾਨ ਨਾ ਦੇਣਾ ਕਿਸੇ ਵੀ ਦੇਸ਼ ਵਿਚ ਵਿਦਿਆ ਦੇ ਮਿਆਰ ਨੂੰ ਕਦੀ ਵੀ ਉੱਚਾ ਨਹੀਂ ਕਰੇਗਾ। ਅਧਿਆਪਕਾਂ ਦੀ ਬੇਕਦਰੀ ਇਕ ਖ਼ੁਸ਼ਗਵਾਰ ਤਹਿਜ਼ੀਬ ਅਤੇ ਸੱਭਿਅਤਾ ਮੁਹੱਈਆ ਨਹੀਂ ਕਰ ਸਕਦੀ।

ਵਕਤ ਗੁਜ਼ਰਦਾ ਗਿਆ ਅਤੇ ਅਮੋਲਕ ਦੀ ਸੁੰਦਰ ਲਿਖਾਈ ਦੇ ਨਾਲ ਉਸ ਵਿਚ ਪਰਪੱਕਤਾ, ਦਾਨਾਈ ਅਤੇ ਪਾਕੀਜ਼ਗੀ ਦੇ ਅੰਸ਼ ਵਧਦੇ ਗਏ, ਪ੍ਰੰਤੂ ਇਸ ਬੁਨਿਆਦ ਦਾ ਸਿਹਰਾ ਉਹ ਦਿਲ ਸਾਹਿਬ 'ਤੇ ਹੀ ਸਜਾਉਂਦਾ ਰਿਹਾ।

ਮੇਰੇ ਅਮਰੀਕਾ ਪਹੁੰਚਣ ਪਿਛੋਂ ਉਸ ਨਾਲ ਮੇਰੀ ਪਹਿਲੀ ਅਤੇ ਆਖਰੀ ਮੁਲਾਕਾਤ 2015 ਵਿਚ ਹੋਈ। 'ਪੰਜਾਬ ਟਾਈਮਜ਼' ਦੇ ਸਾਲਾਨਾ ਸਮਾਗਮ ਦੀ ਪਿਆਰੀ ਜਿਹੀ ਸ਼ਾਮ ਦੌਰਾਨ ਕੁਝ ਸ਼ਬਦ ਕਹਿਣ ਪਿਛੋਂ ਉਸ ਨਾਲ ਕੁਝ ਤਸਵੀਰਾਂ ਸਾਂਝੀਆਂ ਕੀਤੀਆਂ। 'ਪੰਜਾਬ ਟਾਈਮਜ਼' ਦੇ ਕਈ ਸਲਾਹਕਾਰਾਂ ਨਾਲ ਵਿਚਾਰ-ਵਟਾਂਦਰਾ ਕੀਤਾ। ਅਗਲੇ ਦਿਨ ਉਸ ਦੇ ਘਰ ਦੇ ਖੁੱਲ੍ਹੇ ਵਿਹੜੇ ਵਿਚ ਉਸ ਨਾਲ ਪਿਆਰ ਭਰੀ ਮਿਲਣੀ ਕੀਤੀ। ਉਸਦੀ ਬੇਵੱਸੀ ਅਤੇ ਵਿਗੜਦੀ ਸਿਹਤ ਦਾ ਅੰਦਾਜ਼ਾ ਲਗਾਇਆ। ਜਸਪ੍ਰੀਤ ਨੂੰ ਵੀ ਕੁਝ ਥੱਕੀ ਹੋਈ ਮਹਿਸੂਸ ਕੀਤਾ। ਮੈਂ ਅਤੇ ਮੇਰੀ ਪਤਨੀ ਨੇ ਇਕ ਹਜ਼ਾਰ (ਮਾਮੂਲੀ) ਨਜ਼ਰਾਨਾ ਪੇਸ਼ ਕੀਤਾ। ਅਮੋਲਕ ਕਹਿਣ ਲੱਗਾ, ਤੁਹਾਡੇ ਹੁੰਦਿਆਂ ਮੈਨੂੰ ਕਾਹਦੀ ਫਿਕਰ ਹੈ-ਇਹ ਸਭ ਕੁਝ ਮੇਰੀ ਜ਼ਿੰਦਗੀ ਦੀ ਇਕ ਅਭੁੱਲ ਯਾਦ ਬਣ ਗਿਆ।

ਉਸਦੀ ਦ੍ਰਿੜਤਾ ਅਤੇ ਲਾਇਲਾਜ ਬੀਮਾਰੀ ਵਿਚ ਚੜ੍ਹਦੀ ਕਲਾ ਵਿਚ ਰਹਿਣਾ ਮੇਰੇ ਮਨ ਉਤੇ ਸਦਾ ਲਈ ਗਹਿਰਾ ਅਸਰ ਛਡ ਗਿਆ। ਅਮੋਲਕ ਦੀ ਜੀਵਨ ਨਾਲ ਜੁੜੀ ਸਭ ਤੋਂ ਮਹੱਤਵਪੂਰਨ ਚੀਜ਼ ਅਮਰੀਕਾ ਵਿਚ ਛਪਦਾ ਹਫ਼ਤਾਵਾਰੀ 'ਪੰਜਾਬ ਟਾਈਮਜ਼' ਹੈ। ਉਸ ਦੀ ਅਣਥੱਕ ਮਿਹਨਤ ਅਤੇ ਖ਼ੂਨ-ਪਸੀਨੇ ਨਾਲ ਸਿੰਜਿਆ ਇਹ ਖ਼ੂਬਸੂਰਤ ਬੂਟਾ ਦੁਨੀਆਂ ਭਰ ਵਿਚ ਵਸਦੇ ਪੰਜਾਬੀਆਂ ਨੂੰ ਇੰਟਰਨੈਟ ਰਾਹੀਂ ਅਤੇ ਛਪ ਕੇ ਪੜ੍ਹਾਉਣ ਰਾਹੀਂ ਆਪਣੀ ਸੇਵਾ ਨਿਭਾ ਰਿਹਾ ਹੈ।

ਇਸ ਦੀ ਸ਼ੋਭਾ ਅਤੇ ਹਰਮਨ-ਪਿਆਰਤਾ ਦਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਮੈਂ ਅਤੇ ਪੇਰੀ ਪਤਨੀ ਅਤੇ ਹੋਰ ਬਹੁਤ ਸਾਰੇ ਪਾਠਕ ਬੁੱਧਵਾਰ ਨੂੰ ਬੇਸਬਰੀ ਨਾਲ ਇੰਤਜ਼ਾਰ ਕਰਦੇ ਹਾਂ। ਸਾਡਾ ਨਾਸ਼ਤਾ ਵੀ ਇਸ 'ਤੇ ਨਜ਼ਰ ਮਾਰਦਿਆਂ ਹੀ ਹੁੰਦਾ ਹੈ। ਹੋਰਾਂ ਦਿਨਾਂ ਨਾਲੋਂ ਉਸ ਦਿਨ ਸਿੱਧਾ-ਸਾਧਾ ਭੋਜਨ ਵੀ ਬਹੁਤ ਸੁਆਦਲਾ ਲਗਦਾ ਹੈ। ਕਿਸੇ ਦਿਨ ਵੈਬਸਾਈਟ 'ਤੇ ਪਾਉਣ ਵਿਚ ਦੇਰੀ ਹੋ ਜਾਵੇ ਤਾਂ ਜਸਪ੍ਰੀਤ ਦੇ ਫੋਨ ਦੀ ਘੰਟੀ ਖੜਕਣ ਲਗ ਜਾਂਦੀ ਹੈ। 'ਪੰਜਾਬ ਟਾਈਮਜ਼' ਦੀ ਹੈਸੀਅਤ ਨੂੰ ਕਾਇਮ ਰਖਣ ਲਈ ਜਸਪ੍ਰੀਤ ਅਤੇ ਬਾਕੀ ਟੀਮ ਤਹਿ ਦਿਲੋਂ ਆਪਣਾ ਫਰਜ਼ ਨਿਭਾ ਰਹੀ ਹੈ।

ਖ਼ੁਸ਼ੀ ਦੀ ਗਲ ਹੈ ਕਿ ਪਿਛਲੇ ਕੁਝ ਮਹੀਨਿਆਂ ਤੋਂ ਇਸ ਵਿਚ ਕਈ ਨਵੇਂ ਫੀਚਰ ਪ੍ਰਕਾਸ਼ਿਤ ਕੀਤੇ ਜਾ ਰਹੇ ਹਨ। ਸਾਰੇ ਹੀ ਇਕ ਤੋਂ ਵੱਧ ਅਣੋਖੇ ਅਤੇ ਦਿਲਚਸਪ ਹਨ। ਪੁਰਾਣੇ, ਹੰਢੇ ਹੋਏ ਅਤੇ ਮੰਨੇ-ਪ੍ਰਮੰਨੇ ਲੇਖਕ ਆਪਣੀ ਕਿਰਤ ਨਾਲ ਇਸ ਦੀ ਸ਼ੋਭਾ ਵਧਾ ਰਹੇ ਹਨ। ਨਵੇਂ ਆਪਣੀ ਕਲਮ-ਅਜ਼ਮਾਈ ਨਾਲ ਆਪਣਾ ਭਵਿਖ ਰੌਸ਼ਨ ਕਰ ਰਹੇ ਹਨ। 'ਪੰਜਾਬ ਟਾਈਮਜ਼' ਉਨ੍ਹਾਂ ਨੂੰ ਹੱਲਾਸ਼ੇਰੀ ਦੇ ਰਿਹਾ ਹੈ। ਹਰ ਅੰਕ ਵਿਚ ਕਿਸੇ-ਨਾ-ਕਿਸੇ ਵਡਮੁੱਲੀ ਕਿਤਾਬ ਦੀ ਜਾਣ-ਪਛਾਣ ਬਹੁਤ ਹੀ ਸੁਚੱਜੇ ਢੰਗ ਨਾਲ ਕੀਤੀ ਜਾਂਦੀ ਹੈ। ਸੱਚ ਪੁਛੋ ਤਾਂ ਇਸ ਜਾਣ-ਪਛਾਣ ਨਾਲ ਸਾਰੀ ਕਿਤਾਬ ਪੜ੍ਹਨ ਜਿਹਾ ਸੁਆਦ ਆ ਜਾਂਦਾ ਹੈ।

ਮੈਨੂੰ ਆਸ ਹੀ ਨਹੀਂ ਪੂਰਨ ਵਿਸ਼ਵਾਸ ਹੈ ਕਿ ਇਸਦੇ ਸਲਾਹਕਾਰਾਂ ਦਾ ਵਧਦਾ ਨੰਬਰ ਅਤੇ ਚੁਪ-ਚੁਪੀਤੇ ਸਹਾਇਤਾ ਕਰਨ ਦਾ ਸਲੀਕਾ ਇਸ ਨੂੰ ਆਰਥਕ ਪੱਖੋਂ ਹੋਰ ਮਜ਼ਬੂਤ ਕਰੇਗਾ। ਪਾਠਕਾਂ ਦਾ ਪਿਆਰ ਇਸ ਦੀ ਲੋਅ ਨੂੰ ਕਦੀ ਬੁਝਣ ਨਹੀਂ ਦੇਵੇਗਾ। ਨਿੱਤ ਨਵੇਂ ਰੰਗਾਂ ਦਾ ਇਹ ਖ਼ੂਬਸੂਰਤ ਗੁਲਦਸਤਾ ਆਪਣੀ ਭਿੰਨੀ-ਭਿੰਨੀ ਮਹਿਕ ਹਮੇਸ਼ਾਂ ਬਖੇਰਦਾ ਰਹੇਗਾ। ਹਰ ਨਵਾਂ ਇਸ਼ੂ ਪਿਆਰੇ ਅਮੋਲਕ ਦੀ ਯਾਦ ਨੂੰ ਤਾਜ਼ਾ ਕਰਦਾ ਰਹੇਗਾ। ਅੰਤ ਵਿਚ ਇਹੀ ਕਹਾਂਗਾ 'ਪੰਜਾਬ ਟਾਈਮਜ਼ ਤੇਰੇ ਕਿਆ ਕਹਿਣੇ'।

***-ਪਾਠਕਾਂ ਅਤੇ ਲੇਖਕਾਂ ਦਾ ਸ਼ੁਭਚਿੰਤਕ***

***ਪ੍ਰੋ. ਬ੍ਰਿਜਿੰਦਰ ਸਿੰਘ ਸਿੱਧੂ***
***ਸਾਬਕਾ ਪ੍ਰਿੰਸੀਪਲ***
***ਫੋਨ:925-683-1982***

# ਔਰਤਾਂ ਦੇ ਹੱਕਾਂ ਲਈ ਜਾਨ ਦੀ ਬਾਜ਼ੀ ਲਗਾਉਣ ਵਾਲੀ ਦਲੇਰ ਕੁੜੀ - ਮਲਾਲਾ ਯੂਸਫ਼ਜ਼ਈ

**'ਵਿਸ਼ਵ ਮਲਾਲਾ ਦਿਵਸ' 'ਤੇ ਵਿਸ਼ੇਸ਼**

ਦੁਨੀਆਂ ਦੀ ਕਿਸੇ ਵੀ ਛੋਟੀ ਉਮਰ ਦੀ ਹਸਤੀ ਦੇ ਨਾਂ 'ਤੇ ਇਕ ਕੌਮਾਤਰੀ ਦਿਵਸ ਮਨਾਏ ਜਾਣਾ ਬੜੇ ਹੀ ਫ਼ਖ਼ਰ ਦੀ ਗੱਲ ਹੈ। ਅੱਜ 'ਵਿਸ਼ਵ ਮਲਾਲਾ ਦਿਵਸ' 'ਤੇ ਅੱਜ ਦਾ ਦਿਨ ਇਸ ਦੁਨੀਆਂ ਦੀ ਸਭ ਤੋਂ ਛੋਟੀ ਉਮਰ ਦੀ 'ਨੋਬਲ ਸ਼ਾਂਤੀ ਪੁਰਸਕਾਰ' ਵਿਜੇਤਾ ਮਲਾਲਾ ਯੂਸਫ਼ਜ਼ਈ ਨਾਮਕ ਉਸ 'ਲਿਵਿੰਗ ਲੈਜੈਂਡ' ਨੂੰ ਸਮਰਪਿਤ ' ਜਿਸਨੇ ਵਿੱਦਿਆ ਰੂਪੀ ਗਿਆਨ ਦੀ ਪ੍ਰਾਪਤੀ ਦੇ ਹੱਕ ਨੂੰ ਹਾਸਿਲ ਕਰਨ ਖ਼ਾਤਿਰ ਆਪਣੀ ਜਾਨ ਵੀ ਦਾਅ 'ਤੇ ਲਗਾ ਦਿੱਤੀ ਸੀ।

**ਪਰਮਜੀਤ ਸਿੰਘ ਨਿੱਕੇ ਘੁੰਮਣ**
**ਫੋਨ: 97816-46008**

ਆਪਣੀ ਈਨ ਮੰਨਵਾਉਣ ਲਈ ਤਾਲਿਬਾਨੀ ਹੱਤਿਆਰੇ ਨੇ ਬੰਦੂਕ ਦੀ ਨੋਕ ਉਸਦੇ ਸਿਰ 'ਤੇ ਤਾਣ ਦਿੱਤੀ ਸੀ ਪਰ ਸਮੂਹ ਬੱਚੀਆਂ ਦੇ ਹੱਕਾਂ ਲਈ ਆਵਾਜ਼ ਬੁਲੰਦ ਕਰਨ ਵਾਲੀ ਇਹ ਸ਼ੇਰ ਬੱਚੀ ਨਾ ਡੋਲੀ, ਨਾ ਕੰਬੀ ਤੇ ਨਾ ਹੀ ਆਪਣੇ ਇਰਾਦਿਆਂ ਤੋਂ ਪਿੱਛੇ ਹਟੀ। ਇਸਦਾ ਇਰਾਦਾ ਮਜ਼ਬੂਤ ਸੀ ਤੇ ਦਿਲ ਵਿਚ ਸੱਚ ਦਾ ਵਾਸਾ ਸੀ। ਤਾਕਤਵਰ ਤੇ ਹਥਿਆਰਬੰਦ ਹੱਤਿਆਰੇ ਨੇ ਇਸ ਕਮਜ਼ੋਰ ਤੇ ਨਿਹੱਥੀ ਬੱਚੀ ਸਾਹਮਣੇ ਆਪਣੀ ਪੇਸ਼ ਨਾ ਜਾਂਦੀ ਵੇਖ ਕੇ ਗੋਲੀ ਚਲਾ ਦਿੱਤੀ ਜੋ ਮਲਾਲਾ ਦੇ ਸਿਰ ਦੇ ਇਕ ਹਿੱਸੇ ਵਿਚ ਲੱਗੀ ਸੀ।

ਮਲਾਲਾ ਯੂਸਫ਼ਜ਼ਈ ਦਾ ਜਨਮ 12 ਜੁਲਾਈ,1997 ਨੂੰ ਪਾਕਿਸਤਾਨ ਦੇ ਸ਼ਹਿਰ ਮਿੰਗੋਰਾ ਵਿਖੇ ਵੱਸਦੇ ਇਕ ਅਧਿਆਪਕ ਜਨਾਬ ਜ਼ਿਆ-ਉਦ-ਦੀਨ ਯੂਸਫ਼ਜ਼ਈ ਦੇ ਘਰ ਹੋਇਆ। ਮਲਾਲਾ ਨੂੰ ਨਿੱਕੀ ਉਮਰ ਤੋਂ ਹੀ ਪੜ੍ਹਨ ਦਾ ਬੜਾ ਸ਼ੌਕ ਸੀ ਤੇ ਉਹ ਹਮੇਸ਼ਾ ਹੀ ਕੁਝ ਨਵਾਂ ਜਾਣਨ ਲਈ ਉਤਸੁਕ ਰਹਿੰਦੀ ਸੀ। ਸੰਨ 2007 ਵਿਚ ਉਸਦੇ ਸ਼ਹਿਰ 'ਤੇ ਰੂੜ੍ਹੀਵਾਦੀ ਅਤੇ ਪਿਛਾਂਹ ਖਿੱਚੂ ਸੋਚ ਦੇ ਮਾਲਕ ਅੱਤਵਾਦੀ ਗਰੁੱਪ 'ਤਾਲਿਬਾਨ' ਦਾ ਦਬਦਬਾ ਹੋ ਗਿਆ ਤੇ ਤਾਲਿਬਾਨ ਨੇ ਹੁਕਮ ਚਾੜ੍ਹ ਦਿੱਤਾ ਕਿ ਕੋਈ ਵੀ ਲੜਕੀ ਸਕੂਲ ਨਹੀਂ ਜਾਵੇਗੀ। ਮਲਾਲਾ ਨੂੰ ਇਹ ਤਾਲਿਬਾਨੀ ਐਲਾਨ ਨਾ ਤਾਂ ਚੰਗਾ ਲੱਗਿਆ ਤੇ ਨਾ ਹੀ ਬਰਦਾਸ਼ਤ ਹੋਇਆ। ਉਸਨੇ ਇਸ ਅਣਮਨੁੱਖੀ ਫ਼ਰਮਾਨ ਖ਼ਿਲਾਫ਼ ਆਵਾਜ਼ ਬੁਲੰਦ ਕਰਨੀ ਸ਼ੁਰੂ ਕਰ ਦਿੱਤੀ। ਸੰਨ 2009 ਵਿਚ ਉਸਨੇ ਬਲਾਗ ਲਿਖਣਾ ਸ਼ੁਰੂ ਕਰ ਦਿੱਤਾ ਜਿਸ ਰਾਹੀਂ ਉਸਨੇ ਸਵਾਤ ਵਾਦੀ ਵਿਚ ਤਾਲਿਬਾਨੀ ਹਕੂਮਤ ਦੇ ਜ਼ੁਲਮੋ-ਸਿਤਮ ਦੀ ਹਕੀਕਤ ਬਿਆਨ ਕਰਨੀ ਸ਼ੁਰੂ ਕਰ ਦਿੱਤੀ। ਸੰਨ 2012 ਤੱਕ ਮਲਾਲਾ ਅਤੇ ਉਸਦਾ ਅੱਬਾ ਲੜਕੀਆਂ ਦੀ ਪੜ੍ਹਾਈ ਸ਼ੁਰੂ ਕਰਵਾਉਣ ਲਈ ਨਿਰੰਤਰ ਲੜਾਈ ਲੜਦੇ ਰਹੇ। ਦੋਵੇਂ ਪਿਉ-ਧੀ ਨਾ ਤਾਂ ਥੱਕੇ ਤੇ ਨਾ ਹੀ ਹਾਰੇ ਪਰ ਅਖ਼ੀਰ 9 ਅਕਤੂਬਰ, 2012 ਨੂੰ ਕਾਇਰ ਤੇ ਬੁਜ਼ਦਿਲ ਤਾਲਿਬਾਨੀ ਅੱਤਵਾਦੀਆਂ ਨੇ 15 ਸਾਲਾਂ ਦੀ ਮਾਸੂਮ ਬੱਚੀ ਮਲਾਲਾ ਦੇ ਸਿਰ ਵਿੱਚ ਗੋਲੀ ਮਾਰ ਦਿੱਤੀ ਜਿਸ ਨਾਲ ਉਹ ਗੰਭੀਰ ਜ਼ਖ਼ਮੀ ਹੋ ਗਈ। 13 ਅਕਤੂਬਰ, 2012 ਤੱਕ ਉਹ ਇਕ ਮਿਲਟਰੀ ਹਸਪਤਾਲ ਵਿਚ ਜ਼ਿੰਦਗੀ ਤੇ ਮੌਤ ਦਰਮਿਆਨ ਜੂਝਦੀ ਰਹੀ ਤੇ ਫਿਰ ਉਸਨੂੰ ਹਵਾਈ ਜਹਾਜ਼ ਰਾਹੀਂ ਬਰਮਿੰਘਮ ਦੇ ਇਕ ਹਸਪਤਾਲ ਵਿਚ ਦਾਖ਼ਲ ਕਰਵਾ ਦਿੱਤਾ ਗਿਆ, ਜਿੱਥੇ ਲੰਮੇ ਸਮੇਂ ਤੱਕ ਚੱਲੇ ਇਲਾਜ ਅਤੇ ਕਈ ਸਾਰੇ ਗੰਭੀਰ ਆਪ੍ਰੇਸ਼ਨਾਂ ਤੋਂ ਬਾਅਦ ਆਖ਼ਿਰ ਪਰਮਾਤਮਾ ਨੇ ਕਰੋੜਾਂ ਲੋਕਾਂ ਦੀਆਂ ਦੁਆਵਾਂ ਸੁਣ ਲਈਆਂ ਤੇ ਮਲਾਲਾ ਦੀ ਜਾਨ ਬਚ ਗਈ। ਸਿਹਤਯਾਬ ਹੋਣ ਪਿੱਛੋਂ ਮਲਾਲਾ ਨੇ ਬਰਮਿੰਘਮ ਵਿਖੇ ਹੀ ਪੜ੍ਹਾਈ ਸ਼ੁਰੂ ਕਰ ਦਿੱਤੀ।

ਕਿੰਨੇ ਫ਼ਖ਼ਰ ਦੀ ਗੱਲ ਸੀ ਕਿ ਇਸ ਵੱਡੀ ਘਟਨਾ ਦੇ ਮਹਿਜ਼ ਨੌਂ ਮਹੀਨਿਆਂ ਬਾਅਦ ਆਪਣੇ ਸੋਲ੍ਹਵੇਂ ਜਨਮ ਦਿਨ ਮੌਕੇ ਮਲਾਲਾ ਨਿਊਯਾਰਕ ਵਿਖੇ ਸਥਿਤ 'ਸੰਯੁਕਤ ਰਾਸ਼ਟਰ ਸੰਘ ' ਦੇ ਮੁੱਖ ਦਫ਼ਤਰ ਵਿਖੇ ਕੁੱਲ ਦੁਨੀਆਂ ਨੂੰ ਸੰਬੋਧਨ ਕਰਨ ਲਈ ਖੜ੍ਹੀ ਸੀ। ਉਸਨੇ ਕਿਹਾ ਸੀ- 'ਮਲਾਲਾ ਦਿਵਸ ਕੇਵਲ ਮਲਾਲਾ ਯੂਸ਼ਫ਼ਜ਼ਈ ਦਾ ਦਿਵਸ ਨਹੀਂ। ਇਹ ਦਿਵਸ ਉਸ ਹਰੇਕ ਲੜਕੀ ਅਤੇ ਲੜਕੇ ਦਾ ਦਿਵਸ ਹੈ, ਜਿਨ੍ਹਾਂ ਨੇ ਕਦੇ ਵੀ ਆਪਣੇ



ਹੱਕਾਂ ਖ਼ਾਤਿਰ ਆਵਾਜ਼ ਬੁਲੰਦ ਕੀਤੀ ਹੈ। 'ਮਲਾਲਾ ਦੀ ਬਹਾਦਰੀ ਤੇ ਸਿਰੜ ਦਾ ਡੰਕਾ ਦੁਨੀਆਂ ਭਰ ਵਿਚ ਗੂੰਜ ਰਿਹਾ ਸੀ ਤੇ ਉਸ ਸਾਲ ਦੁਨੀਆਂ ਦੇ ਨਾਮਵਰ ਮੈਗ਼ਜ਼ੀਨ 'ਟਾਈਮ ਮੈਗ਼ਜ਼ੀਨ' ਨੇ ਉਸਦਾ ਨਾਂ 'ਵਿਸ਼ਵ ਦੀਆਂ ਸਭ ਤੋਂ ਵੱਧ ਪ੍ਰਭਾਵਸ਼ਾਲੀ ਸ਼ਖ਼ਸੀਅਤਾਂ' ਵਿਚ ਸ਼ਾਮਿਲ ਕੀਤਾ ਸੀ। ਅਗਲੇ ਹੀ ਸਾਲ ਮਲਾਲਾ ਦੀ ਝੋਲੀ ਕਈ ਕੌਮਾਂਤਰੀ ਇਨਾਮਾਂ-ਸਨਮਾਨਾਂ ਨਾਲ ਭਰੀ ਹੋਈ ਸੀ। ਉਸਨੂੰ ਸਾਲ 2014 ਵਿਚ 'ਵਿਸ਼ਵ ਸ਼ਾਂਤੀ ਲਈ ਨੋਬਲ ਪੁਰਸਕਾਰ', 'ਸੰਯੁਕਤ ਰਾਸ਼ਟਰ ਮਨੁੱਖੀ ਅਧਿਕਾਰ ਪੁਰਸਕਾਰ' ਅਤੇ 'ਦਿ ਲਿਬਰਟੀ ਮੈਡਲ' ਜਿਹੇ ਵੱਕਾਰੀ ਪੁਰਸਕਾਰਾਂ ਨਾਲ ਸਨਮਾਨਿਤ ਕੀਤਾ ਜਾ ਚੁੱਕਾ ਹੈ। ਉਸਦੇ ਜੀਵਨ 'ਤੇ ਆਧਾਰਿਤ ਇਕ ਦਸਤਾਵੇਜ਼ੀ ਫ਼ਿਲਮ ਵੀ ਬਣੀ ਜਿਸਦਾ ਨਾਂ ਹੈ -'ਹੀ ਨੇਮਡ ਮੀ ਮਲਾਲਾ'। ਇਸ ਤੋਂ ਇਲਾਵਾ ਆਪਣੀ ਸਵੈ-ਜੀਵਨੀ -'ਆਈ ਐਮ ਮਲਾਲਾ' ਦੇ ਲੋਕ ਅਰਪਣ ਮੌਕੇ ਬੋਲਦਿਆਂ ਉਸਨੇ ਕਿਹਾ ਸੀ- 'ਮੈਂ ਆਪਣੀ ਜੀਵਨ ਕਹਾਣੀ ਕੇਵਲ ਇਸ ਕਰਕੇ ਹੀ ਬਿਆਨ ਨਹੀਂ ਕੀਤੀ, ਕਿ ਇਹ ਬਾਕੀਆਂ ਨਾਲੋਂ ਵੱਖਰੀ ਹੈ ਸਗੋਂ ਇਸ ਕਰਕੇ ਬਿਆਨ ਕੀਤੀ ਹੈ ਕਿ ਇਹ ਹੱਕਾਂ ਤੋਂ ਵਾਂਝੀਆਂ ਕਰ ਦਿੱਤੀਆਂ ਗਈਆਂ ਅਸੰਖਾਂ ਲੜਕੀਆਂ ਦੀ ਕਹਾਣੀ ਹੈ। 'ਮਲਾਲਾ ਨੂੰ ਸਮਰਪਿਤ ਕਰਕੇ ਇਕ ਸੰਗੀਤਕ ਐਲਬਮ 'ਆਈ ਐਮ ਮਲਾਲਾ' ਵੀ ਰਿਲੀਜ਼ ਕੀਤੀ ਗਈ ਸੀ ਜੋ ਕਿ 'ਗ੍ਰੈਮੀ ਪੁਰਸਕਾਰ' ਜਿੱਤਣ ਵਿਚ ਕਾਮਯਾਬ ਰਹੀ ਸੀ।

ਲੇਡੀ ਮਾਰਗ੍ਰੇਟ ਹਾਲ, ਆਕਸਫ਼ੋਰਡ ਤੋਂ ਦਰਸ਼ਨ-ਸ਼ਾਸਤਰ, ਰਾਜਨੀਤੀ ਸ਼ਾਸ਼ਤਰ ਅਤੇ ਅਰਥ ਸ਼ਾਸਤਰ ਵਿਸ਼ਿਆਂ ਸਹਿਤ ਗ੍ਰੈਜੂਏਸ਼ਨ ਪਾਸ ਕਰਨ ਵਾਲੀ ਮਲਾਲਾ ਯੂਸਫ਼ਜ਼ਈ ਨੇ 24 ਸਾਲ ਦੀ ਉਮਰ ਵਿਚ ਪਾਕਿਸਤਾਨੀ ਕ੍ਰਿਕਟ ਕੰਟ੍ਰੋਲ ਬੋਰਡ ਦੇ ਅਧਿਕਾਰੀ ਅਸਾਰ ਮਲਿਕ ਨਾਲ ਸ਼ਾਦੀ ਕਰਵਾ ਲਈ ਸੀ ਤੇ ਅੱਜਕਲ ਉਹ ਆਪਣੇ ਪਰਿਵਾਰ ਸਹਿਤ ਇਕ ਖ਼ੁਸ਼ਹਾਲ ਜੀਵਨ ਬਿਤਾਅ ਰਹੀ ਹੈ। ਉਸਨੇ 'ਮਲਾਲਾ ਫ਼ੰਡ' ਦੀ ਸਥਾਪਨਾ ਕੀਤੀ ਹੋਈ ਹੈ, ਜਿਸ ਵਿਚ ਇਕੱਠਾ ਹੋਣ ਵਾਲੇ ਪੈਸੇ ਨੂੰ ਉਹ ਸੰਸਾਰ ਭਰ ਦੀਆਂ ਸਿੱਖਿਆ-ਵਿਹੂਣੀਆਂ ਰੱਖੀਆਂ ਗਈਆਂ ਬੱਚੀਆਂ ਜਾਂ ਔਰਤਾਂ ਦੇ ਹੱਕਾਂ ਲਈ ਖ਼ਰਚ ਕਰਦੀ ਹੈ। ਇਸ ਬਹਾਦਰ, ਅਣਖੀਲੀ ਅਤੇ ਆਪਣੇ ਤੇ ਸਮੁੱਚੀ ਨਾਰੀ ਜਾਤੀ ਦੇ ਹੱਕਾਂ ਲਈ ਸਿਰਧੜ ਦੀ ਬਾਜ਼ੀ ਲਾਉਣ ਵਾਲੀ ਮੁਟਿਆਰ ਨੂੰ ਸਲਾਮ। ਮਲਾਲਾ ਦੇ 29ਵੇਂ ਜਨਮ ਦਿਨ ਮੌਕੇ ਅੱਜ ਸਮੂਹ ਬੱਚੀਆਂ ਅਤੇ ਔਰਤਾਂ ਨੂੰ ਪ੍ਰੇਰਨਾ ਲੈਣ ਦੀ ਲੋੜ ਹੈ ਕਿ ਆਪਣੇ ਹੱਕਾਂ ਲਈ ਸਿਰਧੜ ਦੀ ਬਾਜ਼ੀ ਲਾਉਣ ਵਾਲੇ ਲੋਕ ਹੀ ਇਸ ਸੰਸਾਰ ਵਿਚ ਆਪਣਾ, ਆਪਣੇ ਮਾਪਿਆਂ ਦਾ ਅਤੇ ਆਪਣੇ ਦੇਸ਼ ਦਾ ਨਾਂ ਰੌਸ਼ਨ ਕਰਦੇ ਹਨ।

# ਸ਼ਰੀਕ ਦੀ ਤਾਂ ਮੰਜੀ ਠੋਕੀ ਗਈ

ਸੱਠਵਿਆਂ ਦੇ ਕਰੀਬ ਪੰਜਾਬ ਦਾ ਦੁਆਬੇ ਦਾ ਇਲਾਕਾ ਓਨਾ ਅਮੀਰ ਨਹੀਂ ਸੀ ਹੁੰਦਾ ਜਿੰਨਾ ਮਾਝਾ ਤੇ ਮਾਲਵਾ ਹੋਇਆ ਕਰਦੇ ਸਨ। ਮਾਲਵੇ ਤੇ ਮਾਝੇ ਵਿਚ ਲੋਕਾਂ ਪਾਸ ਖੁੱਲ੍ਹੀਆਂ ਜ਼ਮੀਨਾਂ ਹੁੰਦੀਆਂ ਸਨ। ਜੋ ਟਾਵੇਂ-ਟਾਵੇਂ ਲੋਕ ਪੜ੍ਹ ਜਾਂਦੇ ਸਨ ਉਹ ਸੋਹਣੀਆਂ ਨੌਕਰੀਆਂ 'ਤੇ ਵੀ ਲੱਗ ਜਾਂਦੇ ਸਨ। ਮਾਲਵੇ ਤੇ ਮਾਝੇ ਵਿਚੋਂ ਦੁਆਬੇ ਵਿਚ ਵਿਆਹ ਬਹੁਤ ਥੋੜ੍ਹੇ ਹੋਇਆ ਕਰਦੇ ਸਨ। ਦੁਆਬੇ ਦਾ ਹੁਸ਼ਿਆਰਪੁਰ ਜ਼ਿਲ੍ਹਾ ਤਾਂ ਬਹੁਤਾ ਜ਼ਮੀਨ ਪੱਖੋਂ ਵੀ ਮਾੜਾ ਸੀ। ਮੀਲ ਮੀਲ 'ਤੇ ਚੋਅ ਅਤੇ ਖੱਡਾਂ ਹੋਇਆ ਕਰਦੀਆਂ ਸਨ। ਬਾਅਦ ਵਿਚ ਇਨ੍ਹਾਂ 'ਤੇ ਪੁਲ ਬਣ ਗਏ ਸਨ। ਜ਼ਮੀਨਾਂ ਵੰਡ ਹੋ ਕੇ ਮਾਲਕੀਅਤ ਬੜੀ ਛੋਟੀ ਹੋ ਗਈ ਸੀ। ਹਾਂ, ਦੁਆਬੀਆਂ ਨੇ ਗਰੀਬੀ 'ਤੇ ਕਾਬੂ ਪਾਉਣ ਦਾ ਇੱਕ ਨਵਾਂ ਤਰੀਕਾ ਲੱਭ ਲਿਆ ਸੀ। ਉਹ ਇੰਗਲੈਂਡ ਜਾਣੇ ਸ਼ੁਰੂ ਹੋ ਗਏ। ਫਿਰ ਕੈਨੇਡਾ ਤੇ

**ਅਵਤਾਰ ਐਸ. ਸੰਘਾ**
**ਫੋਨ:+61 437 641 033**

ਅਮਰੀਕਾ ਵੱਲ ਨੂੰ ਹੋ ਤੁਰੇ। ਇਸ ਬਾਹਰ ਦੀ ਦੌੜ ਨੇ ਦੁਆਬੀਆਂ ਦੀ ਸਾਰੀ ਖੁਸ਼ਕੀ ਚੱਕ ਦਿੱਤੀ। ਚੰਦ ਕੁ ਸਾਲਾਂ ਵਿਚ ਹੀ ਕੱਚੇ ਘਰਾਂ ਦੇ ਪਿੰਡ ਪੱਕੇ ਘਰਾਂ ਨਾਲ ਭਰ ਗਏ। ਜਾਣ ਵੇਲੇ ਇਹ ਹਲ਼ ਵਾਹੁਣ ਵਾਲੇ ਆਤੂ, ਕੇਹਰੂ, ਮੇਲੂ, ਨੰਜੂ, ਪ੍ਰੀਤੂ, ਫੁੰਮੀ, ਦੁੱਮੀ, ਰੇਬੀ ਹੋਇਆ ਕਰਦੇ ਸਨ। ਚਾਰ ਪੰਜ ਕੁ ਸਾਲ ਇੰਗਲੈਂਡ ਵਿਚ ਲਗਾਉਣ ਤੋਂ ਬਾਅਦ ਇਹ ਸਾਰੇ ਪੈਂਟਾਂ ਪਾ ਕੇ, ਟੈਰਾਲੀਨ ਦੀਆਂ ਕਮੀਜ਼ਾਂ ਪਾ ਕੇ ਟਾਈਆਂ ਤੇ ਚਮਕਦੀਆਂ ਪਿੰਨਾਂ ਲਾ ਕੇ, ਸੋਹਣੀਆਂ ਜੁੱਤੀਆਂ ਪਾ ਕੇ, ਮੋਟੇ ਮੋਟੇ ਸੋਨੇ ਦੇ ਕੜੇ ਤੇ ਚੈਨੀਆਂ ਪਾ ਕੇ, ਦਾੜ੍ਹੀ ਮੁੱਛਾਂ ਸਫਾ ਚੱਟ ਕਰਕੇ, ਅੰਗਰੇਜ਼ੀ ਲਿਬਾਸ ਤੇ ਲੋਲੋ ਪੋਪੋ ਨਾਲ ਲਬਰੇਜ ਹੋ ਜਦ ਵਾਪਸ ਪੰਜਾਬ ਦੇ ਪਿੰਡਾਂ ਵਿਚ ਆਏ ਤਾਂ ਲੋਕ ਆਟੋਮੈਟੀਕਲੀ ਇਨ੍ਹਾਂ ਨੂੰ ਆਤਮਾ ਸਿੰਘ, ਕੇਹਰ ਸਿੰਘ, ਮੇਲਾ ਸਿੰਘ, ਨਿਰੰਜਨ ਸਿੰਘ, ਪ੍ਰੀਤਮ ਸਿੰਘ, ਫੁੱਮਣ ਸਿੰਘ, ਦੁੱਮਣ ਸਿੰਘ, ਰੇਵਲ ਸਿੰਘ ਪੂਰੇ ਨਾਮਾਂ ਨਾਲ ਬੁਲਾਉਣ ਲੱਗ ਪਏ। ਪੈਸਾ ਤੇ ਲਾਣ-ਪਾਣ ਬੰਦੇ ਦੀ ਸਮਾਜ ਦੀਆਂ ਨਜ਼ਰਾਂ ਵਿਚ ਕਾਇਆ ਪਲਟ ਦਿੰਦੇ ਹਨ। ਅੰਦਰੋਂ ਭਾਵੇਂ ਬੰਦਾ ਉਦਾਂ ਹੀ ਹੋਵੇ ਜਿੰਦਾਂ ਦਾ ਉਹ ਪਹਿਲਾਂ ਮਿਹਨਤ ਮਜ਼ਦੂਰੀ ਕਰਦਾ ਹੋਇਆ ਕਰਦਾ ਸੀ। ਪਰਸੂ, ਪਰਸਾ, ਪਰਸ ਰਾਮ ਵਾਲੀ ਕਹਾਵਤ ਸੱਚੀ ਹੀ ਏ।

ਜਦ ਦੁਆਬੇ 'ਤੇ ਪੱਛਮੀ ਰਹਿਣ-ਸਹਿਣ ਦੀ ਪੁੱਠ ਚੜ੍ਹ ਗਈ ਤਾਂ ਇੱਥੋਂ ਦੇ ਕੁਝ ਵਿਆਹ ਮਾਲਵੇ ਵਿਚ ਵੀ ਹੋਣ ਲੱਗ ਪਏ। ਮੈਂ ਆਪਣੇ ਇਲਾਕੇ ਹੁਸ਼ਿਆਰਪੁਰ 'ਚੋਂ ਇੱਕ ਬਰਾਤ ਵਿਚ ਜਗਰਾਉਂ ਦੇ ਨੇੜੇ ਇੱਕ ਪਿੰਡ ਵਿਚ 1980 ਵਿਚ ਗਿਆ ਸਾਂ। ਮੁੰਡਾ ਸੁਰਜੀਤ ਮੇਰੇ ਪਿੰਡ ਦੇ ਨਾਲ ਦੇ ਪਿੰਡ ਦਾ ਸੀ। ਉਸਨੇ ਕੁਝ ਸਾਲ ਪਹਿਲਾਂ ਹੁਸ਼ਿਆਰਪੁਰ ਤੋਂ ਪੋਲੀਟੈਕਨੀਕ ਦਾ ਡਿਪਲੋਮਾ ਕੀਤਾ ਹੋਇਆ ਸੀ। ਉਸਦਾ ਪਿਓ ਸੰਨ 1970 ਦੇ ਕਰੀਬ ਲੰਡਨ ਚਲਾ ਗਿਆ ਸੀ। ਲੜਕਾ ਵੀ ਡਿਪਲੋਮਾ ਕਰਦੇ ਸਾਰ ਹੀ 1975 ਵਿਚ ਆਪਣੇ ਬਾਪ ਪਾਸ ਲੰਡਨ ਚਲਾ ਗਿਆ ਸੀ। ਪਰਿਵਾਰ 1980 ਵਿਚ ਵਾਪਸ ਪੰਜਾਬ ਆਪਣੇ ਪਿੰਡ ਆਇਆ ਤਾਂ ਵਿਆਹ ਦਾ ਗੁਣਾ ਮਾਲਵੇ ਵਿਚ ਪੈ ਗਿਆ। ਮਲਵਈ ਪੜ੍ਹਾਈ ਤਾਂ ਪਸੰਦ ਕਰਦੇ ਹੀ ਹੁੰਦੇ ਸਨ। ਪੜ੍ਹਾਈ ਤੋਂ ਵਾਧੂ ਉਨ੍ਹਾਂ ਨੂੰ ਬਾਹਰਲਾ ਰਿਸ਼ਤਾ ਵੀ ਮਿਲ ਗਿਆ ਸੀ। ਲੜਕੀ ਨੇ ਉਦੋਂ ਕੁ ਬੀ. ਏ. ਕੀਤੀ ਹੀ ਸੀ ਤੇ ਉਹ ਲੜਕੇ ਤੋਂ ਨੌਂ ਦਸ ਸਾਲ ਛੋਟੀ ਵੀ ਸੀ।

ਤਕਰੀਬਨ ਡੇਢ ਕੁ ਸੌ ਬੰਦਾ ਬਰਾਤ ਵਿਚ ਗਿਆ ਸੀ। ਮੂਹਰੇ ਬਰਾਤ ਨੂੰ ਖੁਸ਼ਆਮਦੀਦ ਕਹਿਣ ਲਈ ਵੀ ਸਾਰਾ ਪਿੰਡ ਜੁੜਿਆ ਖੜ੍ਹਾ ਸੀ। ਮਿਲਣੀ ਸਮੇਂ ਪਿੰਡ ਦੇ ਘਰਾਂ ਦੇ ਬਨੇਰੇ ਤੀਵੀਆਂ ਨਾਲ ਭਰੇ ਪਏ ਸਨ। ਵਾਜੇ ਉਦੋਂ ਪੁਰਾਣੀ ਕਿਸਮ ਦੇ ਹੀ ਹੋਇਆ ਕਰਦੇ ਸਨ ਜਿਹੜੇ ਪੜੈਂ ਪੜੈਂ ਤੇ ਪੌਂ ਪੌਂ ਕਰਕੇ ਵੱਜਦੇ ਹੁੰਦੇ ਸਨ। ਦੁਆਬੇ 'ਚੋਂ ਗਏ ਬਹੁਤੇ ਬਰਾਤੀ ਕੱਚ ਭੁਰੜੇ ਸਨ। ਸਰਦਾਰ ਬਹੁਤੇ ਦਾੜ੍ਹੀ ਵਢੇ ਮੋਨੇ ਵੈਸੇ ਸਿਰ 'ਤੇ ਪੱਗਾਂ, ਜਵਾਨ ਮੁੰਡੇ ਮੋਨੇ ਦਾੜ੍ਹੀਆਂ ਦੇ ਖੱਤ ਰੱਖੇ ਹੋਏ, ਇੰਗਲੈਂਡ ਤੋਂ ਆਏ ਪ੍ਰਾਹੁਣੇ ਦਾੜ੍ਹੀ ਮੁੱਛਾਂ ਸਫਾ ਚੱਟ। ਬਾਹਰੋਂ ਆਏ ਹੋਣ ਕਰਕੇ ਰੰਗ ਉਨ੍ਹਾਂ ਦੇ ਸਾਫ ਲੱਗ ਰਹੇ ਸਨ। ਵਲਾਇਤ ਜਾਣ ਵੇਲੇ ਇਹ ਸਭ ਸਾਂਵਲੇ ਰੰਗ ਦੇ ਹੋਇਆ ਕਰਦੇ ਸਨ। ਮੂਹਰੇ ਬਰਾਤ ਨੂੰ ਉਡੀਕਣ ਵਾਲੇ ਬਹੁਤੇ ਦਾਨੇ ਦਾੜ੍ਹੀਆਂ ਪਗੜੀਆਂ ਵਾਲੇ ਸਿੱਖ ਦਿਖ ਵਾਲੇ ਜੱਟ ਜ਼ਿਮੀਦਾਰ ਸਨ। ਇੱਥੋਂ ਤੱਕ ਕਿ ਮਨ-ਮਨੌਤਾਂ ਕਰਵਾਉਣ ਵਾਲਾ ਲਾਗੀ ਵੀ ਦਾੜ੍ਹੀ ਵਾਲਾ ਤੇ ਪਗੜੀਧਾਰੀ ਸੀ।

ਬਰਾਤ ਸਾਫਟ ਡਰਿੰਕਾਂ ਲੈ ਕੇ ਅੱਗੇ ਉਤਾਰੇ ਵੱਲ ਨੂੰ ਵਧੀ। ਜਲਦੀ ਹੀ ਸੱਦਾ ਚਾਹ ਪਾਣੀ ਤੇ ਨਾਸ਼ਤੇ ਦਾ ਆ ਗਿਆ। ਕੁੜੀ ਵਾਲਿਆਂ ਦਾ ਘਰ ਉਤਾਰੇ ਤੋਂ ਬਹੁਤਾ ਦੂਰ ਨਹੀਂ ਸੀ। ਵਾਜਾ ਫਿਰ ਗੜੈਂ ਗੜੈਂ ਤੇ ਤੁੜ ਤੁੜ ਕਰਕੇ ਵੱਜਿਆ। ਪ੍ਰਾਹੁਣਾ ਸੁਰਜੀਤ ਉਠਿਆ ਤੇ ਮੂਹਰੇ ਹੋ ਤੁਰਿਆ। ਉਸਨੇ ਗੁਲਾਬੀ ਪਗੜੀ ਬੰਨ੍ਹੀ ਹੋਈ/ਬਨ੍ਹਵਾਈ ਹੋਈ ਸੀ। ਉੱਪਰ ਕਲਗੀ ਲਗਾਈ ਹੋਈ ਸੀ। ਸਿਹਰੇ ਬੰਨ੍ਹੇ ਹੋਏ ਸਨ। ਸ਼ੇਰਵਾਨੀ ਪਾਈ ਹੋਈ ਸੀ। ਹੱਥ ਵਿਚ ਕਿਰਪਾਨ ਫੜੀ ਹੋਈ ਸੀ। ਸਿਰੋਂ ਮੋਨਾ ਸੀ। ਦਾੜ੍ਹੀ ਮਾੜੀ ਮਾੜੀ ਲੂੰਈ ਜਿਹੀ ਹੀ ਸੀ। ਸਭ ਬਰਾਤੀ ਹੌਲੀ-ਹੌਲੀ ਉਸ ਪੰਡਾਲ ਵਿਚ ਪਹੁੰਚ ਗਏ, ਜਿੱਥੇ ਬਹੁਤ ਸੋਹਣਾ ਨਾਸ਼ਤੇ ਤੇ ਚਾਹ ਦਾ ਪ੍ਰਬੰਧ ਕੀਤਾ ਹੋਇਆ ਸੀ। ਪਿੰਡ ਦੇ ਮੁਹਤਬਰ ਆਲੇ-ਦੁਆਲੇ ਕੁਰਸੀਆਂ 'ਤੇ ਬੈਠੇ ਸਨ। ਨਾਸ਼ਤੇ ਵਿਚ ਆਮਲੇਟ, ਤਲੀ ਹੋਈ ਮੱਛੀ, ਬਰੈੱਡ ਦੇ ਸਲਾਈਸ, ਪਰਾਂਠੇ ਤੇ ਮੱਖਣ ਆਦਿ ਸਨ। ਪੀਣ ਨੂੰ ਚਾਹ ਸੀ, ਪਿੰਡ ਦਾ ਝਿਊਰ ਚਾਹ ਲਿਆ ਕੇ ਚਾਹ ਦੇ ਬਰਤਨ ਭਰੀ ਜਾ ਰਿਹਾ ਸੀ। ਇੱਕ ਹੋਰ ਹੈਰਾਨੀ ਇਹ ਹੋਈ ਕਿ ਝਿਊਰ ਵੀ ਦਾੜ੍ਹੀ ਤੇ ਪਗੜੀਧਾਰੀ ਸੀ। ਅਸੀਂ ਦੁਆਬੇ ਵਿਚ ਪਾਣੀ ਦੀ ਸੇਵਾ ਕਰਨ ਵਾਲੇ ਝਿਊਰ ਕਦੀ ਘੱਟ ਹੀ ਪਗੜੀਧਾਰੀ ਦੇਖੇ ਸਨ। ਮਾਲਵੇ ਵਿਚ ਸਿੱਖੀ ਸੇਵਕੀ ਵੱਧ ਸੀ। ਦੁਆਬੇ ਦੀ ਬਰਾਤ ਮਲਵਈਆਂ ਨੂੰ ਹਿੰਦੂਆਂ ਵਰਗੀ ਲੱਗ ਰਹੀ ਸੀ। ਬਰਾਤੀਆਂ ਨੂੰ ਮਲਵਈ ਸੁੱਘੜ ਸਿਆਣੇ ਸਿੱਖ ਲੱਗ ਰਹੇ ਸਨ। ਦੁਆਬੇ ਤੇ ਮਾਲਵੇ ਦਾ ਇਹ ਮੇਲ ਕਰਵਾਉਣ ਵਾਲੀ ਵਲਾਇਤ ਸੀ। ਮਾਲਵੇ ਵਿਚ ਬਾਹਰ ਜਾਣ ਦੀ ਮਾੜੀ ਮਾੜੀ ਚੇਟਕ ਜਾਗ ਰਹੀ ਸੀ। ਘੱਟ ਜ਼ਮੀਨਾਂ ਵਾਲਾ ਦੁਆਬਾ ਵਲਾਇਤ ਦੇ ਸਿਰ ਤੇ ਕਾਫੀ ਅਮੀਰ ਹੋ ਗਿਆ ਸੀ।



ਫਿਰ ਲਾਵਾਂ ਦਾ ਸੱਦਾ ਆ ਗਿਆ। ਲਾਵਾਂ ਤੱਕ ਪਹੁੰਚਣ ਨੂੰ ਵੀ ਬਰਾਤ ਨੇ ਬਹੁਤਾ ਸਮਾਂ ਨਾ ਲਗਾਇਆ। ਲਾਵਾਂ ਸਮੇਂ ਕੁੜੀ ਵਾਲਿਆਂ ਵੱਲੋਂ ਦੋ ਤਿੰਨ ਚੰਗੇ ਪੜ੍ਹਿਆ ਲਿਖਿਆ ਨੇ ਵੀ ਬਰਾਤ ਤੇ ਆਪਣੇ ਸੋਹਣਾ ਪ੍ਰਭਾਵ ਛੱਡਿਆ। ਇਨ੍ਹਾਂ ਵਿਚ ਇੱਕ ਤਾਂ ਪਿੰਡ ਦਾ ਸੋਹਣਾ ਮਸ਼ਹੂਰ ਹੋ ਚੁੱਕਾ ਪੰਜਾਬੀ ਕਵੀ ਸੀ। ਦੂਜਾ ਹਾਈ ਸਕੂਲ ਦਾ ਅਧਿਆਪਕ ਸੀ। ਇਨ੍ਹਾਂ ਵਿਚੋਂ ਇੱਕ ਨੇ ਸੋਹਣੀ ਸਮਾਜਿਕ ਕਵਿਤਾ ਬੋਲੀ ਤੇ ਦੂਜੇ ਨੇ ਸਿੱਖਿਆ ਪੜ੍ਹੀ। ਕੀਰਤਨੀਆਂ ਨੇ ਲਾਵਾਂ ਦੇ ਪਾਠ ਨਾਲ ਸਾਥ ਦਿੱਤਾ। ਵਿਆਹ ਭਲੀ-ਭਾਂਤ ਹੋ ਗਿਆ ਤੇ ਬਰਾਤ ਵਾਪਸ ਡੇਰੇ ਆ ਗਈ।

ਕੁਝ ਸਮੇਂ ਬਾਅਦ ਦੁਪਹਿਰ ਦੀ ਰੋਟੀ ਲਈ ਸੱਦਾ ਆ ਗਿਆ। ਹੁਣ ਬਰਾਤੀਏ ਸ਼ਰਾਬ ਦੇ ਹਾੜੇ ਲਾਈ ਜਾਣ। ਬਰਾਤ ਵਿਚ ਸਿਆਣੇ-ਬਿਆਣੇ ਉਨ੍ਹਾਂ ਨੂੰ ਸਮਝਾਈ ਜਾਣ- 'ਕਾਕਾ ਹੋਸ਼ ਵਿਚ ਰਿਹੋ, ਦੂਜੇ ਦੇਸ਼ ਆਏ ਹੋ। ਜੇ ਕੋਈ ਪੰਗਾ ਪੈ ਗਿਆ ਕਿਸੇ ਨੇ ਛਡਾਉਣਾ ਵੀ ਨਹੀਂ। ਦਸ ਕੁ ਸਾਲ ਪਹਿਲਾਂ ਇੱਧਰ ਮੁੱਲਾਂਪੁਰ ਦਾਖੇ ਆਏ ਸੀ। ਆਪਣੇ ਪਿੰਡ ਵਾਲੇ ਕੇਹਰੂ ਨੇ ਸ਼ਰਾਬ ਪੀ ਕੇ ਬੱਕਰੇ ਬੁਲਾ ਦਿੱਤੇ ਸਨ। ਬਰਾਤ ਨੂੰ ਉਦੋਂ ਹੀ ਪਤਾ ਲੱਗਾ ਸੀ ਜਦ ਕੇਹਰੂ ਕਿਸੇ ਤੋਂ ਸਿਰ ਪੜਵਾ ਕੇ ਡੇਰੇ ਆ ਵੜਿਆ ਸੀ। ਕਾਕਾ ਸੰਭਲ ਕੇ ਮਾਲਵੇ 'ਚ ਰਹੋ। ਜੇ ਕਿਤੇ ਮਾਝੇ ਵਿਚ ਭਾਊਆਂ ਦੇ ਵੱਸ ਪੈ ਜਾਵੋ ਫਿਰ ਤਾਂ ਰੱਬ ਹੀ ਰਾਖਾ।' ਛੋਕਰਿਆਂ ਨੇ ਬਰਾਤ ਮੂਹਰੇ ਸੋਹਣਾ ਭੰਗੜਾ ਪਾਇਆ। ਉਲਟਣ ਪੁਲਟਣ ਤੋਂ ਬਚ ਗਏ। ਵਾਜੇ ਵਾਲਿਆਂ ਨੂੰ ਵੀ ਸੋਹਣੇ ਪੈਸੇ ਬਣ ਗਏ, ਆਫਟਰ ਆਲ ਬਾਹਰਲਿਆਂ ਦਾ ਵਿਆਹ ਸੀ। ਬਰਾਤ ਨੇ ਭੋਜਨ ਛਕਿਆ ਤੇ ਵਾਪਸ ਡੇਰੇ ਚਲੀ ਗਈ।

ਫਿਰ ਸਮਾਂ ਆ ਗਿਆ ਦਾਜ ਦਿਖਾਉਣ ਦਾ। ਦੁਆਬੇ ਵਿਚ ਦਾਜ ਦਾ ਜਲੌਅ ਓਨਾਂ ਨਹੀਂ ਸੀ ਹੁੰਦਾ ਜਿੰਨਾ ਮਾਲਵੇ ਵਿਚ ਸੀ। ਅੰਤਾਂ ਦੇ ਕੱਪੜੇ ਲੱਤੇ ਤੋਂ ਇਲਾਵਾ ਮੋਟੀਆਂ ਵਸਤਾਂ ਵਿਚ ਟੀ.ਵੀ. ਸੈੱਟ, ਬਜਾਜ ਚੇਤਕ ਸਕੂਟਰ, ਦੋ ਪੇਟੀਆਂ, ਇੱਕ ਪਲੰਘ, ਮੁੰਡੇ ਨੂੰ ਸੋਨੇ ਦੀ ਚੇਨ, ਮੁੰਡੇ ਦੇ ਬਾਪ ਨੂੰ ਕੜਾ, ਮਾਮੇ ਨੂੰ ਕੜਾ, ਮੁੰਡੇ ਦੇ ਬਾਬੇ ਨੂੰ ਵੀ ਕੜਾ, ਮੁੰਡੇ ਦੀ ਮਾਂ ਤੇ ਭੈਣ ਨੂੰ ਵਾਲੀਆਂ, ਕੁੜੀ ਨੂੰ ਚਾਰ ਸੋਨੇ ਦੇ ਸੈੱਟ ਤੇ ਦੋ ਡਾਇਮੰਡ ਦੇ ਸੈੱਟ, ਬਹੁਤ ਸਾਰੇ ਭਾਂਡੇ, ਕੁਕਿੰਗ ਗੈਸ ਦਾ ਕੁਨੈਕਸ਼ਨ ਵਗੈਰਾ ਵਗੈਰਾ। ਦੁਆਬੀਆਂ ਨੂੰ ਇਹ ਦਾਜ ਕਾਫੀ ਮਹਿਸੂਸ ਹੋਇਆ। ਮੈਨੂੰ ਵੀ ਉਦੋਂ ਲੱਗਾ ਕਿ ਮਲਵਈਆਂ ਨੇ ਦਾਜ ਦੇਣ ਵਿਚ ਕੋਈ ਕਸਰ ਨਹੀਂ ਛੱਡੀ।

...............................

ਸਾਲ ਕੁ ਬਾਅਦ ਮੈਂ ਖੁਦ ਵੀ ਮਾਲਵੇ ਵਿਚ ਹੀ ਵਿਆਹਿਆ ਗਿਆ। ਅਗਾਂਹ ਵਧੂ ਵਿਚਾਰਾਂ ਦਾ ਹੋਣ ਕਰਕੇ ਮੈਂ ਦਾਜ ਨੂੰ ਖਾਸ ਤਰਜੀਹ ਨਹੀਂ ਸੀ ਦਿੰਦਾ। ਹੁਣ ਉਸ ਇਲਾਕੇ ਵਿਚ ਹੋਰ ਵਿਆਹਾਂ ਵਿਚ ਸ਼ਾਮਿਲ ਹੋਣ ਲਈ ਰਾਸਤਾ ਜਰੂਰ ਖੁੱਲ੍ਹ ਗਿਆ। ਮੇਰੇ ਸਹੁਰਿਆਂ ਦੇ ਬਹੁਤੇ ਰਿਸ਼ਤੇਦਾਰ ਲੁਧਿਆਣਾ ਤੋਂ ਮੋਗੇ ਤੱਕ ਦੇ ਦੂਜੇ ਪਾਸੇ ਗਿੱਲ ਪਿੰਡ ਤੋਂ ਨਾਰੰਗਵਾਲ ਤੱਕ ਸਨ। ਫਿਰ ਇੱਕ ਵਿਆਹ ਮੇਰੀ ਘਰਵਾਲੀ ਦੀ ਭੂਆ ਦੀ ਲੜਕੀ ਦਾ ਹੋਇਆ। ਅਸੀਂ ਗੱਜ-ਵੱਜ ਕੇ ਵਿਆਹ ਦੇਖਣ ਗਏ। ਬਰਾਤ ਲੁਧਿਆਣਿਓਂ ਆਈ ਸੀ। ਲੜਕਾ ਪੰਜਾਬ ਖੇਤੀ-ਬਾੜੀ ਯੂਨੀਵਰਸਿਟੀ ਲੁਧਿਆਣੇ ਪ੍ਰੋਫੈਸਰ ਸੀ। ਲੜਕੀ ਵੀ ਲੁਧਿਆਣੇ ਕਿਸੇ ਕਾਲਜ ਵਿਚ ਅੰਗਰੇਜ਼ੀ ਦੀ ਪ੍ਰੋਫੈਸਰ ਸੀ। ਬਰਾਤ ਸਵੇਰੇ ਆਉਣੀ ਸੀ। ਸ਼ਾਮ ਨੂੰ ਘਰ ਵਿਚ ਬੜਾ ਧਮੱਚੜ ਪਿਆ। ਨੱਚਣ ਗਾਉਣ ਦਾ ਕੋਈ ਵੀ ਅੰਤ ਨਾ ਰਿਹਾ। ਮੈਂ ਘਰ ਦਾ ਜਵਾਈ ਸਾਂ। ਮੇਰੇ ਤੇ ਸਿੱਠਣੀਆਂ ਦੀ ਵਾਛੜ ਕੀਤੀ ਗਈ ਤੇ ਮੈਨੂੰ ਖਿੱਚ ਖਿੱਚ ਕੇ ਨੱਚਣ ਲਈ ਵੀ ਮਜਬੂਰ ਕੀਤਾ ਗਿਆ। ਮੈਂ ਜ਼ਿੰਦਗੀ ਵਿਚ ਇਸ ਪ੍ਰਕਾਰ ਦੇ ਭੰਜੜਖਾਨੇ ਵਿਚ ਕਦੀ ਹਿੱਸਾ ਲਿਆ ਹੀ ਨਹੀਂ ਸੀ। ਭਾਵੇਂ ਮੈਂ ਉਸ ਸਮੇਂ ਤਾਂ ਮਾੜਾ ਮੋਟਾ ਹਿੱਸਾ ਲੈ ਕੇ ਕੰਮ ਸਾਰ ਲਿਆ ਪਰ ਮੈਂ ਇੱਕ ਗੱਲ ਲੜ ਬੰਨ੍ਹ ਲਈ ਸੀ ਕਿ ਬੇਜ਼ਤੀ ਕਰਵਾਉਣ ਨਾਲੋਂ ਮਾੜੇ ਮੋਟੇ ਇੱਕ ਦੋ ਗੇੜੇ ਕੱਢ ਲੈਣੇ ਚੰਗੇ ਹੁੰਦੇ ਹਨ। ਮੈਂ ਉਸ ਵਿਆਹ ਤੋਂ ਬਾਅਦ ਜਿੰਨੇ ਵੀ ਵਿਆਹਾਂ ਵਿਚ ਸ਼ਾਮਿਲ ਹੋਇਆ ਉਨ੍ਹਾਂ ਸਭ ਵਿਚ ਨਚਾਰਾਂ ਨਾਲ ਇੱਕ ਦੋ ਗੇੜੇ ਕੱਢ ਕੇ ਸੁਰਖਰੂ ਹੋਣ ਦਾ ਤਰੀਕਾ ਤਲਾਸ਼ ਕਰ ਲਿਆ ਸੀ। ਜੇ ਬੰਦਾ ਇੰਝ ਨਾ ਕਰੇ ਤਾਂ ਬਾਕੀ ਸ਼ਰਾਬੀ ਖਿੱਚ ਧੂਹ ਕਰਨ ਤੋਂ ਹਟਦੇ ਹੀ ਨਹੀਂ। ਮਾਲਵਾ ਸੱਭਿਆਚਾਰਕ ਪ੍ਰਗਟਾਵੇ ਵਿਚ ਦੁਆਬੇ ਤੋਂ ਉੱਪਰ ਹੋਇਆ ਕਰਦਾ ਸੀ। ਸ਼ਾਇਦ ਹੁਣ ਵੀ ਇਵੇਂ ਹੀ ਹੋਵੇ।

ਸਵੇਰੇ ਬਰਾਤ ਆਈ। ਸੌ ਕੁ ਬਰਾਤੀ ਸਨ। 80 ਫੀਸਦੀ ਬਰਾਤ ਪੜ੍ਹੀ ਲਿਖੀ ਲੱਗਦੀ ਸੀ। ਸਭ ਪਾਸੇ ਸਰਦਾਰੀ ਦਾ ਝੰਡਾ ਸੀ। ਮਲਵਈ ਮਾਲਵੇ ਵਿਚ ਹੀ ਵਿਆਹੁਣ ਆਏ ਸਨ। ਲਾੜੇ ਦਾ ਬਾਪ ਵੀ ਇੰਜੀਨੀਅਰ ਸੀ। ਐਕਸੀਅਨ ਦੀ ਪੋਸਟ ਤੋਂ ਸੇਵਾ ਮੁਕਤ ਸੀ। ਨਾਨਕੇ ਵੀ ਸੋਹਣੇ ਲੈਂਡ ਲਾਰਡ ਸਨ। ਬਰਾਤ ਦੀ ਪੂਰੀ ਆਓ ਭਗਤ ਕੀਤੀ ਗਈ। ਇਹ ਬਰਾਤ ਵਾਜਾ ਕੁਝ ਨਵੀਂ ਕਿਸਮ ਦਾ ਲਿਆਈ ਸੀ। ਵਾਜਾ ਵੀ ਸ਼ਹਿਰੀ ਕਿਸਮ ਦਾ ਸੀ ਤੇ ਬਰਾਤੀ ਵੀ ਬਹੁਤੇ ਸ਼ਹਿਰੀ ਜਾਂ ਸ਼ਹਿਰੀਆਂ ਜਿਹੇ ਸਨ। ਖਾਧੀ ਪੀਤੀ ਇਨ੍ਹਾਂ ਨੇ ਵੀ ਸੋਹਣੀ ਪਰ ਬੜੇ ਸਲੀਕੇ ਨਾਲ। ਬਰਾਤ ਮੂਹਰੇ ਭੰਗੜਾ ਇਨ੍ਹਾਂ ਨੇ ਵੀ ਪਾਇਆ ਪਰ ਬੜਾ ਮਿਆਰੀ ਭੰਗੜਾ। ਇਥੋਂ ਤੱਕ ਕਿ ਇਨ੍ਹਾਂ ਨਾਲ ਇੱਕ ਬੋਲੀਆਂ ਪਾਉਣ ਵਾਲਾ ਸਿਖਾਂਦਰੂ ਮੁੰਡਾ ਵੀ ਸੀ। ਇੱਕ ਢੋਲ ਵਾਲਾ ਲੁਧਿਆਣੇ ਦਾ ਪ੍ਰੋਫੈਸ਼ਨਲ ਢੋਲੀ ਸੀ। ਇਸ ਨੂੰ ਅਸੀਂ ਯੁਵਕ ਮੇਲਿਆਂ ਵਿਚ ਵੀ ਅਕਸਰ ਦੇਖਿਆ ਕਰਦੇ ਸਾਂ। ਇਸ ਮੁੰਡੇ ਅਤੇ ਢੋਲੀ ਨੇ ਬਰਾਤੀਆਂ ਨੂੰ ਸੋਹਣਾ ਨਚਾਇਆ। ਬਰਾਤੀਆਂ ਨੇ ਪੈਸੇ ਵੀ ਸੋਹਣੇ ਵਾਰੇ। ਵਾਜੇ ਵਾਲੇ ਪੂਰੇ ਖੁਸ਼ ਦਿਖਾਈ ਦੇ ਰਹੇ ਸਨ। ਜਦ ਬਰਾਤ ਵਾਪਸ ਡੇਰੇ ਆ ਗਈ ਤਾਂ ਉੱਥੇ ਭੰਡ ਆ ਗਏ।

ਲੈ ਬਈ ਭੰਡਾ
ਪਿੱਛੇ ਜਿਹੇ ਆਪਾਂ ਕੁੜੀ ਦਾ ਵਿਆਹ ਕੀਤਾ
ਜਿਹੜੀ ਕਾਲਜੇ ਕੱਢਦੀ ਆ,
ਓਏ ਭੰਡਾ ਕਾਲਜੇ ਕੱਢਦੀ ਨਹੀਂ,
ਕਾਲਜੇ ਪੜ੍ਹਦੀ ਆ।
ਭੰਡਾ ਆਪਾਂ ਕੁੜੀ ਦਾ ਵਿਆਹ ਕੀਤਾ
ਆਪਾਂ ਮੁੰਡੇ ਵਾਲਿਆਂ ਦਾ ਘਰ ਭਰਤਾ
ਦਾਜ ਨਾਲ?
ਕਾਰ ਦੇਤੀ?
ਪੇਟੀਆਂ ਦੇ ਦਿੱਤੀਆਂ?
ਨਾ ਓਏ ਭੰਡਾ ਨਾ
ਬਸ ਘਰ ਭਰਤਾ,
ਕਾਹਦੇ ਨਾਲ?
ਉਲਟੀਆਂ ਕਰ ਕਰ!!

...............................

ਓਏ ਟਿੱਚਰ ਨਾ ਕਰੀਏ ਮਰਾਸੀ ਜਾਤ ਨੂੰ
ਓ ਜੁੱਤੀ ਸੋਟੀ ਬਿਨਾ ਤੁਰੀਏ ਨਾ ਰਾਤ ਨੂੰ
ਲੈ ਲਈਏ ਉਧਾਰ ਜੇ ਕੋਈ ਕੱਲਾ ਟੱਕਰੇ
ਮੰਗ ਕੇ ਲੋਕਾਂ ਤੋਂ ਨਿੱਤ ਪਾਈਏ ਕੱਪੜੇ
ਮੋੜਦੇ ਨਾ ਫੇਰ ਪੁੱਛੀਏ ਨਾ ਬਾਤ ਨੂੰ
ਓਏ ਟਿੱਚਰ ਨਾ ਕਰੀਏ ਮਰਾਸੀ ਜਾਤ ਨੂੰ।

ਭੰਡਾਂ ਨੇ ਸੋਹਣਾ ਪਿੜ ਬੰਨ੍ਹਿਆ। ਪਿੰਡ ਦੀ ਲਗੌੜ ਵੀ ਕਾਫੀ ਇਕੱਠੀ ਹੋਈ। ਪੈਸੇ ਵੀ ਭੰਡਾਂ ਨੂੰ ਸੋਹਣੇ ਬਣ ਗਏ।

ਉੱਧਰ ਵਾਜੇ ਵਾਲਿਆਂ ਆਪਣੀ ਤਰਜ ਕੱਢੀ। ਤਰਜ ਦਾ ਮਤਲਬ ਰੋਟੀ ਖਾਣ ਜਾਣਾ ਨਹੀਂ ਸੀ। ਖਾਣਾ ਤਾਂ ਬਰਾਤ ਖਾ ਚੁੱਕੀ ਸੀ। ਤਰਜ ਦਾ ਮਤਲਬ ਦਾਜ ਦੇਖਣ ਜਾਣ ਦੇ ਸੱਦੇ ਵੱਲ ਇਸ਼ਾਰਾ ਸੀ। ਗਿਣੇ-ਚੁਣੇ ਘਰ ਵਾਲੇ ਦਾਜ ਦੇਖਣ ਵੱਲ ਨੂੰ ਚਾਲੇ ਪਾ ਗਏ। ਘਰ ਦਾ ਵਿਹੜਾ ਉਨ੍ਹਾਂ ਸਾਰੀਆਂ ਚੀਜ਼ਾਂ ਵਸਤਾਂ ਨਾਲ ਭਰਿਆ ਪਿਆ ਸੀ ਜਿਹੜੀਆਂ ਮੈਂ ਉੱਪਰ ਪਹਿਲੇ ਵਿਆਹ ਵਿਚ ਦਰਸਾਈਆਂ ਹਨ। ਫਰਕ ਸਿਰਫ ਇੰਨਾ ਸੀ ਕਿ ਇਸ ਸਾਰੇ ਸਮਾਨ ਦੇ ਅੰਤ ਵਿਚ ਇੱਕ ਫੀਅਟ ਕਾਰ ਖੜ੍ਹੀ ਸੀ। ਕਾਰ ਨਾਲ ਕਾਰ ਦੀ ਚਾਬੀ ਲਟਕ ਰਹੀ ਸੀ। ਕਾਰ ਦੇ ਪਰਲੇ ਪਾਸੇ ਗੱਡੇ ਹੋਏ ਲੱਕੜ ਦੇ ਬਾਲੇ ਦੇ ਨਾਲ ਇੱਕ ਮੋਟਾ ਜੰਦਰਾ ਬੰਨਿਆ ਹੋਇਆ ਸੀ।

ਮੈਂ ਆਪਣੀ ਘਰਵਾਲੀ ਨੂੰ ਪੁੱਛਿਆ, 'ਦਾਜ ਤਾਂ ਸੱਚ ਮੁੱਚ ਬਹੁਤ ਏ। ਇੱਕ ਤੋਂ ਇੱਕ ਚੀਜ਼ ਵੱਧ ਕੇ। ਮਾਲਵੇ ਵਾਲੇ ਸੱਚ-ਮੁੱਚ ਹੀ ਬੜੇ ਗੁੱਝੇ ਬੰਦੇ ਨੇ। ਘਰਵਾਲੇ ਦੇਖਣ ਨੂੰ ਬੜੇ ਹੀ ਸਾਊ ਤੇ ਸ਼ਰੀਫ ਜਿਹੇ! ਚੁੱਪ ਚਪੀਤੇ! ਵਗਦੇ ਪਾਣੀ ਜ਼ਿਆਦਾ ਹੀ ਡੂੰਘੇ ਹੁੰਦੇ ਨੇ। ਕੀ ਆਹ ਜੰਦਰਾ ਵੀ ਦਾਜ ਵਿਚ ਹੀ ਦਿੱਤਾ ਜਾ ਰਿਹਾ ਏ?'

ਉਹ ਕਹਿਣ ਲੱਗੀ, 'ਤੁਹਾਨੂੰ ਜੰਦਰੇ ਦਾ ਮਤਲਬ ਵੀ ਸਮਝ ਨਹੀਂ ਆਇਆ? ਬੜੇ ਭੋਲੇ ਹੋ। ਇਹ ਮਾਲਵਾ ਏ ਮਾਲਵਾ! ਇਹਨੂੰ ਦੁਆਬਾ ਨਾ ਸਮਝੀ ਜਾਇਓ। ਖੁੱਲ੍ਹੇ ਲੋਕ ਤੇ ਖੁੱਲੀਆਂ ਜ਼ਮੀਨਾਂ!'

'ਇਸ ਜੰਦਰੇ ਦਾ ਜ਼ਮੀਨਾਂ ਨਾਲ ਕੀ ਸੰਬੰਧ?'

'ਅਗਲਿਆਂ ਨੇ ਦਾਜ ਦੀ ਨੁਮਾਇਸ਼ ਕਰਕੇ ਅੰਤ ਵਿਚ ਜੰਦਰਾ ਰੱਖ ਕੇ ਇਹ ਜਾਹਿਰ ਕੀਤਾ ਹੈ ਕਿ ਸਭ ਕੁਝ ਸਿਰੇ ਦਾ ਏ। ਇਸ ਤੋਂ ਵੱਧ ਦਾਜ ਕੋਈ ਹੋਰ ਨਹੀਂ ਦੇ ਸਕਦਾ। ਅਗਲਿਆਂ ਨੇ ਦਾਜ ਨੂੰ ਜੰਦਰਾ ਲਾ ਦਿੱਤਾ ਹੈ। ਅਗਲਿਆਂ ਨੇ ਇਹ ਜਾਹਿਰ ਕੀਤਾ ਹੈ ਕਿ ਅੱਜ ਤੱਕ ਨਾ ਕਿਸੇ ਨੇ ਇੰਨਾਂ ਦਾਜ ਦਿੱਤਾ ਏ ਨਾ ਹੀ ਕੋਈ ਦੇ ਸਕਦਾ ਏ।'

'ਅੱਛਾ! ਜੰਦਰੇ ਦਾ ਇਹ ਮਤਲਬ ਏ? ਬੜਾ ਵੱਡਾ ਖਰਚਾ ਕੀਤਾ ਤੇਰੀ ਭੂਆ ਨੇ। ਮੰਨ ਗਏ ਮਲਵਈਆਂ ਨੂੰ!!'

'ਤੁਹਾਡੇ ਵੇਲੇ ਵੀ ਕਾਫੀ ਕੁਝ ਹੋ ਜਾਣਾ ਸੀ, ਜੇ ਤੁਸੀਂ ਬਹੁਤੇ ਅਗਾਂਹਵਧੂ ਨਾ ਬਣਦੇ।'

'ਅਗਾਂਹਵਧੂ?'

'ਹੋਰ ਕੀ? ਤੁਸੀਂ ਸਾਹਿਤਕਾਰ ਜ਼ਿਆਦਾ ਹੀ ਅਗਾਂਹਵਧੂ ਬਣ-ਬਣ ਕੇ ਭੱਸੜਾ ਭਨਾਉਂਦੇ ਰਹਿੰਦੇ ਹੋ। ਬੜਾ ਸੋਹਣਾ ਕੁਕਿੰਗ ਗੈਸ ਦਾ ਕੁਨੈਕਸ਼ਨ ਬੀਜੀ ਹੋਣਾ ਦੇ ਦੇਣਾ ਸੀ। ਮੈਂ ਪੁੱਛਿਆ ਸੀ ਤਾਂ ਤੁਸੀਂ, ਯਾਦ ਏ ਕੀ ਕਿਹਾ ਸੀ?'

'ਕੀ?'

'ਅਖੇ, ਸਾਡੇ ਪਿੰਡ ਤਾਂ ਗੈਸ ਕਿਸੇ ਦੇ ਹੈ ਹੀ ਨਹੀਂ। ਅਸੀਂ ਤਾਂ ਹੀਟਰਾਂ ਤੇ ਸਟੋਵਾਂ ਨਾਲ ਹੀ ਸਾਰ ਲਈਦਾ ਏ। ਜੇ ਜ਼ਿਆਦਾ ਹੀ ਜਰੂਰਤ ਮਹਿਸੂਸ ਹੋਈ ਤਾਂ ਅਸੀਂ ਆਪ ਇੰਤਜ਼ਾਮ ਕਰ ਲਵਾਂਗੇ। ਯਾਦ ਏ, ਕਿੰਨੇ ਸਾਲਾਂ ਬਾਅਦ ਇੰਤਜ਼ਾਮ ਕੀਤਾ ਸੀ। ਹੱਥ ਜਲਾਉਣ ਨੂੰ ਘਰਵਾਲੀਆਂ। ਜ਼ਿਆਦਾ ਹੀ ਆਦਰਸ਼ਵਾਦੀ ਤੇ ਅਖੌਤੀ ਅਗਾਂਹਵਧੂ ਬਣਨ ਨੂੰ ਤੁਸੀਂ ਆਪ!'

'ਪਿੰਡ ਤੋਂ 20 ਕਿਲੋਮੀਟਰ ਦੂਰੋਂ ਤਾਂ ਸਲੰਡਰ ਭਰਵਾਉਣ ਜਾਣਾ ਪੈਂਦਾ ਸੀ। ਚਲ ਗਲਤੀ ਹੋ ਗਈ। ਜੋ ਹੋ ਗਿਆ ਸੋ ਹੋ ਗਿਆ। ਬੰਦਾ ਮੰਗਦਾ ਕਿਹੜਾ ਚੰਗਾ ਲੱਗਦਾ ਏ। ਚੱਲ ਛੱਡ ਹੁਣ ਪੁਰਾਣੀਆਂ ਗੱਲਾਂ। ਨਾਲੇ ਤੇਰੇ ਕੋਲ਼ ਹਰ ਵੇਲੇ ਤਾਂ ਨੌਕਰਾਣੀ ਹੁੰਦੀ ਸੀ। ਆਪਣਾ ਵਕਤ ਠੀਕ ਠਾਕ ਲੰਘ ਗਿਆ ਸੀ। ਇਸ ਵਿਆਹ ਦੀਆਂ ਤਾਂ ਬਈ ਧੁੰਮਾ ਪੈ ਗਈਆਂ। ਇਹ ਵਿਆਹ ਤਾਂ ਸਾਰਿਆਂ ਲਈ ਇੱਕ ਯਾਦਦਾਸ਼ਤ ਬਣ ਗਿਆ।'

...............................

ਫਿਰ ਮੇਰੀ ਘਰਵਾਲੀ ਦੀ ਦੂਜੀ ਭੂਆ ਦੀ ਕੁੜੀ ਦਾ ਵਿਆਹ ਆ ਗਿਆ। ਇਸ ਭੂਆ ਦਾ ਘਰਵਾਲਾ ਰੇਲਵੇ ਵਿਚ ਗਜਟਡ ਅਫਸਰ ਸੀ। ਦੋ ਮੁਰੱਬੇ ਜ਼ਮੀਨ ਦੇ ਸਨ। ਚੰਡੀਗੜ੍ਹ ਅੱਠ ਸੈਕਟਰ ਵਿਚ ਢਾਈ ਕਨਾਲ ਦੀ ਕੋਠੀ ਸੀ। ਉਨ੍ਹਾਂ ਦੇ ਬੱਸ ਇੱਕ ਹੀ ਔਲਾਦ ਸੀ। ਇੱਕ ਲੜਕਾ ਹੁੰਦਾ ਸੀ ਜਿਹੜਾ ਜਵਾਨ ਅਵਸਥਾ ਵਿਚ ਹੀ ਇੱਕ ਦੁਰਘਟਨਾ ਵਿਚ ਪੂਰਾ ਹੋ ਗਿਆ ਸੀ। ਲੜਕੀ ਗੁਰਲੀਨ ਗਰੈਜੂਏਟ ਸੀ। ਫੁੱਫੜ ਜੀ ਦੇ ਦੋ ਕੁ ਪੰਜਾਬ ਦੇ ਮਨਿਸਟਰਾਂ ਨਾਲ ਵੀ ਚੰਗੇ ਤੁਅਲਕਾਤ ਸਨ। ਉਹ ਵੀ ਵਿਆਹ ਵਿਚ ਆਏ ਸਨ। ਪਿੰਡ ਸਾਰਾ ਪੁਲਿਸ ਨਾਲ ਭਰਿਆ ਪਿਆ ਸੀ। ਬਰਾਤ ਕਰਨਾਲ ਦੇ ਨੇੜਿਓਂ ਵਿਰਕ ਜੱਟਾਂ ਦੀ ਸੀ। ਮੰਗਣੀ ਵੇਲੇ ਫੁੱਫੜ ਜੀ ਸਕੂਟਰ ਦੇ ਆਏ ਸਨ। ਮੁੰਡੇ ਦਾ ਬਾਪ ਹਰਿਆਣੇ ਦਾ ਇੱਕ ਵੱਡਾ ਅਲਾਟੀ ਸੀ ਤੇ ਅਕਾਲੀ ਲੀਡਰ ਸੀ। ਬਰਾਤ ਤਕਰੀਬਨ ਇੱਕ ਹਜ਼ਾਰ ਬੰਦਾ ਸੀ। ਇਨ੍ਹਾਂ ਵਿਚ ਸੌ ਕੁ ਜਨਾਨੀਆਂ ਸਨ। ਅਖਾੜਾ ਲਗਾਉਣ ਲਈ ਗੁਰਦਾਸ ਮਾਨ ਕੀਤਾ ਹੋਇਆ ਸੀ। ਉਦੋਂ ਗੁਰਦਾਸ ਮਾਨ ਅਜੇ ਮਸ਼ਹੂਰ ਹੋਣਾ ਸ਼ੁਰੂ ਹੋਇਆ ਹੀ ਸੀ। 'ਮਾਮਲਾ ਗੜਬੜ ਹੈ' ਤੇ 'ਛੱਲਾ' ਮਹਿਫਲਾਂ ਦੀ ਸ਼ਾਨ ਹੋਇਆ ਕਰਦੇ ਸਨ। ਵਿਆਹ ਇੰਨਾਂ ਭਾਰਾ ਹੋਇਆ ਸੀ ਕਿ ਅੱਜ ਤੱਕ ਇਲਾਕੇ ਦੇ ਵਿਚ ਇਸ ਪ੍ਰਕਾਰ ਦਾ ਵਿਆਹ ਕਦੀ ਦੇਖਿਆ ਹੀ ਨਹੀਂ ਸੀ। ਜੇ ਮੈਂ ਬਿਆਨ ਕਰਨ ਲੱਗਾਂ ਤਾਂ ਕਈ ਵਰਕੇ ਭਰ ਜਾਣਗੇ। ਮਿਲਣੀਆਂ ਵਿਚ ਵੀ ਸੋਨਾ ਪਾਣੀ ਵਾਂਗ ਵਰ੍ਹਿਆ ਸੀ। ਖਾਣ-ਪੀਣ ਦਾ ਪ੍ਰਬੰਧ ਸਿਰੇ ਦਾ ਸੀ। ਗੁਰਦਾਸ ਮਾਨ ਦਾ ਪ੍ਰੋਗਰਾਮ ਦੇਖਣ ਲਈ ਆਲੇ ਦੁਆਲੇ ਦੇ ਕਈ ਪਿੰਡ ਇਕੱਠੇ ਹੋ ਗਏ ਸਨ। ਮੈਂ ਤੇ ਮੇਰੀ ਘਰਵਾਲੀ ਤਾਂ ਮੇਲੇ ਵਿਚ ਗੁਆਚੇ ਪਏ ਸਾਂ। ਸਭ ਕੁਝ ਦਾ ਆਨੰਦ ਮਾਨਣ ਤੋਂ ਬਾਅਦ ਆਪਾਂ ਸੋਚਿਆ ਕਿ ਦਾਜ ਵੀ ਦੇਖ ਚਲੀਏ। ਜਦ ਦਾਜ ਤੇ ਨਜ਼ਰ ਮਾਰੀ ਤਾਂ ਸਾਡੇ ਹੋਸ਼ ਉੱਡ ਗਏ। ਚੀਜ਼ਾਂ ਵਸਤਾਂ ਬਿਆਨ ਕਰਨੀਆਂ ਔਖੀਆਂ ਸਨ। ਕੁੜੀ ਨੂੰ ਸੋਨਾ ਤੇ ਡਾਇਮੰਡ ਵੀ ਬਹੁਤ ਪਾਇਆ ਗਿਆ ਸੀ। ਮੁੰਡੇ ਦੀ ਮਾਂ ਤੇ ਭੈਣਾਂ ਲਈ ਵੀ ਸੋਨੇ ਦੇ ਭਾਰੇ ਭਾਰੇ ਗਹਿਣੇ ਸਨ। ਅਸੀਂ ਦਾਜ ਵਿਛਿਆ ਹੋਇਆ ਦੇਖ ਲਿਆ। ਜਦ ਅੱਗੇ ਗਏ ਤਾਂ ਇੱਕ ਇੰਪਾਲਾ ਸ਼ੈਵਰਲੈਟ ਕਾਰ ਵੀ ਖੜ੍ਹੀ ਸੀ। ਥੋੜਾ ਹੋਰ ਅੱਗੇ ਗਏ ਤਾਂ ਦੇਖਿਆ ਇੱਕ ਮੋਟਾ ਡੰਡਾ ਜਮੀਨ ਵਿਚ ਗੱਡਿਆ ਹੋਇਆ ਸੀ। ਉਸਦੇ ਉੱਪਰ ਇੱਕ ਸੁਰਾਖ ਕੱਢ ਕੇ ਉਸ ਵਿਚ ਇੱਕ ਰੱਸੀ ਨਾਲ ਜੋੜ ਕੇ ਮੋਟੇ ਕਾਗਜ਼ ਦਾ ਬੋਰਡ ਲਗਾਇਆ ਹੋਇਆ ਸੀ। ਉਸ ਬੋਰਡ ਨਾਲ ਇੱਕ ਚਾਬੀਆਂ ਦਾ ਗੁੱਛਾ ਲਟਕਦਾ ਸੀ। ਬੋਰਡ ਉੱਪਰ ਲਿਖਿਆ ਸੀ:

'ਇਹ ਚਾਬੀਆਂ ਅੱਠ ਸੈਕਟਰ ਚੰਡੀਗੜ੍ਹ ਦੀ ਕੋਠੀ ਨੰਬਰ — ਦੀਆਂ ਹਨ। ਇਹ ਢਾਈ ਕਨਾਲ ਦੀ ਕੋਠੀ ਵੀ ਲੜਕੀ ਨੂੰ ਦਾਜ ਵਿਚ ਦਿੱਤੀ ਜਾਂਦੀ ਏ।'

ਇਸ ਚਾਬੀਆਂ ਦੇ ਗੁੱਛੇ ਤੋਂ ਅੱਗੇ ਇੱਕ ਜੰਦਰਾ ਪਿਆ ਸੀ।

'ਡੀਅਰ, ਆਹ ਜੰਦਰਾ ਕਿਓਂ ਟੰਗਿਆ ਏ? ਜੰਦਰਾ ਤਾਂ ਤੇਰਾ ਦੂਜਾ ਫੁੱਫੜ ਪਹਿਲਾਂ ਹੀ ਦਾਜ ਨੂੰ ਲਗਾ ਚੁੱਕਾ ਸੀ। ਹੁਣ ਇਨ੍ਹਾਂ ਨੇ ਜੰਦਰਾ ਕਿਓਂ ਟੰਗਿਆ।'

'ਜ਼ਰਾ ਧਿਆਨ ਨਾਲ ਦੇਖੋ। ਜ਼ਰਾ ਨੇੜੇ ਹੋ ਕੇ ਦੇਖੋ।'

'ਹੈਂ! ਹੈਂ!! ਇਹ ਜੰਦਰਾ ਤਾਂ ਇੱਕ ਪਾਸਿਓਂ ਟੁੱਟਾ ਹੋਇਆ ਏ। ਇਸ ਦਾ ਕੀ ਭਾਵ?'

'ਔਹ ਸਾਹਮਣੇ ਮੋਟੀ ਅੱਡੀ ਵਾਲਾ ਛਿੱਤਰ ਪਿਆ ਨਹੀਂ ਦਿਖਦਾ?'

'ਹਾਂ, ਛਿੱਤਰ ਵੀ ਪਿਆ ਏ। ਇਹ ਕਿਉਂ? ਬੜੀ ਅਜੀਬ ਜਿਹੀ ਸਥਿਤੀ ਏ!!'

'ਤੁਸੀਂ ਭੋਲੇ ਹੋ! ਅਗਲੇ ਨੇ ਜੰਦਰੇ ਨੂੰ ਤੋੜ ਦਿੱਤਾ ਹੈ। ਨਾਲ ਜੁੱਤੀ ਰੱਖਣ ਦਾ ਅਰਥ ਹੈ ਕਿ ਜਿਹੜਾ ਜੰਦਰਾ ਸਾਂਢੂ ਨੇ ਆਪਣੀ ਕੁੜੀ ਦੇ ਵਿਆਹ ਵੇਲੇ ਦਾਜ ਨੂੰ ਲਗਾਇਆ ਸੀ ਅਗਲਿਆਂ ਨੇ ਜੰਦਰੇ ਨੂੰ ਜੁੱਤੀ ਨਾਲ ਤੋੜ ਦਿੱਤਾ ਹੈ। ਭਾਵ, ਦਾਜ ਸਾਂਢੂ ਦੀ ਕੁੜੀ ਦੇ ਵਿਆਹ ਤੋਂ ਕਿਤੇ ਜ਼ਿਆਦਾ ਹੈ। ਇਹ ਹੁਣ ਅੱਗੇ ਦੇਖਾਂਗੇ ਕੋਈ ਕਿੰਨਾ ਕੁ ਦੇ ਕੇ ਸਾਨੂੰ ਮਾਤ ਪਾਉਂਦਾ ਏ। ਦਾਜ ਦੇਣ ਦੇ ਪਹਿਲੇ ਸਾਰੇ ਰਿਕਾਰਡ ਤੋੜ ਦਿੱਤੇ ਗਏ ਹਨ। ਹੁਣ ਦੇਖਾਂਗੇ ਕੋਈ ਜੁੱਤੀ ਤੋਂ ਉੱਪਰ ਕੀ ਕਰੂ।'

ਮੈਂ ਲੋਕਾਂ ਦੀ ਸੋਚ ਤੇ ਹੱਕਾ-ਬੱਕਾ ਰਹਿ ਗਿਆ। ਮੇਰੇ ਮਨ ਤੇ ਇਹ ਸਵਾਲ ਹੋਰ ਭਾਰੂ ਹੋ ਗਿਆ: 'ਅਗਾਂਹਵਧੂ ਬੰਦੇ ਡੌਂਡੀ ਪਿੱਟੀ ਜਾਂਦੇ ਨੇ, ਦਾਜ ਬੰਦ ਕਰੋ! ਦਾਜ ਬੰਦ ਕਰੋ!! ਜ਼ਮੀਨੀ ਹਕੀਕਤ ਤਾਂ ਇਸ ਸੋਚ ਦੇ ਨੇੜੇ ਤੇੜੇ ਵੀ ਨਹੀਂ ਏ।'

# ਦਰਬਾਰ ਸਾਹਿਬ -2

***'ਪੰਜਾਬ ਟਾਈਮਜ਼ ਨਾਈਟ' ਮੌਕੇ ਦਿੱਤੇ ਸੁਝਾਉ ਕਿ ਹਰ ਵਾਰ ਕਿਸੇ ਇਕ ਨਗਰ ਅਤੇ/ਜਾਂ ਇਕ ਇਤਿਹਾਸਕ ਗੁਰਦੁਆਰੇ ਦਾ ਇਤਿਹਾਸ ਦਿੱਤਾ ਜਾਵੇ, ਤਹਿਤ ਅਸੀਂ ਅੰਕ 27 ਤੇ 28 ਵਿਚ ਅੰਮ੍ਰਿਤਸਰ ਸ਼ਹਿਰ ਤੇ ਇਸ ਦਾ ਇਤਿਹਾਸ ਪੇਸ਼ ਕੀਤਾ ਸੀ। ਇਸ ਵਾਰ ਅਸੀਂ ਦਰਬਾਰ ਸਾਹਿਬ ਅਤੇ ਇਸ ਵਿਚਲੀਆਂ ਥਾਂਵਾਂ ਦਾ ਇਤਿਹਾਸ ਪੇਸ਼ ਕਰ ਰਹੇ ਹਾਂ, ਜਿਸ ਨੂੰ ਦੋ-ਤਿੰਨ ਕਿਸ਼ਤਾਂ ਵਿਚ ਪੇਸ਼ ਕਰਾਂਗੇ। ਇਹ ਮਜ਼ਮੂਨ ਪ੍ਰੋ. ਸ਼ਿਲਪੀ ਸੇਠ, ਮੁਖੀ ਟਰੈਵਲ ਐਂਡ ਮੈਨੇਜਮੈਂਟ ਡਿਪਾਰਟਮੈਂਟ, ਡੀ.ਏ.ਵੀ. ਕਾਲਜ ਅੰਮ੍ਰਿਤਸਰ ਨੇ ਵਿਸ਼ੇਸ਼ 'ਪੰਜਾਬ ਟਾਈਮਜ਼' ਵਾਸਤੇ ਲਿਖਿਆ ਹੈ। ਅਸੀਂ ਉਨ੍ਹਾਂ ਦੇ ਤਹਿ-ਦਿਲ ਤੋਂ ਧੰਨਵਾਦੀ ਹਾਂ।***

## ਦਰਬਾਰ ਸਾਹਿਬ ਵਿਚ ਇਤਿਹਾਸਕ ਥਾਂਵਾਂ:

**1. ਥੜ੍ਹਾ ਸਾਹਿਬ:** ਦਰਬਾਰ ਸਾਹਿਬ ਦੇ ਅਸਲ ਦੁਆਰ ਦੇ ਕੋਲ ਇਹ ਉਹ ਉੱਚੀ ਥਾਂ ਹੈ, ਜਿੱਥੇ ਬੈਠ ਕੇ ਗੁਰੂ ਰਾਮਦਾਸ ਸਾਹਿਬ ਸਰੋਵਰ ਅਤੇ ਗੁਰੂ ਅਰਜਨ ਸਾਹਿਬ ਦਰਬਾਰ ਸਾਹਿਬ ਬਣਾਏ ਜਾਣ ਸਮੇਂ ਸੰਗਤਾਂ ਨਾਲ ਸੰਬੋਧਨ ਹੋਇਆ ਕਰਦੇ ਸੀ ਜਾਂ ਦੀਵਾਨ ਸਜਾਉਂਦੇ ਸੀ। ਇਸੇ ਥਾਂ 'ਤੇ 22 ਨਵੰਬਰ 1664 ਦੇ ਦਿਨ ਗੁਰੂ ਤੇਗ਼ ਬਹਾਦਰ ਸਾਹਿਬ ਨੇ ਵੀ ਦੀਵਾਨ ਸਜਾਇਆ ਸੀ।

**2. ਲਾਚੀ ਬੇਰ:** ਇਹ ਬੇਰੀ ਦਰਸ਼ਨੀ ਡਿਉਢੀ ਦੇ ਬਾਹਰ ਬਿਲਕੁਲ ਨਾਲ ਹੈ। ਦਰਬਾਰ ਸਾਹਿਬ ਦੀ ਉਸਾਰੀ ਵੇਲੇ ਗੁਰੂ ਅਰਜਨ ਸਾਹਿਬ ਇੱਥੇ ਬੈਠ ਕੇ ਨਿਗਰਾਨੀ ਕਰਿਆ ਕਰਦੇ ਸੀ। ਫਿਰ 11



**ਪ੍ਰੋ. ਸ਼ਿਲਪੀ ਸੇਠ**
ਮੁਖੀ ਟਰੈਵਲ ਐਂਡ ਮੈਨੇਜਮੈਂਟ ਡਿਪਾਰਟਮੈਂਟ, ਡੀ.ਏ.ਵੀ. ਕਾਲਜ ਅੰਮ੍ਰਿਤਸਰ

ਅਗਸਤ 1740 ਦੇ ਦਿਨ ਜਦੋਂ ਸੁੱਖਾ ਸਿੰਘ ਮਾੜੀਕੰਬੋ ਅਤੇ ਮਹਿਤਾਬ ਸਿੰਘ ਮੀਰਾਂਕੋਟ ਮੱਸਾ ਰੰਘੜ ਵੱਲੋਂ ਦਰਬਾਰ ਸਾਹਿਬ ਦੀ ਬੇਹੁਰਮਤੀ ਕਰਨ ਦੇ ਉਸ ਦੇ ਜੁਰਮ ਦੀ ਸਜ਼ਾ ਦੇਣ ਵਾਸਤੇ ਆਏ ਸਨ ਤਾਂ ਉਨ੍ਹਾਂ ਨੇ ਆਪਣੇ ਘੋੜੇ ਇਸ ਬੇਰ ਨਾਲ ਬੰਨ੍ਹੇ ਸਨ। ਇਸ ਨੂੰ 'ਲਾਚੀ ਬੇਰ' ਇਸ ਕਰ ਕੇ ਕਿਹਾ ਜਾਂਦਾ ਹੈ ਕਿਉਂਕਿ ਇਸ ਨਾਲ ਲੱਗਣ ਵਾਲੇ ਬੇਰ ਛੋਟੀ ਇਲਾਇਚੀ ਵਰਗੇ ਨਿੱਕੇ ਆਕਾਰ ਦੇ ਹੁੰਦੇ ਹਨ।

**3. ਬੇਰ ਬਾਬਾ ਬੁੱਢਾ:** ਇਹ ਬੇਰੀ ਘੰਟਾ ਘਰ ਵੱਲੋਂ ਆਉਣ ਵਾਲੇ ਰਸਤੇ ਤੋਂ ਦਰਬਾਰ ਸਾਹਿਬ ਜਾਣ ਵਾਲੇ ਪਾਸੇ ਮੌਜੂਦ ਹੈ। ਇਹ ਦਾਅਵਾ ਕੀਤਾ ਜਾਂਦਾ ਹੈ ਕਿ ਦਰਬਾਰ ਸਾਹਿਬ ਦੀ ਉਸਾਰੀ ਵੇਲੇ ਬਾਬਾ ਬੁੱਢਾ ਇੱਥੇ ਬੈਠ ਕੇ ਨਿਗਰਾਨੀ ਕਰਿਆ ਕਰਦਾ ਸੀ।

**4. ਮੰਜੀ ਸਾਹਿਬ:** ਦਰਬਾਰ ਸਾਹਿਬ ਦੀ ਪਰਿਕਰਮਾ ਤੋਂ ਬਾਹਰ, ਗੁਰੂ ਦਾ ਬਾਗ਼ ਦੇ ਨੇੜੇ, ਬਾਬਾ ਅਟਲ ਵਾਲੇ ਰਸਤੇ ਦੇ ਨੇੜੇ ਇਕ ਦੀਵਾਨ ਹਾਲ ਹੈ। ਇਹ ਉਹ ਥਾਂ ਹੈ ਜਿੱਥੇ ਬੈਠ ਕੇ ਗੁਰੂ ਅਰਜਨ ਸਾਹਿਬ ਦੀਵਾਨ ਲਾਇਆ ਕਰਦੇ ਸਨ। ਦਰਬਾਰ ਸਾਹਿਬ 'ਤੇ ਨਿਰਮਲੇ ਪੁਜਾਰੀਆਂ ਦਾ ਕਬਜ਼ਾ ਹੋਣ ਕਰ ਕੇ ਸੰਨ 1849 ਤੋਂ ਮਗਰੋਂ ਉਨ੍ਹਾਂ ਨੇ ਇੱਥੇ ਸੰਤੋਖ ਸਿੰਘ ਨਿਰਮਲੇ ਦੇ ਲਿਖੇ ਸੂਰਜ ਪ੍ਰਕਾਸ਼ ਦੀ ਕਥਾ ਵੀ ਸ਼ੁਰੂ ਕਰ ਦਿੱਤੀ ਸੀ ਅਤੇ ਭੋਲੇ ਭਾਲੇ ਸਿੱਖਾਂ ਨੇ ਇਸ ਕਿਤਾਬ ਵਿਚ ਲਿਖੇ ਝੂਠ ਨੂੰ ਸੱਚਾ ਇਤਿਹਾਸ ਸਮਝਣਾ ਸ਼ੁਰੂ ਕਰ ਦਿੱਤਾ ਸੀ। 1947 ਤੋਂ ਮਗਰੋਂ ਇਸ ਥਾਂ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਦੀਵਾਨ ਸਜਾਉਣੇ ਸ਼ੁਰੂ ਕਰ ਦਿੱਤੇ ਸਨ। ਸੰਨ 1955, 1960 ਅਤੇ 1982 ਦੇ ਮੋਰਚਿਆਂ ਵਿਚ ਇਸ ਥਾਂ 'ਤੇ ਦੀਵਾਨ ਸਜਾਏ ਜਾਂਦੇ ਸਨ। ਹੁਣ ਇਸ ਥਾਂ ਨੂੰ ਸਵੇਰ ਸ਼ਾਮ ਦੇ ਦੀਵਾਨ ਅਤੇ ਕਥਾ ਵਾਸਤੇ ਵਰਤਿਆ ਜਾਂਦਾ ਹੈ।

**5. ਦਰਸ਼ਨੀ ਡਿਉਢੀ:** ਦਰਬਾਰ ਸਾਹਿਬ ਦੀ ਦਰਸ਼ਨੀ ਡਿਉਢੀ ਦਾ ਦਰਵਾਜ਼ਾ ਜਾਂ ਡਿਉਢੀ। ਇਸ ਬਾਰੇ ਕਿਸੇ ਨੇ ਇਹ ਝੂਠਾ ਪਰਚਾਰ ਕਰ ਦਿੱਤਾ ਸੀ ਕਿ ਇਸ ਦੇ ਦਰਵਾਜ਼ੇ ਸੋਮਨਾਥ ਦੇ ਮੰਦਰ ਵਾਲੇ ਹਨ ਜਿਹੜੇ ਮਹਿਮੂਦ ਗ਼ਜ਼ਨਵੀ ਲਾਹ ਕੇ ਲੈ ਗਿਆ ਸੀ; ਅਤੇ ਸਿੱਖਾਂ ਨੇ ਕਾਬਲ ਜਿੱਤਣ ਮਗਰੋਂ ਉਹ ਦਰਵਾਜ਼ੇ ਲਿਆ ਕੇ ਦਰਬਾਰ ਸਾਹਿਬ ਵਿਚ ਲਾ ਦਿੱਤੇ ਸਨ। ਇਹ ਇਕ ਖ਼ਾਲਿਸ ਗੱਪ ਹੈ ਕਿਉਂਕਿ ਪਹਿਲੀ ਗੱਲ ਤਾਂ ਇਹ ਕਿ ਸੋਮਨਾਥ ਦੇ ਮੰਦਰ ਦੇ ਦਰਵਾਜ਼ੇ ਕਾਬਲ ਵਿਚ ਨਹੀਂ ਸਨ; ਦੂਜਾ ਸਿੱਖਾਂ ਨੇ ਕਦੇ ਵੀ ਕਾਬਲ ਸ਼ਹਿਰ ਨੂੰ ਜਿੱਤਿਆ ਹੀ ਨਹੀਂ ਸੀ।

**6. ਤੋਸ਼ਾ ਖ਼ਾਨਾ:** ਦਰਬਾਰ ਸਾਹਿਬ (ਅੰਮ੍ਰਿਤਸਰ) ਵਿਚ ਦਰਸ਼ਨੀ ਡਿਉਢੀ ਦੇ ਉੱਤੇ ਵਾਲੇ ਕਮਰੇ ਨੂੰ 'ਤੋਸ਼ਾ ਖ਼ਾਨਾ' ਕਿਹਾ ਜਾਂਦਾ ਹੈ। ਇਸ ਵਿਚ ਉਹ ਬਹੁ-ਕੀਮਤੀ ਸਾਮਾਨ ਪਿਆ ਹੋਇਆ ਹੈ ਜਿਸ ਨੂੰ ਰਾਜਿਆਂ-ਮਹਾਰਾਜਿਆਂ ਆਦਿ ਨੇ ਦਰਬਾਰ ਸਾਹਿਬ ਨੂੰ ਭੇਟ ਕੀਤਾ ਸੀ। ਇਸ ਵਿਚ ਸੋਨੇ ਦੇ ਛੱਬੇ, ਸੋਨੇ ਦੇ ਛਤਰ, ਸੋਨੇ ਦੀਆਂ ਛੜੀਆਂ, ਕੀਮਤੀ ਰੁਮਾਲੇ, ਕੀਮਤੀ ਸਿਹਰੇ, ਸੁਨਹਿਰੀ ਦਰਵਾਜ਼ੇ, ਸੋਨਾ ਚਾਂਦੀ ਦਾ ਹੋਰ ਬਹੁਤ ਸਾਰਾ ਸਾਮਾਨ ਅਤੇ ਹੋਰ ਕੀਮਤੀ ਚੀਜ਼ਾਂ ਰੱਖੀਆਂ ਹੋਈਆਂ ਹਨ। ਇੱਥੇ ਮਦੀਨਾ ਨਿਵਾਸੀ ਹਾਜੀ ਮਸਕੀਨ ਮੁਹੰਮਦ ਵੱਲੋਂ ਸੰਨ 1925 ਵਿਚ ਭੇਟ ਕੀਤਾ ਚੰਦਨ ਦੇ ਲੱਖਾਂ ਰੇਸ਼ਿਆਂ ਤੋਂ ਤਿਆਰ ਕੀਤਾ ਇਕ ਚੌਰ ਵੀ ਪਿਆ ਹੋਇਆ ਹੈ। ਇਸ ਤੋਸ਼ਾ ਖ਼ਾਨਾ ਵਿਚ ਨਵਾਬ ਹੈਦਰਾਬਾਦ ਵੱਲੋਂ ਉਨੀਵੀਂ ਸਦੀ ਵਿਚ ਮਹਾਰਾਜਾ ਰਣਜੀਤ ਸਿੰਘ ਨੂੰ ਭੇਟ ਕੀਤੀ ਇਕ ਕੀਮਤੀ ਚਾਨਣੀ ਵੀ ਸੀ (ਜਿਹੜੀ ਭਾਰਤੀ ਫ਼ੌਜ ਵੱਲੋਂ ਦਰਬਾਰ ਸਾਹਿਬ 'ਤੇ 4 ਤੋਂ 6 ਜੂਨ 1984 ਤਕ ਕੀਤੇ ਹਮਲੇ ਦੌਰਾਨ ਗੋਲਾਬਾਰੀ ਨਾਲ ਸੜ ਗਈ ਸੀ)। ਇਹ ਤੋਸ਼ਾ ਖ਼ਾਨਾ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਵਿਚ ਸ਼ੁਰੂ ਕੀਤਾ ਗਿਆ ਸੀ; ਮਗਰੋਂ ਇਸ ਵਿਚ ਹੋਰ ਸਾਮਾਨ ਵੀ ਸ਼ਾਮਿਲ ਹੁੰਦਾ ਗਿਆ। ਇਸ ਦੀਆਂ ਚਾਬੀਆਂ ਪਹਿਲਾਂ ਦਰਬਾਰ ਸਾਹਿਬ ਦੇ ਸਰਬਰਾਹ ਕੋਲ ਹੁੰਦੀਆਂ ਸਨ। ਸੰਨ 1921 ਵਿਚ ਜਦੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਮਤਾ ਪਾਸ ਕਰ ਕੇ ਸਰਬਰਾਹ ਨੂੰ ਇਹ ਚਾਬੀਆਂ ਪ੍ਰਧਾਨ ਨੂੰ ਸੌਂਪਣ ਵਾਸਤੇ ਕਿਹਾ ਤਾਂ ਉਸ ਨੇ ਅੰਗਰੇਜ਼ ਹਾਕਮਾਂ ਨੂੰ ਇਸ ਦੀ ਖ਼ਬਰ ਦੇ ਦਿੱਤੀ, ਜਿਸ 'ਤੇ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਨੇ ਉਹ ਚਾਬੀਆਂ ਆਪਣੇ ਕਬਜ਼ੇ ਵਿਚ ਲੈ ਲਈਆਂ ਸਨ। ਇਸ ਧੱਕੇ ਦੇ ਖ਼ਿਲਾਫ਼ ਸਿੱਖਾਂ ਨੇ ਮੋਰਚਾ ਲਾ ਦਿੱਤਾ ਅਤੇ ਗ੍ਰਿਫ਼ਤਾਰੀਆਂ ਦੇਣੀਆਂ ਸ਼ੁਰੂ ਕਰ ਦਿੱਤੀਆਂ ਸਨ। ਅਖ਼ੀਰ ਸਰਕਾਰ ਨੂੰ ਹਥਿਆਰ ਸੁੱਟਣੇ ਪਏ ਅਤੇ ਚਾਬੀਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨੂੰ ਸੌਂਪਣੀਆਂ ਪਈਆਂ ਸਨ। (ਤਫ਼ਸੀਲ ਵਾਸਤੇ ਵੇਖੋ: ਚਾਬੀਆਂ ਦਾ ਮੋਰਚਾ)

**ਝੰਡਾ ਬੁੰਗਾ ਤੇ ਦੋ ਨਿਸ਼ਾਨ ਸਾਹਿਬ:**



ਦਰਬਾਰ ਸਾਹਿਬ ਵਿਚ ਦਰਸ਼ਨੀ ਡਿਉਢੀ ਅਤੇ ਥੜ੍ਹਾ ਸਾਹਿਬ ਦੇ ਵਿਚਕਾਰ ਜਿੱਥੇ ਦੋ ਝੰਡੇ ਨਜ਼ਰ ਆਉਂਦੇ ਹਨ; ਇੱਥੇ 1770ਵਿਆਂ ਵਿਚ ਬ੍ਰਹਮ ਬੂਟਾ ਅਖਾੜੇ ਵਾਲੇ ਉਦਾਸੀ ਸਾਧ ਦਾ ਬੁੰਗਾ (ਨਿਵਾਸ ਸਥਾਨ) ਸੀ। ਉਸ ਨੇ ਸੰਨ 1775 ਵਿਚ ਇਕ ਦਰਖ਼ਤ ਦਾ ਵੱਡਾ ਸਾਰਾ ਤਣਾ ਲਿਆ ਕੇ ਉਸ ਉੱਤੇ ਭਗਵਾਂ ਝੰਡਾ ਲਾ ਕੇ ਖੜ੍ਹਾ ਕਰ ਲਿਆ ਸੀ। ਇਸੇ ਕਰ ਕੇ ਉਦਾਸੀਆਂ ਦੇ ਇਸ ਬੁੰਗੇ ਨੂੰ 'ਝੰਡਾ ਬੁੰਗਾ' ਕਿਹਾ ਜਾਂਦਾ ਸੀ। ਸੰਨ 1841 ਵਿਚ ਝੱਖੜ ਨਾਲ ਇਹ ਝੰਡਾ ਟੁਟ ਕੇ ਡਿਗ ਪਿਆ ਸੀ। ਬੁੰਗੇ ਵਾਲਿਆਂ ਨੇ ਇਹ ਟੁੱਟਾ ਝੰਡਾ ਸਰੋਵਰ ਦੇ ਪੁਲ ਦੇ ਨੇੜੇ ਰੱਖ ਦਿੱਤਾ। ਇਸ ਤੋਂ ਕੁਝ ਸਮਾਂ ਮਗਰੋਂ ਇਕ ਦਿਨ ਮਹਾਰਾਜਾ ਸ਼ੇਰ ਸਿੰਘ ਦਰਬਾਰ ਸਾਹਿਬ ਆਇਆ। ਉਸ ਨੇ ਉਦਾਸੀਆਂ ਦੇ ਬੁੰਗੇ ਦਾ ਝੰਡਾ ਡਿੱਗਿਆ ਹੋਇਆ ਵੇਖਿਆਂ ਤਾਂ ਬੁੰਗੇ ਵਾਲਿਆਂ ਲਈ ਨਵਾਂ ਲੋਹੇ ਦਾ ਝੰਡਾ ਬਣਵਾ ਕੇ ਇੱਥੇ ਲੁਆ ਦਿੱਤਾ। ਕੁਝ ਸਮੇਂ ਵਾਸਤੇ ਦੇਸਾ ਸਿੰਘ ਮਜੀਠੀਆ ਜੋ ਅੰਮ੍ਰਿਤਸਰ ਦਾ ਨਾਜ਼ਮ ਸੀ, ਨੇ ਇਕ ਹੋਰ ਝੰਡਾ ਖੜ੍ਹਾ ਕਰ ਦਿੱਤਾ ਸੀ। ਦੋਵੇਂ ਝੰਡੇ ਭਗਵੇਂ ਰੰਗ ਦੇ ਸਨ। ਨਿਰਮਲੇ ਪੁਜਾਰੀਆਂ ਨੇ ਇਨ੍ਹਾਂ ਲੋਹੇ ਦੇ ਝੰਡਿਆਂ ਉੱਤੇ ਤਾਂਬੇ ਦੇ ਸੁਨਹਿਰੀ ਪਤਰੇ ਚੜ੍ਹਾ ਦਿੱਤੇ ਸਨ। ਹੌਲੀ-ਹੌਲੀ ਨਿਰਮਲੇ ਪੁਜਾਰੀਆਂ ਨੇ ਇਨ੍ਹਾਂ ਦਾ ਰੰਗ ਪੀਲਾ ਤੇ ਫਿਰ ਕੇਸਰੀ ਕਰ ਦਿੱਤਾ ਸੀ। ਕੇਸਰੀ ਰੰਗ ਰਾਜਪੂਤਾਂ ਦਾ ਹੈ ਸਿੱਖਾਂ ਦਾ ਨਹੀਂ। ਸੰਨ 1920 ਵਿਚ ਜਦੋਂ ਅਕਾਲੀਆਂ ਨੇ ਦਰਬਾਰ ਸਾਹਿਬ ਦਾ ਕਬਜ਼ਾ ਲਿਆ ਤਾਂ ਉਨ੍ਹਾਂ ਨੇ ਉਦਾਸੀਆਂ ਦੇ ਭਗਵੇਂ ਤੇ ਕੇਸਰੀ ਝੰਡਿਆਂ ਨੂੰ 'ਮੀਰੀ ਪੀਰੀ' ਦੇ ਝੰਡੇ ਕਹਿ ਕੇ ਸਿੱਖਾਂ ਦੇ ਝੰਡੇ ਐਲਾਨ ਦਿੱਤਾ; ਹਾਲਾਂ ਕਿ ਸਿੱਖਾਂ ਦਾ ਝੰਡਾ ਸੁਰਮਈ (ਨੀਲੇ) ਰੰਗ ਦਾ ਸੀ; ਇਹ ਕਦੇ ਵੀ ਭਗਵਾਂ, ਪੀਲਾ ਜਾਂ ਕੇਸਰੀ ਨਹੀਂ ਰਿਹਾ ਸੀ। ਹੁਣ ਦਰਬਾਰ ਸਾਹਿਬ ਵਿਚ ਜੋ ਦੋ ਝੰਡੇ ਖੜ੍ਹੇ ਹਨ ਉਹ ਉਦਾਸੀਆਂ ਤੇ ਰਾਜਪੂਤਾਂ ਦੇ ਝੰਡੇ ਹਨ, ਸਿੱਖਾਂ ਦੇ ਨਹੀਂ। ਬਾਅਦ ਵਿਚ ਝੰਡਾ ਬੁੰਗਾ ਦੀ ਇਮਾਰਤ ਨੂੰ ਢਾਹ ਕੇ ਦਰਬਾਰ ਸਾਹਿਬ ਦਾ ਹਿੱਸਾ ਬਣਾ ਲਿਆ ਗਿਆ ਸੀ। ਹੁਣ ਇਸ ਥਾਂ 'ਤੇ ਅਕਾਲ ਬੁੰਗੇ ਦੇ ਪੁਜਾਰੀਆਂ ਨੇ ਆਪਣਾ ਦਫ਼ਤਰ ਬਣਾਇਆ ਹੋਇਆ ਹੈ।

**ਦਰਬਾਰ ਸਾਹਿਬ ਦੇ ਅੰਦਰ ਨਿਰਮਲਿਆਂ ਦੇ ਬਣਾਏ ਥਾਂ:**

1. ਦੁਖ ਭੰਜਨੀ ਬੇਰ: ਨਿਰਮਲਿਆਂ ਨੇ ਇਸ ਥਾਂ ਬਾਰੇ ਪਰਚਾਰ ਕੀਤਾ ਸੀ ਕਿ ਇਸ ਥਾਂ 'ਤੇ ਇਕ ਪ੍ਰਾਚੀਨ ਛੱਪੜ ਸੀ। ਕਹਾਣੀ ਮੁਤਾਬਿਕ ਪੱਟੀ ਦੇ ਇਕ ਰਾਜੇ ਨੇ ਆਪਣੀ ਰਜਨੀ ਨਾਂ ਦੀ ਧੀ ਦੀ ਸ਼ਾਦੀ ਇਕ ਪਿੰਗਲੇ ਕੋਹੜੀ ਨਾਲ ਕਰ ਦਿੱਤੀ ਸੀ। ਇਕ ਵਾਰ ਉਹ ਉਸ ਪਿੰਗਲੇ ਪਤੀ ਨੂੰ ਇਸ ਛੱਪੜ ਕੋਲ ਬਿਠਾ ਕੇ ਚਲੀ ਗਈ। ਅਚਾਨਕ ਉਹ ਪਿੰਗਲਾ ਛੱਪੜ ਵਿਚ ਡਿਗ ਪਿਆ (ਇਕ ਹੋਰ ਕਹਾਣੀ ਮੁਤਾਬਿਕ ਉਹ ਪਾਣੀ ਪੀਣ ਵਾਸਤੇ ਛੱਪੜ ਵੱਲ ਗਿਆ ਸੀ)। ਇਸ ਛੱਪੜ ਦੇ ਪਾਣੀ ਨਾਲ ਉਸ ਪਿੰਗਲੇ ਦਾ ਕੋਹੜ ਵੀ ਹਟ ਗਿਆ ਅਤੇ ਪਿੰਗਲਾਪਨ ਵੀ ਖ਼ਤਮ ਹੋ ਗਿਆ। ਇਹ ਵੇਖ ਕੇ ਗੁਰੂ ਜੀ ਨੇ ਇੱਥੇ ਸਰੋਵਰ ਬਣਾ ਦਿੱਤਾ ਸੀ, ਜਿਸ ਦਾ ਨਾਂ ਅੰਮ੍ਰਿਤਸਰ ਰੱਖਿਆ ਸੀ। ਇਹ ਕਹਾਣੀ ਪੂਰੀ ਤਰ੍ਹਾਂ ਗੱਪ ਹੈ ਕਿਉਂਕਿ ਨਾ ਤਾਂ ਉਸ ਵੇਲੇ ਪੱਟੀ ਦਾ ਕੋਈ ਰਾਜਾ ਸੀ ਤੇ ਨਾ ਹੀ ਪਹਿਲਾਂ ਇੱਥੇ ਕੋਈ ਛੱਪੜ ਸੀ। ਨਿਰਮਲੇ ਪੁਜਾਰੀਆਂ ਨੇ ਇਹ ਕਹਾਣੀ ਲੋਕਾਂ ਨੂੰ ਇਸ ਥਾਂ 'ਤੇ ਚੜ੍ਹਾਵੇ ਚੜ੍ਹਾਉਣ ਲਈ ਖਿੱਚਣ ਵਾਸਤੇ ਘੜੀ ਸੀ।

**2. ਅਠਸਠ ਤੀਰਥ:** ਹਿੰਦੂਆਂ ਨੇ 68 ਥਾਂਵਾਂ ਨੂੰ ਧਾਰਮਿਕ ਤੀਰਥ ਮੰਨਿਆ ਹੋਇਆ ਹੈ। ਸਿੱਖ ਧਰਮ ਵਿਚ ਅਠਸਠ (ਅਠਾਹਠ) ਤੀਰਥ ਉਸ ਥਾਂ ਨੂੰ ਕਿਹਾ ਗਿਆ ਹੈ ਜਿੱਥੇ ਗੁਰੂ ਪੈਰ ਧਰਦਾ ਹੈ, ਯਾਨਿ ਜਿੱਥੇ ਗੁਰੂ ਦੀ ਸਿਖਿਆ ਮੌਜੂਦ ਹੈ। ਅਠ੍ਹਾਰਵੀਂ ਸਦੀ ਦੇ ਅਖ਼ੀਰ ਵਿਚ ਨਿਰਮਲਿਆਂ ਨੇ ਦਰਬਾਰ ਸਾਹਿਬ ਦਾ ਪ੍ਰਬੰਧ ਸੰਭਾਲਣ ਮਗਰੋਂ ਬੇਰੀ ਤੇ ਥੜ੍ਹੇ ਦੇ ਵਿਚਕਾਰ ਜਿੱਥੇ ਗੁਰੂ ਅਰਜਨ ਸਾਹਿਬ ਬੈਠਦੇ ਸਨ, ਦਾ ਨਾਂ 'ਅਠਸਠਿ ਤੀਰਥ' ਰੱਖ ਕੇ ਇੱਥੇ ਮੱਥਾ ਟਿਕਵਾ ਕੇ ਚੜ੍ਹਾਵਾ ਲੈਣਾ ਸ਼ੁਰੂ ਕਰ ਦਿੱਤਾ ਸੀ। ਕਿਸੇ ਜਗਾਹ ਨੂੰ ਮੱਥਾ ਟੇਕਣਾ ਗੁਰਮਤਿ ਦੇ ਉਲਟ ਹੈ। ਗੁਰਬਾਣੀ ਵਿਚ ਹਿੰਦੂਆਂ ਦੇ ਅਠਸਠਿ 'ਤੇ ਮੱਥਾ ਟੇਕਣ, ਇਸ਼ਨਾਨ ਕਰਨ ਜਾਂ ਪੂਜਾ ਕਰਨ ਨੂੰ ਕਰਮ ਕਾਂਡ ਕਿਹਾ ਹੈ ਤੇ ਪ੍ਰਮਾਤਮਾ ਦਾ ਨਾਂ ਸੁਣਨ, ਪੜ੍ਹਨ ਤੇ ਉਸ 'ਤੇ ਅਮਲ ਕਰਨ ਨੂੰ ਹੀ ਅਠਸਠਿ ਤੀਰਥ ਦਾ ਇਸ਼ਨਾਨ ਕਿਹਾ ਹੈ, ਗੁਰਬਾਣੀ ਹੀ ਅਠਸਠਿ ਤੀਰਥ (ਸਾਰੇ ਤੀਰਥ ਗੁਰਬਾਣੀ ਵਿਚ ਹਨ, ਯਾਨਿ ਗੁਰਬਾਣੀ ਹੀ ਤੀਰਥ ਹੈ) ਹੈ: ਸੁਣਿਐ, ਅਠਸਠਿ ਕਾ ਇਸਨਾਨੁ (3), ਕਰਿ ਸੰਗਤਿ ਤੂ ਸਾਧ ਕੀ, ਅਠਸਠਿ ਤੀਰਥ ਨਾਉ (47), ਖਿਨੁ ਪਲੁ ਹਰਿ ਨਾਮੁ ਮਨਿ ਵਸੈ, ਸਭ ਅਠਸਠਿ ਤੀਰਥ ਨਾਇ (87), ਧੋਤੀ ਮੂਲਿ ਨ ਉਤਰੈ, ਜੇ ਅਠਸਠਿ ਤੀਰਥ ਨਾਇ (87), ਅਠਸਠਿ ਤੀਰਥ ਗੁਰ ਕੀ ਚਰਣੀ, ਪੂਜੈ ਸਦਾ ਵਿਸੇਖੁ (147), ਅਠਸਠਿ ਤੀਰਥ ਬਹੁ ਘਣਾ, ਭ੍ਰਮਿ ਥਾਕੇ ਭੇਖਾ (1008), ਅਠਸਠਿ ਤੀਰਥ ਭਰਮਿ ਵਿਗੂਚਹਿ, ਕਿਉ ਮਲੁ ਧੋਪੈ ਪਾਪੈ (1013), ਨਾਨਕ, ਮਾਘਿ ਮਹਾ ਰਸੁ ਹਰਿ ਜਪਿ, ਅਠਸਠਿ ਤੀਰਥ ਨਾਤਾ (1109), ਨਾਮੁ ਲੈਤ ਅਠਸਠਿ ਮਜਨਾਇਆ (1142), ਜਉ ਗੁਰਦੇਉ ਤ ਅਠਸਠਿ ਨਾਇਆ (1167), ਅੰਮ੍ਰਿਤੁ ਨੀਰੁ ਗਿਆਨਿ ਮਨ ਮਜਨੁ, ਅਠਸਠਿ ਤੀਰਥ ਸੰਗਿ ਗਹੇ (1328), ਦਰਸਨਿ ਪਰਸਿਐ ਗੁਰੂ ਕੈ, ਅਠਸਠਿ ਮਜਨੁ ਹੋਇ (1392)। ਨਿਰਮਲੇ ਪੁਜਾਰੀਆਂ ਨੇ ਸਿੱਖਾਂ ਨੂੰ ਭਰਮਾਉਣ ਵਾਸਤੇ ਇਸ ਥਾਂ ਦਾ ਨਾਂ ਅਠਸਠ ਤੀਰਥ ਰੱਖ ਦਿਤਾ ਤਾਂ ਜੋ ਲੋਕਾਂ ਨੂੰ ਇਸ ਥਾਂ 'ਤੇ ਚੜ੍ਹਾਵੇ ਚੜ੍ਹਾਉਣ ਵਾਸਤੇ ਭਰਮਾਇਆ ਜਾ ਸਕੇ।



**3. ਹਰਿ ਕੀ ਪਉੜੀ:** ਜਿਵੇਂ ਹਰਿਦੁਆਰ ਵਿਚ ਹਿੰਦੂਆਂ ਨੇ ਇਕ ਥਾਂ ਨੂੰ 'ਹਰਿ ਕੀ ਪੌੜੀ' ਨਾਂ ਦਿੱਤਾ ਹੋਇਆ ਹੈ ਜਿੱਥੇ ਲੋਕ ਗੰਗਾ ਦਰਿਆ ਇਸ਼ਨਾਨ ਕਰਨ ਗਿਆਂ ਪੂਜਾ ਕਰਿਆ ਕਰਦੇ ਹਨ। ਨਿਰਮਲੇ ਪੁਜਾਰੀਆਂ ਨੇ ਦਰਬਾਰ ਸਾਹਿਬ ਦੇ ਇਕ ਸਿਰੇ ਦਾ ਨਾਂ ਹਰਿਦੁਆਰ ਵਾਲੇ ਹਿੰਦੂ ਤੀਰਥ ਦੇ ਨਾਂ 'ਤੇ ਰੱਖ ਦਿੱਤਾ ਤਾਂ ਜੋ ਲੋਕ ਇੱਥੋਂ ਗੰਗਾ ਦਰਿਆ ਵਰਗੇ ਪਾਣੀ ਦੀ ਚੁਲੀ ਲੈ ਸਕਣ।

**ਦਰਬਾਰ ਸਾਹਿਬ ਦੀ ਮਰਿਆਦਾ:** ਅਕਤੂਬਰ 1920 ਵਿਚ ਸਿੱਖਾਂ ਨੇ ਨਿਰਮਲੇ ਪੁਜਾਰੀਆਂ ਤੋਂ ਦਰਬਾਰ ਸਾਹਿਬ ਦਾ ਕਬਜ਼ਾ ਦੋਬਾਰਾ ਹਾਸਿਲ ਕਰ ਲਿਆ ਸੀ; ਪਰ, ਉਨ੍ਹਾਂ ਨੇ ਇਸ ਵਿਚ ਨਿਰਮਲਿਆਂ ਵੱਲੋਂ ਪ੍ਰਚੱਲਤ ਕੀਤੀ ਕਿਸੇ ਮਰਿਆਦਾ ਨੂੰ ਵੀ ਬੰਦ ਨਹੀਂ ਸੀ ਕੀਤਾ। ਸੰਨ 1999 ਵਿਚ ਇਸ ਕੰਪਲੈਕਸ 'ਤੇ ਪਰਕਾਸ਼ ਸਿੰਘ ਬਾਦਲ ਦੀ ਪਾਰਟੀ ਦਾ ਕਬਜ਼ਾ ਹੋ ਗਿਆ। ਚੌਕ ਮਹਿਤਾ ਡੇਰੇ ਦਾ ਅਸਰ ਹੋਣ ਕਰ ਕੇ ਬਾਦਲ ਨੇ ਇਸ ਥਾਂ 'ਤੇ ਬ੍ਰਾਹਮਣੀ ਮਰਿਆਦਾ ਅਤੇ ਮਨਮਤਿ ਨੂੰ ਸਗੋਂ ਵਧੇਰੇ ਲਾਗੂ ਕਰ ਦਿੱਤਾ। ਹੁਣ ਵੀ ਦਰਬਾਰ ਸਾਹਿਬ ਦੀ ਮਰਿਆਦਾ ਵਿਸ਼ਨੂੰ ਮੰਦਰ (ਹਰਿਮੰਦਰ) ਵਜੋਂ ਹੀ ਨਿਭਾਈ ਜਾ ਰਹੀ ਹੈ ਅਤੇ ਉੱਥੇ ਤਕਰੀਬਨ ਸਾਰਾ ਕੁਝ ਗੁਰੂ ਨਾਨਕ ਸਾਹਿਬ ਦੇ ਫ਼ਲਸਫ਼ੇ ਦੇ ਉਲਟ ਕੀਤਾ ਜਾ ਰਿਹਾ ਹੈ।

ਦਰਬਾਰ ਸਾਹਿਬ ਦੇ ਦਰਵਾਜ਼ੇ (ਕਿਵਾੜ) ਕੱਤਕ ਤੋਂ ਮਾਘ ਸਵੇਰੇ 3 ਵਜੇ, ਫੱਗਣ ਤੇ ਅੱਸੂ ਵਿਚ ਪੌਣੇ ਤਿੰਨ ਵਜੇ, ਚੇਤਰ ਤੇ ਭਾਦਰੋਂ ਢਾਈ ਵਜੇ, ਵਿਸਾਖ ਤੇ ਸਾਵਣ ਵਿਚ ਸਵਾ ਦੋ ਵਜੇ ਅਤੇ ਜੇਠ ਹਾੜ੍ਹ ਵਿਚ ਦੋ ਵਜੇ ਖੁੱਲ੍ਹਦੇ ਹਨ। ਇਸ ਮਗਰੋਂ ਆਸਾ ਦੀ ਵਾਰ ਦਾ ਕੀਰਤਨ ਸ਼ੁਰੂ ਹੁੰਦਾ ਹੈ। ਮਗਰੋਂ ਅਕਾਲ ਬੁੰਗਾ ਤੋਂ ਪਾਲਕੀ ਵਿਚ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਦਰਬਾਰ ਸਾਹਿਬ ਲਿਜਾਇਆ ਜਾਂਦਾ ਹੈ। ਪਾਲਕੀ ਚੱਲਣ ਦਾ ਸਮਾਂ ਕੱਤਕ ਤੋਂ ਮਾਘ ਸਵੇਰੇ 5 ਵਜੇ, ਫੱਗਣ ਤੇ ਅੱਸੂ ਵਿਚ ਪੌਣੇ ਪੰਜ ਵਜੇ, ਚੇਤਰ ਤੇ ਭਾਦਰੋਂ ਸਾਢੇ ਚਾਰ ਵਜੇ, ਵਿਸਾਖ ਤੇ ਸਾਵਣ ਵਿਚ ਸਵਾ ਚਾਰ ਵਜੇ ਅਤੇ ਜੇਠ ਹਾੜ੍ਹ ਵਿਚ ਚਾਰ ਵਜੇ ਹੈ। ਇਸ ਕਾਰਵਾਈ ਅਤੇ ਪਹਿਲਾ ਵਾਕ (ਜਿਸ ਨੂੰ ਹੁਕਮਨਾਮਾ ਕਹਿੰਦੇ ਹਨ) ਲੈਣ ਵਿਚ ਅੱਧਾ ਘੰਟਾ ਲਗ ਜਾਂਦਾ ਹੈ। ਇਸ ਤੋਂ ਅੱਧੇ ਘੰਟੇ ਮਗਰੋਂ ਪਹਿਲਾਂ ਅਰਦਾਸ ਹੁੰਦੀ ਹੈ। ਆਸਾ ਦੀ ਵਾਰ ਦਾ ਭੋਗ ਕੱਤਕ ਤੋਂ ਮਾਘ ਸਵੇਰੇ 7 ਵਜੇ, ਫੱਗਣ ਤੇ ਅੱਸੂ ਵਿਚ ਪੌਣੇ ਸੱਤ ਵਜੇ, ਚੇਤਰ ਤੇ ਭਾਦਰੋਂ ਸਾਢੇ ਛੇ ਵਜੇ, ਵਿਸਾਖ ਤੇ ਸਾਵਣ ਵਿਚ ਸਵਾ ਛੇ ਵਜੇ ਅਤੇ ਜੇਠ ਹਾੜ੍ਹ ਵਿਚ ਛੇ ਵਜੇ ਪੈਂਦਾ ਹੈ। ਸ਼ਾਮ ਨੂੰ ਸੂਰਜ ਛਿਪਣ ਸਮੇਂ ਰਹਿਰਾਸ ਦਾ ਪਾਠ ਹੁੰਦਾ ਹੈ। ਇਸ ਮਗਰੋਂ ਹੁਕਮਨਾਮਾ ਲੈ ਕੇ ਗੁਰੂ ਗ੍ਰੰਥ ਸਾਹਿਬ ਨੂੰ ਸੰਤੋਖ (ਸੰਭਾਲ) ਦਿੱਤਾ ਜਾਂਦਾ ਹੈ। ਇਸ ਤੋਂ ਬਾਅਦ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਨੂੰ ਪਾਲਕੀ ਵਿਚ ਰੱਖ ਕੇ (ਕੱਤਕ ਤੋਂ ਮਾਘ ਪੌਣੇ ਦਸ ਵਜੇ, ਫੱਗਣ ਤੇ ਅੱਸੂ ਵਿਚ ਦਸ ਵਜੇ, ਚੇਤਰ ਤੇ ਭਾਦਰੋਂ ਸਵਾ ਦਸ ਵਜੇ, ਵਿਸਾਖ ਤੇ ਸਾਵਣ ਵਿਚ ਸਾਢੇ ਦਸ ਵਜੇ ਅਤੇ ਜੇਠ ਹਾੜ੍ਹ ਵਿਚ ਪੌਣੇ ਯਾਰਾਂ ਵਜੇ) ਦਰਬਾਰ ਸਾਹਿਬ ਤੋਂ ਅਕਾਲ ਬੁੰਗਾ ਵੱਲ ਲਿਜਾਇਆ ਜਾਂਦਾ ਹੈ। ***-ਚੱਲਦਾ***

## ਸੰਪਾਦਕ ਦੀ ਡਾਕ

***ਸੰਪਾਦਕ ਜੀ,***

'ਪੰਜਾਬ ਟਾਈਮਜ਼ ਦੇ ਪਿਛਲੇ ਅੰਕ 5 ਜੁਲਾਈ 2025 ਦੇ 15 ਸਫ਼ਾ 'ਤੇ ਸ. ਸਰਵਜੀਤ ਸਿੰਘ ਸੈਕਰਾਮੈਂਟੋ ਹੋਰਾਂ ਦਾ ਖ਼ਤ ਛਪਿਆ ਹੈ। ਉਂਞ ਤਾਂ ਇਹ ਬਹਿਸ ਇਕ ਸੌ ਸਾਲ ਤੋਂ ਵਧ ਸਮੇਂ ਤੋਂ ਵੀ ਪੁਰਾਣੀ ਹੈ ਕਿ ਗੁਰੂ ਨਾਨਕ ਸਾਹਿਬ ਦਾ ਜਨਮ ਕੱਤਕ ਹੈ ਜਾਂ ਵਿਸਾਖ, ਪਰ ਮੈਂ ਉਨ੍ਹਾਂ ਵੱਲੋਂ ਲਿਖੀਆਂ ਦੋ ਗੱਲਾਂ ਦਾ ਜਵਾਬ ਜ਼ਰੂਰ ਦੇਣਾ ਚਾਹਵਾਂਗਾ:

1. ਉਨ੍ਹਾਂ ਸ਼ੀਹਾਂ ਉਪਲ ਦੇ ਨਾਂ ਹੇਠ ਲਿਖੀ ਕਿਤਾਬ 'ਸਾਖੀ ਮਹਲ ਪਹਿਲੇ ਕੀ' ਦਾ ਜ਼ਿਕਰ ਕਰਦਿਆਂ ਕਿਹਾ ਹੈ ਕਿ ਇਹ ਸੰਨ 1570-74 ਵਿਚ ਲਿਖੀ ਗਈ ਸੀ। ਇਹ ਸ਼ੀਹਾਂ ਉਪਲ ਵਾਲੀ ਕਿਤਾਬ ਅਠਾਰ੍ਹਵੀਂ ਸਦੀ ਵਿਚ ਨਿਰਮਲਿਆਂ ਨੇ ਸ਼ੀਹਾਂ ਉਪਲ ਦੇ ਨਾਂ ਹੇਠ ਲਿਖੀ ਸੀ। ਇਹ ਨਾਂ (ਸ਼ੀਹਾਂ ਉਪਲ) ਅਤੇ ਸੰਨ (1570-74) ਉਵੇਂ ਹੀ ਜਾਅਲੀ ਹਨ ਜਿਵੇਂ ਗੁਰਮੁਖ ਸਿੰਘ ਤੇ ਦਰਬਾਰਾ ਸਿੰਘ ਨੇ 'ਗੁਰਬਿਲਾਸ ਪਾਤਸ਼ਾਹੀ ਛੇਵੀਂ' 1840ਵਿਆਂ ਵਿਚ ਲਿਖ ਕੇ ਉਸ ਨੂੰ ਸੋਹਨ ਕਵੀ ਦੀ ਸੰਨ 1718 ਦੀ ਰਚਨਾ ਬਣਾਉਣ ਦੀ ਕੋਸ਼ਿਸ਼ ਕੀਤੀ ਸੀ ਅਤੇ ਗੁਰਮੁਖ ਸਿੰਘ ਦੇ ਦਾਦੇ ਸੂਰਤ ਸਿੰਘ ਨੇ ਇਕ ਜਨਮਸਾਖੀ ਤੇ 2 ਹੋਰ ਕਿਤਾਬਾਂ ਲਿਖ ਕੇ ਭਾਈ ਮਨੀ ਸਿੰਘ ਦੇ ਨਾਂ ਨਾਲ ਜੋੜੀਆ ਸੀ। ਇੰਵ ਹੀ ਮਿਹਰਬਾਨ ਦੀ 'ਪੋਥੀ ਸਾਖੀ' ਬਾਰੇ ਵੀ ਦਸ ਦਿਆਂ ਕਿ ਇਹ ਕਿਤਾਬ ਸਨ 1619 ਨਹੀਂ ਬਲਕਿ ਸੰਨ 1634 ਤੇ 1640 ਦੇ ਵਿਚਕਾਰ ਦੀ ਲਿਖੀ ਹੋਈ ਹੈ।

(2) ਗੁਰੂ ਹਰਿਗੋਬਿੰਦ ਸਾਹਿਬ, ਗੁਰੂ ਤੇਗ਼ ਬਹਾਦਰ ਸਾਹਿਬ ਅਤੇ ਗੁਰੂ ਗੋਬਿੰਦ ਸਾਹਿਬ ਵੱਲੋਂ ਬਾਬਾ ਨਾਨਕ ਜੀ ਦਾ ਜਨਮ ਕੱਤਕ ਦੀ ਪੂਰਨਮਾਸ਼ੀ ਨੂੰ ਮਨਾਏ ਜਾਣ ਦੇ ਇਤਿਹਾਸਕ ਹਵਾਲੇ ਮੌਜੂਦ ਹਨ। ਕੀ ਸ. ਸਰਵਜੀਤ ਸਿੰਘ ਜੀ ਗੁਰੂ ਨਾਨਕ ਸਾਹਿਬ ਦਾ ਜਨਮ ਦਿਨ ਕਿਸੇ ਗੁਰੂ ਵੱਲੋਂ ਵਿਸਾਖ ਵਿਚ ਮਨਾਏ ਜਾਣ ਦਾ ਕੋਈ ਸਬੂਤ ਪੇਸ਼ ਕਰ ਸਕਦੇ ਹਨ?

ਪ੍ਰੋ. ਗੁਰਮੁਖ ਸਿੰਘ ਤੇ ਭਾਈ ਕਾਹਨ ਸਿੰਘ ਨੇ ਮੈਕਾਲਫ਼ ਕੋਲੋਂ ਇਸ ਬਾਰੇ ਪ੍ਰਚਾਰ ਕਰਵਾ ਕੇ ਅੰਗ੍ਰੇਜ਼ਾਂ ਕੋਲੋਂ ਵਿਸਾਖ ਦੇ ਦਿਨ ਗੁਰੂ ਨਾਨਕ ਸਾਹਿਬ ਦੇ ਜਨਮ ਦਿਨ ਦੀ ਛੁੱਟੀ ਮਨਵਾਉਣ ਦੀ ਬੜੀ ਕੋਸ਼ਿਸ਼ ਕੀਤੀ ਸੀ ਪਰ ਕਾਮਯਾਬ ਨਹੀਂ ਹੋਈ ਸੀ ਕਿਉਂਕਿ ਅੰਗਰੇਜ਼ ਸਰਕਾਰ ਜਾਣਦੀ ਸੀ ਕਿ ਗੁਰੂ ਹਰਿਗੋਬਿੰਦ ਸਾਹਿਬ ਦੇ ਸਮੇਂ ਤੋਂ ਬਾਬਾ ਨਾਨਕ ਜੀ ਦਾ ਪੁਰਬ ਕੱਤਕ ਵਿਚ ਹੀ ਮਨਾਇਆ ਜਾ ਰਿਹਾ ਸੀ। ਸ. ਸਰਵਜੀਤ ਸਿੰਘ ਜੀ ਇਹ ਨੁਕਤਾ ਕਦੇ ਹੱਲ ਨਹੀਂ ਹੋਣਾ ਇਸ ਕਰ ਕੇ ਐਵੇਂ ਸਮਾਂ ਨਾ ਗੁਆਈਏ। ਜੇ ਤੁਹਾਡਾ ਮਨ ਵਿਸਾਖ ਦਾ ਜਨਮ ਦਿਨ ਮੰਨਦਾ ਹੈ ਤਾਂ ਤੁਸੀਂ ਵਿਸਾਖ ਵਿਚ ਮਨਾ ਲਿਆ ਕਰੋ।

***-ਹਰਜਿੰਦਰ ਸਿੰਘ ਦਿਲਗੀਰ***

# ਦਿਓ-ਕੱਦਾ ਭਲਵਾਨ ਸੀ ਦਾਰਾ ਦੂਲਚੀਪੁਰੀਆ

ਵਿਸ਼ਵ ਦੇ ਮਹਾਨ ਖਿਡਾਰੀ



ਪ੍ਰਿੰ. ਸਰਵਣ ਸਿੰਘ
ਫੋਨ: 647-785-1661

ਦਾਰਾ ਦੂਲਚੀਪੁਰੀਆ ਦਿਓਆਂ ਵਰਗਾ ਭਲਵਾਨ ਸੀ। ਉਹਦਾ ਕੱਦ ਪਹਿਲਵਾਨ ਕਿੱਕਰ ਸਿੰਘ ਵਾਂਗ ਸੱਤ ਫੁੱਟਾ ਸੀ। ਉਹਦੀ ਸਮਾਧ ਵੀ ਸੱਤ ਫੁੱਟੀ ਹੈ। ਉਸ ਨੇ ਵਰਲਡ ਚੈਂਪੀਅਨ ਕਿੰਗ ਕਾਂਗ ਨੂੰ ਢਾਹ ਕੇ ਰੁਸਤਮੇਂ ਜਮਾਂ ਦੀ ਬੈਲਟ ਜਿੱਤੀ ਸੀ। ਉਦੋਂ ਦਾਰੇ ਦਾ ਭਾਰ 135 ਕਿਲੋ ਸੀ ਤੇ ਕਿੰਗ ਕਾਂਗ ਦਾ 2 ਕੁਇੰਟਲ। ਦਾਰੇ ਨੇ ਭੁੰਜੇ ਸੁੱਟ ਕੇ ਉਹਦਾ ਗੋਡਾ ਤੋੜਿਆ ਤਾਂ ਉਹ ਰਿੰਗ ਵਿਚ ਹੀ ਬਹੁੜੀਆਂ ਪਾਉਣ ਲੱਗ ਪਿਆ ਸੀ...।

ਦਾਰੇ ਦੀਆਂ ਜੀਂਦੇ ਜੀਅ ਦੰਦ ਕਥਾਵਾਂ ਚੱਲ ਪਈਆਂ ਸਨ। ਜਿਵੇਂ ਦਿਓਆਂ ਦੀਆਂ ਬਾਤਾਂ ਪੈਂਦੀਆਂ ਉਵੇਂ ਦਾਰੇ ਦੀਆਂ ਪੈਣ ਲੱਗੀਆਂ ਸਨ। ਅਖੇ ਉਹ ਕਿਸੇ ਪਿੰਡ ਬਰਾਤ ਗਿਆ। ਖਾਣ ਪੀਣ ਦੇ ਆਹੂ ਲਾਹ ਕੇ ਫਿਰਨੀ 'ਤੇ ਆਇਆ ਤਾਂ ਉਹਨੂੰ ਮਾਰਨ ਖੰਡਾ ਸਾਨ੍ਹ ਪੈ ਗਿਆ। ਦਾਰੇ ਨੇ ਉਹਦੇ ਸਿੰਗ ਫੜ ਲਏ। ਕਦੇ ਦਾਰਾ ਸਾਨ੍ਹ ਨੂੰ ਦਸ ਕਦਮ ਪਿੱਛੇ ਧੱਕ ਲਿਜਾਂਦਾ ਤੇ ਕਦੇ ਸਾਨ੍ਹ ਦਾਰੇ ਦੇ ਪੈਰ ਉਖੇੜ ਦਿੰਦਾ। ਆਖ਼ਰ ਸਾਨ੍ਹ ਦਾ ਏਨਾ ਜ਼ੋਰ ਲੱਗ ਗਿਆ ਕਿ ਉਹਦੀ ਮੋਕ ਵਗ ਤੁਰੀ। ਦਾਰੇ ਨੇ ਸਿੰਗ ਛੱਡੇ ਤਾਂ ਉਹ ਅਜਿਹਾ ਦੌੜਿਆ ਕਿ ਮੁੜ ਉਸ ਪਿੰਡ ਦੀ ਜੂਹ ਵਿਚ ਨਾ ਵੜਿਆ। ਫਿਰੋਜ਼ਪੁਰ ਜੇਲ੍ਹ ਵਿਚ ਪਾਣੀ ਦੀ ਟੈਂਕੀ ਉਤੇ ਦਾਰੇ ਦੀ ਵਗਾਹ ਕੇ ਸੁੱਟੀ ਇੱਟ ਕਈ ਸਾਲ ਉਥੇ ਪਈ ਰਹੀ। ਸਾਈਕਲਾਂ ਦੀ ਇਕ ਕੰਪਨੀ ਨੇ ਸਾਈਕਲ ਉਹਦੀਆਂ ਲੱਤਾਂ ਵਿਚਾਲੇ ਖੜ੍ਹਿਆ ਕੇ ਫੋਟੋ ਲਾਹੀ ਜੋ ਇਸ਼ਤਿਹਾਰਬਾਜ਼ੀ ਲਈ ਵਰਤੀ ਗਈ।

ਦਾਰੇ ਭਲਵਾਨ ਦੋ ਹੋਏ ਹਨ। ਦੋਵੇਂ ਰੁਸਤਮੇ ਹਿੰਦ। ਦਾਰਾ ਦੂਲਚੀਪੁਰੀਆ 1918 'ਚ ਜੰਮਿਆ ਤੇ 1988 ਵਿਚ ਗੁਜ਼ਰਿਆ। ਦਾਰੇ ਧਰਮੂਚੱਕੀਏ ਦਾ ਜਨਮ 1928 'ਚ ਹੋਇਆ ਤੇ ਦੇਹਾਂਤ 2012 ਵਿਚ। ਇਨ੍ਹੀਂ ਦਿਨੀਂ ਮੈਂ ਦੋਹਾਂ ਦਾਰਿਆਂ ਬਾਰੇ ਪੁਸਤਕ ਲਿਖ ਰਿਹਾਂ 'ਦਾਰੇ ਭਲਵਾਨਾਂ ਦੀ ਦਾਸਤਾਨ'। ਦਾਰੇ ਦੂਲਚੀਪੁਰੀਏ ਦੀ ਦਾਸਤਾਨ ਦਰਦ ਭਰੀ ਹੈ। ਉਹਦਾ ਜਨਮ **ਖਡੂਰ ਸਾਹਿਬ ਨੇੜੇ ਪਿੰਡ ਦੂਲਚੀਪੁਰ ਵਿਚ ਪਿਆਰਾ ਸਿੰਘ ਦੇ ਘਰ ਨਿਹਾਲ ਕੌਰ ਦੀ ਕੁੱਖੋਂ ਹੋਇਆ ਸੀ। ਉਹ ਛੇ ਭੈਣ ਭਰਾ ਸਨ। ਦਾਰਾ ਦਸ ਸਾਲ ਦਾ ਸੀ ਕਿ ਬਾਪ ਪਰਲੋਕ ਸਿਧਾਰ ਗਿਆ। ਪਰਿਵਾਰ ਪਾਲਣ ਦੀ ਜ਼ਿੰਮੇਵਾਰੀ ਵੱਡੇ ਭਰਾ ਇੰਦਰ ਸਿੰਘ ਦੇ ਸਿਰ ਆਣ ਪਈ। ਫਿਰ ਵੀ ਦਾਰੇ ਨੂੰ ਪਹਿਲਵਾਨ ਬਣਾਇਆ ਗਿਆ।** ਉਸ ਨੇ ਦੇਸੀ ਕੁਸ਼ਤੀਆਂ ਲਾਹੌਰੋਂ ਤੇ ਫਰੀ ਸਟਾਈਲ ਕੁਸ਼ਤੀਆਂ ਸਿੰਗਾਪੁਰੋਂ ਸਿੱਖੀਆਂ।

1946 'ਚ ਉਹ ਮਲਾਇਆ ਦਾ ਚੈਂਪੀਅਨ ਬਣ ਗਿਆ ਸੀ। ਉਹਦੀ ਚੜ੍ਹਤ ਨਾਲ 'ਹੈਪੀ ਵਰਲਡ' ਕਲੱਬ ਦੀ ਝੰਡੀ ਹੋ ਗਈ ਸੀ। ਦਾਰੇ ਦਾ ਮੁਕਾਬਲਾ ਕਰਨ ਲਈ 'ਗਰੇਟ ਵਰਲਡ' ਕਲੱਬ ਵਾਲੇ ਹੰਗਰੀ ਦੇ ਪਹਿਲਵਾਨ ਕਿੰਗ ਕਾਂਗ ਨੂੰ ਲੈ ਆਏ। ਦਾਰੇ ਦੀ ਟੱਕਰ ਵਰਲਡ ਚੈਂਪੀਅਨ ਕਿੰਗ ਕਾਂਗ ਨਾਲ ਕਰਵਾਈ ਗਈ। ਦਾਰੇ ਨੇ ਉਸ ਨੂੰ ਤੇਰ੍ਹਾਂ ਮਿੰਟਾਂ 'ਚ ਈ ਤਾਰੇ ਦਿਖਾ ਦਿੱਤੇ ਤੇ ਉਹਦਾ ਗੋਡਾ ਤੋੜ ਦਿੱਤਾ। ਕਿੰਗ ਕਾਂਗ ਨੂੰ ਸਟਰੈਚਰ 'ਤੇ ਪਾ ਕੇ ਲਿਜਾਣਾ ਪਿਆ ਜਦ ਕਿ ਦਾਰੇ ਨੂੰ ਦਰਸ਼ਕਾਂ ਨੇ ਮੋਢਿਆਂ 'ਤੇ ਚੁੱਕ ਲਿਆ। ਫਿਰ ਉਸ ਨੂੰ ਫਿਲਪਾਈਨ, ਜਪਾਨ ਤੇ ਹੋਰ ਮੁਲਕਾਂ ਤੋਂ ਵੀ ਕੁਸ਼ਤੀਆਂ ਦੇ ਸੱਦੇ ਆਉਣ ਲੱਗੇ। ਉਸ ਦੇ ਘਰ ਪੁੱਤਰ ਨੇ ਜਨਮ ਲਿਆ ਜਿਸ ਦਾ ਨਾਂ ਹਰਬੰਸ ਸਿੰਘ ਰੱਖਿਆ ਗਿਆ। ਪਰ ਹੋਣੀ ਨੂੰ ਕੁਝ ਹੋਰ ਮਨਜ਼ੂਰ ਸੀ।

ਜਦੋਂ ਕੁਸ਼ਤੀਆਂ ਵਿਚ ਉਹਦੀ ਗੁੱਡੀ ਸਿਖਰ 'ਤੇ ਸੀ ਤਾਂ ਪਿੱਛੇ ਪਿੰਡ ਵਿਚ ਉਹਦੇ ਭਰਾ ਦਲੀਪ ਸਿੰਘ ਦਾ ਕਤਲ ਹੋ ਗਿਆ ਤੇ ਇੰਦਰ ਸਿੰਘ ਦਾ ਗੁੱਟ ਵੱਢਿਆ ਗਿਆ। ਦਾਰਾ ਨੇ ਆਪਣੇ ਸਕੇ ਭਰਾ ਦਲੀਪ ਦੇ ਕਤਲ ਦਾ ਬਦਲਾ ਲੈਣ ਲਈ ਸ਼ਰੀਕ ਭਰਾ ਸਰਦਾਰੇ ਦਾ ਕਤਲ ਕਰ ਦਿੱਤਾ। ਕਤਲ ਕਰਨ ਨਾਲ ਉਹਦਾ ਖੇਡ ਕੈਰੀਅਰ ਹੀ ਨਹੀਂ ਸਾਰਾ ਜੀਵਨ ਹੀ ਬਰਬਾਦ ਹੋ ਗਿਆ। ਭਲਾ ਹੋਵੇ ਸੋਵੀਅਤ ਰੂਸ ਦੇ ਪ੍ਰਧਾਨ ਬੁਲਗਾਨਿਨ ਤੇ ਪ੍ਰਧਾਨ ਮੰਤਰੀ ਖਰੁਸ਼ਚੇਵ ਦਾ ਜਿਨ੍ਹਾਂ ਨੇ 1955 'ਚ ਭਾਰਤ ਦੇ ਦੌਰੇ ਸਮੇਂ ਜੇਲ੍ਹਰ ਦਾਰੇ ਦੀ ਕੁਸ਼ਤੀ ਵੇਖਦਿਆਂ ਭਾਰਤ ਦੇ ਪ੍ਰਧਾਨ ਮੰਤਰੀ ਨਹਿਰੂ ਨੂੰ ਉਹਦੇ 'ਤੇ ਰਹਿਮ ਕਰਨ ਲਈ ਕਿਹਾ। ਦਾਰੇ ਦੀ ਫਾਂਸੀ ਸੁਪਰੀਮ ਕੋਰਟ ਨੇ ਪਹਿਲਾਂ ਹੀ ਵੀਹ ਸਾਲ ਦੀ ਜੇਲ੍ਹ ਵਿਚ ਬਦਲ ਦਿੱਤੀ ਸੀ ਜੋ ਰਹਿਮ ਦੀ ਅਪੀਲ ਨਾਲ ਪੈਰੋਲ ਤੇ ਅਗਾਊਂ ਰਿਹਾਈ ਵਿਚ ਬਦਲ ਦਿੱਤੀ ਗਈ। ਕੁਸ਼ਤੀਆਂ ਤੋਂ 'ਕੱਠਾ ਹੋਇਆ ਦੋ ਲੱਖ ਦਾ ਇਮਦਾਦੀ ਵੀ ਦਾਰੇ ਨੂੰ ਦੇ ਦਿੱਤਾ ਗਿਆ ਜੋ ਉਸ ਨੇ ਗਰੀਬ ਗੁਰਬਿਆਂ 'ਚ ਵੰਡ ਦਿੱਤਾ।

### ਤੋਰੀਏ ਦੀ ਭਰੀ ਤੋਂ ਹੋਇਆ ਸੀ ਕਤਲ

ਦਲੀਪ ਸਿੰਘ ਸਿੰਗਾਪੁਰ ਤੋਂ ਮੁੜ ਕੇ ਇੰਦਰ ਸਿੰਘ ਨਾਲ ਖੇਤੀਬਾੜੀ ਕਰਾਉਣ ਆ ਲੱਗਾ ਸੀ। ਉਨ੍ਹਾਂ ਦਾ ਖੂਹ ਘਸੀਟਪੁਰੇ ਵੱਲ ਸੀ। ਇਕ ਰਾਤ ਉਨ੍ਹਾਂ ਨੇ ਖੂਹ ਤੋਂ ਪੈਲੀ ਸਿੰਜੀ। ਉਸੇ ਰਾਤ ਘਸੀਟਪੁਰੇ ਦੇ ਇਕ ਕਿਸਾਨ ਦਾ ਚੋਰੀਓਂ ਤੋਰੀਆ ਵੱਢਿਆ ਗਿਆ। ਅਗਲੀ ਸਵੇਰ ਉਹ ਕਿਸਾਨ ਖੇਤਾਂ ਵਾਲਿਆਂ ਤੋਂ ਪੁੱਛਦਾ-ਗਿੱਛਦਾ ਦੂਲਚੀਪੁਰੇ ਆ ਗਿਆ। ਉਥੇ ਉਸ ਨੂੰ ਇੰਦਰ ਦਾ ਸ਼ਰੀਕ ਭਰਾ ਸਰਦਾਰਾ ਸਬੱਬੀਂ ਮਿਲ ਪਿਆ। ਕਿਸਾਨ ਨੇ ਉਂਜ ਈ ਕਹਿ ਦਿੱਤਾ ਕਿ ਉਸ ਦਾ ਤੋਰੀਆ ਦੂਲਚੀਪੁਰੇ ਦੇ ਕਿਸੇ ਬੰਦੇ ਨੇ ਚੋਰੀਓਂ ਵੱਢ ਲਿਐ। ਕਿਸੇ ਨੂੰ ਪਤਾ ਹੋਵੇ ਤਾਂ ਦੱਸੋ। ਸਰਦਾਰੇ ਨੂੰ ਕੋਈ ਪਤਾ ਨਹੀਂ ਸੀ ਪਰ ਉਹਦੇ ਮੂੰਹੋਂ ਨਿਕਲ ਗਿਆ, "ਰਾਤੀਂ ਇੰਦਰ ਹੋਰਾਂ ਦਾ ਖੂਹ ਚਲਦਾ ਸੀ। ਉਨ੍ਹਾਂ ਨੂੰ ਪੁੱਛੋ, ਸ਼ਾਇਦ ਉਹਨਾਂ ਨੂੰ ਪਤਾ ਹੋਵੇ।"

ਕਿਸਾਨ ਨੂੰ ਇੰਦਰ ਤੇ ਦਲੀਪ ਪਰ੍ਹੇ 'ਚ ਬੈਠੇ ਮਿਲ ਪਏ। ਲਾਂਭੇ ਹੋ ਕੇ ਗੱਲ ਕਰਨ ਦੀ ਥਾਂ ਕਿਸਾਨ ਉਨ੍ਹਾਂ ਨੂੰ ਪੁੱਛ ਬੈਠਾ, "ਤੁਹਾਂ ਮੇਰਾ ਤੋਰੀਆ ਵੱਢਿਆ?" ਪਰ੍ਹੇ 'ਚ ਚੋਰੀ ਦਾ ਇਲਜ਼ਾਮ ਸੁਣ ਕੇ ਇੰਦਰ ਤੇ ਦਲੀਪ ਬੋਲੇ, "ਮੂੰਹ ਸੰਭਾਲ ਕੇ ਬੋਲ ਓਏ। ਤੈਨੂੰ ਕੀਹਨੇ ਕਿਹਾ ਪਈ ਅਹੀਂ ਤੇਰਾ ਤੋਰੀਆ ਵੱਢਿਆ?"

ਕਿਸਾਨ ਦੇ ਮੂੰਹੋਂ ਨਿਕਲ ਗਿਆ, "ਥਾਡੇ ਸਰਦਾਰੇ ਨੇ ਕਿਹਾ।"

ਸਰਦਾਰੇ ਨੇ ਇਉਂ ਬਿਲਕੁਲ ਨਹੀਂ ਸੀ ਕਿਹਾ। ਪੁੱਛ ਪੜਤਾਲ ਕਰ ਲੈਂਦੇ ਤਾਂ ਗੁੱਸਾ ਘਸੀਟਪੁਰੇ ਦੇ ਕਿਸਾਨ 'ਤੇ ਨਿਕਲਣਾ ਸੀ। ਪਰ ਕਹਾਣੀ ਉਲਟ ਪਾਸੇ ਤੁਰ ਪਈ ਜਿਸ ਨਾਲ ਕਤਲਾਂ ਦਾ ਮੁੱਢ ਬੱਝ ਗਿਆ। ਇੰਦਰ ਤੇ ਦਲੀਪ ਨੇ ਸਰਦਾਰਾ ਬੀਹੀ 'ਚ ਜਾ ਘੇਰਿਆ ਤੇ ਸੋਟੀਆਂ ਮਾਰ ਦਿੱਤੀਆਂ ਜਿਥੋਂ ਉਨ੍ਹਾਂ ਦਾ ਵੈਰ ਪੈ ਗਿਆ। ਸਕੇ ਸੋਧਰੇ ਹੋਣ ਕਰਕੇ ਉਨ੍ਹਾਂ ਦੇ ਘਰ ਨਾਲੋ-ਨਾਲ ਸਨ। ਇੰਦਰ ਹੋਰਾਂ ਦਾ ਬਾਪ ਪਿਆਰਾ ਸਿੰਘ ਤੇ ਸਰਦਾਰੇ ਹੋਰਾਂ ਦਾ ਬਾਪ ਸਾਉਣ ਸਿੰਘ ਚਾਚੇ ਤਾਏ ਦੇ ਪੁੱਤ ਸਨ। ਇਕੋ ਬਾਬੇ ਦੀ ਔਲਾਦ। ਗੁਆਂਢੀ ਪਿੰਡ ਦੇ ਤੋਰੀਏ ਦੀ ਭਰੀ ਨੇ ਉਨ੍ਹਾਂ 'ਚ ਕਲੇਸ਼ ਖੜ੍ਹਾ ਕਰ ਦਿੱਤਾ। ਇੰਦਰ ਹੋਰੀਂ ਦਾਰੇ ਪਹਿਲਵਾਨ ਦੇ ਨਾਂ ਕਰਕੇ ਖੱਬੀ ਖਾਨ ਕਹਾਉਂਦੇ ਸਨ। ਉਨ੍ਹਾਂ ਨੂੰ ਦਾਰੇ ਦੀ ਤਾਕਤ ਦਾ ਗੁਮਾਨ ਸੀ। ਅੱਗੋਂ ਸ਼ਰੀਕ ਵੀ ਤਿੰਨ ਭਰਾ ਸਨ, ਸਰਦਾਰਾ, ਗੁਰਮੁਖ ਤੇ ਬਾਵਾ। ਨਾਲ ਉਨ੍ਹਾਂ ਦਾ ਚਾਚਾ ਨਰੈਣ ਸਿੰਘ ਸੀ। ਦਾਰੂ ਪੀ ਕੇ ਦੋਹੀਂ ਪਾਸੀਂ ਲਲਕਾਰੇ ਵੱਜਣ ਲੱਗੇ। ਨਰੈਣ ਸਿੰਘ ਨੇ ਇਕ ਦਿਨ ਕਿਹਾ ਕਿ ਇਨ੍ਹਾਂ ਨਾਲ ਤਾਂ ਹੁਣ ਸਿਝਣਾ ਈ ਪੈਣਾ।

ਆਖ਼ਰ ਹੋਣੀ ਦਾ ਦਿਨ ਆ ਗਿਆ। ਦਿਨ ਛਿਪਿਆ ਤਾਂ ਤਿੰਨੇ ਭਰਾਵਾਂ ਤੇ ਉਨ੍ਹਾਂ ਦੇ ਚਾਚੇ ਨਰੈਣੇ ਨੇ ਤਿਆਰੀ ਖਿੱਚ ਲਈ। ਗੁਰਮੁਖ ਬਰਛੀ ਲਕੋਈ ਤਾਰੂ ਅਮਲੀ ਕੇ ਦਰਵਾਜ਼ੇ ਵਿਚ ਲੁਕ ਕੇ ਖੜ੍ਹ ਗਿਆ। ਦਲੀਪ ਗਾਲ੍ਹਾਂ ਕੱਢਦਾ ਬੀਹੀ ਦਾ ਮੋੜ ਮੁੜਿਆ ਤਾਂ ਲੁਕੇ ਹੋਏ ਗੁਰਮੁਖ ਨੇ ਬਰਛੀ ਉਹਦੀ ਵੱਖੀਓਂ ਪਾਰ ਕਰ ਦਿੱਤੀ। ਦੂਜੀ ਬਰਛੀ ਸਰਦਾਰੇ ਨੇ ਮਾਰੀ। ਦਲੀਪ ਦੀਆਂ ਚੀਕਾਂ ਸੁਣ ਕੇ ਇੰਦਰ ਨਿਹੱਥਾ ਹੀ ਭੱਜਾ ਆਇਆ ਤਾਂ ਉਹਨੂੰ ਨਰੈਣ ਸਿੰਘ ਨੇ ਘੇਰ ਲਿਆ ਜੀਹਦੇ ਕੋਲ ਕਿਰਪਾਨ ਸੀ। ਬਾਵੇ ਕੋਲ ਡਾਂਗ ਸੀ। ਨਰੈਣ ਨੇ ਕਿਰਪਾਨ ਦਾ ਸਿੱਧਾ ਵਾਰ ਕੀਤਾ ਜੋ ਇੰਦਰ ਨੇ ਸੱਜਾ ਹੱਥ ਉਠਾ ਕੇ ਰੋਕਣਾ ਚਾਹਿਆ। ਉਹਦਾ ਗੁੱਟ ਵੱਢਿਆ ਗਿਆ। ਦਲੀਪ ਦੀਆਂ ਚੀਕਾਂ ਚੁੱਪ ਹੋਈਆਂ ਤਾਂ ਇੰਦਰ ਦੀਆਂ ਚੀਕਾਂ ਪੈਣ ਲੱਗੀਆਂ। 2006 ਵਿਚ ਮੈਂ ਦਾਰੇ ਦੇ ਪਰਿਵਾਰ ਨੂੰ ਦੂਲਚੀਪੁਰੇ ਮਿਲਣ ਗਿਆ ਤਾਂ ਪਹਿਲੇ ਕਤਲ ਵਾਲੀ ਉਹ ਬੀਹੀ ਵੀ ਵੇਖੀ ਤੇ ਬਦਲਾ ਲਊ ਕਤਲ ਵਾਲਾ ਉਹ ਛੱਪੜ ਵੀ ਵੇਖਿਆ।

ਤੋਰੀਆ ਘਸੀਟਪੁਰੇ ਦਾ, ਵੱਢਣ ਵਾਲਾ ਪਤਾ ਨਹੀਂ ਕੌਣ ਸੀ? ਪਰ ਉਹਦੇ 'ਚ ਘਸੀਟਿਆ ਗਿਆ ਦੂਲਚੀਪੁਰੇ ਦਾ ਸਕਾ ਸੋਧਰਾ ਸਿੱਧੂ ਪਰਿਵਾਰ। ਨਿੱਕੀ ਜਿਹੀ ਗੱਲ ਨੇ ਬੀਜ ਦਿੱਤਾ ਦੁਸ਼ਮਣੀ ਦਾ ਬੀਜ। ਕਤਲਾਂ ਦਾ ਬੱਝ ਗਿਆ ਮੁੱਢ। ਇਹਨੂੰ ਕਹਿੰਦੀ ਆ ਹੋਣੀ!

ਦਲੀਪ ਦੇ ਕਤਲ ਤੇ ਇੰਦਰ ਦੇ ਇਰਾਦਾ ਕਤਲ ਦਾ ਕੇਸ ਅੰਮ੍ਰਿਤਸਰ ਦੀ ਅਦਾਲਤ 'ਚ ਚੱਲਿਆ। ਇੰਦਰ ਸਿੰਘ ਨੇ ਵਾਰਦਾਤ ਵਿਚ ਚਾਰ ਕਾਤਲਾਂ ਸਰਦਾਰੇ, ਗੁਰਮੁਖ, ਬਾਵੇ ਤੇ ਨਰੈਣ ਦੇ ਨਾਂ ਲਿਖਾਏ। ਕਾਤਲ ਧਿਰ ਦੇ ਵਕੀਲ ਨੇ ਆਪਣੇ ਬੰਦਿਆਂ ਨੂੰ ਸਲਾਹ ਦਿੱਤੀ ਕਿ ਸਾਰਾ ਦੋਸ਼ ਨਰੈਣ ਤੇ ਬਾਵਾ ਆਪਣੇ ਸਿਰ ਲੈ ਲੈਣ। ਇਉਂ ਸਰਦਾਰਾ ਤੇ ਗੁਰਮੁਖ ਬਰੀ ਹੋ ਸਕਦੇ ਹਨ। ਨਹੀਂ ਤਾਂ ਚਾਰੇ ਬੱਝਣਗੇ। ਉਨ੍ਹਾਂ ਨੇ ਉਸੇ ਤਰ੍ਹਾਂ ਕੀਤਾ ਪਰ ਸੈਸ਼ਨ ਜੱਜ ਨੇ ਚਾਰਾਂ 'ਚੋਂ ਕਿਸੇ ਨੂੰ ਵੀ ਨਾ ਬਖਸ਼ਿਆ। ਸਰਦਾਰੇ ਤੇ ਗੁਰਮੁਖ ਨੂੰ ਫਾਂਸੀ ਅਤੇ ਨਰੈਣ ਤੇ ਬਾਵੇ ਨੂੰ ਉਮਰ ਕੈਦ ਸੁਣਾਈ। ਜੇ ਇਹ ਫੈਸਲਾ ਲਾਗੂ ਹੋ ਜਾਂਦਾ ਤਾਂ ਸੰਭਵ ਸੀ ਟਿਕ-ਟਿਕਾਅ ਹੋ ਜਾਂਦਾ ਤੇ ਕੋਈ ਹੋਰ ਕਤਲ ਨਾ ਹੁੰਦਾ।




ਦਾਰਾ ਦੂਲਚੀਪੁਰੀਆ

ਪਰ ਵਕੀਲ ਕਾਹਦੇ ਲਈ ਹੁੰਦੇ ਹਨ? ਮਿਥੀ ਚਾਲ ਮੁਤਾਬਿਕ ਸਰਦਾਰੇ ਤੇ ਗੁਰਮੁਖ ਦੀ ਫਾਂਸੀ ਤੁੜਾਉਣ ਲਈ ਹਾਈ ਕੋਰਟ ਵਿਚ ਅਪੀਲ ਕੀਤੀ ਗਈ। ਹਾਈ ਕੋਰਟ ਤੋਂ ਸਰਦਾਰਾ ਤੇ ਗੁਰਮੁਖ ਤਾਂ ਬਰੀ ਹੋ ਗਏ ਜਦਕਿ ਬਾਵੇ ਤੇ ਨਰੈਣ ਦੀ ਸਜ਼ਾ ਬਰਕਰਾਰ ਰਹੀ। ਬਰੀ ਹੋਇਆਂ ਭਰਾਵਾਂ ਨੇ ਪਿੰਡ ਆ ਕੇ ਖੂਬ ਜਸ਼ਨ ਮਨਾਇਆ।

ਦਲੀਪ ਦੇ ਕਤਲ ਵੇਲੇ ਦਾਰਾ ਕੁਸ਼ਤੀਆਂ ਲੜਨ ਵਾਸਤੇ ਜਰਮਨੀ ਜਾਣ ਲਈ ਤਿਆਰ ਸੀ। ਭਰਾ ਦੇ ਕਤਲ ਦੀ ਤਾਰ ਮਿਲੀ ਤਾਂ ਜਰਮਨੀ ਜਾਣ ਦੀ ਥਾਂ ਉਹ ਪਤਨੀ ਤੇ ਪੁੱਤਰ ਨੂੰ ਪਿੱਛੇ ਛੱਡ ਦੂਲਚੀਪੁਰੇ ਪਰਤ ਪਿਆ। ਪਿੰਡ ਆ ਕੇ ਅਦਾਲਤੀ ਕੇਸ ਦੀ ਪੈਰਵੀ ਕੀਤੀ। ਹੇਠਲੀ ਕੋਰਟ ਤੋਂ ਸਜ਼ਾ ਦੁਆਈ ਪਰ ਹਾਈ ਕੋਰਟ ਵਿਚ ਵਿਰੋਧੀ ਵਕੀਲ ਨੇ ਪੇਸ਼ ਨਾ ਜਾਣ ਦਿੱਤੀ। ਜਦੋਂ ਸਰਦਾਰਾ ਤੇ ਗੁਰਮੁਖ ਬਰੀ ਹੋ ਗਏ ਤਾਂ ਉਹਦੇ ਦਿਲ ਵਿਚ ਬਦਲੇ ਦੀ ਅੱਗ ਦਾ ਭਾਂਬੜ ਭੜਕ ਉਠਿਆ। ਲੋਕ ਵੀ ਤੁੱਖਣੀਆਂ ਦੇਣ ਲੱਗੇ ਪਈ ਤੁਹਾਡੇ ਭਰਾ ਦੇ ਕਾਤਲ ਸਾਹਮਣੇ ਬੁਕਦੇ ਫਿਰਦੇ ਐ!

ਫਿਰ ਦਾਰਾ, ਸਰਦਾਰੇ ਹੋਰਾਂ ਤੋਂ ਆਪਣੇ ਭਰਾ ਦਾ ਬਦਲਾ ਲੈਣ ਦੀ ਤਾਕ 'ਚ ਰਹਿਣ ਲੱਗਾ। ਉਹਦੀ ਭੈਣ ਪਰਸਿੰਨ ਕੌਰ ਵੀ ਕਹਿੰਦੀ ਰਹਿੰਦੀ, "ਜੇ ਭਾਅ ਦਾ ਬਦਲਾ ਨਾ ਲਿਆ ਤਾਂ ਤੇਰੀ ਏਡੀ ਦੇਹ ਕਿਸ ਕੰਮ?"

ਇੰਦਰ ਬੋਲਿਆ, "ਭਾਊ, ਦਲੀਪ ਦੀ ਰੂਹ ਨੂੰ ਤਾਂ ਓਦੋਂ ਈ ਚੈਨ ਮਿਲੂ ਜਦੋਂ ਇਹ ਦੋਨੋਂ ਦਲੀਪ ਕੋਲ ਪੁਚਾਤੇ।"

ਦਾਰੇ ਧਰਮੂਚੱਕੀਏ ਦਾ ਚਾਚਾ ਨਿਰੰਜਣ ਸਿੰਘ ਦਾਰੇ ਦੂਲਚੀਪੁਰੀਏ ਦਾ ਸਿੰਗਾਪੁਰ ਤੋਂ ਹੀ ਬੇਲੀ ਸੀ। ਉਹ ਅਨੋਖ ਸਿੰਘ ਨੂੰ ਨਾਲ ਲੈ ਕੇ ਦਾਰੇ ਦੀ ਮਦਦ ਲਈ ਪਹੁੰਚਾ। 19 ਅਕਤੂਬਰ 1950 ਦੁਸਹਿਰੇ ਦਿਨ ਸੀ। ਦਿਨ ਢਲੇ ਦਾ ਵੇਲਾ ਸੀ। ਉਹ ਹਥਿਆਰ ਲੈ ਕੇ ਘਰੋਂ ਨਿਕਲੇ। ਖੇਤੋਂ ਸਰਦਾਰਾ ਮੱਝਾਂ ਲੈ ਕੇ ਆ ਰਿਹਾ ਸੀ। ਮੱਝਾਂ ਉਹਨੇ ਛੱਪੜ ਵਿਚ ਵਾੜ ਦਿੱਤੀਆਂ ਤੇ ਆਪ ਪੱਠਿਆਂ ਦੀ ਭਰੀ ਸੁੱਟਣ ਘਰ ਚਲਾ ਗਿਆ। ਉਨ੍ਹਾਂ ਨੂੰ ਲੱਗਾ, ਹੁਣ ਮੱਝਾਂ ਕੱਢਣ ਵੀ ਆਵੇਗਾ।

ਦਾਰੇ ਕੋਲ ਕੁਹਾੜੀ ਸੀ, ਇੰਦਰ ਕੋਲ ਕਿਰਪਾਨ ਅਤੇ ਨਿਰੰਜਣ ਤੇ ਅਨੋਖ ਕੋਲ ਬਰਛੀਆਂ ਸਨ। ਸਰਦਾਰਾ ਮੱਝਾਂ ਕੱਢਣ ਛੱਪੜ ਵਿਚ ਵੜਿਆ ਤਾਂ ਚਾਰਾਂ ਜਣਿਆਂ ਨੇ ਛੱਪੜ ਦੀਆਂ ਚਾਰੇ ਕੰਨੀਆਂ ਮੱਲ ਲਈਆਂ। ਚਾਰੇ ਬੰਨਿਓਂ ਘਿਰਿਆ ਵੇਖ ਸਰਦਾਰਾ ਹਾਲ ਦੁਹਾਈ ਪਾਉਣ ਲੱਗਾ ਜਿਸ ਨਾਲ ਪਿੰਡ ਦੇ ਲੋਕ ਭੱਜੇ ਆਏ। ਦਾਰੇ ਨੇ ਉੱਚੀ ਆਵਾਜ਼ 'ਚ ਕਿਹਾ, "ਅੱਜ ਜੇ ਕੋਈ ਸਾਡੇ ਵਿਚਕਾਰ ਆਇਆ ਤਾਂ ਉਹ ਵੀ ਸਾਡਾ ਦੁਸ਼ਮਣ ਹੋਵੇਗਾ, ਅਸੀਂ ਉਹਨੂੰ ਵੀ ਨਹੀਂ ਛੱਡਾਂਗੇ।" ਡਰ ਦੇ ਮਾਰੇ ਪੇਂਡੂ ਕੋਠਿਆਂ 'ਤੇ ਖੜ੍ਹੇ ਸ਼ਰੀਕਾਂ ਦੀ ਲੜਾਈ ਵੇਖਣ ਲੱਗੇ।

ਸੱਤ ਫੁੱਟਾ ਦਾਰਾ ਕੁਹਾੜੀ ਲੈ ਕੇ ਛੱਪੜ 'ਚ ਵੜਿਆ ਤੇ ਉਹਨੇ ਸਰਦਾਰੇ ਨੂੰ ਧੌਣੋਂ ਜਾ ਫੜਿਆ। ਉਪ੍ਰੋਥਲੀ ਵਾਰ ਕਰਨ ਨਾਲ ਸਿਰ 'ਚੋਂ ਲਹੂ ਦੀਆਂ ਧਾਰਾਂ ਫੁੱਟ ਤੁਰੀਆਂ ਜਿਨ੍ਹਾਂ ਨਾਲ ਛੱਪੜ ਦਾ ਪਾਣੀ ਲਾਲ ਹੋਣਾ ਸ਼ੁਰੂ ਹੋ ਗਿਆ। ਆਖ਼ਰ ਸਰਦਾਰਾ ਤੜਫ ਕੇ ਮਰਿਆ ਤਾਂ ਦਾਰੇ ਨੇ ਪੈਰਾਂ ਨਾਲ ਹੀ ਉਸ ਨੂੰ ਛੱਪੜ ਦੀ ਗਾਰ ਵਿਚ ਦੱਬ ਦਿੱਤਾ।

ਪੁਲਿਸ ਪਾਰਟੀ ਦੇ ਦੂਲਚੀਪੁਰ ਪਹੁੰਚਣ ਤੋਂ ਪਹਿਲਾਂ ਹੀ ਨਿਰੰਜਣ ਸਿੰਘ ਤੇ ਅਨੋਖ ਸਿੰਘ ਧਰਮੂਚੱਕ ਨੂੰ ਪੱਤਰਾ ਵਾਚ ਗਏ। ਦਾਰੇ ਤੇ ਇੰਦਰ ਨੂੰ ਪੁਲਿਸ ਨੇ ਘਰੋਂ ਆ ਫੜਿਆ। ਮੁਕੱਦਮਾ ਅੰਮ੍ਰਿਤਸਰ ਅਦਾਲਤ 'ਚ ਚੱਲਿਆ ਜਿਸ ਦਾ ਫੈਸਲਾ ਐਡੀਸ਼ਨਲ ਸੈਸ਼ਨ ਜੱਜ ਗੁਰਦਿਆਲ ਸਿੰਘ ਨੇ ਸੁਣਾਇਆ। 19 ਅਕਤੂਬਰ 1950 ਨੂੰ ਹੋਏ ਕਤਲ ਦੀ ਸਜ਼ਾ 26 ਮਾਰਚ 1951 ਨੂੰ ਸੁਣਾਈ ਗਈ। ਦਾਰੇ ਨੂੰ ਫਾਂਸੀ ਤੇ ਇੰਦਰ ਨੂੰ ਉਮਰ ਕੈਦ ਬੋਲੀ। ਦਾਰੇ ਰੰਧਾਵੇ ਦਾ ਚਾਚਾ ਨਿਰੰਜਣ ਸਿੰਘ ਤੇ ਅਨੋਖ ਸਿੰਘ ਸ਼ੱਕ ਦੀ ਬਿਨਾ 'ਤੇ ਬਰੀ ਕਰ ਦਿੱਤੇ।

ਦਾਰੇ ਨੂੰ ਪਹਿਲਾਂ ਅੰਮ੍ਰਿਤਸਰ ਤੇ ਫਿਰ ਫਿਰੋਜ਼ਪੁਰ ਜੇਲ੍ਹ ਦੀ ਕਾਲ ਕੋਠੜੀ ਵਿਚ ਡੱਕ ਦਿੱਤਾ ਗਿਆ। ਫਾਂਸੀ ਦੀ ਕੋਠੜੀ 'ਚ ਉਹਦਾ ਲੰਮਾ ਕੱਦਨਹੀਂ ਸੀ ਮਿਉਂਦਾ। ਪਰ ਫਸੀ ਨੂੰ ਫਟਕਣ ਕੀ? ਦਾਰੇ ਹੋਰਾਂ ਦੇ ਮੁਕੱਦਮੇ ਦੀ ਪੈਰਵੀ ਉਹਨਾਂ ਦੀ ਭੈਣ ਪਰਸਿੰਨ ਕੌਰ ਕਰ ਰਹੀ ਸੀ। ਵਕੀਲ ਨੇ ਹਾਈ ਕੋਰਟ ਵਿਚ ਅਪੀਲ ਕਰਵਾ ਦਿੱਤੀ ਜਿਸ ਕਰਕੇ ਫੈਸਲਾ ਹੋਣ ਤਕ ਫਾਂਸੀ ਰੁਕੀ ਰਹੀ। ਹਾਈ ਕੋਰਟ ਵਿਚ ਕੀਤੀਆਂ ਦੋ ਵਾਰ ਦੀਆਂ ਅਪੀਲਾਂ ਮਗਰੋਂ ਵੀ ਫਾਂਸੀ ਦੀ ਸਜ਼ਾ ਬਰਕਰਾਰ ਰਹੀ। ਫਿਰ ਅਪੀਲ ਸੁਪਰੀਮ ਕੋਰਟ ਵਿਚ ਕੀਤੀ ਗਈ ਜਿਸ ਨਾਲ ਫਾਂਸੀ ਟੁੱਟ ਕੇ ਦਾਰੇ ਦੀ ਸਜ਼ਾ ਵੀਹ ਸਾਲ ਦੀ ਕੈਦ ਵਿਚ ਬਦਲ ਗਈ।

ਫਿਰੋਜ਼ਪੁਰ ਜੇਲ੍ਹ ਵਿਚ ਇਕੋ ਪੜਦਾਦੇ ਦੀ ਔਲਾਦ ਸਜ਼ਾ ਭੁਗਤਣ ਲੱਗੀ। ਦੋ ਦਾਰੇ ਹੋਰੀਂ ਤੇ ਦੋ ਉਨ੍ਹਾਂ ਦੇ ਸ਼ਰੀਕ ਭਰਾ। ਚਾਰੇ ਉਮਰ ਕੈਦੀ। ਦਲੀਪ ਦੇ ਕਤਲ ਕਾਰਨ ਬਾਵਾ ਤੇ ਨਰੈਣ ਅੰਦਰ ਸਨ, ਸਰਦਾਰੇ ਦੇ ਕਤਲ ਕਾਰਨ ਦਾਰਾ ਤੇ ਇੰਦਰ। ਰਿਸ਼ਤੇਦਾਰ ਚੌਂਹਾਂ ਕੈਦੀਆਂ ਨੂੰ ਮਿਲ ਕੇ ਜਾਂਦੇ। ਜੇਲ੍ਹ 'ਚ ਸਜ਼ਾ ਭੁਗਤਦੇ ਉਹ ਆਪ ਵੀ ਕਦੇ ਕਦੇ ਮਿਲ ਪੈਂਦੇ ਤੇ ਆਪਣੇ ਕੀਤੇ ਉਤੇ ਪਛਤਾਉਂਦੇ। ਅਖ਼ੀਰ ਜੇਲ੍ਹ ਵਿਚ ਹੀ ਉਨ੍ਹਾਂ ਦਾ ਰਾਜ਼ੀਨਾਵਾਂ ਹੋ ਗਿਆ। 1957 ਵਿਚ ਦਾਰੇ ਦੀ ਰਿਹਾਈ ਹੋ ਗਈ। ਫਿਰ ਉਸ ਨੇ ਕੁਝ ਸਾਲ ਕੁਸ਼ਤੀਆਂ ਕੀਤੀਆਂ ਅਤੇ ਦੋ ਫਿਲਮਾਂ 'ਸੈਮਸਨ' ਤੇ 'ਖ਼ੂਨ ਕਾ ਬਦਲਾ ਖ਼ੂਨ' ਵਿਚ ਕੰਮ ਕੀਤਾ। ਆਖ਼ਰ ਪਿੰਡ ਪਰਤ ਕੇ ਸਰਪੰਚ ਬਣ ਗਿਆ ਤੇ ਦੂਜਾ ਵਿਆਹ ਕਰਵਾ ਲਿਆ।

ਦਾਰੇ ਦਾ ਆਖ਼ਰੀ ਸਮਾਂ ਬੜਾ ਭੈੜਾ ਬੀਤਿਆ। ਉਹ ਬਲੱਡ ਪ੍ਰੈਸ਼ਰ, ਸ਼ੂਗਰ ਤੇ ਜੋੜਾਂ ਦੇ ਦਰਦ ਦੀਆਂ ਬਿਮਾਰੀਆਂ ਦਾ ਸ਼ਿਕਾਰ ਹੋ ਗਿਆ ਸੀ। ਪੈਰਾਂ ਦੇ ਅੰਗੂਠੇ ਕੱਟੇ ਗਏ ਸਨ ਤੇ ਚੂਲਾ ਟੁੱਟ ਗਿਆ ਸੀ। ਤਦ ਮਰਨਾਊ ਪਏ ਰੁਸਤਮੇ ਜ਼ਮਾਂ ਨੂੰ ਮਿਲਣ ਗਿਲਣ ਵੀ ਕੋਈ ਘੱਟ ਹੀ ਆਉਂਦਾ ਸੀ। ਉਹਦਾ ਜੁੱਸਾ 135 ਕਿਲੋ ਤੋਂ ਘਟ ਕੇ 70 ਕਿਲੋ ਦਾ ਰਹਿ ਗਿਆ ਸੀ ਤੇ ਉਹ 70ਵੇਂ ਸਾਲ ਦੀ ਉਮਰ 'ਚ ਗੁਜ਼ਰ ਗਿਆ। ਪਿੱਛੇ ਉਹਦੇ ਦੋ ਪੋਤਰੇ ਹਨ ਜੋ ਪਿੰਡੋਂ ਬਾਹਰ ਢਾਣੀ 'ਚ ਰਹਿੰਦੇ ਹਨ। ਇਕ ਵਿਆਹੀ ਵਰੀ ਪੜਪੋਤੀ ਹੈ ਤੇ ਇਕ ਪੋਤਰਾ ਜੋ ਟੋਰਾਂਟੋ 'ਚ ਡਰਾਈਵਿੰਗ ਕਰ ਰਿਹੈ।



*ਲੇਖਕ ਨਾਲ ਦਾਰੇ ਦੇ ਦੋਵੇਂ ਪੋਤਰੇ ਤੇ ਉਹ ਛੱਪੜ ਜਿਸ ਵਿਚ ਦਾਰੇ ਨੇ ਸਰਦਾਰੇ ਨੂੰ ਮਾਰਿਆ।*

# ਸਭ ਤੋਂ ਛੋਟੀ ਉਮਰ ਦਾ ਪਰਬਤਾਰੋਹੀ ਤੇਗਬੀਰ ਸਿੰਘ

24 ਸਤੰਬਰ 2018 ਨੂੰ ਪਿਤਾ ਸੁਖਿੰਦਰ ਦੀਪ ਸਿੰਘ ਅਤੇ ਮਾਤਾ ਡਾ. ਮਨਪ੍ਰੀਤ ਕੌਰ ਦੇ ਘਰ ਜਨਮਿਆ ਤੇਗਬੀਰ ਸਿੰਘ ਸਭ ਤੋਂ ਛੋਟੀ ਉਮਰ ਦਾ ਪਰਬਤਾਰੋਹੀ ਬਣ ਗਿਆ ਹੈ। ਉਹ ਰੋਪੜ ਦੇ ਸ਼ਿਵਾਲਿਕ ਪਬਲਿਕ ਸਕੂਲ ਦਾ ਦੂਜੀ ਜਮਾਤ ਦਾ ਵਿਦਿਆਰਥੀ ਹੈ। ਉਸ ਨੇ 28 ਜੂਨ 2025 ਨੂੰ 6 ਸਾਲ ਦੀ ਉਮਰ ਵਿਚ ਯੂਰਪ ਦੀ ਸਭ ਤੋਂ ਉੱਚੀ ਚੋਟੀ (ਮਾਊਂਟ ਐਲਬਰਸ, ਰੂਸ) ਸਰ ਕਰ ਕੇ ਵਿਸ਼ਵ ਰਿਕਾਰਡ ਕਾਇਮ ਕੀਤਾ।



ਇਸ ਤੋਂ ਪਹਿਲਾਂ ਉਹ 5 ਸਾਲ ਦੀ ਉਮਰ ਵਿਚ ਅਪ੍ਰੈਲ 2024 ਵਿਚ ਮਾਊਂਟ ਐਵਰੈਸਟ ਬੇਸ ਕੈਂਪ ਨੇਪਾਲ ਪਹੁੰਚਣ ਵਾਲਾ ਸਭ ਤੋਂ ਛੋਟੀ ਉਮਰ ਦਾ ਬੱਚਾ ਸੀ।

ਅਗਸਤ 2024 ਵਿਚ ਉਹ ਮਾਊਂਟ ਕਿਲੀਮੰਜਾਰੋ (ਅਫਰੀਕਾ ਮਹਾਂਦੀਪ ਦੀ ਸਭ ਤੋਂ ਉੱਚੀ ਚੋਟੀ) ਨੂੰ ਸਭ ਤੋਂ ਘੱਟ ਉਮਰ ਵਿਚ ਸਰ ਕਰਨ ਵਾਲਾ ਪਹਿਲਾ ਏਸ਼ਿਆਈ ਬਣਿਆ। ਉਸ ਨੇ ਆਪਣੀਆਂ ਪ੍ਰਾਪਤੀਆਂ ਨਾਲ ਏਸ਼ੀਆ ਬੁੱਕ ਆਫ ਰਿਕਾਰਡਜ਼ ਤੇ ਇੰਡੀਆ ਬੁੱਕ ਆਫ ਰਿਕਾਰਡਜ਼ ਵਿਚ ਰਿਕਾਰਡ ਦਰਜ ਕਰਾਇਆ ਹੈ।

*-ਇੰਦਰਪਾਲ ਸਿੰਘ ਚੱਢਾ*
*+1 224-210-9048*

# ਬਹੁਤਾ ਭਲਾ ਨਾ ਬੋਲਣਾ ਬਹੁਤੀ ਭਲੀ ਨਾ ਚੁੱਪ

ਬੰਦੇ ਲਈ ਬੋਲਣਾ ਜਾਂ ਗੱਲ ਕਰਨਾ ਆਮ ਗੱਲ ਹੈ। ਜੇ ਕਿਸੇ ਨੂੰ ਬੋਲਣ ਸਬੰਧੀ ਕੋਈ ਬੀਮਾਰੀ ਨਹੀਂ ਤਾਂ ਬੰਦਾ ਹੀ ਇਕ ਅਜਿਹਾ ਪ੍ਰਾਣੀ ਹੈ ਜੋ ਬੋਲਦਾ ਹੈ, ਜਿਸ ਦੀ ਭਾਸ਼ਾ ਹੈ, ਜਿਸ ਕੋਲ ਸ਼ਬਦ ਹਨ, ਵਿਚਾਰਾਂ ਦੇ ਆਦਾਨ-ਪ੍ਰਦਾਨ ਦੇ ਸਾਧਨ ਹਨ। ਪਸ਼ੂ-ਪੰਛੀ ਵੀ ਬੋਲਦੇ ਹਨ ਪਰ ਸਿਰਫ ਆਵਾਜ਼ਾਂ ਹੀ ਕਢਦੇ ਹਨ, ਜਿਨ੍ਹਾਂ ਦਾ ਅਰਥ ਸਾਡੀ ਸਮਝ ਤੋਂ ਪਰੇ ਹੁੰਦੈ। ਇਸ਼ਾਰਿਆਂ ਰਾਹੀਂ ਤਾਂ ਉਹ ਲੋਕ ਵੀ ਗੱਲਬਾਤ ਕਰ ਲੈਂਦੇ ਹਨ ਜਿਨ੍ਹਾਂ ਕੋਲ ਬੋਲਣ ਦੀ ਸਮਰੱਥਾ ਨਹੀਂ ਹੁੰਦੀ। ਗੁਰਬਾਣੀ ਵਿਚ ਕਿਹਾ ਗਿਐ-'ਜਬ ਲਗੁ ਦੁਨੀਆ ਰਹੀਐ ਨਾਨਕ ਕਿਛੁ ਸੁਣੀਐ ਕਿਛੁ ਕਹੀਐ'॥ (ਅੰਗ-661)



ਬੋਲਣ ਲਈ ਅੱਖਰ/ਸ਼ਬਦ ਚਾਹੀਦੇ ਹਨ। ਅੱਖਰਾਂ ਦੀ ਬੜੀ ਮਹਿਮਾ ਹੈ-'ਅਖਰੀ ਨਾਮੁ ਅਖਰੀ ਸਾਲਾਹ॥ ਅਖਰੀ ਗਿਆਨੁ ਗੀਤ ਗੁਣ ਗਾਹ॥ ਅਖਰੀ ਲਿਖਣੁ ਬੋਲਣੁ ਬਾਣਿ॥' (ਸ.ਗ.ਗ.ਸ.ਅੰਗ-4)। ਨਾਮ ਸਿਮਰਨ ਤੇ ਪ੍ਰਭੂ-ਪ੍ਰਸ਼ੰਸਾ ਅੱਖਰਾਂ ਰਾਹੀਂ ਹੀ ਕੀਤੀ ਜਾ ਸਕਦੀ ਐ। ਬੋਲੀ ਦਾ ਲਿਖਣਾ ਤੇ ਬੋਲਣਾ ਵੀ ਅੱਖਰਾਂ ਰਾਹੀਂ ਹੀ ਹੁੰਦੈ।

**ਪ੍ਰੋ. ਜਸਵੰਤ ਸਿੰਘ ਗੰਡਮ**
**ਫੋਨ: +91 98766-55055**

ਸ਼ਬਦ, ਅਰਥਾਂ ਦੇ ਵਾਹਨ ਹੁੰਦੇ ਹਨ। ਸ਼ਬਦਾਂ ਵਿਚ ਬੜੀ ਸ਼ਕਤੀ ਹੁੰਦੀ ਹੈ। ਇਹ ਸ਼ਕਤੀ ਦੁਵੱਲਾ ਕੰਮ ਕਰਦੀ ਹੈ। ਸੁਹਣੇ ਸ਼ਬਦ ਸੁਹਾਵਣਾ ਮਾਹੌਲ ਸਿਰਜਦੇ ਹਨ, ਮੰਦੇ ਸ਼ਬਦ ਕੁੜੱਤਣ ਪੈਦਾ ਕਰਦੇ ਹਨ। ਜਾਂ ਪਾਲ ਸਾਰਤਰ ਤਾਂ ਸ਼ਬਦਾਂ ਨੂੰ ਭਰੇ ਹੋਏ ਪਿਸਤੌਲ ਕਹਿੰਦੈ। ਇਕ ਚੀਨੀ ਕਹਾਵਤ ਹੈ ਕਿ ਨਿਕਲੇ ਹੋਏ ਸ਼ਬਦਾਂ/ਬੋਲਾਂ ਨੂੰ ਫੌਜਾਂ ਵੀ ਵਾਪਿਸ ਨਹੀਂ ਲਿਆ ਸਕਦੀਆਂ। ਪੰਜਾਬੀ ਵਿਚ ਵੀ ਕਹਿੰਦੇ ਹਨ ਕਿ ਗੱਲ ਜ਼ੁਬਾਨੋਂ ਤੇ ਤੀਰ ਕਮਾਨੋਂ ਨਿਕਲ ਜਾਣ ਤਾਂ ਮੁੜਦੇ ਨਹੀਂ। ਇਹ ਵੀ ਕਹਿੰਦੇ ਹਨ ਕਿ ਗੱਲ ਕਹਿੰਦੀ ਏ ਤੂੰ ਮੈਨੂੰ ਮੂੰਹੋਂ ਕੱਢ, ਮੈਂ ਤੈਨੂੰ ਪਿੰਡੋਂ/ਸ਼ਹਿਰੋਂ ਕੱਢਾਂਗੀ। ਇਸ ਲਈ ਹੀ 'ਪਹਿਲਾਂ ਤੋਲੋ, ਫਿਰ ਬੋਲੋ' ਦੀ ਸਲਾਹ ਦਿਤੀ ਜਾਂਦੀ ਹੈ। 'ਮੰਦਾ ਬੋਲ ਨਾ ਬੋਲੀਏ, ਕਰਤਾਰੋਂ ਡਰੀਏ' ਦੀ ਨਸੀਹਤ ਵੀ ਕੀਤੀ ਜਾਂਦੀ ਹੈ।

ਮਹਾਨਕੋਸ਼ ਵਿਚ ਸ਼ਬਦ ਦੇ 11 ਅਰਥ ਕੀਤੇ ਗਏ ਹਨ। ਇਸ ਦਾ ਮੂਲ ਸੰਸਕ੍ਰਿਤ ਦਸਦਿਆਂ ਬਤੌਰ ਸੰਗਯਾ ਸ਼ਬਦ ਦਾ ਅਰਥ ਧੁਨਿ, ਆਵਾਜ਼, ਸੁਰ ਕੀਤਾ ਗਿਆ ਹੈ। ਲਫਜ਼, ਗੁਫਤਗੂ, ਗੁਰਉਪਦੇਸ਼ ਵੀ ਅਰਥ ਕੀਤੇ ਗਏ ਹਨ। ਧਰਮ, ਮਜ਼ਹਬ ਅਤੇ ਬ੍ਰਹਮ, ਕਰਤਾਰ ਦੇ ਅਰਥ ਵੀ ਮੌਜੂਦ ਹਨ-'ਜੋਗਿ ਸਬਦੰ ਗਿਆਨ ਸਬਦੰ ਬੇਦ ਸਬਦੰ ਬ੍ਰਾਹਮਣਹ'॥(ਅੰਗ-469) ਅਤੇ 'ਸਬਦੁ ਗੁਰੂ ਸੁਰਤਿ ਧੁਨਿ ਚੇਲਾ'॥(ਅੰਗ-943)। ਸ਼ਬਦ ਦੀ ਪਾਕੀਜ਼ਗੀ ਇਸ ਗੱਲ ਤੋਂ ਹੀ ਸਮਝੀ ਜਾ ਸਕਦੀ ਹੈ ਕਿ ਸਿੱਖ ਧਰਮ ਵਿਚ ਸ਼ਬਦ ਨੂੰ ਹੀ ਗੁਰੂ/ਪ੍ਰਮੇਸ਼ਰ ਮੰਨਿਆ ਜਾਂਦਾ ਹੈ।

ਗੱਲਾਂ ਕਰਨ/ਬੋਲਣ ਨਾਲ ਸਬੰਧਤ ਅਨੇਕਾਂ ਅਖਾਣ/ਮੁਹਾਵਰੇ ਹਨ -ਗੱਲੀਂ ਬਾਤੀਂ ਮੈਂ ਵੱਡੀ ਕਰਤੂਤੋਂ ਵੱਡੀ ਜਠਾਣੀ, ਗੱਲਾਂ ਦੇ ਗੁਲਗੁਲੇ ਪਕਾਉਣੇ, ਗੱਲੀਂ ਗੱਲਾਂ ਤੇ ਦੰਮੀ ਘੋੜੇ, ਧੀਏ ਗੱਲ ਕਰ ਤੇ ਨੂੰਹੇਂ ਕੰਨ ਕਰ, ਗਾਲੜੀ ਗੱਲ ਕਰੇ ਸਿਆਣਾ ਕਿਆਸ ਕਰੇ, ਗੱਲੋਂ ਗਲੈਣ ਅਗੋਂ ਅਗੈਣ, ਗੱਲਾਂ ਦਾ ਖਟਿਆ ਖਾਣਾ, ਗੱਲਾਂ ਵਾਲਾ ਜਿਤੇ ਕੰਮ ਵਾਲਾ ਹਾਰੇ, ਗੱਲ ਲਾਈਏ ਗਿਟੇ ਕੋਈ ਰੋਵੇ ਤੇ ਕੋਈ ਪਿਟੇ, ਗੱਲ ਹੋਈ ਪੁਰਾਣੀ ਬੁੱਕਲ ਮਾਰ ਬੈਠੀ ਸਵਾਣੀ, ਗੱਲ 'ਤੇ ਹੈ ਝਲ ਵਲੱਲੀ ਪਰ ਜਿਸ ਲੱਭੀ ਓਸ ਸੁਖੱਲੀ, ਗੱਲ ਨਾਲ ਗੱਲ ਕਰੀਏ ਤੇ ਵਲ ਨਾਲ ਨੱਕ ਵਢੀਏ, ਗੱਲ ਦਾ ਗਲੈਣ ਬਣਾਉਣਾ, ਗੱਲਾਂ ਦਾ ਗਲਾਧੜੀ, ਗੱਲੀਂ ਪੈਂਡਾ ਨਿਬੜ ਜਾਂਦੈ, ਗਲੀਂ ਜੋਗੁ ਨ ਹੋਈ, ਗੱਲੀਂ ਅਸੀਂ ਚੰਗੀਆਂ ਆਚਾਰੀ ਬੁਰੀਆਂ, ਗੱਲ ਉਡਾਉਣੀ, ਗੱਲ ਅਗੇ ਪਾਉਣੀ, ਗੱਲ ਆਈ ਗਈ ਕਰਨੀ, ਗੱਲ ਕਿਸੇ 'ਤੇ ਛੱਡਣੀ, ਗੱਲ ਗੌਲਣਾ, ਗੱਲ ਗੁਆਉਣੀ, ਗੱਲ ਚੁਕਣੀ, ਗੱਲ ਜੋੜ੍ਹੇ ਵਿਚ ਆਉਣਾ, ਗੱਲ ਟੁਕਣੀ, ਗੱਲ ਦਬਣੀ, ਗੱਲ ਨਾ ਪਚਾ ਸਕਣੀ, ਗੱਲ ਦਿਲ ਲਗਣੀ, ਗੱਲ ਪੀ ਜਾਣੀ, ਗੱਲ ਨਾ ਪੋਹਣੀ, ਗੱਲ ਚੁਭਣੀ, ਗੱਲ ਪਲੇ ਬੰਨ੍ਹਣੀ, ਗੱਲਾਂ ਦਾ ਘਰ ਹੋਣਾ, ਗੱਲ ਮੂੰਹੋਂ ਕਢਣੀ, ਗੱਲਾਂ ਵਿਚ ਆਉਣਾ, ਬੋਲ ਬੁਲਾਰਾ ਪੈਣਾ, ਬੋਲਾਂ 'ਚ ਸ਼ਹਿਦ ਦੇ ਘੁਟ ਹੋਣਾ, ਬੋਲੀ ਮਾਰਨੀ, ਬੋਲ-ਕੁਬੋਲ ਬੋਲਣੇ, ਬੋਲੇ ਬਿਨਾਂ ਤੋਲੇ ਬਿਨਾਂ ਕੈਬੇ ਕਰ ਜਾਣੀਏ, ਬੋਲਾਂ ਦੇ ਬਾਣ ਆਦਿ।

ਗੱਲਾਂ ਬਾਰੇ ਕਈ ਪੰਜਾਬੀ ਗੀਤ ਵੀ ਹਨ। ਆਸਾ ਸਿੰਘ ਮਸਤਾਨਾ ਦਾ ਇਕ ਪੁਰਾਣਾ ਗੀਤ ਹੈ-'ਨਿੱਕੀ ਜਿੰਨੀ ਗੱਲ ਦਾ ਖਲਾਰ ਪੈ ਗਿਆ,/ਗੱਲਾਂ ਗੱਲਾ ਵਿਚ ਗਲ ਪਿਆਰ ਪੈ ਗਿਆ'। ਇਕ ਅਜੋਕਾ ਗੀਤ ਵੀ ਦੇਖੋ-'ਮੈਨੂੰ ਨਿੱਕੀ ਨਿੱਕੀ ਗੱਲ 'ਤੇ ਰਵਾਇਆ ਤੇਰੇ ਸ਼ਹਿਰ ਨੇ'। 1956 ਦੀ ਹਿੰਦੀ ਫਿਲਮ 'ਜਾਗਤੇ ਰਹੋ' ਵਿਚ ਇਕ ਗੀਤ ਦੇ ਅਖੀਰ 'ਚ ਬੋਲਣ ਸਬੰਧੀ ਪ੍ਰਸ਼ਨ ਸੀ-'ਤੇ ਕੀ ਮੈਂ ਝੂਠ ਬੋਲਿਆ, ਕੋਈ ਨਾ, ਕੀ ਮੈਂ ਕੁਫਰ ਤੋਲਿਆ, ਕੋਈ ਨਾ।'

ਬੰਦੇ ਨੂੰ ਲੋੜ ਅਨੁਸਾਰ ਹੀ ਬੋਲਣਾ ਚਾਹੀਦੈ। ਗੁਰਬਾਣੀ ਅਨੁਸਾਰ 'ਬਹੁਤਾ ਬੋਲਣ *ਝਖਣ ਹੋਇ'॥(ਅੰਗ-661) (*ਝਖਣ-ਬੇਫਾਇਦਾ)। ਖਾਲੀ ਭਾਂਡਾ ਹੀ ਜ਼ਿਆਦਾ ਖੜਕਦੈ, ਭਰਿਆ ਹੋਇਆ ਨਹੀਂ। 'ਕਹੁ ਕਬੀਰ ਛੂਛਾ ਘਟ ਬੋਲੈ॥ ਭਰਿਆ ਹੋਇ ਸੁ ਕਬਹੁ ਨ ਡੋਲੈ'॥(ਅੰਗ-870)

ਅੱਧ ਜਲ ਗਗਰੀ ਛਲਕਤ ਜਾਇ! ਥੋਥਾ ਚਨਾ, ਬਾਜੇ ਘਨਾ। ਭਗਤ ਕਬੀਰ ਅਨੁਸਾਰ-'ਬੋਲਤ ਬੋਲਤ ਬਢਹਿ ਬਿਕਾਰਾ'॥ (ਅੰਗ-870) ਅਤੇ ਭਾਈ ਗੁਰਦਾਸ ਅਨੁਸਾਰ 'ਬੋਲਣ ਕਾਜ ਵਿਗਾੜਿਆ, ਜਿਉਂ ਮੂਲੀ ਪੱਤਾ'। ਵੈਸੇ ਵੀ ਕਹਿੰਦੇ ਹਨ ਕਿ 'ਬਹੁਤਾ ਭਲਾ ਨਾ ਮੇਘਲਾ, ਬਹੁਤੀ ਭਲੀ ਨਾ ਧੁੱਪ/ਬਹੁਤਾ ਭਲਾ ਨਾ ਬੋਲਣਾ, ਬਹੁਤੀ ਭਲੀ ਨਾ ਚੁੱਪ'।

ਸਿਆਣੇ ਕਹਿੰਦੇ ਹਨ-ਇਕ ਚੁੱਪ ਸੌ ਸੁੱਖ! ਇਹ ਵੀ ਕਿਹਾ ਜਾਂਦੈ ਕਿ 'ਚੁੱਪ ਰਹਿਸੇਂ ਤੇ ਮੋਤੀ ਮਿਲਸੇਂ/ ਸਬਰ ਕਰੇਂ ਤੇ ਹੀਰੇ'। ਵੈਸੇ ਵੀ ਸਿਆਣੇ ਬੰਦੇ ਨੂੰ ਕੁਝ ਕਹਿਣ ਦੀ ਲੋੜ ਨਹੀਂ ਤੇ ਮੂਰਖ ਨੂੰ ਕੁਝ ਕਹਿਣ ਦਾ ਲਾਭ ਨਹੀਂ। ਇਸੇ ਲਈ ਗੁਰਬਾਣੀ ਵਿਚ ਨਸੀਹਤ ਕੀਤੀ ਗਈ ਹੈ-'ਮੰਦਾ ਕਿਸੈ ਨ ਆਖੀਐ ਪੜਿ ਅਖਰੁ ਏਹੋ ਬੁਝੀਐ॥ ਮੂਰਖੇ ਨਾਲਿ ਨ ਲੁਝੀਐ॥ (ਅੰਗ-473) ਕਿਉਂਕਿ 'ਮੂਰਖ ਨਾਲਿ ਚੰਗੇਰੀ ਚੁਪਾ॥ (ਅੰਗ-32) ਅਤੇ 'ਮੂਰਖ ਸਿਉ ਬੋਲੇ ਝਖ ਮਾਰੀ'॥ (ਅੰਗ-870)

ਕਈਆਂ ਨੂੰ ਗੱਲ ਦਾ ਗਲੈਣ, ਬਾਤ ਦਾ ਬਤੰਗੜ, ਤਿਲ ਦਾ ਤਾੜ ਜਾਂ ਰਾਈ ਦਾ ਪਹਾੜ ਬਣਾਉਣ ਦੀ ਆਦਤ ਹੁੰਦੀ ਹੈ। ਪਰ ਆਖਿਰ ਵਿਚ 'ਪੱਟਿਆ ਪਹਾੜ ਨਿਕਲੀ ਚੂਹੀਆ' ਵਾਲਾ ਹਾਲ ਹੁੰਦੈ। ਅਸੀਂ ਇਕ ਅਜਿਹੇ ਵਿਅਕਤੀ ਨੂੰ ਜਾਣਦੇ ਹਾਂ ਜੋ ਇਸ ਕਲਾ ਦਾ ਮਾਹਿਰ ਹੈ। ਜੇ ਕਿਸੇ ਦੀ ਚੀਚੀ 'ਤੇ ਮਾੜੀ ਜਿਹੀ ਝਰੀਟ ਆ ਜਾਏ ਤਾਂ ਉਹ ਰੌਲਾ ਪਾ ਦਏਗਾ-'ਫਲਾਣੇ ਦੇ ਮੁੰਡੇ ਦਾ ਐਕਸੀਡੈਂਟ ਹੋ ਗਿਆ, ਬਹੁਤ ਗੰਭੀਰ ਸੱਟਾਂ ਲਗੀਆਂ, ਹਸਪਤਾਲ ਲੈ ਗਏ ਐ, ਮੁਸ਼ਕਿਲ ਨਾਲ ਈ ਬਚੂ'। ਪਰ ਅਸਲੀਅਤ ਉਦੋਂ ਸਾਹਮਣੇ ਆ ਜਾਊ ਜਦ ਉਹ ਮੁੰਡਾ ਮਾੜੀ ਜਿਹੀ ਲੀਰ ਬੰਨ੍ਹ ਕੇ ਖੇਡਦਾ ਮੱਲਦਾ ਫਿਰੂ।

ਇਸ ਤਰ੍ਹਾਂ ਦੇ ਲੋਕ ਬੜੇ ਮਿਰਚ ਮਸਾਲੇ ਲਾ ਕੇ ਗੱਲ ਪੇਸ਼ ਕਰਨਗੇ। ਖਾਸ ਕਰਕੇ ਜੇ ਗੱਲ ਕਿਸੇ ਮੁੰਡੇ-ਕੁੜੀ ਦੇ 'ਚੱਕਰ' ਦੀ ਹੋਵੇ ਤਾਂ ਫਿਰ ਤਾਂ ਬਸ ਅੱਲ੍ਹਾ ਈ ਬੇਲੀ। ਆਲ-ਪਤਾਲ ਦੀਆਂ, ਉਰਲੀਆਂ-ਪਰਲੀਆਂ, ਹੋਈਆਂ-ਅਣਹੋਈਆਂ ਗੱਲਾਂ ਦਾ ਪੂਰਾ ਪੈਕੇਜ ਸਾਰੇ ਪਿੰਡ ਵਿਚ ਘੁੰਮ ਜਾਏਗਾ ਤੇ ਗੱਲ ਘਰ ਘਰ ਦੀ ਬਣ ਜਾਏਗੀ। ਜੌਨ ਇਲੀਯਾ ਦਾ ਇਕ ਖ਼ੂਬਸੂਰਤ ਸ਼ੇਅਰ ਹੈ-'ਉਸ ਕੀ ਗਲੀ ਸੇ ਉਠ ਕੇ ਮੈਂ ਆ ਪੜਾ ਥਾ ਅਪਨੇ ਘਰ,/ਏਕ ਗਲੀ ਕੀ ਬਾਤ ਥੀ ਔਰ ਗਲੀ ਗਲੀ ਗਈ'। ਉਹ ਗੱਲਾਂ ਵੀ ਜੋੜ ਦਿੱਤੀਆਂ ਜਾਣਗੀਆਂ ਜੋ ਹੋਈਆਂ ਈ ਨਹੀਂ ਹੁੰਦੀਆਂ-'ਵੋਹ ਬਾਤ ਜਿਸ ਕਾ ਸਾਰੇ ਫਸਾਨੇ ਮੇਂ ਜ਼ਿਕਰ ਨਾ ਥਾ,/ਵੋਹ ਬਾਤ ਉਨ ਕੋ ਬਹੁਤ ਨਾਗਵਾਰ ਗੁਜ਼ਰੀ ਹੈ'। ਪਿੰਡ ਦੀ ਆਕਾਸ਼ਬਾਣੀ ਵਰਗੇ ਇਹ ਲੋਕ ਢੰਡੋਰਾ ਪਿੱਟਣ ਅਤੇ ਮਨ-ਘੜਨੀਆਂ ਦੇ ਮਾਹਿਰ ਹੁੰਦੇ ਹਨ। ਇਨ੍ਹਾਂ ਬਾਰੇ ਹੀ ਤਾਂ ਇਕ ਸ਼ਾਇਰ ਕਹਿੰਦੈ-'ਦਿਨ ਚੜ੍ਹਿਆ ਤਾਂ ਲੋਕਾਂ ਦੇ ਬੁੱਲਾਂ 'ਤੇ ਸੀ,/ਰਾਤੀਂ ਜੋ ਮੈਂ ਕੀਤੀ ਸੀ ਦੀਵਾਰਾਂ ਨਾਲ'। ਅਜਿਹੇ ਸੱਜਣ ਅਜੋਕੇ ਸੀ.ਸੀ.ਟੀ.ਵੀ. ਕੈਮਰਿਆਂ ਦਾ ਕੰਮ ਕਰਦੇ ਹਨ!

ਕਈਆਂ ਨੂੰ ਊਲ-ਜਲੂਲ, ਜੱਭਲੀਆਂ, ਬੇਤੁਕੀਆਂ ਜਾਂ ਬੇ-ਸਿਰ-ਪੈਰ ਦੀਆਂ ਗੱਲਾਂ ਕਰਨ ਦੀ ਆਦਤ ਹੁੰਦੀ ਹੈ। ਪੰਜਾਬੀ ਫਿਲਮ 'ਲਾਵਾਂ-ਫੇਰੇ' ਵਿਚ ਇਨ੍ਹਾਂ ਬੇਥਵੀਆਂ ਦੀ ਮਿਸਾਲ ਇਸ ਫਿਲਮ ਦੇ ਇਕ ਪਾਤਰ ਦੇ ਅਨੇਕਾਂ ਡਾਇਲੌਗਾਂ ਰਾਹੀਂ ਦੇਖਣ/ਸੁਣਨ ਨੂੰ ਮਿਲਦੀ ਹੈ। ਕੇਵਲ ਦੋ ਉਦਾਹਰਣਾਂ ਪੇਸ਼ ਹਨ-'ਜੇ ਬੰਦਾ ਖੇਸੀ ਦੀ ਬੁੱਕਲ ਮਾਰੂ ਤਾਂ ਸਾਈਕਲ ਤਾਂ ਪੰਚਰ ਹੋਣਾ ਈ ਆ','ਜੇ ਟੋਭੇ ਵਿਚ ਡੱਡੂ ਬੋਲਣਗੇ ਤਾਂ ਚੀਨ ਦਾ ਪ੍ਰਧਾਨ ਮੰਤਰੀ ਬਦਲੂਗਾ ਈ'।

ਕਈ ਗੱਲ 'ਚੋਂ ਗੱਲਾਂ ਦੀਆਂ ਡਾਰਾਂ ਬਣਾਉਣ ਦੇ ਕਾਰੀਗਰ ਹੁੰਦੇ ਹਨ। ਮਹਿਮਾਨ ਅਤੇ ਮੇਜ਼ਬਾਨ ਵਿਚ ਸਵਾਲ-ਜਵਾਬ ਦੇ ਰੂਪ 'ਚ ਇਕ ਮਿਸਾਲ ਪੇਸ਼ ਹੈ-



ਸਵਾਲ: ਚਾਹ, ਕਾਫੀ, ਲੱਸੀ ਜਾਂ ਠੰਢਾ ਪੀਉਂਗੇ?

ਜਵਾਬ: ਚਾਹ।

-ਵ੍ਹਾਈਟ, ਬਲੈਕ, ਗਰੀਨ, ਹਰਬਲ, ਅਦਰਕ, ਮਸਾਲਾ ਜਾਂ ਪੁਦੀਨਾ ਚਾਹ?

-ਵ੍ਹਾਈਟ (ਭਾਵ ਦੁੱਧ ਵਾਲੀ)।

- ਦੁੱਧ ਇਕ ਚਮਚ ਕਿ ਦੋ?

-ਜਵਾਬ: ਦੋ।

-ਚਮਚ ਵੱਡੇ ਕਿ ਛੋਟੇ?

-ਛੋਟੇ।

-ਚਾਹ ਮਿੱਠੀ, ਘੱਟ ਮਿੱਠੇ ਵਾਲੀ, ਫਿੱਕੀ ਕਿ ਸ਼ੂਗਰ ਫਰੀ?

-ਮਿੱਠੀ।

-ਖੰਡ, ਗੁੜ, ਸ਼ਹਿਦ, ਕਿਊਬਜ਼, ਪਾਊਚ ਕਿ ਗੋਲੀਆਂ ਵਾਲੀ?

ਇਸ ਤੋਂ ਪਹਿਲਾਂ ਕਿ ਮੇਜ਼ਬਾਨ ਇਨ੍ਹਾਂ ਵਿਚੋਂ ਦਸੀ ਜਾਣ ਵਾਲੀ ਕਿਸੇ ਇਕ ਦੀ ਮਾਤਰਾ ਪੁਛਦਾ, ਮਹਿਮਾਨ ਕੰਨ ਲਪੇਟਦਾ ਸੁੱਚੇ ਮੂੰਹ ਚਲਦਾ ਬਣਿਆ!

ਕਈ ਰੱਜ ਕੇ ਗੱਪੀ ਹੁੰਦੇ ਹਨ, ਜ਼ਮੀਨ ਆਸਮਾਨ ਇਕ ਕਰ ਦੇਣਗੇ। ਗੱਪ ਵੀ ਐਡੀ ਮਾਰਨਗੇ ਕਿ ਵਿਚਾਰੀ ਗੱਪ ਦੀ ਹੀ ਟੰਗ ਟੁੱਟ ਜਾਏ! ਇਨ੍ਹਾਂ ਲੋਕਾਂ ਨੇ ਵੱਡੇ-ਵੱਡੇ ਅਹੁਦਿਆਂ ਵਾਲੇ ਲੋਕਾਂ ਦਾ ਨਾਮ ਵਰਤਣ ਦੀ ਹਰ ਡਿਗਰੀ ਕੀਤੀ ਹੁੰਦੀ ਹੈ। ਇਹ ਲੋਕ ਪ੍ਰਾਂਤ ਦੇ ਮੁੱਖ ਮੰਤਰੀ ਤੋਂ ਲੈ ਕੇ ਦੇਸ਼ ਦੇ ਪ੍ਰਧਾਨ ਮੰਤਰੀ ਦੇ ਹਵਾਲੇ ਨਾਲ ਗੱਲਾਂ ਕਰਨਗੇ। ਅੰਗਰੇਜ਼ੀ ਵਿਚ ਅਜਿਹੇ ਬੰਦਿਆਂ ਨੂੰ 'ਨੇਮ-ਡਰਾਪਰ'(ਵੱਡੇ ਰੁਤਬੇ ਵਾਲਿਆਂ ਦਾ ਨਾਮ ਵਰਤਣ ਵਾਲੇ) ਕਹਿੰਦੇ ਹਨ।

ਕਈ ਬੁੜ-ਬੁੜ ਕਰਦੇ ਰਹਿੰਦੇ ਹਨ ਅਤੇ ਕਈ ਬਿਲਕੁਲ ਚੁੱਪ-ਗੜੁੱਪ ਮੌਨਧਾਰੀ। ਕਈ ਤਾਂ ਉਸ ਸਿਧਾਂਤ ਦੇ ਧਾਰਨੀ ਹੁੰਦੇ ਹਨ ਜੋ ਤਤਕਾਲੀਨ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਕੋਲਾ-ਘੁਟਾਲੇ ਬਾਰੇ ਟਿੱਪਣੀ ਸਮੇਂ ਇਕ ਸ਼ੇਅਰ ਰਾਹੀਂ ਪ੍ਰਗਟ ਕੀਤੇ ਸਨ-'ਹਜ਼ਾਰੋਂ ਜਵਾਬੋਂ ਸੇ ਅੱਛੀ ਹੈ ਮੇਰੀ ਖਾਮੋਸ਼ੀ,/ ਨ ਜਾਨੇ ਕਿਤਨੇ ਸਵਾਲੋਂ ਕੀ ਆਬਰੂ ਰਖੀ'! ਕਈ ਅੰਗਰੇਜ਼ੀ ਦੀ ਕਹਾਵਤ 'ਬੋਲਣਾ ਚਾਂਦੀ ਤੇ ਚੁੱਪ ਸੋਨਾ' ਜਾਂ 'ਖਾਮੋਸ਼ੀ ਬੋਲਣ ਨਾਲੋਂ ਵਧੇਰੇ ਸੁਵੱਕਤੀ' ਹੁੰਦੀ ਹੈ' ਦੇ ਅਨੁਸਾਰੀ ਹੁੰਦੇ ਹਨ।

ਇਕ-ਬਚਨੀ, ਮਨ-ਬਚਨੀ/ਸਵੈ-ਉਕਤੀ/ਖ਼ੁਦ-ਕਲਾਮੀ, ਸੰਵਾਦ/ਵਿਚਾਰ-ਵਿਮਰਸ਼, ਸੰਚਾਰ-ਸੂਚਨਾ, ਵਾਰਤਾਲਾਪ, ਵਾਦ-ਵਿਵਾਦ/ਬਹਿਸ-ਮੁਬਾਹਸਾ, ਬਚਨ-ਬਿਲਾਸ, ਭਾਸ਼ਨ, ਗੱਲਬਾਤ ਆਦਿ ਸਭ ਬੋਲਣ ਦੀਆਂ ਵੰਨਗੀਆਂ ਹਨ। ਖ਼ੁਦ-ਕਲਾਮੀ ਤੋਂ ਬਿਨਾਂ ਬਾਕੀ ਸਭ ਵਿਚ ਇਕ ਤੋਂ ਵੱਧ ਬੰਦਿਆਂ ਦੀ ਸ਼ਿਰਕਤ ਹੁੰਦੀ ਹੈ।

ਗੱਲਾਂ ਮਾਖਿਉਂ ਮਿੱਠੀਆਂ ਵੀ ਹੁੰਦੀਆਂ ਹਨ ਤੇ ਤੁੰਮੇ ਵਰਗੀਆਂ ਕੌੜੀਆਂ ਵੀ। ਇਹ ਖਟ-ਮਿਠੀਆਂ ਤੇ ਚਟ-ਪਟੀਆਂ ਵੀ ਹੁੰਦੀਆਂ ਹਨ।

ਭਾਸ਼ਨ ਆਮ ਤੌਰ 'ਤੇ ਇਕ-ਤਰਫਾ ਵਰਤਾਰਾ ਹੁੰਦੈ ਜਿਸ ਵਿਚ ਫੋਕਸ ਭਾਸ਼ਨਕਾਰ ਉਪਰ ਹੀ ਹੁੰਦੈ। ਗੱਲਬਾਤ ਦੁਪਾਸੜੀ ਕਾਰਜ ਹੈ ਅਤੇ ਇਸ ਵਿਚ ਫੋਕਸ ਵੀ ਦੁਵੱਲਾ ਹੁੰਦੈ। ਵਿਚਾਰ-ਵਿਮਰਸ਼ ਮਸਲਾ ਸੁਲਝਾਉਣ ਲਈ ਕਰੀਦੈ ਪਰ ਵਾਦ-ਵਿਵਾਦ ਆਪਣੀ ਮਨਵਾਉਣ ਜਾਂ ਦੂਸਰੇ ਉਪਰ 'ਸਕੋਰ' ਕਰਨ ਦੇ ਮਕਸਦ ਨਾਲ ਕੀਤਾ ਜਾਂਦੈ। ਨਾ ਹੀ ਗਲਾਧੜੀ ਦਾ ਬਕੜ-ਵਾਹ ਚੰਗੈ ਤੇ ਨਾ ਹੀ ਮੌਨਧਾਰੀ ਦੀ ਅਣਬੋਲਣੀ। ਜਿਥੇ ਹਉਮੈ-ਹੰਕਾਰ ਅਤੇ ਲੋਭ-ਲਾਲਚ ਸਾਡੇ ਝਗੜਿਆਂ ਦਾ ਕਾਰਨ ਹਨ, ਉਥੇ ਅਣਬੋਲਣੀ, ਸੰਵਾਦਹੀਣਤਾ, ਗੱਲਬਾਤ ਦੇ ਸਾਰੇ ਦਰਵਾਜ਼ਿਆਂ ਦਾ ਬੰਦ ਹੋਣਾ ਵੀ ਇਨ੍ਹਾਂ ਝਗੜਿਆਂ ਦਾ ਕਾਰਨ ਹਨ। ਘਰ-ਪਰਿਵਾਰ ਤੋਂ ਲੈ ਕੇ ਵਿਸ਼ਵ-ਸੰਸਾਰ ਤਕ ਸਭ ਮਸਲਿਆਂ ਦਾ ਹਲ ਗੱਲ ਹੀ ਹੈ! ਲੜਾਈਆਂ-ਝਗੜਿਆਂ, ਯੁੱਧਾਂ-ਜੰਗਾਂ ਦਾ ਆਖਰੀ ਹਲ 'ਟੇਬਲ-ਟਾਕ'(ਗਲਬਾਤ) ਹੀ ਹੁੰਦੈ!

ਕਈ ਵਾਰ ਬੋਲਣਾ ਮੁਸ਼ਕਿਲ ਹੋ ਜਾਂਦੈ। ਜ਼ਾਲਮ ਨਿਜ਼ਾਮ ਸੱਚ ਬੋਲਣ ਨਹੀਂ ਦਿੰਦੇ। ਵਿਡੰਬਣਾ ਦੇਖੋ ਕਿ ਬੰਦਾ ਬੋਲਣਾ ਚਾਹੁੰਦੈ ਪਰ ਬੋਲ ਨਹੀਂ ਸਕਦਾ-'ਯੇ ਕੈਸੀ ਜ਼ੁਬਾਂ-ਬੰਦੀ ਹੈ ਤੇਰੀ ਮਹਿਫਲ ਮੇਂ,/ਕਿ ਬਾਤ ਕਰਨੇ ਕੋ ਤਰਸਤੀ ਹੈ ਜ਼ੁਬਾਂ ਮੇਰੀ'। ਅਜਿਹੀ ਸਥਿਤੀ ਬਾਰੇ ਇਕ ਪਾਕਿਸਤਾਨੀ ਸ਼ਾਇਰ ਜ਼ਹੂਰ ਹੁਸੈਨ ਜ਼ਹੂਰ ਦੀਆਂ ਸਤਰਾਂ ਹਨ-'ਸੋਚਾਂ ਦੀ ਮੱਈਅਤ ਨੂੰ ਚਾ ਕੇ ਹੁਣ ਮੈਂ ਕਿਹੜੇ ਦਰ ਜਾਵਾਂਗਾ/ਜੇ ਬੋਲਾਂ ਤਾਂ ਮਾਰ ਦੇਣਗੇ, ਨਾ ਬੋਲਾਂ ਤਾਂ ਮਰ ਜਾਵਾਂਗਾ'। ਸੁਰਜੀਤ ਪਾਤਰ ਦੀਆ ਲਾਈਨਾਂ ਵੀ ਹਨ-'ਕੁਛ ਕਿਹਾ ਤਾਂ ਹਨੇਰਾ ਜਰੇਗਾ ਕਿਵੇਂ,/ਚੁੱਪ ਰਿਹਾ ਤਾਂ ਸ਼ਮਾਦਾਨ ਕੀ ਕਹਿਣਗੇ'।

ਅਜਿਹੀ ਸੂਰਤ ਵਿਚ ਹਰ ਹਾਲ ਬੋਲਣਾ ਬਣਦੈ। ਫੈਜ਼ ਅਹਿਮਦ ਫੈਜ਼ ਨੇ ਬਾਕਮਾਲ ਕਿਹੈ-'ਬੋਲ, ਕਿ ਲਬ ਆਜ਼ਾਦ ਹੈਂ ਤੇਰੇ:/ਬੋਲ, ਜ਼ੁਬਾਂ ਅਬ ਤਕ ਤੇਰੀ ਹੈ/ਬੋਲ, ਯੇ ਥੋੜਾ ਵਕਤ ਬਹੁਤ ਹੈ,/ਜਿਸਮ-ਓ-ਜ਼ੁਬਾਂ ਕੀ ਮੌਤ ਸੇ ਪਹਿਲੇ;/ਬੋਲ, ਕਿ ਸੱਚ ਜ਼ਿੰਦਾ ਹੈ ਅਬ ਤਕ,/ਬੋਲ, ਜੋ ਕੁਛ ਕਹਿਨਾ ਹੈ ਕਹਿ ਲੇ'।

ਮੌਕੇ ਸਿਰ ਬੋਲਣਾ ਮਾਨਵੀ ਮਹਿਮਾ ਦਾ ਮੁਕਟ ਹੈ, ਬੇਮੌਕਾ ਅਤੇ ਬਹੁਤਾ ਬੋਲਣਾ ਬੇ-ਫਾਇਦਾ ਤੇ ਮੂਰਖਾਨਾ ਵਰਤਾਰਾ!

ਆਖਿਰ ਵਿਚ ਇਕ ਰੋਚਕ ਕਿੱਸੇ ਦੀ ਕਥਾ ਕਰਦੇ ਹਾਂ।

ਜ਼ੁਬਾਨ ਦੇ ਰਸ ਵਾਲ਼ੀ ਗੱਲ ਤਾਂ ਤੁਸੀਂ ਸੁਣੀ ਹੀ ਹੋਵੇਗੀ? ਇਕ ਸਿੱਧੜ ਘਰੋਂ ਤੁਰਨ ਲਗਿਆਂ ਪੁਛਦੈ ਕਿ ਜੇ ਉਸ ਨੂੰ ਕੋਈ ਮਿਲੇ ਤਾਂ ਉਹ ਕੀ ਕਹੇ? ਘਰ ਵਾਲੇ ਕਹਿੰਦੇ ਕਿ ਕਹਿ ਦਈਂ ਕਿ 'ਅੱਛਾ ਹੋਇਆ'। ਅਗੋਂ ਰੋਂਦੇ ਕੁਰਲਾਉਂਦੇ ਲੋਕ ਮਿਲੇ ਤਾਂ ਪੁਛਿਆ ਕਿ ਕੀ ਹੋਇਐ? ਉਨ੍ਹਾਂ ਜਵਾਬ ਦਿਤਾ ਕਿ ਬੰਦਾ ਮਰ ਗਿਐ? ਸਿੱਧੜ ਘਰ ਦਿਆਂ ਦੇ ਦਸੇ ਅਨੁਸਾਰ ਕਹਿੰਦਾ 'ਚਲੋ ਅੱਛਾ ਹੋਇਆ'! ਬੜੀ ਛਿੱਤਰ ਪਰੇਡ ਹੋਈ! ਕੁੱਟਣ ਵਾਲਿਆਂ ਕਿਹਾ ਕਿ 'ਮਾੜਾ ਹੋਇਆ' ਕਹੀਦੈ। ਅਗੋਂ ਵਿਆਹ-ਸ਼ਾਦੀ ਦੀ ਡੋਲੀ ਮਿਲੀ ਤਾਂ ਸਿੱਧੜ ਜੀ ਕਹਿੰਦੇ 'ਕਿ ਮਾੜਾ ਹੋਇਆ'। ਹੋਰ ਵੀ ਵਧੇਰੇ ਕੁਟਾਪਾ ਚੜ੍ਹਿਆ। ਖ਼ੂਨ ਦੀਆਂ ਵਗਦੀਆਂ ਘਰਾਲਾਂ ਨਾਲ ਰੋਂਦਾ-ਕੁਰਲਾਉਂਦਾ ਘਰ ਵਾਪਿਸ ਆ ਰਿਹਾ ਸੀ ਤਾਂ ਲੋਕਾਂ ਪੁੱਛਿਆ ਲਹੂ ਕਿਉਂ ਵਗ ਰਿਹੈ? ਸਿੱਧੜ ਬੋਲਿਆ ਕਿ ਇਹ ਤਾਂ ਜ਼ੁਬਾਨ ਦਾ ਰਸ ਹੈ ਜੋ ਵਗ ਰਿਹੈ!

ਹਿੰਦੀ ਫਿਲਮ 'ਪੀ.ਕੇ' ਵਿਚ ਵੀ ਇਕ ਅਜਿਹਾ ਦ੍ਰਿਸ਼ ਹੈ ਜਿਥੇ ਇਕ ਬਾਹਰੀ ਮੰਡਲ ਤੋਂ ਆਇਆ ਨਾਇਕ ('ਏਲੀਅਨ') ਬਸ ਵਿਚ ਬੈਠੀ ਇਕ ਔਰਤ ਦੀ ਉਦਾਸੀ ਦੇ ਕਾਰਨ ਬਾਰੇ ਪੁਛਦੈ ਤਾਂ ਬਾਕੀ ਮੁਸਾਫਿਰ ਉਸ ਨੂੰ ਇਹ ਕਹਿੰਦਿਆਂ ਕੁੱਟਣ ਨੂੰ ਪੈਂਦੇ ਹਨ ਕਿ ਉਹ ਇਕ ਵਿਧਵਾ ਉਪਰ 'ਲਾਈਨ' ਮਾਰ ਰਿਹੈ। 'ਏਲੀਅਨ' ਨੂੰ ਇਹ ਪਤਾ ਲਗਣ ਉਪਰੰਤ ਕਿ ਚਿੱਟੇ ਵਸਤਰਾਂ ਵਾਲੀ ਔਰਤ ਵਿਧਵਾ ਹੁੰਦੀ ਹੈ, ਬੜਾ ਸੰਤਾਪ ਝੱਲਣਾ ਪੈਂਦੈ। ਉਹ ਈਸਾਈ ਮੱਤ ਅਨੁਸਾਰ ਚਿੱਟੇ ਵਸਤਰਾਂ ਵਿਚ ਸਜੀ ਦੁਲਹਨ ਨੂੰ ਵਿਧਵਾ ਸਮਝ ਕੇ ਉਸ ਦੇ 'ਪਤੀ ਮਰਨ ਦਾ ਅਫਸੋਸ' ਕਰਦੈ ਤਾਂ ਉਸ ਦਾ ਕੁੱਟ-ਕੁਟਾਪਾ ਹੋਣ ਲਗਦੈ। ਫਿਰ ਉਨ੍ਹਾਂ ਤੋਂ ਇਹ ਜਾਣਕਾਰੀ ਮਿਲਣ ਉਪਰੰਤ ਕਿ ਮੌਤ ਸਮੇਂ ਕਾਲੇ ਕਪੜੇ ਪਹਿਨੇ ਜਾਂਦੇ ਹਨ ਤਾਂ ਉਹ ਤਿੰਨ ਬੁਰਕਾਧਾਰੀ ਮੁਸਲਿਮ ਔਰਤਾਂ ਨਾਲ ਉਨ੍ਹਾਂ ਦੇ ਪਤੀਆਂ ਦੇ ਸੁਰਗਵਾਸ ਹੋਣ ਦੀ ਹਮਦਰਦੀ ਕਰਦੈ ਤਾਂ ਉਸ ਦੀ ਧੁਲਾਈ ਹੋਣ ਲਗਦੀ ਐ!

ਜਾਣੀ ਜੀਭ ਵਿਚ ਹੱਡੀ ਤਾਂ ਬੇਸ਼ਕ ਨਹੀਂ ਹੁੰਦੀ ਪਰ ਇਹ ਇੰਚ-ਡੇਢ ਇੰਚ ਲੰਮੀ ਨਾਮੁਰਾਦ ਸ਼ੈਅ ਬੰਦੇ ਦੀਆਂ ਹੱਡੀਆਂ ਜ਼ਰੂਰ ਤੁੜਵਾ ਸਕਦੀ ਐ!

---

# ਮੇਰੇ ਵਿਚਾਰ ਅਤੇ ਸੁਝਾਅ

ਪੰਜਾਬ ਸਰਕਾਰ ਵਲੋਂ ਅਖ਼ਬਾਰਾਂ ਵਿਚ ਦਿੱਤਾ ਗਿਆ ਇਕ ਇਸ਼ਤਿਹਾਰ ਪੜ੍ਹਿਆ, ਜਿਸ ਵਿਚ ਪੰਜਾਬ ਸਰਕਾਰ ਨੇ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦਾ 350 ਵਾਂ ਸ਼ਹੀਦੀ ਦਿਹਾੜਾ ਵੱਡੇ ਪੱਧਰ 'ਤੇ ਮਨਾਉਣ ਲਈ ਲੋਕਾਂ ਤੋਂ ਸੁਝਾਅ ਮੰਗੇ ਹਨ।

ਜੇ ਸੁਝਾਅ ਮੰਗੇ ਹਨ ਤਾਂ ਫਿਰ ਸਰਕਾਰ ਨੂੰ ਇਨ੍ਹਾਂ ਸੁਝਾਵਾਂ ਉਪਰ ਕੁਝ ਅਮਲ ਵੀ ਕਰਨਾ ਚਾਹੀਦਾ ਹੈ। ਮੇਰਾ ਸੁਝਾਅ ਹੈ ਕਿ ਵੱਡੇ ਵੱਡੇ ਪੰਡਾਲ ਸਜਾ ਕੇ, ਸਵਾਦਲੇ ਮਹਿੰਗੇ ਪਕਵਾਨਾਂ ਵਾਲੇ ਲੰਗਰ ਲਗਾ ਕੇ, ਸਿਆਸੀ ਲੋਕਾਂ ਦੇ ਫੋਕੇ ਭਾਸ਼ਣ ਕਰਵਾ ਕੇ ਅਖੌਤੀ ਵਿਦਵਾਨਾਂ ਕੋਲੋਂ ਪਰਚੇ ਪੜ੍ਹਵਾਅ ਕੇ, ਵੱਡੇ ਵੱਡੇ ਨਗਰ ਕੀਰਤਨ, ਕੀਰਤਨ ਦਰਬਾਰ ਅਤੇ ਜਲੂਸ ਵਗੈਰਾ ਕੱਢ ਕੇ ਕਰੋੜਾਂ ਰੁਪਏ ਨਾ ਰੋੜ੍ਹੇ ਜਾਣ। ਪਾਖੰਡ, ਵਿਖਾਵੇ, ਅਡੰਬਰ ਅਤੇ ਕਰਮ-ਕਾਂਡ ਨਾ ਕੀਤੇ ਜਾਣ। ਫਿਰ ਕੀ ਕੀਤਾ ਜਾਵੇ?

**ਦਲਵਿੰਦਰ ਸਿੰਘ ਅਜਨਾਲਾ**
**ਫੋਨ: 99152-21684**

ਜੋ ਕੁਝ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੇ ਆਪ ਕੀਤਾ ਅਤੇ ਆਪਣੇ ਸ਼ਰਧਾਲੂਆਂ ਨੂੰ ਕਰਨ ਲਈ ਉਪਦੇਸ਼ ਅਤੇ ਸੰਦੇਸ਼ ਦਿੱਤਾ। ਪਹਿਲਾਂ ਪੰਜਾਬ ਸਰਕਾਰ ਦਾ ਹਰ ਇਕ ਮੈਂਬਰ ਅਤੇ ਗੁਰੂ ਸਾਹਿਬ ਨੂੰ ਮੰਨਣ ਵਾਲਾ ਹਰ ਇਕ ਪ੍ਰਾਣੀ ਗੁਰੂ ਜੀ ਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਿੱਤੀ ਬਾਣੀ ਨੂੰ ਵਾਰ-ਵਾਰ ਪੜ੍ਹੇ ਅਤੇ ਫਿਰ ਉਸ 'ਤੇ ਅਮਲ ਕਰੇ। ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਗ਼ਰੀਬਾਂ, ਨਿਮਾਣਿਆਂ, ਨਿਤਾਣਿਆਂ, ਦੁਖੀ ਅਤੇ ਕਮਜ਼ੋਰਾਂ ਦੀ ਸੇਵਾ ਖ਼ਾਤਰ ਚਾਂਦਨੀ ਚੌਕ ਦਿੱਲੀ ਵਿਚ ਅਕਹਿ ਅਤੇ ਅਸਹਿ ਤਸੀਹੇ ਸਹਾਰਦਿਆਂ ਆਪਣੇ ਪ੍ਰਾਣਾਂ ਦੀ ਆਹੂਤੀ ਦਿੱਤੀ। ਗੁਰੂ ਸਾਹਿਬ ਨੇ ਮਹਾਨ ਤਿਆਗ ਕੀਤੇ। ਤੁਸੀਂ ਵੀ ਜੇ ਮਹਾਨ ਤਿਆਗ ਨਹੀਂ ਕਰ ਸਕਦੇ ਤਾਂ ਗਰੀਬ ਅਤੇ ਕਮਜ਼ਰ ਲੋਕਾਂ ਲਈ ਛੋਟੇ-ਮੋਟੇ ਤਿਆਗ ਕਰ ਕੇ ਵਿਖਾਓ। ਆਪਣੀਆਂ ਤਨਖਾਹਾਂ, ਭੱਤਿਆਂ, ਬੇਸ਼ੁਮਾਰ ਸਹੂਲਤਾਂ ਅਤੇ ਗੰਨਮੈਨਾਂ ਦੀਆਂ ਵੱਡੀਆਂ ਧਾੜਾਂ ਦਾ ਤਿਆਗ ਕਰੋ, ਕਰੋ ਕੁਰਬਾਨੀ।

ਆਪਣਾ ਕੀਮਤੀ ਸਮਾਂ ਅਤੇ ਧਨ ਦੌਲਤਾਂ ਵਿਚੋਂ ਕੁਝ ਨਾ ਕੁਝ ਦੁਖੀ ਲਾਚਾਰ ਲੋਕਾਂ ਵਾਸਤੇ ਖਰਚੋ। ਉਹ ਸਾਰੇ ਲੋਕ ਜੋ ਗੁਰੂ ਤੇਗ਼ ਬਹਾਦਰ ਜੀ ਦੇ ਪੈਰੋਕਾਰ ਅਖਵਾਉਂਦੇ ਹਨ ਅਤੇ ਸ਼ਹੀਦੀ ਦਿਹਾੜਾ ਧੂਮ-ਧਾਮ ਨਾਲ ਮਨਾਉਣਾ ਚਾਹੁੰਦੇ ਹਨ। ਬਣੋ ਯੋਧੇ, ਸੂਰਮੇ, ਕਰੋ ਤਿਆਗ ਜੋ ਗੁਰੂ ਸਾਹਿਬ ਨੇ ਆਪ ਕੀਤਾ ਅਤੇ ਸਾਨੂੰ ਤੁਹਾਨੂੰ ਕਰਨ ਲਈ ਕਿਹਾ।

ਆਓ ਬਾਹਰ, ਛੱਡੋ ਸੁਖ ਸਹੂਲਤਾਂ, ਸਹਾਰੋ ਦੂਜਿਆਂ ਲਈ ਦੁਖ, ਮੁਸੀਬਤਾਂ ਤਾਂ ਤੇ ਹੋਇਆ ਗੁਰੂ ਜੀ ਦਾ ਮਾਣ ਸਨਮਾਨ। ਨਹੀਂ ਤਾਂ ਐਵੇਂ ਨਾ ਗੁਰੂ ਜੀ ਦੇ ਨੁਮਾਇੰਦੇ ਬਣੇ ਫਿਰੋ। ਪਿੰਡਾਂ, ਕਸਬਿਆਂ, ਸ਼ਹਿਰਾਂ ਦੇ ਗਲੀ ਮੁਹੱਲਿਆਂ ਵਿਚ ਜਾਓ ਅਤੇ ਗਰੀਬ, ਦੁਖੀ, ਲਾਚਾਰ ਆਮ ਲੋਕਾਂ ਦੇ ਦੁਖ ਤਕਲੀਫਾਂ ਸੁਣੋ, ਛੋਟੇ ਛੋਟੇ ਸਮਾਗਮ ਕਰੋ ਅਤੇ ਗੁਰੂ ਜੀ ਦੇ ਨਾਂ 'ਤੇ ਲੋਕਾਂ ਦੀਆਂ ਸਮੱਸਿਆਵਾਂ ਦਾ ਹੱਲ ਕਰੋ। ਵਿਖਾਵਿਆਂ, ਅਡੰਬਰਾਂ, ਪਾਖੰਡਾਂ, ਕਰਮ-ਕਾਂਡਾਂ ਅਤੇ ਫੋਕੇ ਬੇ-ਰਸ, ਰਸਮੀ ਭਾਸ਼ਣਾਂ ਉਤੇ ਗੁਰੂ ਸਾਹਿਬ ਕਦੇ ਵੀ ਖੁਸ਼ ਨਹੀਂ ਹੋ ਸਕਦੇ।

# 'ਹਾਰਟ ਲੈਂਪ' ਨੂੰ ਬੁਕਰ ਪ੍ਰਾਈਜ਼

ਸਾਹਿਤ ਸਿਰਫ਼ ਇੱਕ ਕਲਪਨਾ ਜਾਂ ਫੈਂਟੇਸੀ ਨਹੀਂ ਹੈ। ਸਾਹਿਤ ਜੀਵਨ ਦਾ ਯਥਾਰਥ ਹੈ ਅਤੇ ਹਰ ਸਾਹ ਵਿਚ ਰਚਿਆ-ਵੱਸਿਆ ਹੈ। ਕੰਨੜ ਲੇਖਕਾ ਅਤੇ ਸਮਾਜਿਕ ਕਾਰਕੁਨ, ਵਕੀਲ ਬਾਨੂ ਮੁਸ਼ਤਾਕ ਦੀ ਅੰਗਰੇਜ਼ੀ ਵਿਚ ਅਨੁਵਾਦਿਤ ਪੁਸਤਕ 'ਹਾਰਟ ਲੈਂਪ' ਨੂੰ ਬੁਕਰ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ ਹੈ। ਇਹ ਭਾਰਤੀ ਭਾਸ਼ਾ ਤੇ ਸਾਹਿਤ ਲਈ ਬਹੁਤ ਮਾਣ ਦੀ ਗੱਲ ਹੈ। ਸਪਸ਼ਟ ਹੈ ਕਿ ਲੇਖਨ ਕਿਸੇ ਧਰਮ, ਭਾਸ਼ਾ, ਜਾਤ ਜਾਂ ਸੀਮਾ ਨਾਲ ਬੱਝਿਆ ਨਹੀਂ ਹੁੰਦਾ। ਆਮ ਤੌਰ 'ਤੇ ਪ੍ਰੋਲੋਤਾਰੀ ਵਰਗ ਦਾ ਦੁਖ ਇੱਕੋ ਜਿਹਾ ਹੁੰਦਾ ਹੈ, ਉਨ੍ਹਾਂ ਦੀ ਜਾਤ ਜਾਂ ਧਰਮ ਕੋਈ ਵੀ ਹੋਵੇ। ਇਹ ਪੁਰਸਕਾਰ ਭਾਰਤੀ ਭਾਸ਼ਾਵਾਂ ਲਈ ਇੱਕ

**ਮੂਲ: ਪ੍ਰਭੂਨਾਥ ਸ਼ੁਕਲ**
**ਅਨੁਵਾਦ: ਪ੍ਰੋ. ਨਵ ਸੰਗੀਤ ਸਿੰਘ**

ਸੰਜੀਵਨੀ ਹੈ। ਬੁਕਰ ਪੁਰਸਕਾਰ ਭਾਸ਼ਾ ਦੇ ਨਾਮ 'ਤੇ ਲੜਨ ਵਾਲੇ ਇੱਕ ਸੱਭਿਅਕ ਸਮਾਜ ਲਈ ਇੱਕ ਸਪਸ਼ਟ ਸੰਦੇਸ਼ ਹੈ। ਜੇਕਰ ਭਾਸ਼ਾ ਦਾ ਮਸਲਾ ਹੁੰਦਾ ਤਾਂ ਦੀਪਾ ਭਸਥੀ ਦੁਆਰਾ ਕੰਨੜ ਤੋਂ ਅਨੁਵਾਦ ਕੀਤੇ ਗਏ ਬਾਨੂ ਮੁਸ਼ਤਾਕ ਦੀਆਂ ਸਿਰਫ਼ ਬਾਰਾਂ ਮਿੰਨੀ ਕਹਾਣੀਆਂ ਦੇ ਸੰਗ੍ਰਹਿ 'ਹਾਰਟ ਲੈਂਪ' ਨੂੰ ਬੁਕਰ ਪੁਰਸਕਾਰ ਨਾ ਮਿਲਦਾ। ਭਾਸ਼ਾ ਅਤੇ ਸਾਹਿਤ ਸੀਮਾਵਾਂ ਤੋਂ ਬਹੁਤ ਪਾਰ ਹਨ। ਹੁਣ ਤੱਕ, ਇਹ ਅੰਤਰਰਾਸ਼ਟਰੀ ਪੁਰਸਕਾਰ ਛੇ ਭਾਰਤੀ ਲੇਖਕਾਂ ਨੂੰ ਦਿੱਤਾ ਜਾ ਚੁੱਕਾ ਹੈ। ਇਹਦੇ ਲਈ ਬਾਨੂ ਮੁਸ਼ਤਾਕ ਦੇ ਨਾਲ ਨਾਲ ਦੀਪਾ ਵੀ ਵਧਾਈ ਦੀ ਹੱਕਦਾਰ ਹੈ। ਕਿਉਂਕਿ ਇਹ ਉਹਦੀ ਪਹਿਲੀ ਅਨੁਵਾਦਿਤ ਰਚਨਾ ਹੈ, ਜਿਸਨੂੰ ਇਹ ਸਨਮਾਨ ਮਿਲਿਆ ਹੈ।

ਬਾਨੂ ਮੁਸ਼ਤਾਕ ਇੱਕ ਦੱਖਣੀ ਭਾਰਤੀ ਲੇਖਕਾ ਹੈ। ਉਹ ਮੁੱਖ ਤੌਰ 'ਤੇ ਕੰਨੜ ਭਾਸ਼ਾ ਵਿਚ ਲਿਖਦੀ ਹੈ। ਬਾਨੂ ਨੂੰ ਜੋ ਬੁਕਰ ਪੁਰਸਕਾਰ ਮਿਲਿਆ ਹੈ, ਉਹ ਕੰਨੜ ਵਿਚ ਲਿਖੇ ਗਏ ਉਸਦੇ ਮਿੰਨੀ ਕਹਾਣੀ ਸੰਗ੍ਰਹਿ ਵਿਚੋਂ ਕੁਝ ਚੁਣੀਆਂ ਹੋਈਆਂ ਕਹਾਣੀਆਂ ਦੇ ਅੰਗਰੇਜ਼ੀ ਅਨੁਵਾਦ ਲਈ ਦਿੱਤਾ ਗਿਆ ਹੈ। ਉਸਨੇ ਕੁੱਲ ਛੇ ਮਿੰਨੀ ਕਹਾਣੀ ਸੰਗ੍ਰਹਿ, ਇੱਕ ਨਾਵਲ, ਇੱਕ ਲੇਖ ਸੰਗ੍ਰਹਿ ਅਤੇ ਇੱਕ ਕਾਵਿ ਸੰਗ੍ਰਹਿ ਦੀ ਰਚਨਾ ਕੀਤੀ ਹੈ। ਉਸ ਦੀਆਂ ਰਚਨਾਵਾਂ ਦਾ ਅਨੁਵਾਦ ਹਿੰਦੀ, ਤਮਿਲ, ਮਲਿਆਲਮ ਅਤੇ ਉਰਦੂ ਵਿਚ ਹੋ ਚੁੱਕਾ ਹੈ। ਇਸ ਤੋਂ ਇਲਾਵਾ ਉਸਨੂੰ ਕਈ ਹੋਰ ਸਾਹਿਤਕ ਪੁਰਸਕਾਰ ਵੀ ਮਿਲੇ ਹਨ। ਸਾਹਿਤ ਵਿਚ ਸਭ ਤੋਂ ਮਹੱਤਵਪੂਰਨ ਇਹ ਨਹੀਂ ਕਿ ਤੁਸੀਂ ਕਿੰਨਾ ਲਿਖ ਰਹੇ ਹੋ, ਮਹੱਤਵਪੂਰਣ ਇਹ ਹੈ ਕਿ ਤੁਸੀਂ ਕੀ ਲਿਖ ਰਹੇ ਹੋ। ਲਿਖਿਆ ਤਾਂ ਬਹੁਤ ਕੁਝ ਜਾ ਰਿਹਾ ਹੈ ਜਾਂ ਬਹੁਤ ਕੁਝ ਲਿਖਿਆ ਗਿਆ ਹੈ, ਪਰ ਹਰ ਕਿਸੇ ਨੂੰ ਬੁਕਰ ਪ੍ਰਾਈਜ਼ ਨਹੀਂ ਮਿਲਿਆ। ਬੁਕਰ ਨੂੰ ਧਿਆਨ ਵਿਚ ਰੱਖ ਕੇ ਲਿਖਣਾ ਵੀ ਸੰਭਵ ਨਹੀਂ ਹੈ। ਕਿਉਂਕਿ ਸਾਹਿਤ ਕੋਈ ਤਕਨੀਕ ਨਹੀਂ, ਇੱਕ ਜਿਉਂਦੀ-ਜਾਗਦੀ ਕਲਾ ਹੈ, ਜੋ ਜ਼ਿੰਦਗੀ ਤੋਂ ਬਿਨਾਂ ਜ਼ਿੰਦਾ ਨਹੀਂ ਹੋ ਸਕਦੀ। ਬਾਨੂ 'ਲੰਕੇਸ਼ ਪੱਤ੍ਰਿਕਾ' ਨਾਲ ਵੀ ਜੁੜੀ ਹੋਈ ਸੀ ਅਤੇ ਉਹਨੇ ਬੈਂਗਲੁਰੂ ਆਲ ਇੰਡੀਆ ਰੇਡੀਓ ਵਿਚ ਵੀ ਕੰਮ ਕੀਤਾ ਹੈ।


ਬਾਨੂ ਮੁਸ਼ਤਾਕ (77) ਦੀ ਸਕੂਲੀ ਪੜ੍ਹਾਈ ਵੀ ਬੜੀਆਂ ਮੁਸ਼ਕਿਲ ਚੁਣੌਤੀਆਂ ਨਾਲ ਸ਼ੁਰੂ ਹੋਈ ਅਤੇ ਇਹੋ ਉਹਦੀ ਲੇਖਨ-ਜੀਵਨ ਦੀ ਚੁਣੌਤੀ ਬਣੀ। ਉਸਦਾ ਜਨਮ 1948 ਵਿਚ ਕਰਨਾਟਕ ਦੇ ਇੱਕ ਮੁਸਲਿਮ ਪਰਿਵਾਰ ਵਿਚ ਹੋਇਆ। ਉਸਦੇ ਪਿਤਾ ਦੀਆਂ ਬਹੁਤ ਕੋਸ਼ਿਸ਼ਾਂ ਤੋਂ ਬਾਅਦ, ਉਸਨੂੰ ਅੱਠ ਸਾਲ ਦੀ ਉਮਰ ਵਿਚ ਸ਼ਿਵਮੋਗਾ ਦੇ ਕੰਨੜ ਮਿਸ਼ਨਰੀ ਸਕੂਲ ਵਿਚ ਇਸ ਸ਼ਰਤ 'ਤੇ ਦਾਖਲ ਕਰਵਾਇਆ ਗਿਆ ਕਿ ਉਸਨੂੰ ਛੇ ਮਹੀਨਿਆਂ ਵਿਚ ਕੰਨੜ ਭਾਸ਼ਾ ਪੜ੍ਹਨਾ ਅਤੇ ਲਿਖਣਾ ਸਿੱਖਣਾ ਪਵੇਗਾ, ਨਹੀਂ ਤਾਂ ਉਸਨੂੰ ਸਕੂਲ ਛੱਡਣਾ ਪਵੇਗਾ। ਕਿਉਂਕਿ ਬਾਨੂ ਇੱਕ ਮੁਸਲਿਮ ਪਰਿਵਾਰ ਨਾਲ ਸਬੰਧਤ ਸੀ, ਜਿੱਥੇ ਸਕੂਲ ਦੀ ਸ਼ਰਤ ਉਸਦੇ ਲਈ ਇੱਕ ਚੁਣੌਤੀ ਸੀ, ਪਰ ਉਸਨੇ ਇਹ ਕਰ ਵਿਖਾਇਆ। ਮੁਸ਼ਤਾਕ ਨੇ 1980 ਵਿਚ ਮੁਸਲਿਮ ਸਮਾਜ ਵਿਚ ਕੱਟੜਤਾ ਨੂੰ ਘਟਾਉਣ ਲਈ ਕੰਮ ਕੀਤਾ। ਉਸਨੇ ਮਸਜਿਦਾਂ ਵਿਚ ਵੀ ਮੁਸਲਿਮ ਔਰਤਾਂ ਦੇ ਦਾਖਲੇ ਦੀ ਵਕਾਲਤ ਕੀਤੀ, ਜਿਸ ਕਾਰਨ ਉਸਦੇ ਪਰਿਵਾਰ ਦਾ ਸਮਾਜਿਕ ਬਾਈਕਾਟ ਵੀ ਕੀਤਾ ਗਿਆ। ਉਸਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਵੀ ਮਿਲੀਆਂ। ਹਾਲਾਂਕਿ, ਉਸਨੇ ਸਕੂਲਾਂ ਵਿਚ ਮੁਸਲਿਮ ਕੁੜੀਆਂ ਦਾ ਬੁਰਕਾ ਪਹਿਨਣ ਦਾ ਸਮਰਥਨ ਕੀਤਾ, ਜਿਸਦਾ ਵਿਵਾਦ ਕਰਨਾਟਕ ਦੇ ਵਿਦਿਅਕ ਅਦਾਰਿਆਂ ਵਿਚ ਅਜੇ ਵੀ ਵੀ ਇੱਕ ਮੁੱਦਾ ਹੈ।

ਬਾਨੂ ਮੁਸ਼ਤਾਕ ਨੇ ਮੁਸਲਿਮ ਸਮਾਜ ਵਿਚ ਔਰਤਾਂ ਅਤੇ ਹੋਰ ਸਮੱਸਿਆਵਾਂ ਦਾ ਬਹੁਤ ਡੂੰਘਾਈ ਨਾਲ ਅਧਿਐਨ ਕੀਤਾ। ਅਜਿਹੀਆਂ ਸਮੱਸਿਆਵਾਂ ਨੇ ਉਹਨੂੰ ਪ੍ਰਭਾਵਿਤ ਕੀਤਾ, ਜਿਸਨੂੰ ਉਹਨੇ ਆਪਣੀ ਕਹਾਣੀ ਜਾਂ ਮਿੰਨੀ ਕਹਾਣੀ ਦਾ ਆਧਾਰ ਬਣਾਇਆ। ਉਹਨੂੰ ਬਚਪਨ ਤੋਂ ਹੀ ਲਿਖਣ ਦਾ ਸ਼ੌਕ ਸੀ। ਉਸ ਦੀ ਪਹਿਲੀ ਕਹਾਣੀ 26 ਸਾਲ ਦੀ ਉਮਰ ਵਿਚ 'ਪ੍ਰਜਾਮਾਤਾ' ਵਿਚ ਪ੍ਰਕਾਸ਼ਿਤ ਹੋਈ ਸੀ। ਇਸ ਤੋਂ ਬਾਅਦ ਉਸਨੇ ਕਦੇ ਪਿੱਛੇ ਮੁੜ ਕੇ ਨਹੀਂ ਦੇਖਿਆ। 'ਹਾਰਟ ਲੈਂਪ', ਜਿਸ ਲਈ ਉਹਨੂੰ ਅੰਤਰਰਾਸ਼ਟਰੀ ਬੁਕਰ ਪੁਰਸਕਾਰ ਮਿਲਿਆ ਹੈ, ਵਿਚ 1990 ਤੋਂ 2023 ਤੱਕ ਦੀਆਂ ਮਿੰਨੀ ਕਹਾਣੀਆਂ ਹਨ, ਜਿਨ੍ਹਾਂ ਵਿਚ ਮੁਸਲਿਮ ਸਮਾਜ ਦੀਆਂ ਔਰਤਾਂ ਦੇ ਸੰਘਰਸ਼ ਨੂੰ ਦਰਸਾਇਆ ਗਿਆ ਹੈ। ਅਨੁਵਾਦਕ ਦੀਪਾ ਭਸਥੀ ਵੀ ਇਹ ਸਨਮਾਨ ਪ੍ਰਾਪਤ ਕਰਨ ਵਾਲੀ ਪਹਿਲੀ ਭਾਰਤੀ ਹੈ।

ਮੁਸ਼ਤਾਕ ਦੀਆਂ ਕਹਾਣੀਆਂ ਦਾ ਅੰਗਰੇਜ਼ੀ ਵਿਚ ਪਹਿਲੀ ਵਾਰ ਅਨੁਵਾਦ ਸਾਲ 2022 ਵਿਚ ਦੀਪਾ ਭਾਸਥੀ ਨੇ ਕੀਤਾ ਸੀ। ਜਿਸ ਵਿਚੋਂ ਉਸਨੇ ਕੰਨੜ ਤੋਂ ਕੁਝ ਚੁਣੀਆਂ ਕਹਾਣੀਆਂ ਦਾ ਅੰਗਰੇਜ਼ੀ ਵਿਚ ਅਨੁਵਾਦ 'ਹਾਰਟ ਲੈਂਪ' ਨਾਂ ਹੇਠ ਕੀਤਾ, ਜਿਸਨੂੰ ਬੁਕਰ ਪੁਰਸਕਾਰ 2025 ਨਾਲ ਸਨਮਾਨਿਤ ਕੀਤਾ ਗਿਆ ਹੈ। ਇਸ ਪੁਰਸਕਾਰ ਵਿਚ ਲੇਖਕ ਨੂੰ 50 ਹਜ਼ਾਰ ਪੌਂਡ ਦੀ ਰਕਮ ਮਿਲਦੀ ਹੈ। ਜਿਸ ਵਿਚੋਂ ਅੱਧੀ ਰਕਮ ਅੰਗਰੇਜ਼ੀ ਅਨੁਵਾਦਕ ਨੂੰ ਜਾਂਦੀ ਹੈ। ਕਿਉਂਕਿ ਬੁਕਰ ਪੁਰਸਕਾਰ ਸਿਰਫ਼ ਅੰਗਰੇਜ਼ੀ ਰਚਨਾ ਜਾਂ ਉਸ ਭਾਸ਼ਾ ਵਿਚ ਅਨੁਵਾਦ ਕੀਤੇ ਗਏ ਸੰਗ੍ਰਹਿ ਨੂੰ ਹੀ ਦਿੱਤਾ ਜਾਂਦਾ ਹੈ। ਇਸਦਾ ਉਦੇਸ਼ ਸਪਸ਼ਟ ਹੈ ਕਿ ਚੰਗਾ ਸਾਹਿਤ ਹਰ ਕਿਸੇ ਤੱਕ ਪਹੁੰਚਣਾ ਚਾਹੀਦਾ ਹੈ। ਕਿਉਂਕਿ ਸਾਹਿਤ ਦੀ ਕੋਈ ਸੀਮਾ ਨਹੀਂ ਹੁੰਦੀ। ਭਾਰਤੀ ਰੁਪਏ ਵਿਚ ਇਸ ਪੁਰਸਕਾਰ ਦੀ ਕੀਮਤ 52.95 ਲੱਖ ਹੈ। ਮੁਸ਼ਤਾਕ ਪਹਿਲੀ ਕੰਨੜ ਲੇਖਕਾ ਹੈ, ਜਿਸਨੂੰ ਬੁਕਰ ਪੁਰਸਕਾਰ 2025 ਲਈ ਚੁਣਿਆ ਗਿਆ ਹੈ। ਇਹ ਅਨੁਵਾਦਕ ਦੀਪਾ ਭਸਥੀ ਲਈ ਵੀ ਮਾਣ ਵਾਲੀ ਗੱਲ ਹੈ।

ਬੁਕਰ ਪੁਰਸਕਾਰ ਦੀ ਜਿਊਰੀ ਦੇ ਚੇਅਰਮੈਨ ਮੈਕਸ ਪੋਰਟਰ ਨੇ ਕਹਾਣੀਆਂ ਦੀ ਪ੍ਰਸ਼ੰਸਾ ਕੀਤੀ ਹੈ। ਉਨ੍ਹਾਂ ਕਿਹਾ ਹੈ ਕਿ ਭਾਵੇਂ ਮੁਸ਼ਤਾਕ ਦੀਆਂ ਕਹਾਣੀਆਂ ਨਾਰੀਵਾਦੀ ਵਿਚਾਰਧਾਰਾ ਨੂੰ ਉਤਸ਼ਾਹਿਤ ਕਰਦੀਆਂ ਹਨ ਅਤੇ ਇਨ੍ਹਾਂ ਵਿਚ ਪਿਤਰਸੱਤਾ ਪ੍ਰਣਾਲੀ ਦਾ ਵਿਰੋਧ ਹੈ। ਪਰ ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਇੱਕ ਔਰਤ ਦੇ ਰੋਜ਼ਾਨਾ ਜੀਵਨ ਦੇ ਸੰਘਰਸ਼ ਨੂੰ ਬੇਹੱਦ ਸ਼ਾਨਦਾਰ ਤਰੀਕੇ ਨਾਲ ਪ੍ਰਸਤੁਤ ਕੀਤਾ ਗਿਆ ਹੈ। ਇਹ ਆਪਣੇ ਆਪ ਵਿਚ ਸਭ ਤੋਂ ਵਿਲੱਖਣ ਹੈ।

ਹੁਣ ਤੱਕ ਛੇ ਭਾਰਤੀ ਲੇਖਕਾਂ ਨੂੰ ਉਨ੍ਹਾਂ ਦੀਆਂ ਰਚਨਾਵਾਂ ਲਈ ਅੰਤਰਰਾਸ਼ਟਰੀ ਬੁਕਰ ਪੁਰਸਕਾਰ ਮਿਲ ਚੁੱਕਾ ਹੈ। ਇਨ੍ਹਾਂ ਵਿਚ ਵੀ.ਐਸ. ਨਾਇਪਾਲ, ਸਲਮਾਨ ਰਸ਼ਦੀ, ਅਰੁੰਧਤੀ ਰਾਏ, ਕਿਰਨ ਦੇਸਾਈ, ਅਰਵਿੰਦ ਅਡਿਗਾ ਅਤੇ ਗੀਤਾਂਜਲੀ ਸ਼੍ਰੀ ਦੇ ਨਾਂ ਸ਼ਾਮਲ ਹਨ। ਗੀਤਾਂਜਲੀ ਸ਼੍ਰੀ ਨੂੰ 2022 ਵਿਚ ਉਸਦੇ ਹਿੰਦੀ ਨਾਵਲ ਲਈ ਇਹ ਪੁਰਸਕਾਰ ਮਿਲਿਆ ਸੀ। ਜਦੋਂ ਕਿ ਨਾਇਪਾਲ 1971 ਵਿਚ ਇਸਨੂੰ ਪ੍ਰਾਪਤ ਕਰਨ ਵਾਲੇ ਪਹਿਲੇ ਭਾਰਤੀ ਲੇਖਕ ਸਨ। ਬੁਕਰ ਦੀ ਦੌੜ ਵਿਚ ਪੰਜ ਕਿਤਾਬਾਂ ਸ਼ਾਮਲ ਸਨ, ਜਿਨ੍ਹਾਂ ਵਿਚ ਸੋਲੇਜ ਦੀ 'ਆਨ ਦ ਕੈਲਕੁਲੇਸ਼ਨ ਆਫ਼ ਵੈਲਿਊਜ਼', ਸਮਾਲ ਬੋਟ ਦੀ 'ਵਿਸੈਂਟ ਡੇਲੀਕੋਇਸਕ', ਹਿਰੋਮੀ ਕਾਵਾਕਾਮੀ ਦੀ 'ਅੰਡਰ ਦ ਆਈ ਆਫ਼ ਦ ਬਿਗ ਬਰਡ', ਡੇਸੇਂਜੋ ਲੈਟ੍ਰਿਨਿਕੋ ਦੀ 'ਪਰਫੈਕਸ਼ਨ' ਅਤੇ ਏਰੀ ਸੇਰੇ ਦੀ 'ਏ ਲੈਪਾਰਡ ਸਕਿਨ ਹੈਟ' ਸ਼ਾਮਲ ਸਨ।





ਬੁਕਰ ਇਨਾਮ ਦੀ ਸਥਾਪਨਾ 1969 ਵਿਚ ਇੰਗਲੈਂਡ ਦੀ ਮੈਕੋਨਲ ਕੰਪਨੀ ਨੇ ਕੀਤੀ ਸੀ। ਇਸ ਪੁਰਸਕਾਰ ਦਾ ਪੂਰਾ ਨਾਮ 'ਮੈਨ ਬੁਕਰ ਪ੍ਰਾਈਜ਼ ਫਾਰ ਫਿਕਸ਼ਨ' ਹੈ। ਇਸ ਵਿਚ ਲੇਖਕ ਅਤੇ ਅਨੁਵਾਦਕ ਨੂੰ 50 ਹਜ਼ਾਰ ਪੌਂਡ ਦੀ ਨਿਸ਼ਚਿਤ ਰਕਮ ਦਾ ਅੱਧਾ-ਅੱਧਾ ਹਿੱਸਾ ਮਿਲਦਾ ਹੈ। ਇਸ ਪੁਰਸਕਾਰ ਦਾ ਉਦੇਸ਼ ਚੰਗੇ ਸਾਹਿਤ ਦਾ ਵਿਕਾਸ ਹੈ। ਇਸਦਾ ਸੰਕਲਪ ਹੈ ਕਿ ਚੰਗੇ ਸਾਹਿਤ ਦੀ ਕੋਈ ਸੀਮਾ ਨਹੀਂ ਹੁੰਦੀ, ਇਸਦੇ ਲਈ ਸਿਰਫ਼ ਇੱਕ ਪਲੇਟਫਾਰਮ ਅਤੇ ਮਾਧਿਅਮ ਜ਼ਰੂਰੀ ਹੁੰਦਾ ਹੈ। ਇਸ ਵਿਚ ਨਾ ਤਾਂ ਲੇਖਕ ਦੀ ਭਾਸ਼ਾ ਮਾਇਨੇ ਰੱਖਦੀ ਹੈ ਅਤੇ ਨਾ ਹੀ ਲੇਖਕ ਦੀ ਜਾਤ ਅਤੇ ਧਰਮ।।

# ਕੀ ਸਾਰਕ ਦੀ ਥਾਂ ਨਵੀਂ ਸੰਸਥਾ ਬਣਾਉਣ ਦੇ ਰੌਂਅ 'ਚ ਹਨ ਚੀਨ ਤੇ ਪਾਕਿਸਤਾਨ?

8 ਦਸੰਬਰ 1985 ਨੂੰ ਸਾਊਥ ਏਸ਼ੀਅਨ ਐਸੋਸੀਏਸ਼ਨ ਫਾਰ ਰੀਜਨਲ ਕਾਰਪੋਰੇਸ਼ਨ ਦੀ ਸਥਾਪਨਾ ਕੀਤੀ ਗਈ ਸੀ ਜਿਸ ਨੂੰ

ਸਾਰਕ (ਓਉ੍ਛ) ਦਾ ਨਾਂ ਦਿੱਤਾ ਗਿਆ ਸੀ। ਇਸ ਦਾ ਅਰਥ ਸਾਊਥ ਏਸ਼ੀਅਨ ਐਸੋਸੀਏਸ਼ਨ ਫਾਰ ਰੀਜਨਲ ਕੋਆਪਰੇਸ਼ਨ ਹੈ। ਇਹ ਦੱਖਣੀ ਏਸ਼ਿਆਈ ਦੇਸ਼ਾਂ ਦੀ ਇੱਕ ਸੰਸਥਾ ਹੈ ਜੋ ਆਰਥਿਕ ਅਤੇ ਖੇਤਰੀ ਇਕੱਠ ਨੂੰ ਵਧਾਉਣ ਲਈ ਬਣਾਈ ਗਈ ਸੀ। ਇਸ ਉਕਤ ਸੰਸਥਾ ਦਾ ਮੁੱਖ ਦਫ਼ਤਰ ਕਾਠਮਾਂਡੂ, ਨੇਪਾਲ ਹੈ ਜਦੋਂ ਕਿ ਆਧਿਕਾਰਕ ਭਾਸ਼ਾ ਅੰਗਰੇਜ਼ੀ ਹੈ ਇਸ ਦੇ ਅੱਠ ਮੈਂਬਰਾਂ 'ਚੋਂ ਅਫ਼ਗਾਨਿਸਤਾਨ (2007 ਵਿਚ ਸ਼ਾਮਿਲ ਹੋਇਆ, ਜਦੋਂ ਕਿ ਹੋਰਨਾਂ ਦੇਸ਼ਾਂ ਵਿਚ ਬੰਗਲਾਦੇਸ਼, ਭੂਟਾਨ, ਭਾਰਤ, ਮਾਲਦੀਵ, ਨੇਪਾਲ, ਪਾਕਿਸਤਾਨ ਅਤੇ ਸ੍ਰੀਲੰਕਾ ਸ਼ਾਮਲ ਹਨ।



**ਮੁਹੰਮਦ ਅੱਬਾਸ ਧਾਲੀਵਾਲ**
**ਫੋਨ: 98552-59650**

ਸਾਰਕ ਐਸੋਸੀਏਸ਼ਨ ਦੇ ਮੁੱਖ ਉਦੇਸ਼ਾਂ ਵਿਚ ਦੱਖਣੀ ਏਸ਼ੀਆ ਦੇ ਲੋਕਾਂ ਦੀ ਭਲਾਈ ਲਈ ਕੰਮ ਕਰਨਾ, ਜੀਵਨ ਦੀ ਗੁਣਵੱਤਾ ਨੂੰ ਸੁਧਾਰਨਾ, ਆਰਥਿਕ ਵਿਕਾਸ, ਸਮਾਜਕ ਤਰੱਕੀ ਅਤੇ ਸੱਭਿਆਚਾਰਕ ਵਿਕਾਸ ਨੂੰ ਤੇਜ਼ ਕਰਨਾ, ਖੇਤਰੀ ਖੁਦ ਨਿਰਭਰਤਾ ਨੂੰ ਮਜ਼ਬੂਤ ਕਰਨਾ ਅਤੇ ਖੇਤਰ ਵਿਚ ਅਮਨ ਅਤੇ ਸਥਿਰਤਾ ਨੂੰ ਉਤਸ਼ਾਹਤ ਕਰਨਾ ਹੈ।

ਜੇਕਰ ਇਸ ਦੀਆਂ ਦੂਜੀਆਂ ਵਿਸ਼ੇਸ਼ਤਾਵਾਂ ਦੀ ਗੱਲ ਕਰੀਏ ਤਾਂ ਇਸ ਦੇ ਫੈਸਲੇ ਸਹਿਮਤੀ ਰਾਹੀਂ ਲਏ ਜਾਂਦੇ ਹਨ (ਸਾਰੇ ਦੇਸ਼ਾਂ ਦੀ ਮਨਜ਼ੂਰੀ ਲਾਜ਼ਮੀ ਹੈ) ਦੋ-ਪੱਖੀ ਜਾਂ ਵਿਵਾਦਤ ਮਸਲੇ ਸਾਰਕ ਦੇ ਚਰਚਾ ਏਜੰਡੇ ਵਿਚ ਨਹੀਂ ਆਉਂਦੇ। ਇਸ ਤੋਂ ਇਲਾਵਾ ਸਿੱਖਿਆ, ਸਿਹਤ, ਖੇਤੀਬਾੜੀ, ਵਾਤਾਵਰਣ, ਅਰਥ-ਵਿਵਸਥਾ ਅਤੇ ਆਫ਼ਤ ਪ੍ਰਬੰਧਨ ਵਰਗੇ ਖੇਤਰਾਂ ਵਿਚ ਸਹਿਯੋਗ 'ਤੇ ਧਿਆਨ ਦਿੱਤਾ ਜਾਂਦਾ ਹੈ।

ਸਾਰਕ ਐਸੋਸੀਏਸ਼ਨ ਦੇ ਸੰਮੇਲਨ ਦੌਰਾਨ ਜੋ ਮੁੱਖ ਚੁਣੌਤੀਆਂ ਆਉਂਦੀਆਂ ਹਨ ਉਨ੍ਹਾਂ ਵਿਚੋਂ ਭਾਰਤ ਅਤੇ ਪਾਕਿਸਤਾਨ ਵਿਚਕਾਰ ਰਾਜਨੀਤਕ ਤਣਾਅ ਇਕ ਹੈ, ਜਿਸ ਕਰਕੇ ਸਾਰਕ ਦੀ ਗਤੀਵਿਧੀ ਰੁਕੀ ਰਹੀ ਜਦੋਂਕਿ ਕਈ ਸੰਮੇਲਨ ਰੱਦ ਜਾਂ ਅਸਥਗਿਤ ਹੋ ਚੁੱਕੇ ਹਨ। ਇਸ ਤੋਂ ਇਲਾਵਾ ਸਾਰਕ ਦੇਸ਼ਾਂ ਵਿਚ ਵਪਾਰ ਅਤੇ ਕੁਨੈਕਟੀਵਿਟੀ ਹੋਰ ਖੇਤਰੀ ਗਠਜੋੜਾਂ (ਜਿਵੇਂ ਓੱਓਓਂ ਜਾਂ ਓੂ) ਨਾਲੋਂ ਘੱਟ ਹੈ। ਪਰ ਪਿਛਲੇ ਕੁੱਝ ਵਰ੍ਹਿਆਂ ਤੋਂ ਸਾਰਕ ਐਸੋਸੀਏਸ਼ਨ ਇੱਕ ਪ੍ਰਕਾਰ ਨਾਲ ਨਿਰਜੀਵ ਬਣੀ ਹੋਈ ਹੈ ਕਿਉਂਕਿ ਵਧੇਰੇ ਮੈਂਬਰਾਂ ਵਿਚ ਇਸ ਨੂੰ ਲੈ ਕੇ ਹੁਣ ਉਹ ਉਤਸ਼ਾਹ ਨਜ਼ਰ ਨਹੀਂ ਆ ਰਿਹਾ।

ਜ਼ਿਕਰਯੋਗ ਹੈ ਕਿ ਸਾਲ 2014 ਦੌਰਾਨ ਕਾਠਮੰਡੂ ਵਿਚ ਸਾਰਕ ਦਾ ਦੋ-ਸਾਲਾ ਸਿਖਰ ਸੰਮੇਲਨ ਆਖਰੀ ਸੀ। 2016 ਦਾ ਸਾਰਕ ਸੰਮੇਲਨ ਇਸਲਾਮਾਬਾਦ ਵਿਚ ਹੋਣਾ ਸੀ, ਪਰ ਉਸ ਸਾਲ 18 ਸਤੰਬਰ ਨੂੰ ਜੰਮੂ-ਕਸ਼ਮੀਰ ਦੇ ਉੜੀ ਵਿਚ ਇੱਕ ਭਾਰਤੀ ਫੌਜੀ ਕੈਂਪ 'ਤੇ ਹੋਏ ਅੱਤਵਾਦੀ ਹਮਲੇ ਤੋਂ ਬਾਅਦ ਭਾਰਤ ਨੇ ਹਾਲਾਤ ਕਾਰਨ ਸੰਮੇਲਨ ਵਿਚ ਹਿੱਸਾ ਲੈਣ ਵਿਚ ਆਪਣੀ ਅਸਮਰੱਥਾ ਪ੍ਰਗਟਾਈ ਸੀ। ਬੰਗਲਾਦੇਸ਼, ਭੂਟਾਨ ਅਤੇ ਅਫ਼ਗਾਨਿਸਤਾਨ ਦੇ ਵੀ ਇਸਲਾਮਾਬਾਦ ਮੀਟਿੰਗ ਵਿਚ ਹਿੱਸਾ ਲੈਣ ਤੋਂ ਇਨਕਾਰ ਕਰਨ ਤੋਂ ਬਾਅਦ ਸੰਮੇਲਨ ਰੱਦ ਕਰ ਦਿੱਤਾ ਗਿਆ ਸੀ।

ਪਿਛਲੇ ਦਿਨੀਂ ਇੱਕ ਰਿਪੋਰਟ ਅਨੁਸਾਰ ਪਾਕਿਸਤਾਨ ਅਤੇ ਚੀਨ ਇੱਕ ਨਵੀਂ ਖੇਤਰੀ ਸੰਸਥਾ ਸਥਾਪਤ ਕਰਨ ਦੀ ਤਜਵੀਜ਼ 'ਤੇ ਕੰਮ ਕਰ ਰਹੇ ਹਨ, ਜੋ ਹੁਣ ਬੇ-ਹਰਕਤ ਹੋ ਚੁੱਕੇ ਦੱਖਣੀ ਏਸ਼ਿਆਈ ਖੇਤਰੀ ਸਹਿਯੋਗ ਸੰਗਠਨ (ਸਾਰਕ) ਦੀ ਥਾਂ ਲੈ ਸਕਦੀ ਹੈ।

ਇਸ ਘਟਨਾਕ੍ਰਮ ਤੋਂ ਜਾਣੂ ਕੂਟਨੀਤਕ ਸੂਤਰਾਂ ਦੇ ਹਵਾਲੇ ਨਾਲ ਐਕਸਪ੍ਰੈਸ ਟ੍ਰਿਬਿਊਨ ਅਖ਼ਬਾਰ ਨੇ ਰਿਪੋਰਟ ਦਿੱਤੀ ਹੈ ਕਿ ਇਸਲਾਮਾਬਾਦ ਅਤੇ ਬੀਜਿੰਗ ਵਿਚਕਾਰ ਗੱਲਬਾਤ ਹੁਣ ਅਗਲੇ ਪੜਾਅ 'ਤੇ ਹੈ, ਕਿਉਂਕਿ ਦੋਵੇਂ ਧਿਰਾਂ ਇਸ ਗੱਲ 'ਤੇ ਸਹਿਮਤ ਹਨ ਕਿ ਖੇਤਰੀ ਏਕੀਕਰਨ ਅਤੇ ਸੰਪਰਕ ਲਈ ਨਵੀਂ ਸੰਸਥਾ ਜ਼ਰੂਰੀ ਹੈ।

ਸੂਤਰਾਂ ਦੇ ਹਵਾਲੇ ਨਾਲ ਅਖ਼ਬਾਰ ਨੇ ਇਹ ਵੀ ਕਿਹਾ ਹੈ ਕਿ ਇਹ ਨਵੀਂ ਸੰਸਥਾ ਸੰਭਾਵਤ ਤੌਰ 'ਤੇ ਖੇਤਰੀ ਬਲਾਕ ਸਾਰਕ ਦੀ ਥਾਂ ਲੈ ਸਕਦੀ ਹੈ, ਜਿਸ ਵਿਚ ਭਾਰਤ, ਅਫ਼ਗਾਨਿਸਤਾਨ, ਬੰਗਲਾਦੇਸ਼, ਭੂਟਾਨ, ਮਾਲਦੀਵ, ਨੇਪਾਲ, ਪਾਕਿਸਤਾਨ ਅਤੇ ਸ੍ਰੀਲੰਕਾ ਸ਼ਾਮਲ ਹਨ। ਉਨ੍ਹਾਂ ਕਿਹਾ ਕਿ ਪਾਕਿਸਤਾਨ, ਚੀਨ ਅਤੇ ਬੰਗਲਾਦੇਸ਼ ਵਿਚਕਾਰ ਹਾਲ ਹੀ ਵਿਚ ਚੀਨ ਦੇ ਕੁਨਮਿੰਗ ਵਿਚ ਹੋਈ ਤਿੰਨ-ਪੱਖੀ ਮੀਟਿੰਗ ਕੂਟਨੀਤਕ ਚਾਲਾਂ ਦਾ ਹਿੱਸਾ ਸੀ ਅਤੇ ਇਸ ਦਾ ਉਦੇਸ਼ ਦੂਜੇ ਦੱਖਣੀ ਏਸ਼ਿਆਈ ਦੇਸ਼ਾਂ, ਜੋ ਸਾਰਕ ਦਾ ਹਿੱਸਾ ਸਨ, ਨੂੰ ਨਵੇਂ ਸਮੂਹ ਵਿਚ ਸ਼ਾਮਲ ਹੋਣ ਲਈ ਸੱਦਾ ਦੇਣਾ ਸੀ।


ਭਾਵੇਂ ਕਿ ਬੰਗਲਾਦੇਸ਼ ਦੀ ਅੰਤਰਿਮ ਸਰਕਾਰ ਨੇ ਉਕਤ ਮੀਟਿੰਗ ਇਹ ਕਹਿੰਦੇ ਹੋਏ ਖਾਰਜ ਕਰ ਦਿੱਤਾ ਹੈ ਕਿ ਮੀਟਿੰਗ ਰਾਜਨੀਤਕ ਨਹੀਂ ਸੀ, ਢਾਕਾ, ਬੀਜਿੰਗ ਅਤੇ ਇਸਲਾਮਾਬਾਦ ਵਿਚਕਾਰ ਕਿਸੇ ਵੀ ਉਭਰ ਰਹੇ ਗੱਠਜੋੜ ਦੇ ਵਿਚਾਰ ਨੂੰ ਖਾਰਜ ਕਰ ਦਿੱਤਾ ਸੀ। ਇਸ ਸੰਦਰਭ ਵਿਚ ਵਿਦੇਸ਼ ਮਾਮਲਿਆਂ ਦੇ ਸਲਾਹਕਾਰ ਐਮ ਤੌਹੀਦ ਹੁਸੈਨ ਨੇ ਕਿਹਾ ਸੀ, 'ਅਸੀਂ ਕੋਈ ਗੱਠਜੋੜ ਨਹੀਂ ਬਣਾ ਰਹੇ ਹਾਂ।' ਸੂਤਰਾਂ ਅਨੁਸਾਰ ਭਾਰਤ ਨੂੰ ਨਵੇਂ ਪ੍ਰਸਤਾਵਤ ਫੋਰਮ ਵਿਚ ਸ਼ਾਮਲ ਹੋਣ ਦਾ ਸੱਦਾ ਦਿੱਤਾ ਜਾਵੇਗਾ, ਜਦੋਂ ਕਿ ਸ੍ਰੀਲੰਕਾ, ਮਾਲਦੀਵ ਅਤੇ ਅਫ਼ਗਾਨਿਸਤਾਨ ਵਰਗੇ ਦੇਸ਼ਾਂ ਦੇ ਇਸ ਸਮੂਹ ਦਾ ਹਿੱਸਾ ਬਣਨ ਦੀ ਉਮੀਦ ਹੈ।

ਅਖ਼ਬਾਰ ਨੇ ਇਹ ਵੀ ਕਿਹਾ ਹੈ ਕਿ ਨਵੀਂ ਸੰਸਥਾ ਦਾ ਮੁੱਖ ਉਦੇਸ਼ ਵਧੇ ਹੋਏ ਵਪਾਰ ਅਤੇ ਸੰਪਰਕ ਰਾਹੀਂ ਵਧੇਰੇ ਖੇਤਰੀ ਸ਼ਮੂਲੀਅਤ ਦੀ ਮੰਗ ਕਰਨਾ ਹੈ। ਜੇ ਇਹ ਤਜਵੀਜ਼ ਸਿਰੇ ਚੜ੍ਹਦੀ ਹੈ ਤਾਂ ਇਹ ਸੰਸਥਾ ਸਾਰਕ ਦੀ ਥਾਂ ਲੈ ਲਵੇਗੀ, ਜੋ ਭਾਰਤ-ਪਾਕਿਸਤਾਨ ਸੰਘਰਸ਼ ਕਾਰਨ ਲੰਬੇ ਸਮੇਂ ਤੋਂ ਮੁਅੱਤਲ ਹੈ।

ਬਾਕੀ ਆਉਣਾ ਵਾਲਾ ਸਮਾਂ ਹੀ ਦੱਸੇਗਾ ਕਿ ਉਕਤ ਨਵੀਂ ਬਨਣ ਵਾਲੀ ਸੰਸਥਾ ਦੀ ਰੂਪ ਰੇਖਾ ਕੀ ਹੋਵੇਗੀ, ਬਣੇਗੀ ਵੀ ਜਾਂ ਨਹੀਂ ਅਤੇ ਜੇਕਰ ਬਣੇਗੀ ਤਾਂ ਇਸ ਵਿਚ ਕਿਹੜੇ ਕਿਹੜੇ ਦੇਸ਼ ਸ਼ਾਮਲ ਹੋਣਗੇ ਅਤੇ ਕਿਹੜੇ ਨਹੀਂ। ਫਿਲਹਾਲ ਇਸ ਸੰਬੰਧੀ ਕੁੱਝ ਵੀ ਕਹਿਣਾ ਮੁਸ਼ਕਿਲ ਹੈ ਪਰ ਫਿਰ ਵੀ ਭਾਰਤ ਨੂੰ ਇਸ ਨਵੀਂ ਸੰਸਥਾ ਦੇ ਸੰਬੰਧੀ ਜੋ ਖਿਚੜੀ ਚੀਨ ਤੇ ਪਾਕਿਸਤਾਨ ਵਿਚਕਾਰ ਪੱਕ ਰਹੀ ਹੈ ਉਸ ਤੋਂ ਚੁਕੰਨੇ ਰਹਿਣ ਦੀ ਲੋੜ ਹੈ।

# ਗੁਰੂ ਤੇਗ਼ ਬਹਾਦਰ ਜੀ ਦੇ ਬਖਸ਼ੇ ਆਤਮ-ਚਿੰਤਨ ਦੇ ਚਾਰ ਸੂਤਰ

ਮਨੁੱਖ ਲਈ ਆਦਿਕਾਲ ਤੋਂ ਹੀ ਜੀਵਨ ਵੱਡੇ ਰਹੱਸ ਵਾਂਗੂ ਰਿਹਾ ਹੈ। ਤਨ ਅੰਦਰ ਵੱਸ ਰਹੀ ਜੋਤ ਦਾ ਸ੍ਰੋਤ ਕੀ ਹੈ ਤੇ ਇਹ ਅੰਤ ਕਿੱਥੇ ਵਿਲੀਨ ਹੋ ਜਾਂਦੀ ਹੈ ਇਹ ਦੋ ਸਵਾਲ ਉਸ ਨੂੰ ਸਦਾ ਹੀ ਉਲਝਾਉਂਦੇ ਆਏ ਹਨ। ਜੀਵਨ ਦਾ ਮਨੋਰਥ ਕੀ ਹੈ ਤੇ ਜੀਵਨ ਦੀ ਮਿਆਦ ਕੀ ਹੈ ਇਹ ਸਵਾਲ ਵੀ ਪਹਿਲੇ ਦੁਹਾਂ ਸਵਾਲਾਂ ਨਾਲ ਹੀ ਜੁੜੇ ਹੋਏ ਹਨ। ਇਨ੍ਹਾਂ ਦਾ ਜਵਾਬ ਜਾਣੇ ਬਿਨਾ ਜੀਵਨ ਦੀ ਦਿਸ਼ਾ ਤੈਅ ਕਰਨਾ ਕਠਿਨ ਹੋ ਜਾਂਦਾ ਹੈ। ਹਰ ਮਨੁੱਖ ਦੀ ਆਪੋ-ਆਪਣੀ ਵਿਆਖਿਆ ਹੈ। ਇਸ ਕਾਰਨ ਸਭ ਤੋਂ ਜ਼ਿਆਦਾ ਭਰਮ ਜੀਵਨ ਨੂੰ ਲੈ ਕੇ ਹਨ, ਜੋ ਦਰਸਾਉਂਦੇ ਹਨ ਕਿ ਜੀਵਨ ਮਨੁੱਖ ਦੀ ਸਮਝ ਦਾ ਵਿਸ਼ਾ ਨਹੀਂ ਹੈ। ਗੁਰੂ ਸਾਹਿਬਾਨ ਨੇ ਜੀਵਨ ਬਾਰੇ ਮਨੁੱਖ ਦੇ ਸਾਰੇ ਭਰਮ ਦੂਰ ਕੀਤੇ ਜੋ ਲੋਕਾਈ 'ਤੇ ਮਹਾਨ ਉਪਕਾਰ ਸੀ। ਗੁਰੂ ਸਾਹਿਬਾਨ ਨੇ ਮਨੁੱਖੀ ਜੀਵਨ ਨੂੰ ਇਕ ਦੁਰਲਭ ਅਉਸਰ ਕਿਹਾ। ਉਨ੍ਹਾਂ ਕਿਹਾ ਕਿ ਮਨੁੱਖ ਨੂੰ ਸਮਝਣ ਦੀ ਲੋੜ ਹੈ ਕਿ



**ਡਾ. ਸਤਿੰਦਰ ਪਾਲ ਸਿੰਘ**
**ਫੋਨ: 94159-60533**

ਜੀਵਨ ਦਾ ਮਕਸਦ ਕੀ ਹੈ ਤੇ ਇਸ ਨੂੰ ਕਿਵੇਂ ਪ੍ਰਾਪਤ ਕਰਨਾ ਹੈ। ਇਨ੍ਹਾਂ ਸਵਾਲਾਂ ਬਾਰੇ ਸੋਚ ਸਪੱਸ਼ਟ ਹੋਣ ਤੋਂ ਬਾਅਦ ਹੀ ਬੋਧ ਹੁੰਦਾ ਹੈ ਕਿ ਜੀਵਨ ਦਾ ਮੋਲ ਤੇ ਮੰਤਵ ਕੀ ਹੈ। ਗੁਰਬਾਣੀ ਦੀ ਸ਼ਰਣ ਗਿਆਂ ਹੀ ਇਨ੍ਹਾਂ 'ਤੇ ਸਰਵਪੱਖੀ ਤੇ ਦੁਵਿਧਾ ਮੁਕਤ ਦ੍ਰਿਸ਼ਟੀ ਪ੍ਰਾਪਤ ਹੁੰਦੀ ਹੈ ਤੇ ਜੀਵਨ ਸਕਾਰਥ ਕਰਨ ਦੀ ਪ੍ਰੇਰਨਾ ਵੀ ਮਿਲਦੀ ਹੈ। ਮਨੁੱਖ ਅੰਦਰ ਚੇਤਨਾ ਪੈਦਾ ਹੁੰਦੀ ਹੈ ਕਿ ਉਸ ਦੇ ਜੀਵਨ ਦਾ ਇੱਕ ਇੱਕ ਪਲ, ਲਿਆ ਜਾਣ ਵਾਲਾ ਹਰ ਸਵਾਸ ਫ਼ਲ ਦੇਣ ਵਾਲਾ ਸਾਬਿਤ ਹੋਵੇ। ਗੁਰੂ ਨਾਨਕ ਸਾਹਿਬ ਨੇ ਮਨੁੱਖ ਦੇ ਜੀਵਨ ਨੂੰ ਮਾਤਰ ਇੱਕ ਦਮ ਦੀ ਮੁਹਲਤ ਦਿੰਦਿਆਂ ਵਚਨ ਕੀਤੇ ਕਿ ਜੋ ਦਮ ਲਿਆ ਜਾ ਰਿਹਾ ਹੈ, ਉਸ ਦੀ ਪੂਰੀ ਸੰਭਾਲ ਕਰੇ। ਭਾਵ ਕਿ ਮਨੁੱਖੀ ਜੀਵਨ ਨੂੰ ਗੰਭੀਰਤਾ ਤੇ ਸੁਚੱਜੇ ਢੰਗ ਨਾਲ ਜਿਉਣ ਦੀ ਲੋੜ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਅੰਦਰ ਪੰਜ ਗੁਰੂ ਸਾਹਿਬਾਨ ਦੀ ਬਾਣੀ ਦਰਜ ਕਰਨ ਤੋਂ ਬਾਅਦ ਨੌਵੇਂ ਪਾਤਸ਼ਾਹ ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਦਸਮ ਪਿਤਾ ਗੁਰੂ ਗੋਬਿੰਦ ਸਿੰਘ ਨੇ ਆਪਨੇ ਜੀਵਨ ਦੇ ਅੰਤਿਮ ਚਰਣ ਵਿਚ ਦਮਦਮਾ ਸਾਹਿਬ ਵਿਖੇ ਸ਼ਾਮਿਲ ਕੀਤੀ ਸੀ। ਉਨ੍ਹਾਂ ਗੁਰੂ ਨਾਨਕ ਸਾਹਿਬ ਤੋਂ ਲੈ ਕੇ ਗੁਰੂ ਤੇਗ਼ ਬਹਾਦਰ ਸਾਹਿਬ ਤੱਕ, ਗੁਰੂ ਸਾਹਿਬਾਨ ਦੇ ਲੋਕਾਈ 'ਤੇ ਕੀਤੇ ਉਪਕਾਰ ਆਪ ਵਰਤਦੇ ਵੇਖੇ ਸਨ। ਯਕੀਨੀ ਤੌਰ 'ਤੇ ਕਿਹਾ ਜਾ ਸਕਦਾ ਹੈ ਕਿ ਉਨ੍ਹਾਂ ਨੂੰ ਗੁਰੂ ਤੇਗ਼ ਬਹਾਦਰ ਸਾਹਿਬ ਦੀ ਬਾਣੀ ਵਿਚ ਗੁਰ ਉਪਦੇਸ਼ਾਂ ਦਾ ਸਾਰ ਨਜ਼ਰ ਆਇਆ ਤਾਂ ਹੀ ਉਨ੍ਹਾਂ ਨੌਵੇਂ ਪਾਤਸ਼ਾਹ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਿਲ ਕਰ ਸੰਪੂਰਨਤਾ ਪ੍ਰਦਾਨ ਕੀਤੀ। ਗੁਰੂ ਤੇਗ਼ ਬਹਾਦਰ ਸਾਹਿਬ ਦੀ ਬਾਣੀ ਦਾ ਰਚਨਾ ਕਾਲ ਸਭ ਤੋਂ ਆਧੁਨਿਕ ਹੀ ਨਹੀਂ ਗੁਰਬਾਣੀ ਦਾ ਸਾਰ ਮੰਨਿਆ ਜਾ ਸਕਦਾ ਹੈ।

ਗੁਰੂ ਤੇਗ਼ ਬਹਾਦਰ ਸਾਹਿਬ ਦੀ ਬਾਣੀ ਮਨੁੱਖ ਨਾਲ ਸਿੱਧੇ ਸੰਵਾਦ ਦੀ ਬਾਣੀ ਹੈ। ਰਾਗ ਜੈਜਾਵੰਤੀ ਅੰਦਰ ਮਾਤਰ ਉਨ੍ਹਾਂ ਦੀ ਹੀ ਬਾਣੀ ਹੈ। ਸੰਗੀਤ ਦੇ ਵਿਦਵਾਨਾਂ ਦਾ ਵਿਚਾਰ ਹੈ ਕਿ ਜੈਜਾਵੰਤੀ ਰਾਗ ਦੀ ਰਚਨਾ ਵੀ ਗੁਰੂ ਤੇਗ਼ ਬਹਾਦਰ ਸਾਹਿਬ ਨੇ ਆਪ ਕੀਤੀ ਸੀ। ਇਸ ਰਾਗ ਦੀ ਵਿਲੱਖਣਤਾ ਹੈ ਕਿ ਇਸ ਅੰਦਰ ਦੁੱਖ ਤੇ ਸੁੱਖ ਦੁਹਾਂ ਦੇ ਭਾਵ ਨਾਲੋ-ਨਾਲ ਪ੍ਰਵਾਹਮਾਨ ਹੁੰਦੇ ਹਨ। ਗੁਰੂ ਸਾਹਿਬ ਸਪੱਸ਼ਟ ਸੁਨੇਹਾ ਦੇਣਾ ਚਾਹੁੰਦੇ ਸਨ ਕਿ ਜੀਵਨ ਅੰਦਰ ਦੁੱਖ ਵੀ ਹਨ, ਤੇ ਸੁੱਖ ਵੀ ਹਨ। ਮਨੁੱਖ ਸੁੱਖ ਤੇ ਦੁੱਖ ਦੇ ਵਿਚਾਰ ਤੋਂ ਉੱਪਰ ਉੱਠ ਕੇ ਮਾਤਰ ਆਪਣਾ ਧਰਮ ਨਿਭਾਹੇ।

ਰਾਮੁ ਸਿਮਰਿ ਰਾਮੁ ਸਿਮਰਿ ਇਹੈ ਤੇਰੈ ਕਾਜਿ ਹੈ॥
ਮਾਇਆ ਕੋ ਸੰਗੁ ਤਿਆਗੁ ਪ੍ਰਭ ਜੂ ਕੀ ਸਰਨਿ ਲਾਗੁ॥
ਜਗਤ ਸੁਖ ਮਾਨੁ ਮਿਥਿਆ ਝੂਠੋ ਸਭ ਸਾਜੁ ਹੈ॥ (ਪੰਨਾ 1352)

ਮਨੁੱਖ ਆਪਨੇ ਜੀਵਨ ਦਾ ਟੀਚਾ ਆਪ ਤੈਅ ਕਰਦਾ ਹੈ। ਕਿਸੇ ਨੂੰ ਧਨ ਚਾਹੀਦੈ, ਕਿਸੇ ਨੂੰ ਬਲ। ਕਿਸੇ ਨੂੰ ਸੰਸਾਰਕ ਵਿਦਵਤਾ ਚਾਹੀਦੀ ਹੈ, ਕਿਸੇ ਨੂੰ ਮਾਣ-ਸਨਮਾਨ। ਕੋਈ ਸੱਤਾ ਦਾ ਚਾਹਵਾਨ ਹੈ, ਕੋਈ ਵੱਡਾ ਧਰਮੀ ਅਖਵਾਉਣਾ ਚਾਹੁੰਦਾ ਹੈ। ਮਨੁੱਖ ਇਨ੍ਹਾਂ ਵਿਚ ਆਪਣਾ ਸੁੱਖ ਵੇਖਦਾ ਹੈ। ਗੁਰੂ ਤੇਗ਼ ਬਹਾਦਰ ਸਾਹਿਬ ਉਸ ਦੇ ਸਾਰੇ ਭਰਮ ਦੂਰ ਕਰਦਿਆਂ ਨਾਮ ਸਿਮਰਨ ਨੂੰ ਹੀ ਜੀਵਨ ਦਾ ਇੱਕੋ-ਇੱਕ ਕਾਰਜ ਦੱਸਦੇ ਹਨ। ਜੀਵਨ ਪਰਮਾਤਮਾ ਦਾ ਸਿਮਰਨ ਕਰਨ ਲਈ ਹੀ ਪ੍ਰਾਪਤ ਹੋਇਆ ਹੈ। ਮਨੁੱਖ ਆਤਮ-ਚਿੰਤਨ ਕਰਦਾ ਰਹੇ ਕਿ ਉਸ ਦੇ ਜੀਵਨ ਦਾ ਕਿੰਨਾ ਸਮਾਂ ਪਰਮਾਤਮਾ ਦੀ ਭਗਤੀ ਵਿਚ ਲੱਗ ਰਿਹਾ ਹੈ ਕਿਉਂਕਿ ਇਹੋ ਸਫਲਤਾ ਦੀ ਪੌੜੀ ਹੈ। ਸੰਸਾਰਕ ਪਦਾਰਥ, ਤਾਕਤ ਪ੍ਰਾਪਤ ਕਰਨ ਨਾਲ ਜੀਵਨ ਨਹੀਂ ਸੰਵਰ ਸਕਦਾ। ਅਜਿਹੀਆਂ ਪ੍ਰਾਪਤੀਆਂ ਰਾਤ ਦੇ ਸੁਪਨੇ ਵਾਂਗੂ ਹਨ। ਇਨ੍ਹਾਂ 'ਤੇ ਮਾਣ ਕਰਨ ਦਾ ਕੋਈ ਕਾਰਨ ਨਹੀਂ ਹੈ ਕਿਉਂਕਿ ਇਹ ਰੇਤ ਦੀ ਉਸਾਰੀ ਕੰਧ ਵਾਂਗ ਢਹਿ-ਢੇਰੀ ਹੋ ਜਾਣ ਵਾਲੀਆਂ ਹਨ। ਭਾਵ ਸਦਾ ਨਾਲ ਨਹੀਂ ਰਹਿਣ ਵਾਲੀਆਂ। ਇਕ ਪਰਮਾਤਮਾ ਦਾ ਸਿਮਰਨ ਹੀ ਨਾਲ ਰਹਿਣ ਵਾਲਾ ਤੇ ਹਿਤ ਕਰਨ ਵਾਲਾ ਹੈ। ਜੀਵਨ ਦੇ ਅਸਲ ਮਨੋਰਥ ਨੂੰ ਸਮਝਣ ਵਾਲਾ ਮਨੁੱਖ ਵਿਕਾਰਾਂ, ਮਾਇਆ ਤੋਂ ਮੁਕਤ ਹੋ ਜਾਂਦਾ ਹੈ ਤੇ ਪਰਮਾਤਮਾ ਨੂੰ ਜੀਵਨ ਦਾ ਸਾਰਾ ਸਮਾਂ ਸਕਾਰਥ ਕਰਦਾ ਹੈ।

ਗੁਰੂ ਤੇਗ਼ ਬਹਾਦਰ ਜੀ ਜਾਣਦੇ ਸਨ ਕਿ ਵਿਕਾਰਾਂ ਤੇ ਮਾਇਆ ਤੋਂ ਉਭਰਨਾ ਸੌਖਾ ਨਹੀਂ ਹੈ। ਇਨ੍ਹਾਂ 'ਚ ਫਸ ਕੇ ਮਨੁੱਖ ਜੀਵਨ ਦਾ ਅਨਮੋਲ ਸਮਾਂ ਵਿਅਰਥ ਗੁਆ ਦਿੰਦਾ ਹੈ। ਆਪ ਨੇ ਮਨੁੱਖ ਨੂੰ ਉਸ ਦੀ ਅਗਿਆਨਤਾ ਤੇ ਭਰਮ ਪ੍ਰਤੀ ਸੁਚੇਤ ਕਰਦਿਆਂ ਵਚਨ ਕੀਤੇ ਕਿ ਜੀਵਨ ਦਾ ਸਮਾਂ ਤੇਜ਼ੀ ਨਾਲ ਬਤੀਤ ਹੁੰਦਾ ਜਾ ਰਿਹਾ ਹੈ।

ਰਾਮੁ ਭਜੁ ਰਾਮੁ ਭਜੁ ਜਨਮੁ ਸਿਰਾਤੁ ਹੈ॥ (ਪੰਨਾ 1352)

ਮਨੁੱਖ ਸੰਸਾਰਕ ਪ੍ਰਾਪਤੀਆਂ ਪ੍ਰਤੀ ਜਿੰਨਾ ਯਤਨਸ਼ੀਲ ਰਹਿੰਦਾ ਹੈ, ਆਤਮਿਕ ਪ੍ਰਾਪਤੀ ਲਈ ਉਨਾ ਹੀ ਅਵੇਸਲਾ ਨਜ਼ਰ ਆਉਂਦਾ ਹੈ। ਉਹ ਪਰਮਾਤਮਾ ਦੀ ਭਗਤੀ ਨੂੰ ਸਦਾ ਹੀ ਕਲ ਲਈ ਟਾਲ ਦਿੰਦਾ ਹੈ ਜੋ ਕਦੇ ਵੀ ਨਹੀਂ ਆਉਂਦਾ। ਕਿਸੇ ਨੂੰ ਨਹੀਂ ਗਿਆਤ ਕਿ ਉਸ ਕੋਲ ਜੀਵਨ ਦਾ ਕਿੰਨਾ ਸਮਾਂ ਬਚਿਆ ਹੈ। ਮਨੁੱਖ ਕਦੇ ਜੀਵਨ ਦੇ ਅੰਤ ਬਾਰੇ ਨਹੀਂ ਸੋਚਦਾ ਤੇ ਸੰਸਾਰਕ ਕਾਰ ਵਿਹਾਰ ਨੂੰ ਅੱਗੇ ਰੱਖਦਾ ਹੈ। ਗੁਰੂ ਸਾਹਿਬ ਨੇ ਕਿਹਾ ਕਿ ਇਹ ਉਸ ਦੀ ਮੂੜ੍ਹਤਾ ਹੈ। ਮਾਇਆ ਤੇ ਵਿਕਾਰਾਂ ਨੂੰ ਮਨੁੱਖ ਬਿਖ ਵਾਂਗ ਸਮਝ ਕੇ ਉਨ੍ਹਾਂ ਤੋਂ ਬਚੇ ਤੇ ਪਰਮਾਤਮਾ ਨਾਲ ਮਨ, ਤਨ ਜੋੜੇ। ਮਨੁੱਖ ਨੂੰ



ਜਦੋਂ ਇਹ ਸਮਝ ਆ ਜਾਵੇ ਕਿ ਉਸ ਕੋਲ ਸਮਾਂ ਥੋੜ੍ਹਾ ਹੈ ਤਾਂ ਹੀ ਉਹ ਇਹ ਸੋਚਣ ਲਈ ਮਜਬੂਰ ਹੁੰਦਾ ਹੈ ਕਿ ਜੋ ਕੰਮ ਉਸ ਦੇ ਜਿੰਮੇ ਹੈ ਉਸ ਨੂੰ ਸਮਾਂ ਪੂਰਾ ਹੋਣ ਤੋਂ ਪਹਿਲਾਂ ਹੀ ਪੂਰਾ ਕਰ ਲਵੇ। ਇਹ ਕੰਮ ਹੈ ਪਰਮਾਤਮਾ ਦਾ ਸਿਮਰਨ ਜਿਸ ਵਿਚ ਉਸ ਦਾ ਹੀ ਹਿਤ ਨਿਹਿਤ ਹੈ।

ਗੁਰੂ ਤੇਗ਼ ਬਹਾਦਰ ਜੀ ਨੇ ਕਿਹਾ ਕਿ ਮਨੁੱਖ ਚਿੰਤਾ ਕਰੇ ਕਿ ਜੀਵਨ ਬਤੀਤ ਹੋਣ ਤੋਂ ਬਾਅਦ ਉਸ ਦਾ ਕੀ ਨਿਬੇੜਾ ਹੋਣ ਵਾਲਾ ਹੈ। ਜੀਵਨ ਸੰਸਾਰਕ ਰੰਗ, ਰਸ ਵਿਚ ਹੀ ਚਲਾ ਗਿਆ ਤਾਂ ਆਵਾਗਮਨ ਦੇ ਫੇਰ ਤੋਂ ਨਿਕਲਣਾ ਸੰਭਵ ਨਹੀਂ ਹੋਵੇਗਾ। ਵਾਰ ਵਾਰ ਜਨਮ-ਮਰਨ ਦੇ ਦੁੱਖ ਭੋਗਣੇ ਪੈਣਗੇ। ਸਦਾ ਅਗਿਆਨਤਾ ਤੇ ਭਰਮਾਂ ਵਿਚ ਹੀ ਭਟਕਣਾ ਪਵੇਗਾ।

ਰੇ ਮਨ ਕਉਨ ਗਤਿ ਹੋਇ ਹੈ ਤੇਰੀ॥ (ਪੰਨਾ 1352)

ਮਨੁੱਖ ਜ਼ਰੂਰ ਸੋਚੇ ਕਿ ਉਹ ਜੀਵਨ ਵਿਚ ਕਿਹੋ ਜਿਹੇ ਕਰਮ ਕਰ ਰਿਹਾ ਹੈ ਤੇ ਇਨ੍ਹਾਂ ਕਰਮਾਂ ਦਾ ਕੀ ਫ਼ਲ ਮਿਲਣ ਵਾਲਾ ਹੈ। ਗੁਰੂ ਸਾਹਿਬ ਨੇ ਮਾਇਆ ਦੇ ਮੋਹ ਵਿਚ ਪਏ ਮਨੁੱਖ ਲਈ ਅਤਿ ਮਹੱਤਵਪੂਰਨ ਗੱਲ ਕਹੀ ਕਿ ਜਿਸ ਮਾਇਆ ਪਿੱਛੇ ਪਰਮਾਤਮਾ ਨੂੰ ਵਿਸਾਰ ਕੇ ਉਹ ਜਨਮ ਅਕਾਰਥ ਕਰ ਰਿਹਾ ਹੈ ਉਹ ਮਾਇਆ ਤਾਂ ਆਪ ਪਰਮਾਤਮਾ ਦੀ ਦਾਸੀ ਹੈ ਤੇ ਪਰਮਾਤਮਾ ਦੇ ਹੁਕਮ ਅੰਦਰ ਹੈ। ਪਰਿਵਾਰ ਦਾ ਮੋਹ ਵੀ ਮਾਇਆ ਕਾਰਨ ਹੀ ਹੈ ਜੋ ਪੈਰਾਂ ਵਿਚ ਪਈ ਬੇੜੀਆਂ ਵਾਂਗੂੰ ਹੈ। ਇਹ ਬੇੜੀਆਂ ਮਨੁੱਖ ਨੂੰ ਪਰਮਾਤਮਾ ਦੇ ਮਾਰਗ 'ਤੇ ਚੱਲਣ ਤੋਂ ਵਰਜਦੀਆਂ ਹਨ। ਬਹੁਤ ਸਾਰੇ ਲੋਕ ਹਨ ਜੋ ਕਦੇ ਵੀ ਪਰਮਾਤਮਾ ਦਾ ਧਿਆਨ ਨਹੀਂ ਕਰਦੇ। ਉਨ੍ਹਾਂ ਲਈ ਗੁਰੂ ਸਾਹਿਬ ਨੇ ਜ਼ੋਰ ਦਿੰਦਿਆਂ ਕਿਹਾ ਕਿ ਜਿਸ ਸੰਸਾਰ ਦੇ ਮੋਹ ਵਿਚ ਲੋਕ ਪਏ ਹੋਏ ਹਨ, ਉਹ ਸੰਸਾਰ ਤਾਂ ਸੁਪਨੇ ਵਾਂਗ ਸਿਰਫ਼ ਮਿਥਿਆ ਹੈ। ਸੰਸਾਰ ਦਾ ਮੋਹ ਕੋਈ ਫ਼ਲ ਨਹੀਂ ਦਿੰਦਾ ਸਗੋਂ ਗਿਆਨ ਤੇ ਵਿਵੇਕ ਤੋਂ ਦੂਰ ਕਰਨ ਵਾਲਾ ਸਾਬਿਤ ਹੁੰਦਾ ਹੈ। ਮਨੁੱਖ ਸੰਸਾਰਕ ਜੀਵਨ ਦੀ ਨਹੀਂ, ਜੀਵਨ ਦੀ ਅਵਧੀ ਪੂਰੀ ਹੋਣ ਤੋਂ ਬਾਅਦ ਹੋਣ ਵਾਲੇ ਲੇਖੇ-ਜੋਖੇ ਦੀ ਚਿੰਤਾ ਕਰੇ।

ਹਰ ਜੀਅ, ਜਿਸ ਦਾ ਜਨਮ ਹੋਇਆ ਹੈ ਉਸ ਦਾ ਅੰਤ ਹੋਣਾ ਹੀ ਹੈ। ਮਨੁੱਖ ਸਦਾ ਕਾਲ ਨੂੰ ਯਾਦ ਰੱਖੇ।

ਅਸਥਿਰੁ ਜੋ ਮਾਨਿਓ ਦੇਹ ਸੋ ਤਉ ਤੇਰਉ ਹੋਇ ਹੈ ਖੇਹੁ॥ (ਪੰਨਾ 1353)

ਅਗਿਆਨੀ ਮਨੁੱਖ ਆਪਨੇ ਤਨ ਨੂੰ ਹੀ ਆਪਣੇ ਵਜੂਦ ਦੇ ਤੌਰ 'ਤੇ ਵੇਖਦਾ ਹੈ। ਉਹ ਭਵਿੱਖ ਲਈ ਕਾਰਜ ਕਰਦਾ ਹੈ ਪਰ ਇਹ ਧਿਆਨ ਨਹੀਂ ਰੱਖਦਾ ਕਿ ਸੰਸਾਰ ਅੰਦਰ ਕਿੰਨਾ ਜੀਉਣਾ ਹੈ। ਇਹ ਤਨ ਤਾਂ ਭਸਮ ਹੋ ਜਾਣਾ ਹੈ। ਮਨੁੱਖ ਕਾਲ ਤੋਂ ਬਚ ਕੇ ਕਿਧਰੇ ਨਹੀਂ ਜਾ ਸਕਦਾ। ਗੁਰੂ ਸਾਹਿਬ ਨੇ ਕਿਹਾ ਕਿ ਆਪਣੇ ਤਨ 'ਤੇ ਮਾਣ ਕਰਨ ਦੀ ਥਾਂ ਮਨੁੱਖ ਪਰਮਾਤਮਾ ਨੂੰ ਮਨ ਵਿਚ ਵਸਾਏ ਤੇ ਭਗਤੀ ਵਿਚ ਹੀ ਜੀਵਨ ਬਤੀਤ ਕਰੇ। ਇਹੋ ਸੁਚੱਜਾ ਜੀਵਨ ਢੰਗ ਹੈ।

ਧਰਮ ਦੇ ਮਾਰਗ 'ਤੇ ਚੱਲਣ ਲਈ ਸਾਫ਼ ਤੇ ਸਪੱਸ਼ਟ ਦ੍ਰਿਸ਼ਟੀ ਧਾਰਨ ਕਰਨ ਦੀ ਲੋੜ ਹੈ। ਮਨੁੱਖ ਸਮਝੇ ਕਿ ਉਸ ਦਾ ਜੀਵਨ ਪਰਮਾਤਮਾ ਦੀ ਭਗਤੀ ਲਈ ਹੀ ਬਣਿਆ ਹੈ। ਜੀਵਨ ਦਾ ਸਮਾਂ ਬਹੁਤ ਅਨਮੋਲ ਤੇ ਸੀਮਤ ਹੈ ਜਿਸ ਦੀ ਸੰਭਾਲ ਪਰਮਾਤਮਾ ਦਾ ਧਿਆਨ ਕਰ ਕੇ ਹੀ ਕੀਤੀ ਜਾ ਸਕਦੀ ਹੈ। ਮਨੁੱਖ ਇਸ ਲੋਕ ਦੀ ਨਹੀਂ ਪਰਲੋਕ ਦੀ ਚਿੰਤਾ ਕਰੇ। ਅਜਿਹੇ ਕਾਰਜ ਕਰੇ ਜੋ ਪਰਲੋਕ ਸੰਵਾਰਨ ਵਾਲੇ ਹੋਣ। ਪਰਮਾਤਮਾ ਦੀ ਭਗਤੀ ਬਿਨਾ ਜਨਮ ਅਕਾਰਥ ਚਲਾ ਜਾਂਦਾ ਹੈ। ਗੁਰੂ ਤੇਗ਼ ਬਹਾਦਰ ਜੀ ਦੀ ਰਾਗ ਜੈਜਾਵੰਤੀ ਹੇਠ ਦਰਜ ਬਾਣੀ ਅੰਦਰ ਸੰਸਾਰ ਦਾ ਨਾਸ਼ਵਾਨ ਰੂਪ ਵੀ ਪਰਗਟ ਹੋਇਆ ਹੈ ਤੇ ਵਿਕਾਰਾਂ ਤੇ ਮਾਇਆ ਦਾ ਮਨੁੱਖ 'ਤੇ ਪੈਣ ਵਾਲਾ ਗਹਿਰਾ ਅਸਰ ਵੀ। ਗੁਰੂ ਸਾਹਿਬ ਦੀ ਬਾਣੀ ਅੰਦਰ ਵਿਕਾਰਾਂ ਤੇ ਮਾਇਆ ਮੋਹ ਦਾ ਭਰਮ ਵੀ ਟੁੱਟਦਾ ਨਜ਼ਰ ਆਉਂਦਾ ਹੈ ਤੇ ਜੀਵਨ ਜਿਉਣ ਦੀ ਸੱਚੀ ਰਾਹ ਵੀ ਵਿਖਾਈ ਦਿੰਦੀ ਹੈ। ਇਹ ਮਨੁੱਖ ਨੂੰ ਅਗਿਆਨਤਾ ਦੀ ਨੀਂਦ ਤੋਂ ਜਗਾਉਣ ਵਾਲੀ ਤੇ ਪ੍ਰੇਮਮਈ ਝਿੜਕਾਂ ਦੇ ਕੇ ਸੁਚੇਤ ਕਰਨ ਵਾਲੀ ਬਾਣੀ ਵੀ ਹੈ। ਇਹ ਰੋਜ਼ਾਨਾ ਚਿੰਤਨ ਦੀ ਪ੍ਰੇਰਨਾ ਹੈ ਤੇ ਕਿਸੇ ਵੀ ਪਲ ਅਵੇਸਲਾ ਨਾ ਹੋਣ ਦੇਣ ਦੀ ਪੁਕਾਰ ਵੀ ਹੈ। ਗੁਰੂ ਤੇਗ਼ ਬਹਾਦਰ ਜੀ ਦੀ ਇਹ ਬਾਣੀ ਜਿਸ ਸੰਸਾਰ ਦਾ ਸੱਚ ਪਰਗਟ ਕਰ ਜੀਵਨ ਅੰਦਰ ਵੈਰਾਗ ਪੈਦਾ ਕਰਦੀ ਹੈ, ਉਹੀ ਬਾਣੀ ਪਰਮਾਤਮਾ ਲਈ ਪ੍ਰੇਮ ਭਾਵਨਾ ਪੈਦਾ ਕਰ ਜੀਵਨ ਦੇ ਵੈਰਾਗ ਨੂੰ ਪਰਮਾਤਮਾ ਨਾਲ ਮੇਲ ਦਾ ਚਾਉ ਤੇ ਆਨੰਦ ਵੀ ਪੈਦਾ ਕਰਦੀ ਹੈ।

# ਬੁਝੋ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਕੌਣ ਹੋਇਆ?

ਸਿਰਲੇਖ ਪੜ੍ਹ ਕੇ ਪਾਠਕ ਝੱਟ ਦੇਣੀ ਕਹਿ ਦੇਣਗੇ ਕਿ ਭਾਈ ਹਰਜਿੰਦਰ ਸਿੰਘ ਧਾਮੀ ਹੀ ਪ੍ਰਧਾਨ ਹਨ ਸ਼੍ਰੋਮਣੀ ਕਮੇਟੀ ਦੇ, ਇਹਦੇ 'ਚ ਬੁੱਝਣ ਵਾਲ਼ੀ ਕਿਹੜੀ ਗੱਲ ਹੋਈ? ਪਰ ਜਥੇਦਾਰ ਕਿਰਪਾਲ ਸਿੰਘ ਬਡੂੰਗਰ ਦੇ ਪ੍ਰਧਾਨਗੀ ਕਾਲ ਦੌਰਾਨ ਵਾਪਰੀ ਹੇਠ ਲਿਖੀ ਵਾਰਤਾ ਪੜ੍ਹ ਕੇ ਪਾਠਕਾਂ ਦਾ ਉਤਲਾ ਜਵਾਬ ਬਿਲਕੁਲ ਗਲਤ ਸਾਬਤ ਹੋ ਜਾਵੇਗਾ! ਮੇਰਾ ਦਾਅਵਾ ਹੈ ਕਿ ਇਹ ਲੇਖ ਪੜ੍ਹਦਿਆਂ ਧਾਮੀ ਜੀ ਨੂੰ ਪ੍ਰਧਾਨ ਮੰਨਦੇ ਹੋਇਆਂ ਵੀ ਤੁਹਾਡੇ ਮਨ ਵਿਚ 'ਪ੍ਰਧਾਨ ਕੌਣ?' ਦਾ ਸਵਾਲ ਉੱਠ ਖੜ੍ਹੇਗਾ!

ਸ੍ਰੀ ਅਨੰਦ ਪੁਰ ਸਾਹਿਬ ਵਿਖੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਸਾਹਮਣੇ ਬਣੇ ਹੋਏ ਮਾਤਾ ਨਾਨਕੀ ਨਿਵਾਸ ਵਿਚ, ਇਕ ਜੋੜ-ਮੇਲੇ ਤੋਂ ਪਹਿਲਾਂ, ਸ਼੍ਰੋਮਣੀ ਕਮੇਟੀ ਮੈਂਬਰਾਂ ਦੀ 'ਜਾਇਦਾਦ ਸਬ-ਕਮੇਟੀ' ਦੀ ਮੀਟਿੰਗ ਹੋਈ। ਜਿਸ ਵਿਚ ਇਨ੍ਹਾਂ ਸਤਰਾਂ ਦਾ ਲੇਖਕ ਵੀ ਬਤੌਰ ਮੈਂਬਰ ਸ਼੍ਰੋਮਣੀ ਕਮੇਟੀ ਸ਼ਾਮਲ ਸੀ। ਸਮਾਪਤੀ ਮੌਕੇ ਦਫ਼ਤਰ ਦੀ ਸੂਮੋ ਗੱਡੀ ਸਾਨੂੰ ਚਾਰ-ਪੰਜ ਮੈਂਬਰਾਂ ਨੂੰ ਘਰੋ-ਘਰੀਂ ਪਹੁੰਚਾਉਣ ਲਈ ਗੜ੍ਹਸ਼ੰਕਰ ਵੱਲ ਨੂੰ ਰਵਾਨਾ ਹੋ ਗਈ। ਕਿਉਂਕਿ ਮੈਂ ਨਵਾਂ ਸ਼ਹਿਰ ਵੱਲ ਆਉਣਾ ਸੀ ਤੇ ਮੇਰੇ ਦੋ ਸਾਥੀ ਮੈਂਬਰਾਂ ਨੇ ਆਪਣੇ ਟਿਕਾਣੇ ਗੜ੍ਹਨੂ



**ਤਰਲੋਚਨ ਸਿੰਘ 'ਦੁਪਾਲਪੁਰ'**
**ਫੋਨ: 001-408-915-1268**

ਸਾਹਿਬ (ਹੁਸ਼ਿਆਰਪੁਰ) ਪਹੁੰਚਣਾ ਸੀ। ਜਿਵੇਂ ਅਕਸਰ ਪੇਂਡੂ ਬੀਬੀਆਂ ਬੱਸਾਂ ਵਿਚ ਸਫ਼ਰ ਕਰਨ ਵੇਲ਼ੇ ਆਪਣੀਆਂ ਨੂੰਹਾਂ-ਧੀਆਂ ਦੀਆਂ ਚੁਗਲੀਆਂ ਦਿਲ ਖੋਲ੍ਹ ਕੇ ਕਰਦੀਆਂ ਨੇ। ਇਵੇਂ ਹੀ ਸ਼੍ਰੋਮਣੀ ਕਮੇਟੀ ਮੈਂਬਰ ਸਾਹਿਬਾਨ, ਮੀਟਿੰਗ 'ਤੇ ਗਏ ਹੋਏ ਰਾਤ ਦੇ ਠਹਿਰਾਅ ਦੌਰਾਨ ਜਾਂ ਕਿਤੇ ਏਧਰ-ਓਧਰ ਨੂੰ ਇਕੱਠਿਆਂ ਸਫ਼ਰ ਕਰਨ ਮੌਕੇ ਦਿਲਾਂ ਦੀ ਭੜਾਸ ਕੱਢ ਲੈਂਦੇ ਹਨ।

ਸ੍ਰੀ ਅਨੰਦ ਪੁਰ ਸਾਹਿਬ-ਨੰਗਲ਼ ਵਾਲ਼ੀ ਰੇਲਵੇ ਲਾਈਨ ਟੱਪਦਿਆਂ ਸਾਰ ਸੂਮੋ 'ਚ ਬੈਠੇ ਹੁਸ਼ਿਆਰਪੁਰ ਇਲਾਕੇ ਨਾਲ ਸੰਬੰਧਤ ਦੋਵੇਂ ਕਮੇਟੀ ਮੈਂਬਰਾਂ ਨੇ ਆਪਣੇ ਦਰਦਾਂ ਦੀ ਪੂਣੀ ਛੋਹ ਲਈ। ਇਕ ਦੂਜੇ ਦੀ ਤਾਈਦ ਅਤੇ ਤਾਈਦ ਮਜੀਦ ਕਰਦਿਆਂ ਉਨ੍ਹਾਂ ਨੇ ਪੂਰੀ ਦਾਸਤਾਂ ਸੁਣਾਉਣੀ ਸੁਰੂ ਕੀਤੀ। ਇਨ੍ਹਾਂ ਦੋਹਾਂ ਮੈਂਬਰਾਂ ਦੇ ਆਪਣੇ ਹਲਕੇ ਵਿਚ ਸ਼੍ਰੋਮਣੀ ਕਮੇਟੀ ਵਲੋਂ ਚਲਾਏ ਜਾਂਦੇ ਇਕ ਵਿਦਿਅਕ ਅਦਾਰੇ ਵਿਚ ਲੈਕਚਰਾਰ ਦੀ ਅਸਾਮੀ ਖਾਲੀ ਹੋ ਗਈ। ਇਸ ਅਸਾਮੀ ਲਈ ਵਿੱਦਿਅਕ ਯੋਗਤਾਵਾਂ ਪੂਰੀਆਂ ਕਰਦੇ ਇਕ ਗੁਰਸਿੱਖ ਨੌਜਵਾਨ ਨੇ ਇਨ੍ਹਾਂ ਨਾਲ ਰਾਬਤਾ ਬਣਾਇਆ ਅਤੇ ਉਪਰੋਕਤ ਅਸਾਮੀ 'ਚ ਆਪਣੀ ਨਿਯੁਕਤੀ ਕਰਵਾਉਣ ਲਈ ਹਮਾਇਤ ਮੰਗੀ। ਅੰਮ੍ਰਿਤਧਾਰੀ ਗੁਰਸਿੱਖ ਅਤੇ ਪੜ੍ਹਿਆ-ਲਿਖਿਆ ਮੁੰਡਾ ਵੇਖ ਕੇ ਇਹ ਦੋਵੇਂ ਮੈਂਬਰ ਪ੍ਰਸੰਨ ਹੋ ਕੇ ਉਸਦੀ ਸਿਫਾਰਸ਼ ਕਰਨ ਲਈ ਝੱਟ ਤਿਆਰ ਹੋ ਗਏ। ਦੂਜੇ ਦਿਨ ਹੀ ਇਹ ਮੈਂਬਰ, ਉਸ ਮੁੰਡੇ ਨੂੰ ਨਾਲ ਲੈ ਕੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਕ੍ਰਿਪਾਲ ਸਿੰਘ ਬਡੂੰਗਰ ਨੂੰ ਜਾ ਮਿਲ਼ੇ। ਪ੍ਰਧਾਨ ਜੀ ਨੇ ਰਸਮੀ ਜਿਹੇ ਤਰੀਕੇ ਨਾਲ ਉਸ ਉਮੀਦਵਾਰ ਦੇ ਸਰਟੀਫ਼ਿਕੇਟ ਵਗੈਰਾ ਵੇਖੇ ਅਤੇ ਮੁੰਡੇ ਸਾਹਮਣੇ ਦੋਹਾਂ ਮੈਂਬਰਾਂ ਨੂੰ 'ਵਿਚਾਰ ਕਰਨ' ਦਾ ਭਰੋਸਾ ਦੇ ਦਿੱਤਾ। ਪਰ ਮੈਂਬਰਾਂ ਨੂੰ ਵੱਖਰੇ ਤੌਰ 'ਤੇ ਅੰਦਰ ਲਿਜਾ ਕੇ ਪ੍ਰਧਾਨ ਜੀ ਨੇ ਦੱਸਿਆ ਕਿ 'ਜਥੇਦਾਰ ਜੀ ਤੁਸੀਂ ਪੰਜ-ਸੱਤ ਘੰਟੇ ਲੇਟ ਹੋ ਗਏ ਓ! ਤੁਹਾਡੇ ਤੋਂ ਪਹਿਲਾਂ ਮੈਨੂੰ ਫਲਾਣਾ ਮੈਂਬਰ ਆਪਣੇ ਇਕ ਰਿਸ਼ਤੇਦਾਰ ਮੁੰਡੇ ਦਾ ਨਾਂ ਲਿਖਾ ਗਿਆ ਹੈ। ਉਸ ਮੈਂਬਰ ਕੋਲ਼ 'ਪ੍ਰਧਾਨ ਸਾਹਿਬ' ਦੀ ਸਿਫਾਰਸ਼ੀ ਚਿੱਠੀ ਵੀ ਸੀ। ਹੁਣ ਬੰਦਾ ਉਹੀ ਰੱਖ ਹੋਣਾ ਐਂ ਵੈਸੇ ਮੁੰਡਾ ਉਹ ਵੀ ਗੁਰਸਿੱਖ ਹੀ ਹੈ।'

ਇਨ੍ਹਾਂ ਮੈਂਬਰਾਂ ਨੇ ਰੋਸ ਜ਼ਾਹਰ ਕੀਤਾ ਕਿ ਸਾਨੂੰ ਹਲਕਾ ਮੈਂਬਰਾਂ ਨੂੰ ਛੱਡ ਕੇ ਬਾਹਰਲੇ ਹਲਕੇ ਦੇ ਮੈਂਬਰ ਨੂੰ ਤਰਜੀਹ ਦਿੱਤੀ ਜਾ ਰਹੀ ਹੈ ਜੋ ਕਿ ਸਾਡੇ ਨਾਲ ਸਰਾ ਸਰ ਬੇਇਨਸਾਫ਼ੀ ਹੈ, ਪਰ ਪ੍ਰਧਾਨ ਜੀ ਨੇ ਅਸਮਰੱਥਾ ਜ਼ਾਹਿਰ ਕਰਦਿਆਂ ਇਨ੍ਹਾਂ ਨੂੰ ਇਹ 'ਸਿਆਸੀ ਭਰੋਸਾ' ਦੇ ਦਿੱਤਾ ਕਿ 'ਫ਼ਿਕਰ ਨਾ ਕਰੋ। ਤੁਹਾਡਾ ਬੰਦਾ ਵੀ ਕਿਤੇ ਨਾ ਕਿਤੇ ਜ਼ਰੂਰ ਐਡਜਸਟ ਕਰ ਦਿਆਂ ਗੇ!' ਇਨ੍ਹਾਂ ਦੋਹਾਂ ਮੈਂਬਰਾਂ ਤੋਂ ਪਹਿਲਾਂ ਬਡੂੰਗਰ ਜੀ ਨੂੰ ਮਿਲ਼ ਚੁੱਕੇ ਓਸ ਮੈਂਬਰ ਨੇ ਵੀ ਇਨ੍ਹਾਂ ਦੋਹਾਂ ਜਥੇਦਾਰਾਂ ਦੇ ਘਰੀਂ ਜਾ ਕੇ ਉਨ੍ਹਾਂ ਨੂੰ 'ਰਾਜ਼ੀ' ਕਰ ਲਿਆ। ਇੰਜ ਹੁਸ਼ਿਆਰਪੁਰੀਏ ਇਨ੍ਹਾਂ ਦੋਹਾਂ ਮੈਂਬਰਾਂ ਦਾ ਗੁੱਸਾ ਵੀ ਠੰਢਾ ਹੋ ਗਿਆ। ਕੁਝ ਅਰਸੇ ਪਿੱਛੋਂ ਇਸ ਵਿੱਦਿਅਕ ਅਦਾਰੇ ਵਿਚ ਕੋਈ ਸਮਾਗਮ ਆਯੋਜਤ ਹੋਇਆ। ਉੱਥੇ ਦਫ਼ਤਰ 'ਚ ਬੈਠਿਆਂ ਇਨ੍ਹਾਂ ਦੋਹਾਂ ਮੈਂਬਰਾਂ ਨੇ ਪ੍ਰਿੰਸੀਪਲ ਨੂੰ ਸੁਭਾਵਿਕ ਹੀ ਪੁੱਛ ਲਿਆ ਕਿ ਜਿਹੜਾ ਨਵਾਂ ਲੈਕਚਰਾਰ ਰੱਖਿਆ ਹੈ, ਸਾਨੂੰ ਵੀ ਉਹਦੇ ਦਰਸ਼ਨ ਕਰਵਾ ਦਿਉ ਜੀ? ਪ੍ਰਿੰਸੀਪਲ ਨੇ ਖੁਸ਼ ਹੁੰਦਿਆਂ ਲਾਗੇ ਬੈਠੇ ਇਕ ਨੌਜਵਾਨ ਵੱਲ ਇਸ਼ਾਰਾ ਕਰਦਿਆਂ ਆਖਿਆ-'ਆਹ ਦੇਖੋ ਤਾਂ ਬੈਠੇ ਨੇ ਸ੍ਰੀ...ਸਾਬ੍ਹ ਬੜੇ ਮਿਲਾਪੜੇ ਤੇ ਮਿਹਨਤੀ ਨੇ ਇਹ।' ਦੋਵੇਂ ਮੈਂਬਰ ਉਸ ਕਲੀਨਸ਼ੇਵਨ ਲੈਕਚਰਾਰ ਵੱਲ ਵੇਖ ਕੇ ਹੱਕੇ-ਬੱਕੇ ਰਹਿ ਗਏ। ਦੋਹਾਂ ਮੈਂਬਰਾਂ ਦੇ ਮੂੰਹ ਇੰਜ ਦੇ ਹੋ ਗਏ ਜਿਵੇਂ ਕੁਨੈਣ ਪੀਤੀ ਹੋਈ ਹੋਵੇ। ਦੋਵੇਂ ਸੋਚਣ ਲੱਗੇ ਕਿ ਅਕਸਰ ਅਜਿਹੀਆਂ ਗੱਲਾਂ ਸੁਣਨ 'ਚ ਆਉਂਦੀਆਂ ਰਹਿੰਦੀਆਂ ਨੇ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਅਧੀਨ ਚਲਦੇ ਸਕੂਲਾਂ/ਕਾਲਜਾਂ ਵਿਚ ਨੌਕਰੀ ਲੈਣ ਲਈ ਸਿੱਖ ਪਰਿਵਾਰਾਂ ਦੇ ਮੁੰਡੇ ਚਹੁੰ ਕੁ ਦਿਨਾਂ ਲਈ ਕੇਸ ਕਟਣੇ ਬੰਦ ਕਰਕੇ ਦਾੜ੍ਹੀਆਂ ਵਧਾ ਲੈਂਦੇ ਹਨ ਅਤੇ ਨੌਕਰੀ ਮਿਲ਼ ਜਾਣ ਤੋਂ ਬਾਅਦ, ਕੋਈ ਨਾ ਕੋਈ ਬਹਾਨਾ ਲਾ ਕੇ ਮੁੜ ਘਰੜ-ਮਰੜ ਹੋ ਜਾਂਦੇ ਨੇ! ਉਨ੍ਹਾਂ ਨੂੰ ਇਸ ਕੇਸ ਵਿਚ ਵੀ ਐਸਾ ਹੀ 'ਭਾਣਾ ਵਰਤਿਆ' ਹੋਇਆ ਜਾਪਿਆ।

ਕੁਝ ਚਿਰ ਚੁੱਪ ਰਹਿਣ ਤੋਂ ਬਾਅਦ, ਇਨ੍ਹਾਂ ਮੈਂਬਰਾਂ ਨੇ ਉਸ ਲੈਕਚਰਾਰ ਨੂੰ ਪੁੱਛਿਆ-'ਕੀ ਨਾਂ ਏ ਬਈ ਜੁਆਨਾ ਤੇਰਾ?' ਮੁੰਡੇ ਮੂੰਹੋਂ ਗ਼ੈਰ ਸਿੱਖਾਂ ਵਾਲ਼ਾ ਨਾਂ ਸੁਣ ਕੇ ਦੋਹਾਂ ਜਥੇਦਾਰਾਂ ਦੇ ਰਹਿੰਦੇ ਵੀ ਤੌਰ-ਭੌਰ ਉਡ ਗਏ। 'ਹੈਂਅ? ਸਾਡੇ ਨਾਲ ਨੰਗਾ-ਚਿੱਟਾ ਧੋਖਾ? ਸਾਨੂੰ ਤਾਂ ਪ੍ਰਧਾਨ ਜੀ ਨੇ ਓਦਣ ਦੱਸਿਆ ਸੀ ਕਿ ਸਾਥੋਂ ਪਹਿਲਾਂ ਆਈ ਹੋਈ ਸਿਫਾਰਸ਼ ਵਾਲ਼ਾ ਨੌਜਵਾਨ ਵੀ ਗੁਰਸਿੱਖ ਹੀ ਹੈ। ਪਰ ਆਹ ਤਾਂ ਹੋਰ ਈ ਚੰਨ ਚੜ੍ਹਿਆ ਹੋਇਆ ਹੈ?'

ਅਦਾਰੇ ਵਿਚ ਹੋਇਆ ਸਮਾਗਮ ਮੁੱਕਣ ਤੋਂ ਬਾਅਦ ਦੋਵੇਂ ਮੈਂਬਰ ਭੱਜੇ-ਭੱਜੇ ਜਾ ਗੱਜੇ ਪ੍ਰਧਾਨ ਬਡੂੰਗਰ ਜੀ ਪਾਸ, ਜੋ ਉਸੇ ਸਮਾਗਮ ਵਿਚ 'ਮੁੱਖ ਮਹਿਮਾਨ' ਵਜੋਂ ਪਧਾਰੇ ਹੋਏ ਸਨ! ਗੋਂਗਲੂਆਂ ਤੋਂ ਮਿੱਟੀ ਝਾੜਨ ਵਾਂਗ ਪਹਿਲਾਂ ਤਾਂ ਪ੍ਰਧਾਨ 'ਲੋਲੋ-ਪੋਪੋ' ਜਿਹੀ ਕਰਨ ਲੱਗ ਪਿਆ। ਪਰ ਜਦ ਇਹ ਦੋਵੇਂ ਮੈਂਬਰ ਖਹਿੜੇ ਈ ਪੈ ਗਏ ਕਿ ਜੋ ਹੋ ਗਿਆ ਸੋ ਹੋ ਗਿਆ, ਘੱਟ ਤੋਂ ਘੱਟ ਸਾਨੂੰ ਹੁਣ ਤਾਂ ਦੱਸ ਦਿਉ ਕਿ ਸ਼੍ਰੋਮਣੀ ਕਮੇਟੀ ਦੇ ਕਾਲਜ ਵਿਚ ਵਿੱਦਿਅਕ ਸ਼ਰਤਾਂ ਪੂਰੀਆਂ ਕਰਦੇ ਦੋ ਅੰਮ੍ਰਿਤਧਾਰੀ ਗੁਰਸਿੱਖ ਉਮੀਦਵਾਰਾਂ ਨੂੰ ਛੱਡ ਕੇ ਇਕ ਗੈਰ-ਸਿੱਖ ਨੂੰ ਨੌਕਰੀ ਕਿਸਦੇ ਕਹੇ ਤੋਂ ਦਿੱਤੀ ਗਈ? ਤਾਂ ਫਿਰ ਪ੍ਰਧਾਨ ਜੀ ਨੇ ਇਨ੍ਹਾਂ ਨੂੰ 'ਵਿਚਲੀ ਗੱਲ' ਇਹ ਦੱਸੀ-

'ਬਈ ਜਥੇਦਾਰੋ...!' ਪ੍ਰਧਾਨ ਜੀ ਹੌਲੀ ਜਿਹੇ ਬੋਲੇ-'ਤੁਹਾਡਾ ਰੋਸਾ ਬਿਲਕੁਲ ਜਾਇਜ਼ ਹੀ ਹੈ। ਓਦਣ ਮੇਰੇ ਕੋਲ ਤੁਹਾਥੋਂ ਪਹਿਲਾਂ ਆਏ ਜਥੇਦਾਰ...ਸਿੰਘ ਦਾ ਸਿਫ਼ਾਰਸੀ ਮੁੰਡਾ ਮੈਂ 'ਸਿਲੈਕਟ' ਕਰ ਲਿਆ ਸੀ, ਪਰ ਐਨ ਆਖ਼ਰੀ ਪਲਾਂ 'ਚ ਮੈਨੂੰ ਚੰਡੀਗੜ੍ਹੋਂ 'ਪ੍ਰਧਾਨ ਸਾਹਿਬ' ਦਾ ਫ਼ੋਨ ਆ ਗਿਆ ਕਿ ਬਡੂੰਗਰ ਜੀ ਮੈਂ ਇਸ ਮੁੰਡੇ ਨੂੰ ਇਹ ਸਲਿੱਪ ਦੇ ਕੇ ਤੁਹਾਡੇ ਕੋਲ਼ ਭੇਜ ਰਿਹਾਂ, ਇਹਨੂੰ ਹੀ ਪੋਸਟ 'ਤੇ 'ਜੁਆਇਨ' ਕਰਵਾਉਣਾ ਹੈ!'

ਪ੍ਰਧਾਨ ਬਡੂੰਗਰ ਜ਼ਰਾ ਹੋਰ ਧੀਮੀਂ 'ਵਾਜ ਵਿਚ ਬੋਲੇ ਕਿ ਬਾਦਲ ਸਾਹਿਬ ਨੂੰ ਇਸ ਮੁੰਡੇ ਦੀ ਸਿਫਾਰਸ਼ ਬਾਰੇ ਦਿੱਲੀਓਂ ਅਡਵਾਨੀ ਸਾਹਿਬ ਦਾ ਫ਼ੋਨ ਆ ਗਿਆ ਸੀ! (ਸ੍ਰੀ ਲਾਲ ਕ੍ਰਿਸ਼ਨ ਅਡਵਾਨੀ ਉਸ ਵੇਲੇ ਕੇਂਦਰੀ ਗ੍ਰਹਿ ਮੰਤਰੀ ਸਨ) ਜਥੇਦਾਰੋ ਤੁਹਾਨੂੰ ਪਤਾ ਈ ਐ...ਹੀਂ-ਹੀਂ-ਹੀਂ...ਮਜਬੂਰੀ ਵਿਚ 'ਕਈ ਕੁਛ' ਕਰਨਾ ਪੈਂਦਾ ਐ'

ਪ੍ਰਧਾਨ ਜੀ ਨੇ ਦੋਹਾਂ ਮੈਂਬਰਾਂ ਨੂੰ ਆਪਣੀ ਮਜਬੂਰੀ ਵਾਲੀ 'ਗੋਲੀ' ਨਾਲ ਸ਼ਾਂਤ ਕਰ ਦਿੱਤਾ।

ਦੋਹਾਂ ਮੈਂਬਰਾਂ ਵਲੋਂ ਸੁਣਾਈ ਜਾ ਰਹੀ ਇਹ ਵਾਰਤਾ ਮੁਕਦੀ ਨੂੰ ਸਾਡੀ ਸੂਮੋ ਗੱਡੀ ਗੜ੍ਹਸ਼ੰਕਰ ਦੇ ਬੱਸ ਅੱਡੇ ਪਹੁੰਚ ਚੁੱਕੀ ਸੀ। ਇੱਥੇ ਸੱਤੀ ਦੇ ਢਾਬੇ 'ਤੇ ਬਹਿ ਕੇ ਚਾਹ ਨਾਲ ਸਮੋਸੇ ਖਾਂਦਿਆਂ, ਅਸੀਂ ਤਿੰਨੋਂ ਜਣੇ ਲੰਘੇ ਸੱਪ ਦੀ ਲਕੀਰ ਕੁੱਟਣ ਵਾਂਗ ਉਤਲੇ ਪ੍ਰਕਰਣ ਦੀ ਵੱਖ-ਵੱਖ ਪੱਖਾਂ ਤੋਂ ਚੀਰ-ਫਾੜ ਕਰਦੇ ਰਹੇ-

'ਏਨੀ ਕੱਟੜਤਾ ਵੀ ਨਹੀਂ ਚਾਹੀਦੀ ਕਿ ਕਿਸੇ ਹੋਰ ਧਰਮ ਦਾ ਪੈਰੋਕਾਰ ਸਾਡੇ ਅਦਾਰਿਆਂ 'ਚ ਵੜੇ ਈ ਨਾ, ਪਰ ਆਹ ਤਾਂ ਸ਼ਰੇਆਮ ਧੱਕਾ ਹੈ ਕਿ ਦੋ ਯੋਗ ਗੁਰਸਿੱਖ ਉਮੀਦਵਾਰਾਂ ਨੂੰ ਪਾਸੇ ਕਰਕੇ ਇਕ ਗ਼ੈਰ-ਸਿੱਖ...!'

ਉੱਥੇ ਅੱਧਾ-ਪੌਣਾ ਘੰਟਾ ਅਜਿਹੇ ਯਾਭਾਂ ਦੇ ਭੇੜ ਕਰਕੇ ਅਸੀਂ ਆਪੋ-ਆਪਣੇ ਘਰਾਂ ਨੂੰ ਤੁਰ ਆਏ। ਇਸ ਲਿਖਤ ਨੂੰ ਮੈਂ ਅਗਲੀਆਂ ਹੋਰ ਗੱਲਾਂ ਲਿਖ ਕੇ ਲਮਕਾਉਣਾ ਨਹੀਂ ਚਾਹੁੰਦਾ ਕਿ ਕਿਵੇਂ ਮੈਂ ਉਨ੍ਹਾਂ ਸਾਥੀ ਮੈਂਬਰਾਂ ਦੀ ਸਲਾਹ ਨਾਲ ਪ੍ਰਧਾਨ ਜੀ ਨੂੰ ਉਕਤ ਵਰਤਾਰੇ ਬਾਰੇ ਰੋਸ-ਪੱਤਰ ਵੀ ਲਿਖਿਆ। ਉਸ ਰੋਸ-ਪੱਤਰ ਦਾ ਬਣਿਆ ਕੀ? ਇਹ ਵਿਸਥਾਰ ਵੀ ਨਹੀਂ ਲਿਖ ਰਿਹਾ। ਬਸ ਪਾਠਕ-ਜਨਾਂ ਅੱਗੇ ਆਪਣੀ ਕੌਮ ਦੇ ਨਿਘਾਰ ਦਾ ਵਾਸਤਾ ਪਾ ਕੇ ਇਕ ਅਰਜ਼ ਕਰਨੀ ਚਾਹੁੰਦਾ ਹਾਂ ਕਿ ਆਪ ਸਭ ਨੂੰ ਇਹ ਲਿਖਤ ਪੜ੍ਹ ਕੇ, 'ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਕੌਣ ਹੁੰਦਾ ਐ?' ਦਾ ਜਵਾਬ ਤਾਂ ਮਿਲ਼ ਗਿਆ ਹੋਵੇਗਾ ਜੀ ਪਰ ਉਸ 'ਭਰਦਾਨ' ਦੀ ਪੰਜਾਲ਼ੀ ਹਾਲੇ ਤੱਕ ਵੀ ਸ਼੍ਰੋਮਣੀ ਕਮੇਟੀ ਦੇ ਗਲ ਵਿਚ ਪਈ ਹੋਈ ਹੈ ਉਸਨੂੰ ਉਤਾਰਨ ਲਈ ਕਮਰਕੱਸੇ ਕਰੀਏ!

# ਫ਼ਿਲਮ ਲੋਕ

## ਮੈਂ ਦਿਲਜੀਤ ਦੇ ਨਾਲ ਹਾਂ: ਨਸੀਰੂਦੀਨ ਸ਼ਾਹ

ਸਿਨੇਮਾ ਦੇ ਦਿੱਗਜ਼ ਨਸੀਰੂਦੀਨ ਸ਼ਾਹ ਨੇ ਸੋਮਵਾਰ ਨੂੰ 'ਸਰਦਾਰ ਜੀ 3' ਵਿਚ ਪਾਕਿਸਤਾਨੀ ਅਦਾਕਾਰਾ ਹਨੀਆ ਆਮਿਰ ਦੀ ਭੂਮਿਕਾ 'ਤੇ ਪ੍ਰਤੀਕਿਰਿਆ ਦੇ ਵਿਚਕਾਰ ਪੰਜਾਬੀ ਸਟਾਰ ਦਿਲਜੀਤ ਦੋਸਾਂਝ ਦਾ ਬਚਾਅ ਕਰਦੇ ਹੋਏ ਕਿਹਾ ਕਿ ਕਾਸਟਿੰਗ ਅਦਾਕਾਰ- ਸੰਗੀਤਕਾਰ ਦੀ ਜਿੰਮੇਵਾਰੀ ਨਹੀਂ ਹੈ। ਇਹ ਵਿਵਾਦ ਪਿਛਲੇ ਹਫ਼ਤੇ ਦੁਸਾਂਝ ਵਲੋਂ 'ਸਰਦਾਰ ਜੀ 3' ਦਾ ਟ੍ਰੇਲਰ ਸਾਂਝਾ ਕਰਨ ਤੋਂ ਬਾਅਦ ਸ਼ੁਰੂ ਹੋਇਆ ਸੀ।



ਬਹੁਤ ਸਾਰੇ ਸੋਸ਼ਲ ਮੀਡੀਆ ਉਪਭੋਗਤਾਵਾਂ ਨੇ ਦੋਸਾਂਝ 'ਤੇ ਪਾਬੰਦੀ ਲਗਾਉਣ ਦੀ ਮੰਗ ਕੀਤੀ ਹੈ। ਸ਼ਾਹ, ਜੋ ਫਿਲਮ ਨਿਰਮਾਤਾ ਇਮਤਿਆਜ਼ ਅਲੀ ਦੀ ਅਗਲੀ ਫਿਲਮ ਵਿਚ ਦੋਸਾਂਝ ਨਾਲ ਨਜ਼ਰ ਆਉਣਗੇ, ਨੇ ਆਪਣੇ ਅਧਿਕਾਰਤ ਫੇਸਬੁੱਕ ਪੇਜ 'ਤੇ ਇੱਕ ਪੋਸਟ ਸਾਂਝੀ ਕੀਤੀ, ਜਿਸ ਵਿਚ ਕਿਹਾ ਗਿਆ ਹੈ ਕਿ ਉਹ ਇਸ ਮੁੱਦੇ 'ਤੇ ਅਦਾਕਾਰ ਦੇ ਨਾਲ ਮਜ਼ਬੂਤੀ ਨਾਲ ਖੜ੍ਹੇ ਹਨ। ਸ਼ਾਹ ਨੇ ਅੱਗੇ ਕਿਹਾ ਕਿ ਉਸਦੇ ਪਾਕਿਸਤਾਨ ਵਿਚ ਨਜ਼ਦੀਕੀ ਰਿਸ਼ਤੇਦਾਰ ਤੇ ਦੋਸਤ ਹਨ ਤੇ ਕੋਈ ਵੀ ਉਸਨੂੰ ਉਨ੍ਹਾਂ ਨੂੰ ਮਿਲਣ ਤੋਂ ਨਹੀਂ ਰੋਕ ਸਕਦਾ। 'ਕਈ ਲੋਕ ਚਾਹੁੰਦੇ ਹਨ ਕਿ ਭਾਰਤ ਅਤੇ ਪਾਕਿਸਤਾਨ ਦੇ ਲੋਕਾਂ ਵਿਚਕਾਰ ਨਿੱਜੀ ਗੱਲਬਾਤ ਨੂੰ ਖਤਮ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਮੈਂ ਦਿਲਜੀਤ ਨੂੰ ਜਾਣਦਾ ਹਾਂ, ਮੈਂ ਕਹਿ ਸਕਦਾ ਹਾਂ ਕਿ ਉਸ 'ਚ ਦੇਸ਼ਭਗਤੀ ਦਾ ਜਜ਼ਬਾ ਪੂਰਾ ਭਰਿਆ ਹੋਇਆ ਹੈ,ਉਹ ਦਿਲੋਂ ਦੇਸ਼ ਭਗਤ ਹੈ।

## ਨਿਧੀ ਅਗਰਵਾਲ – ਟੁੱਟੇ ਦਿਲ ਨਹੀਂ ਜੁੜਦੇ

'ਰਾਜਾ ਸਾਬ੍ਹ' ਵਾਲੀ ਨਿਧੀ ਅਗਰਵਾਲ ਹੈਦਰਾਬਾਦ ਪੁਲਿਸ ਦੇ ਸਾਈਬਰ ਕ੍ਰਾਈਮ ਬ੍ਰਾਂਚ 'ਚ ਜਾ ਕੇ ਮਾਨਸਿਕ ਤੌਰ 'ਤੇ ਬੁਰੀ ਘਬਰਾਈ ਨਜ਼ਰ ਆਈ ਤੇ ਉਸ ਨੇ ਸ਼ਿਕਾਇਤ ਦਰਜ ਕਰਵਾਈ ਹੈ। ਨਿਧੀ ਨੇ ਕਿਹਾ ਕਿ ਇਕ ਇਨਸਾਨ ਵਾਰ-ਵਾਰ ਫੋਨ ਕਰਕੇ ਕਹਿ ਰਿਹਾ ਹੈ ਕਿ ਪਰਿਵਾਰ ਨੂੰ ਕਹਿ ਦੇ ਖਾ-ਪੀ ਲੈਣ ਸਾਰਿਆਂ ਨੂੰ ਇਕੱਠਿਆਂ ਹੀ ਉੱਪਰ ਪਹੁੰਚਾ ਦੇਣਾ ਹੈ। ਨਿਧੀ ਨੇ ਇਸ ਸ਼ਿਕਾਇਤ ਨਾਲ 'ਇੰਸਟਾਗ੍ਰਾਮ' ਦੇ 'ਸਕਰੀਨ ਸ਼ਾਟ' ਵੀ ਲਾਏ ਜਿਨ੍ਹਾਂ 'ਚ ਬੇਹੱਦ ਗੰਦੇ ਸੁਨੇਹੇ ਨਿਧੀ ਨੂੰ ਲਾਏ ਗਏ ਹਨ। ਇਸ ਵੇਲੇ ਨਿਧੀ 'ਹਰ ਹਰ ਵੀਰ ਮੱਲੂ ਫ਼ਿਲਮ ਪਵਨ ਕਲਿਆਣ ਨਾਲ ਕਰ ਰਹੀ ਹੈ। 'ਰਾਜਾ ਸਾਬ੍ਹ' ਇਸ ਸਾਲ ਅਪ੍ਰੈਲ 'ਚ ਨਿਧੀ ਦੀ ਆ ਕੇ ਸਫਲ ਰਹੀ ਫ਼ਿਲਮ ਹੈ। ਟਾਈਗਰ ਸ਼ਰਾਫ਼ ਨਾਲ 'ਮੁੰਨਾ ਮਾਈਕਲ' ਫ਼ਿਲਮ ਕਰਕੇ ਬਾਲੀਵੁੱਡ 'ਚ ਆਈ ਨਿਧੀ ਨੂੰ ਸੰਨੀ ਦਿਓਲ ਦੀ ਕਈ ਕੰਮਾਂ 'ਚ ਸਹਾਇਤਾ ਮਿਲੀ ਹੈ। ਇਹ ਉਹੀ ਨਿਧੀ ਹੈ ਜਿਸ ਨੂੰ ਰਾਜਕੁਮਾਰੀ ਦੀ ਤਰ੍ਹਾਂ ਰੱਖਣ ਦੀ ਗੱਲ ਆਪਣੇ ਕ੍ਰਿਕਟਰ ਕੇ.ਐਲ. ਰਾਹੁਲ ਕਹਿੰਦੇ ਸਨ ਪਰ ਫੇਰੇ ਉਨ੍ਹਾਂ ਨੇ ਅਥੀਆ ਨਾਲ ਲਏ ਸਨ ਤੇ ਨਿਧੀ ਅਗਰਵਾਲ ਦੇ ਦਿਲ ਦਾ ਦਰਦ ਵੀ ਇਹੀ ਹੈ ਕਿ ਉਸ ਦੀ ਇਹ ਖੇਡ ਕਿਵੇਂ ਵਿਗੜ ਗਈ? ਉਹ ਹਰ ਹੀਲੇ ਕੇ.ਐਲ. ਰਾਹੁਲ ਦੀ ਪਤਨੀ ਬਣ ਸਾਹਮਣੇ ਆਉਣਾ ਚਾਹੁੰਦੀ ਸੀ ਪਰ ਸਭ ਉਲਟ-ਪੁਲਟ ਹੀ ਹੋ ਗਿਆ। ਉਧਰ ਚੇਨਈ 'ਚ ਤਾਂ ਨਿਧੀ ਦੇ ਪ੍ਰਸੰਸਕਾਂ ਨੇ ਉਸ ਦੇ ਨਾਂਅ 'ਤੇ ਮੰਦਿਰ ਹੀ ਬਣਾ ਦਿੱਤਾ ਹੈ ਤੇ ਅੱਜ ਵੀ ਲੋਕ ਉਥੇ ਕਾਇਮ ਨਿਧੀ ਅਗਰਵਾਲ ਦੀ ਮੂਰਤੀ ਨੂੰ ਉਹ ਦੁੱਧ ਨਾਲ ਇਸ਼ਨਾਨ ਕਰਵਾਉਂਦੇ ਹਨ ਤਾਂ ਨਿਧੀ ਫਿਰ ਕ੍ਰਿਕਟ ਦੇ ਭਗਵਾਨ ਆਖੇ ਜਾਣ ਵਾਲੇ ਸਚਿਨ ਤੇਂਦੁਲਕਰ ਤੋਂ ਦੋ ਕਦਮ ਅੱਗੇ ਹੀ ਹੈ, ਕਿਉਂਕਿ ਸਚਿਨ ਦਾ ਨਾਂਅ ਤੇ ਪ੍ਰਾਪਤੀਆਂ ਬਹੁਤ ਹਨ ਪਰ ਨਿਧੀ ਨੂੰ ਤਾਂ ਅੱਧੇ ਬਾਲੀਵੁੱਡ ਫ਼ਿਲਮ ਪ੍ਰੇਮੀ ਜਾਣਦੇ ਤੱਕ ਵੀ ਨਹੀਂ ਹਨ। ਬਾਦਸ਼ਾਹ, ਜਯੋਤਿਕਾ ਟਾਂਗਰੀ ਤੇ ਅਲਤਾਫ਼ ਰਾਜਾ ਦੇ ਵੀਡੀਓ ਗੀਤਾਂ 'ਚ ਵੀ ਨਿਧੀ ਮਹਾਨ ਬਣ ਚੁੱਕੀ ਹੈ, ਜਦਕਿ ਫ਼ਿਲਮਾਂ ਉਸ ਨੇ ਮੁਸ਼ਕਿਲ ਨਾਲ ਹੁਣ ਤੱਕ ਤੇਰਾਂ ਕੁ ਹੀ ਕੀਤੀਆਂ ਹਨ। ਇਕ ਘੱਟ ਕੀ ਜਾਂ ਇਕ ਵੱਧ ਕੀ। ਮਤਲਬ ਲੰਮੀ ਚੌੜੀ ਉਸ ਦੀ ਫ਼ਿਲਮੀ ਯਾਤਰਾ ਨਹੀਂ ਹੈ। ਨਿਧੀ ਬੈਲੇ ਨਾਚ ਦੀ ਮਾਹਿਰ ਹੈ ਤੇ ਕੁਝ ਸਮਾਂ ਉਹ ਕਿਰਾਏ ਦੇ ਘਰ ਵੀ ਰਹਿੰਦੀ ਰਹੀ ਹੈ। ਘੋੜ ਸਵਾਰੀ ਤੇ ਟੈਨਿਸ 'ਚ ਉਹ ਕਾਫ਼ੀ ਹੱਦ ਤੱਕ ਸਿੱਖਿਅਤ ਹੈ। ਸਮੇਂ ਦੀ ਗੱਲ ਕਰੀਏ ਤਾਂ ਕਦੇ ਮਕਾਨ ਕਿਰਾਏ 'ਤੇ ਸੀ, ਅੱਜ ਨਿਧੀ ਦੇ ਪਰਸ ਦੀ ਕੀਮਤ ਆਮ ਕਾਰ ਜਿੰਨੀ ਹੈ। ਇਸ 'ਤੇ ਉਸ ਨੇ ਕਿਹਾ ਕਿ ਦੌਲਤ, ਸ਼ੋਹਰਤ ਆ ਜਾਂਦੀ ਹੈ ਮਿਹਨਤ ਦੇ ਨਾਲ ਤਕਦੀਰ ਸਾਥ ਦੇਵੇ ਪਰ ਟੁੱਟੇ ਦਿਲ ਨਹੀਂ ਕਦੇ ਜੁੜਦੇ। ਸ਼ਾਇਦ ਉਸ ਦਾ ਇਸ਼ਾਰਾ ਕੇ.ਐਲ. ਰਾਹੁਲ ਵੱਲ ਸੀ, ਜਿਸ ਨੇ ਬੁਰੀ ਤਰਾਂ ਉਸ ਦਾ ਦਿਲ ਤੋੜਿਆ।



## 'ਧੂਮ-4' ਵਿਚ ਨਜ਼ਰ ਆਵੇਗੀ ਸ਼ਰਧਾ ਕਪੂਰ



ਫ਼ਿਲਮ ਇਸਤਰੀ-2 ਦੀ ਰਿਕਾਰਡ ਤੋੜ ਕਾਮਯਾਬੀ ਤੋਂ ਬਾਅਦ ਅਦਾਕਾਰਾ ਸ਼ਰਧਾ ਕਪੂਰ ਲਗਾਤਾਰ ਚਰਚਾ ਵਿਚ ਬਣੀ ਹੋਈ ਹੈ। ਉਸ ਦੀ ਇਹ ਫ਼ਿਲਮ ਸਾਲ 2024 ਦੀ ਸਭ ਤੋਂ ਵੱਡੀ ਅਤੇ ਹਿੰਦੀ ਵਿਚ ਸਭ ਤੋਂ ਜ਼ਿਆਦਾ ਕਮਾਈ ਕਰਨ ਵਾਲੀ ਫ਼ਿਲਮ ਸਾਬਤ ਹੋਈ। 'ਗ਼ਦਰ-2' ਅਤੇ 'ਜਵਾਨ' ਦੇ ਰਿਕਾਰਡ ਵੀ ਤੋੜ ਦਿੱਤੇ।। ਫ਼ਿਲਮ ਦੀ ਕਾਮਯਾਬੀ ਤੋਂ ਬਾਅਦ ਫ਼ਿਲਮ ਨਿਰਮਾਤਾ ਏਕਤਾ ਕਪੂਰ ਨੇ ਆਪਣੀ ਆਉਣ ਵਾਲੀ ਫ਼ਿਲਮ 'ਵੂਮੈਨ ਸੇਂਟ੍ਰਿਕ' ਫ਼ਿਲਮ ਲਈ ਸ਼ਰਧਾ ਕਪੂਰ ਨੂੰ ਪਹੁੰਚ ਕੀਤੀ ਸੀ। 'ਤੁੰਬਾੜ' ਫੇਮ ਰਾਹੀ ਅਨਿਲ ਬਰਵੇ ਇਸ ਫ਼ਿਲਮ ਨੂੰ ਨਿਰਦੇਸ਼ਿਤ ਕਰਨ ਵਾਲੇ ਸਨ।

ਪਰ ਜੇਕਰ ਖ਼ਬਰਾਂ ਵੱਲ ਦੇਖੀਏ ਤਾਂ ਸ਼ਰਧਾ ਕਪੂਰ ਨੇ ਫ਼ਿਲਮ ਲਈ ਏਕਤਾ ਕਪੂਰ ਤੋਂ ਨਾ ਸਿਰਫ਼ 17 ਕਰੋੜ ਦੀ ਮੰਗ ਕੀਤੀ, ਸਗੋਂ ਲਾਭ ਵਿਚੋਂ ਵੀ ਉਹ ਏਕਤਾ ਤੋਂ ਹਿੱਸਾ ਚਾਹੁੰਦੀ ਸੀ । ਏਕਤਾ ਨੂੰ ਸ਼ਰਧਾ ਦੀ ਇਹ ਮੰਗ ਕਾਫ਼ੀ ਨਾਗਵਾਰ ਲੱਗੀ ਅਤੇ ਉਸ ਨੇ ਸ਼ਰਧਾ ਦੀ ਇਸ ਮੰਗ ਨੂੰ ਪੂਰੀ ਤਰ੍ਹਾਂ ਖਾਰਜ ਕਰ ਦਿੱਤਾ। ਇਸ ਤਰ੍ਹਾਂ ਸ਼ਰਧਾ ਕਪੂਰ ਏਕਤਾ ਕਪੂਰ ਦੀ ਇਸ ਫ਼ਿਲਮ ਦਾ ਹਿੱਸਾ ਨਹੀਂ ਬਣ ਸਕੀ। ਸ਼ਰਧਾ ਕਪੂਰ ਲਈ ਯਕੀਨਨ ਹੀ ਇਹ ਇਕ ਵੱਡਾ ਪ੍ਰੋਜੈਕਟ ਸਾਬਿਤ ਹੋ ਸਕਦਾ ਸੀ ਪਰ ਸ਼ਰਧਾ ਨੇ ਇਸ ਨੂੰ ਗਵਾ ਦਿੱਤਾ। ਜੇਕਰ ਖ਼ਬਰਾਂ ਵੱਲ ਦੇਖੀਏ ਤਾਂ ਹੁਣ ਫ਼ਿਲਮ ਲਈ ਨਵੀਂ ਮੁੱਖ ਭੂਮਿਕਾ ਵਾਲੀ ਅਦਾਕਾਰਾ ਦੀ ਭਾਲ ਜ਼ੋਰਾਂ 'ਤੇ ਹੈ। ਇਸ ਸਾਲ ਦੇ ਦੂਜੇ ਅੱਧ ਵਿਚ ਇਹ ਫ਼ਿਲਮ ਫਲੋਰ 'ਤੇ ਜਾਣ ਵਾਲੀ ਹੈ। ਫ਼ਿਲਮ ਦਾ ਟਾਈਟਲ ਫਿਲਹਾਲ ਫਾਈਨਲ ਨਹੀਂ ਹੋਇਆ ਹੈ।

ਇਸ ਤੋਂ ਪਹਿਲਾਂ ਵੀ ਸ਼ਰਧਾ ਕਪੂਰ ਫ਼ਿਲਮ 'ਪੁਸ਼ਪਾ 2 : ਦ ਰੂਲ' ਵਿਚ ਆਈਟਮ ਗੀਤ ਕਰਨ ਵਾਲੀ ਸੀ। ਸਾਲ 2021 ਵਿਚ ਰਿਲੀਜ਼ ਹੋਈ 'ਪੁਸ਼ਪਾ 1' ਵਿਚ ਦੱਖਣ ਭਾਰਤ ਦੀ ਅਦਾਕਾਰਾ ਸਾਮੰਥਾ ਰੁਥ ਪ੍ਰਭੂ ਦਾ ਆਈਟਮ ਨੰਬਰ 'ਊਂ ਅੰਟਾਵਾ ਮਾਵਾ ਬੇਹੱਦ ਹਿੱਟ ਹੋਇਆ ਸੀ, ਜਿਸ ਲਈ ਸਾਮੰਥਾ ਰੁਥ ਪ੍ਰਭੂ ਨੂੰ 5 ਕਰੋੜ ਰੁਪਏ ਦੀ ਭਾਰੀ ਫੀਸ ਦੀ ਰਕਮ ਦਿੱਤੀ ਗਈ ਸੀ। ਖ਼ਬਰਾਂ ਵੱਲ ਦੇਖੀਏ ਤਾਂ ਸ਼ਰਧਾ ਕਪੂਰ ਨੂੰ ਓਨੀ ਹੀ ਫੀਸ ਚਾਹੀਦੀ ਸੀ ਪਰ ਨਿਰਮਾਤਾ ਤੋਂ ਉਸ ਨੇ ਇਸ ਦੇ ਬਦਲੇ 5 ਕਰੋੜ ਦੀ ਜ਼ਿਆਦਾ ਫੀਸ ਦੀ ਮੰਗ ਕੀਤੀ ਤਾਂ ਮਜਬੂਰਨ ਉਸ ਨੂੰ ਸ਼ਰਧਾ ਦੀ ਬਜਾਏ ਸ਼੍ਰੀਲੀਲਾ ਨੂੰ ਇਹ ਮੌਕਾ ਦੇਣਾ ਪਿਆ। ਪਿਛਲੇ ਕੁਝ ਸਾਲਾਂ ਵਿਚ ਸ਼ਰਧਾ ਕਪੂਰ ਦਾ ਫ਼ਿਲਮਾਂ ਚੁਣਨ ਦਾ ਪੈਟਰਨ ਬਦਲ ਗਿਆ ਹੈ। ਹੁਣ ਉਹ ਤਿੰਨ ਸਾਲ ਵਿਚ ਇਕ ਫ਼ਿਲਮ ਕਰ ਰਹੀ ਹੈ। ਸ਼ਰਧਾ ਕਪੂਰ ਦਾ ਮੰਨਣਾ ਹੈ ਕਿ ਉਸ ਦੇ ਕਰੀਅਰ ਦਾ ਵਧੀਆ ਸਮਾਂ ਹੁਣ ਆਉਣਾ ਬਾਕੀ ਹੈ। ਇਸੇ ਵਜ੍ਹਾ ਕਰਕੇ ਉਸ 'ਤੇ ਬਹੁਤ ਜ਼ਿਆਦਾ ਜ਼ਿੰਮੇਦਾਰੀ ਹੈ। ਸ਼ਰਧਾ ਦਾ ਕਹਿਣਾ ਹੈ ਕਿ ਇਕ ਐਕਟਰ ਦੇ ਰੂਪ ਵਿਚ ਜਦੋਂ ਕੁਝ ਐਕਸਾਈਟਿੰਗ ਹੋਣ ਵਾਲਾ ਹੁੰਦਾ ਹੈ, ਉਦੋਂ ਉਹ ਪੇਸ਼ਕਸ਼ ਸਵੀਕਾਰ ਕਰਦੀ ਹੈ।

'ਇਸਤਰੀ-2' ਵਿਚ ਧਮਾਲ ਮਚਾਉਣ ਤੋਂ ਬਾਅਦ ਸ਼ਰਧਾ ਕਪੂਰ ਹੁਣ 'ਇਸਤਰੀ-3' ਵਿਚ ਨਜ਼ਰ ਆਵੇਗੀ। ਉਸ ਦੀ ਇਹ ਫ਼ਿਲਮ 13 ਅਗਸਤ, 2027 ਨੂੰ ਰਿਲੀਜ਼ ਹੋਵੇਗੀ। ਫ਼ਿਲਮ ਵਿਚ ਇਕ ਵਾਰ ਫਿਰ ਰਾਜਕੁਮਾਰ ਰਾਓ, ਅਪਾਰਸ਼ਕਤੀ ਖੁਰਾਣਾ, ਪੰਕਜ ਤ੍ਰਿਪਾਠੀ ਅਤੇ ਅਭਿਸ਼ੇਕ ਬੈਨਰਜੀ ਵਰਗੇ ਕਲਾਕਾਰ ਨਜ਼ਰ ਆਉਣਗੇ। 'ਇਸਤਰੀ-3' ਤੋਂ ਇਲਾਵਾ ਸ਼ਰਧਾ ਕਪੂਰ ਦਾ ਨਾਂਅ ਰਣਬੀਰ ਕਪੂਰ ਦੀ ਆਉਣ ਵਾਲੀ ਫ਼ਿਲਮ 'ਧੂਮ-4' ਲਈ ਵੀ ਸਾਹਮਣੇ ਆ ਰਿਹਾ ਹੈ। ਹਾਲ ਹੀ ਵਿਚ ਇਸ ਫ਼ਿਲਮ ਲਈ ਰਣਬੀਰ ਕਪੂਰ ਦੇ ਨਾਂਅ ਦਾ ਅਧਿਕਾਰਤ ਤੌਰ 'ਤੇ ਐਲਾਨ ਕੀਤਾ ਗਿਆ ਹੈ, ਔਰਤ ਕਲਾਕਾਰ ਦੇ ਨਾਂਅ ਦਾ ਐਲਾਨ ਹੋਣਾ ਬਾਕੀ ਹੈ।

ਜੇਕਰ ਸੂਤਰਾਂ 'ਤੇ ਭਰੋਸਾ ਕੀਤਾ ਜਾਵੇ ਤਾਂ ਸ਼ਰਧਾ ਕਪੂਰ ਨਿਖਿਲ ਦਿਵੇਦੀ ਵਲੋਂ ਨਿਰਦੇਸ਼ਿਤ ਕੀਤੀ ਜਾਣ ਵਾਲੀ ਸੁਪਰਨੈਚੁਰਲ ਫ਼ਿਲਮ 'ਨਾਗਿਨ' ਵਿਚ ਵੀ ਨਜ਼ਰ ਆ ਸਕਦੀ ਹੈ।

## ਪਰੇਸ਼ ਰਾਵਲ ਦੀ 'ਹੇਰਾ ਫੇਰੀ 3' ਵਿਚ ਵਾਪਸੀ

ਅਦਾਕਾਰ ਪਰੇਸ਼ ਰਾਵਲ ਨੇ ਕਾਮੇਡੀ ਫਰੈਂਚਾਇਜ਼ੀ 'ਹੇਰਾ ਫੇਰੀ 3' ਫਿਲਮ ਵਿਚ ਆਪਣੀ ਵਾਪਸੀ ਦੀ ਪੁਸ਼ਟੀ ਕਰਦੇ ਹੋਏ ਕਿਹਾ ਹੈ ਕਿ ਹੁਣ ਸਭ ਕੁਝ ਹੱਲ ਹੈ ਗਿਆ ਹੈ। ਇਸ ਸਾਲ ਮਈ ਵਿਚ, ਪਰੇਸ਼ ਰਾਵਲ ਨੇ ਤੀਜੇ ਭਾਗ ਤੋਂ ਬਾਹਰ ਹੋਣ ਦਾ ਐਲਾਨ ਕੀਤਾ ਸੀ, ਜਿਸ ਨਾਲ ਉਹ ਫਰੈਂਚਾਇਜ਼ੀ ਦੇ ਸਹਿ-ਕਲਾਕਾਰਾਂ ਅਕਸ਼ੈ ਕੁਮਾਰ ਤੇ ਸੁਨੀਲ ਸ਼ੈੱਟੀ ਦੇ ਨਾਲ-ਨਾਲ ਫਿਲਮ ਨਿਰਮਾਤਾ ਪ੍ਰਿਯਦਰਸ਼ਨ ਨਾਲ ਦੁਬਾਰਾ ਕੰਮ ਕਰਨਾ ਸੀ। ਇਹ ਖ਼ਬਰ ਹਿੱਟ ਕਾਮੇਡੀ ਫਰੈਂਚਾਇਜ਼ੀ ਦੇ ਜੋਸ਼ੀਲੇ ਪ੍ਰਸ਼ੰਸਕਾਂ ਲਈ ਇਕ ਵੱਡਾ ਝਟਕਾ ਸੀ। ਫਿਲਮ ਤੋਂ ਬਾਹਰ ਨਿਕਲ ਜਾਣ ਤੋਂ ਬਾਅਦ ਅਕਸ਼ੈ ਦੁਆਰਾ ਦੀ ਕੰਪਨੀ ਵਲੋਂ 25 ਕਰੋੜ ਦਾ ਮੁਕੱਦਮਾ ਦਾਇਰ ਕੀਤਾ ਗਿਆ ਸੀ। ਕਾਨੂੰਨੀ ਲੜਾਈ ਤੋਂ ਬਾਅਦ, ਪਰੇਸ਼ ਦੀ ਕਾਨੂੰਨੀ ਟੀਮ ਨੇ ਐਲਾਨ ਕੀਤਾ ਕਿ ਅਦਾਕਾਰ ਨੇ ਅਕਸ਼ੈ ਦੀ ਪ੍ਰੋਡਕਸ਼ਨ ਕੰਪਨੀ ਨੂੰ 11 ਲੱਖ ਰੁਪਏ ਦੀ ਰਕਮ 15 ਫੀਸਦੀ ਵਿਆਜ ਸਮੇਤ ਵਾਪਸ ਕਰ ਦਿੱਤੀ ਹੈ। ਪਰੇਸ਼ ਰਾਵਲ ਹੁਣ ਫਿਲਮ ਵਿਚ ਵਾਪਸ ਸ਼ਾਮਿਲ ਹੋ ਗਏ ਹਨ, ਇਹ ਐਲਾਨ ਉਸਨੇ ਹਾਲ ਹੀ ਵਿਚ ਇੱਕ ਪੌਡਕਾਸਟ 'ਤੇ ਪੇਸ਼ ਹੋਣ ਦੌਰਾਨ ਕੀਤਾ ਸੀ।



# Golden State Realty

**Real Estate and Loans Under One Roof**

ਘਰਾਂ ਦੀ ਵਧੀਆ ਡੀਲ ਤੇ ਘਟ ਤੋਂ ਘਟ ਵਿਆਜ ਦਰਾਂ ’ਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

**Selling Homes from Gilroy to Sacramento, CA**

Call us before visiting new model homes to save big time.

ਪਿਛਲੇ 38 ਸਾਲਾਂ ਤੋਂ ਬਿਜ਼ਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

**Time to buy new home in Tracy, Manteca, Lothrop and Stockton**

Pinnacle Award Winner 2014, 2015, 2016 & 2017

Grand Master Award Winner: 2018-2021, Platinum Award 2022

## *Call for Listing Special 2025*

## Ph: 510-304-9292 or 408-666-8279



Anmol Singh Gill
REALTOR
Bre. # 02062952



Armaan Singh Gill
Sales Agent
Bre. # 02161166
Ph: 510-709-7987



Jaswinder (Jassi) Gill
M.Sc (PAU)
CA BRE# 00966763
Broker/Owner



Harjot Singh Gill
REALTOR
Bre. # 02036421
Ph: 408.413.8350



Rakesh Pabla
REALTOR
Lic no: 01507068
Ph: 408.531.5464

Fremont Office: 86 Pilgrim Loop, Fremont CA 94539
Tel: 510-440-9292

Visit us @ www.jassigill.com for hot listings

## Recent Sales

1. 776 Vereda ct San Jose CA 95123
2. 8455 Peachtree Ave Newark CA 94560
3. 2125 Neptune Rd Livermore CA 94550
4. 2169 Charger Dr San Jose CA 95131
5. 9550 Appaloosa Pl Elk Grove CA 95624
6. 9810 Bobcat Ct Gilroy CA 95020
7. 3033 Pellier Pl San Jose CA 95135
8. 985 Silver Birch Ln Hayward CA 94544
9. 1672 Northgate Manteca CA 95336
10. 26676 Campeche St Hayward CA 94545
11. 1777 Osage Ave Hayward CA 94545
12. 2249 moody ave Hayward ca 94545
13. 9714 Fall Valley Way Sacramento CA 95829
14. 106 Coralflower Ln, San Ramon, CA 94582

## Purchase Loan and Refinance

Call Sukhveer (Sukhi) Gill Ph: 510-207-9067
DHMS, Loan Broker

CA BRE Lic.#01180969
NMLS# 352095

19-20

# ਸ. ਅਮੋਲਕ ਸਿੰਘ ਜੰਮੂ (ਮਰਹੂਮ) ਨੂੰ ਜਨਮ ਦਿਨ 'ਤੇ ਯਾਦ ਕਰਦਿਆਂ...

'ਪੰਜਾਬ ਟਾਈਮਜ਼' ਦੇ ਬਾਨੀ ਸ. ਅਮੋਲਕ ਸਿੰਘ ਜੰਮੂ, ਭਾਵੇਂ ਸਾਡੇ ਵਿਚ ਮੌਜੂਦ ਨਹੀਂ ਹਨ, ਪਰ ਉਨ੍ਹਾਂ ਦੀਆਂ ਕੌੜੀਆਂ-ਮਿੱਠੀਆਂ ਯਾਦਾਂ 'ਪੰਜਾਬ ਟਾਈਮਜ਼' ਦੇ ਜ਼ਰੀਏ ਹਮੇਸ਼ਾ ਸਾਡੇ ਅੰਗ-ਸੰਗ ਹਨ। ਉਨ੍ਹਾਂ ਦੇ ਜਨਮ ਦਿਨ (14 ਜੁਲਾਈ) 'ਤੇ ਅਸੀਂ ਉਨ੍ਹਾਂ ਨੂੰ ਯਾਦ ਕਰਦਿਆਂ ਜਿੱਥੇ ਉਨ੍ਹਾਂ ਨੂੰ ਸ਼ਰਧਾ ਤੇ ਸਤਿਕਾਰ ਭੇਟ ਕਰਦੇ ਹਾਂ ਉਥੇ ਹੀ ਇਹ ਕਾਮਨਾ ਕਰਦੇ ਹਾਂ ਕਿ ਉਹ ਜਿੱਥੇ ਵੀ ਹੋਣ ਖੁਸ਼ ਹੋਣ। 'ਪੰਜਾਬ ਟਾਈਮਜ਼' ਦੇ ਰੂਪ ਵਿਚ ਉਨ੍ਹਾਂ ਦੀ ਪੰਜਾਬੀ ਭਾਈਚਾਰੇ ਨੂੰ ਦੇਣ ਲਈ ਅਸੀਂ ਹਮੇਸ਼ਾ ਉਨ੍ਹਾਂ ਦੇ ਸ਼ੁਕਰਗੁਜ਼ਾਰ ਰਹਾਂਗੇ। ਪਿਆਰੇ ਅਮੋਲਕ ਨੂੰ ਸਾਡੇ ਸਾਰਿਆਂ ਵਲੋਂ ਜਨਮ ਦਿਨ ਮੁਬਾਰਕ!



ਸ. ਅਮੋਲਕ ਸਿੰਘ ਜੰਮੂ

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ



ਦਰਸ਼ਨ ਸਿੰਘ ਗਰੇਵਾਲ · ਡਾ. ਹਰਗੁਰਮੁਖਪਾਲ ਸਿੰਘ · ਹਰਦਿਆਲ ਸਿੰਘ ਦਿਓਲ · ਡਾ. ਗੁਰਦਿਆਲ ਸਿੰਘ ਬਸਰਾਨ · ਜੈਦੇਵ ਸਿੰਘ ਭੱਠਲ · ਜਗਦੀਸ਼ਰ ਸਿੰਘ ਕਲੇਰ · ਗੁਰਚਰਨ ਸਿੰਘ ਗਰੇਵਾਲ · ਹਰਜੀਤ ਸਿੰਘ ਸਾਹੀ · ਦਰਸ਼ਨ ਸਿੰਘ ਦਰੜ · ਮਨਦੀਪ ਸਿੰਘ ਭੂਰਾ · ਪਰਮਵੀਰ ਸਿੰਘ ਬੈਂਸ



ਰਘਬੀਰ ਸਿੰਘ ਘੁੰਨ · ਪਰਮਿੰਦਰ ਸਿੰਘ ਵਾਲੀਆ · ਅਮਰੀਕ ਸਿੰਘ (ਅਮਰ ਕਾਰਪੈਟ) · ਜਸਕਰਨ ਸਿੰਘ ਧਾਲੀਵਾਲ · ਡਾ. ਤੇਜਿੰਦਰ ਸਿੰਘ ਮੰਡੇਰ · ਅਵਤਾਰ ਸਿੰਘ ਸਪਰਿੰਗਫੀਲਡ · ਗੁਲਜ਼ਾਰ ਸਿੰਘ ਮੁਲਤਾਨੀ · ਭੁਪਿੰਦਰ ਸਿੰਘ ਧਾਲੀਵਾਲ · ਗੁਰਦੇਵ ਸਿੰਘ ਜੌੜਾ · ਅੰਮ੍ਰਿਤਪਾਲ ਸਿੰਘ ਸੰਘਾ · ਆਗਿਆਪਾਲ ਸਿੰਘ ਬਾਠ



ਜਸਵੀਰ ਕੌਰ ਢਿਲੋਂ · ਡਾ. ਇਨਕਲਾਬੀ ਥਾਂਦੀ · ਡਾ. ਨਵਦੀਪ ਕੌਰ ਸੰਧੂ · ਬਲਵਿੰਦਰ ਕੌਰ (ਨਿੱਕੀ) ਸੇਖੋਂ · ਹਰਵਿੰਦਰ ਪਾਲ ਸਿੰਘ ਲੈਲ · ਜਗਜੀਤ ਸਿੰਘ ਢੀਂਡਸਾ · ਸਰਵਣ ਸਿੰਘ ਟਿਵਾਣਾ · ਸੁਖਮੇਲ ਸਿੰਘ ਅਟਵਾਲ · ਸ. ਹੈਪੀ ਸਿੰਘ ਹੀਰ · ਅਮੋਲਕ ਸਿੰਘ ਗਾਖਲ · ਜੱਸੀ ਗਿੱਲ

ਪੰਜਾਬ ਟਾਈਮਜ਼
ਬੇਲਾਗ, ਬੇਬਾਕ ਅਤੇ ਜ਼ਿੰਮੇਵਾਰ ਪੱਤਰਕਾਰੀ ਦਾ ਮੁੱਦਈ
Published simultaneously from Chicago, California & New York.
Ph: 847-359-0746
*e-mail: punjabtimes1@gmail.com, website: www.punjabtimesusa.com*